ਐਤਵਾਰ, 5 ਅਪ੍ਰੈਲ, 2026
23 ਚੇਤ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 74
ਅੰਕ/NO. : 304

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 5 APRIL, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# 'ਮੁੱਖ ਮੰਤਰੀ ਸਕੀਮ, 30 ਦਿਨਾਂ 'ਚ ਤਕਸੀਮ' ਵਿਸਾਖੀ ਤੋਂ : ਮਾਨ






**ਮੋਗਾ (ਇਕਬਾਲ ਸਿੰਘ ਖਹਿਰਾ)**

ਮੋਗਾ ਦੀ ਅਨਾਜ ਮੰਡੀ ਵਿੱਚ ਆਮ ਆਦਮੀ ਪਾਰਟੀ ਦੀ ਸੂਬਾ ਪੱਧਰੀ ਰੈਲੀ ਦੌਰਾਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਪਹਿਲਾਂ 83 ਕਰੋੜ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਹਨਾ ਨਾਲ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਹਲਕਾ ਮੋਗਾ ਦੀ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ, ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ, ਮਾਰਕੀਟ ਕਮੇਟੀ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮੱਧੇਕੇ, ਆਦਿ ਆਗੂ ਮੌਜੂਦ ਸਨ। ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਵਿਸਾਖੀ • ਬਾਕੀ ਸਫਾ 2 'ਤੇ

# ਆਂਗਣਵਾੜੀ ਕੇਂਦਰ ਚੈਰੀਟੇਬਲ ਸੰਸਥਾਵਾਂ ਨਹੀਂ : ਅਮਰਜੀਤ ਕੌਰ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਦੁਆਰਾ ਹਾਲ ਹੀ ਵਿੱਚ ਜਾਰੀ ਕੀਤੇ ਗਏ ਉਸ ਸਰਕੂਲਰ ਦਾ ਤਿੱਖਾ ਵਿਰੋਧ ਕੀਤਾ ਹੈ, ਜਿਸ ਵਿੱਚ ਆਦੇਸ਼ ਦਿੱਤਾ ਗਿਆ ਹੈ ਕਿ ਆਂਗਣਵਾੜੀ ਕੇਂਦਰਾਂ ਨੂੰ ਸਮਾਜਿਕ ਜ਼ਿੰਮੇਵਾਰੀ ਅਤੇ ਵਿਸਥਾਰ ਗਤੀਵਿਧੀਆਂ ਦੇ ਹਿੱਸੇ ਵਜੋਂ ਚਲਾਇਆ ਜਾਵੇ। ਇਹ ਕਦਮ ਬਹੁਤ ਹੀ ਪਿੱਛੇ ਵੱਲ ਲੈ ਜਾਣ ਵਾਲਾ ਹੈ ਅਤੇ ਕੇਂਦਰ ਸਰਕਾਰ ਦੀ ਭਲਾਈ ਪ੍ਰਤੀ ਵਚਨਬੱਧਤਾ ਵਿੱਚ ਖਤਰਨਾਕ ਕਮੀ ਨੂੰ ਦਰਸਾਉਂਦਾ ਹੈ।

ਨਵੀਂ ਦਿੱਲੀ ਤੋਂ ਏਟਕ ਦੇ ਕੌਮੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਇੰਟੀਗ੍ਰੇਟਿਡ ਚਾਈਲਡ ਡਿਵੈੱਲਪਮੈਂਟ ਸਰਵਿਸਿਜ਼ (ਆਈ ਸੀ ਡੀ ਐੱਸ) ਯੋਜਨਾ ਹੇਠ ਸਥਾਪਿਤ ਆਂਗਣਵਾੜੀ ਕੇਂਦਰ ਦੇਸ਼ ਵਿੱਚ ਬੱਚਿਆਂ ਦੇ ਪੋਸ਼ਣ, ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਔਰਤਾਂ ਦੇ ਕਲਿਆਣ ਲਈ ਵਚਨਬੱਧਤਾ ਦਾ ਅਧਾਰ ਹਨ। ਇਹ ਕੋਈ ਚੈਰੀਟੇਬਲ ਸੰਸਥਾਵਾਂ ਨਹੀਂ, ਸਗੋਂ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਤੋਂ ਉਪਜੇ ਕਾਨੂੰਨੀ ਭਲਾਈ ਦੇ ਫਰਜ਼ ਹਨ, ਜਿਨ੍ਹਾਂ ਨੂੰ ਭੋਜਨ, ਸਿਹਤ ਅਤੇ ਮਰਿਆਦਾ ਦੇ ਅਧਿਕਾਰਾਂ ਨੂੰ ਮੰਨਣ ਵਾਲੇ ਨਿਆਂ ਪਾਲਿਕਾ ਦੇ ਫ਼ੈਸਲਿਆਂ ਵੱਲੋਂ ਵੀ ਮਜ਼ਬੂਤ ਕੀਤਾ ਗਿਆ ਹੈ। ਘੱਟੋ-ਘੱਟ ਇਹਨਾਂ ਨੂੰ ਬੱਚਿਆਂ ਦੇ ਅਧਿਕਾਰਾਂ ਦੀਆਂ

## ਯੂ ਜੀ ਸੀ ਦੇ ਸਰਕੂਲਰ ਦਾ ਤਿੱਖਾ ਵਿਰੋਧ

ਸੰਸਥਾਵਾਂ ਤਾਂ ਕਿਹਾ ਹੀ ਜਾ ਸਕਦਾ ਹੈ। ਇਹ ਗੱਲ ਵਾਰ-ਵਾਰ ਸਾਬਤ ਹੋ ਚੁੱਕੀ ਹੈ ਕਿ ਆਈ ਸੀ ਡੀ ਐੱਸ ਦੇ ਦਖਲ ਨਾਲ ਬੱਚਿਆਂ ਦੀ ਦੇਖਭਾਲ, ਟੀਕਾਕਰਣ ਪ੍ਰੋਗਰਾਮਾਂ, ਪ੍ਰੀ-ਸਕੂਲ ਤਿਆਰੀ ਅਤੇ ਸਕੂਲੀ ਪ੍ਰਣਾਲੀ ਵਿੱਚ ਬੱਚਿਆਂ ਦੀ ਟਿਕਾਊ ਦਰ ਵਿੱਚ ਮਹੱਤਵਪੂਰਨ ਸੁਧਾਰ ਆਇਆ ਹੈ।

ਕੇਂਦਰ ਸਰਕਾਰ ਦਾ ਇਹ ਕਦਮ ਅਸਲ ਵਿੱਚ ਆਪਣੀ ਸੰਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਤੋਂ ਮੁੱਕਰ ਜਾਣ ਦੇ ਬਰਾਬਰ ਹੈ। ਬੱਚਿਆਂ ਅਤੇ ਮਾਵਾਂ ਦੀ ਭਲਾਈ ਨੂੰ ਸਵੈਇੱਛਕ ਜਾਂ ਸੰਸਥਾਗਤ ਦਾਨ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ। ਉਚ ਸਿੱਖਿਆ ਸੰਸਥਾਵਾਂ ਨਾ ਤਾਂ ਇਸ ਕਿਸਮ ਦੇ ਭਲਾਈ ਪ੍ਰੋਗਰਾਮ ਚਲਾਉਣ ਲਈ ਯੋਗ ਹਨ ਅਤੇ ਨਾ ਹੀ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ। ਆਂਗਣਵਾੜੀ ਵਰਗੀਆਂ ਅਹਿਮ ਸੇਵਾਵਾਂ ਲਈ ਸਥਿਰ ਸਰਕਾਰੀ ਫੰਡਿੰਗ, ਸਿਖਿਅਤ ਕਰਮਚਾਰੀ ਅਤੇ ਸੁਚੱਜੀ ਨਿਗਰਾਨੀ ਦੀ ਲੋੜ ਹੁੰਦੀ ਹੈ।ਇਹ ਯੋਜਨਾ ਉਸ ਵੇਲੇ ਹੋਰ ਵੀ ਚਿੰਤਾਜਨਕ ਬਣ ਜਾਂਦੀ ਹੈ ਜਦੋਂ ਭਾਰਤ ਵਿੱਚ ਬੱਚਿਆਂ ਵਿੱਚ ਵੇਸਟਿੰਗ (ਗੰਭੀਰ ਕੁਪੋਸ਼ਣ) ਦਾ ਦਰ ਅਜੇ ਵੀ ਕਬੂਲਯੋਗ ਪੱਧਰ ਤੋਂ ਕਾਫ਼ੀ ਉਚਾ ਹੈ। ਵੇਸਟਿੰਗ ਕੁਪੋਸ਼ਣ ਦਾ ਇਕ ਗੰਭੀਰ ਰੂਪ ਹੈ, ਜੋ ਤੀਬਰ ਪੋਸ਼ਣ ਘਾਟ ਨੂੰ ਦਰਸਾਉਂਦਾ ਹੈ ਅਤੇ ਬੱਚਿਆਂ ਦੀ ਜ਼ਿੰਦਗੀ ਲਈ ਤੁਰੰਤ ਖਤਰਾ ਬਣਦਾ ਹੈ। ਆਂਗਣਵਾੜੀ

# ਸਹਿਕਾਰੀ ਸਭਾਵਾਂ ਖਰੀਦਣਗੀਆਂ ਕਣਕ

**ਚੰਡੀਗੜ੍ਹ** : ਆੜ੍ਹਤੀਆਂ ਦੀ ਹੜਤਾਲ ਦਰਮਿਆਨ ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾ ਕੋਲ ਸਹਿਕਾਰਤਾ ਵਿਭਾਗ ਵੀ ਹੈ, ਨੇ ਸਨਿੱਚਰਵਾਰ ਨਿਰਦੇਸ਼ ਦਿੱਤੇ ਕਿ ਉਨ੍ਹਾਂ ਪੇਂਡੂ ਸਹਿਕਾਰੀ ਸਭਾਵਾਂ ਦੀਆਂ ਸੂਚੀ ਤਿਆਰ ਕੀਤੀ ਜਾਵੇ, ਜਿਨ੍ਹਾਂ ਨੂੰ ਸਹਿਕਾਰੀ ਸਭਾਵਾਂ ਦੀ ਵਿੱਤੀ ਸਥਿਤੀ ਮਜ਼ਬੂਤ ਕਰਨ ਦੇ ਹਿੱਤ ਆੜ੍ਹਤ ਦੇ ਕਾਰੋਬਾਰ ਦੀ ਜ਼ਿੰਮੇਵਾਰੀ ਵੀ ਦਿੱਤੀ ਜਾ ਸਕਦੀ ਹੈ।

'ਆਪ' ਸਰਕਾਰ ਦੇ ਕਾਰਜਕਾਲ ਦੀ ਇਹ ਕਣਕ ਦੀ ਆਖਰੀ ਖਰੀਦ ਹੈ ਅਤੇ ਸਰਕਾਰ ਖਰੀਦ ਪ੍ਰਬੰਧਾਂ ਨੂੰ ਲੈ ਕੇ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੀ। ਮਾਨ ਨੇ ਉੱਚ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਪੰਜਾਬ ਹਿੱਤ 'ਚ ਕੰਮ ਕਰਨ ਵਾਲੇ ਆੜ੍ਹਤੀਆਂ ਵਾਸਤੇ ਪ੍ਰੋਤਸਾਹਨ ਨੀਤੀ ਬਣਾਈ ਜਾਵੇ, ਤਾਂ ਜੋ ਅਜਿਹੇ ਆੜ੍ਹਤੀਆਂ ਨੂੰ ਮਿਲਿੰਗ ਆਦਿ ਸਮੇਂ ਤਰਜੀਹ ਦਿੱਤੀ ਜਾਵੇ। ਪੰਜਾਬ 'ਚ ਇਸ ਵੇਲੇ 3520 ਪੇਂਡੂ ਸਹਿਕਾਰੀ ਸਭਾਵਾਂ ਹਨ ਅਤੇ ਕਈ ਵੱਡੇ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਆੜ੍ਹਤ ਦਾ ਕੰਮ ਕਰ ਵੀ ਰਹੀਆਂ ਹਨ।

# ਕਣਕ ਸੰਭਾਲਣ ਦੇ ਲੋੜ ਤੋਂ ਵੱਧ ਪ੍ਰਬੰਧ : ਕਟਾਰੂਚੱਕ



**ਜਲੰਧਰ** : ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ ਅਤੇ ਲੁਧਿਆਣਾ ਸਮੇਤ ਸੱਤ ਜ਼ਿਲ੍ਹਿਆਂ ਦੇ ਸੀਨੀਅਰ ਅਧਿਕਾਰੀਆਂ, ਟਰਾਂਸਪੋਰਟਰਾਂ ਅਤੇ ਲੇਬਰ ਠੇਕੇਦਾਰਾਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾ ਕਿਹਾ ਕਿ ਸਰਕਾਰ ਨੇ ਕਣਕ ਦੀ ਖਰੀਦ ਲਈ ਪਹਿਲਾਂ ਹੀ 30,973 ਕਰੋੜ ਰੁਪਏ ਦੀ ਨਕਦ ਕਰੈਡਿਟ ਸੀਮਾ ਪ੍ਰਾਪਤ ਕਰ ਲਈ ਹੈ। ਸਰਕਾਰ ਨੇ 122 ਲੱਖ ਮੀਟ੍ਰਿਕ ਟਨ ਦੇ ਅਨੁਮਾਨਤ ਖਰੀਦ ਟੀਚੇ ਦੇ ਮੁਕਾਬਲੇ 132 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਨੂੰ ਸੰਭਾਲਣ ਲਈ ਪ੍ਰਬੰਧ ਕੀਤੇ ਹਨ।

# ਮੱਖਣ ਬੈਕ ਗਿਅਰ ਲਾਉਣਗੇ



**ਮੋਗਾ** : ਮਰਹੂਮ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਤੇ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਚਰਚਾ ਹੈ ਕਿ ਉਹ ਜਲਦ ਹੀ ਆਪਣੀ 'ਮਾਂ ਪਾਰਟੀ' ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਸ਼ਾਮਲ ਹੋ ਸਕਦੇ ਹਨ। ਮੱਖਣ ਬਰਾੜ ਨੇ ਦੋਸ਼ ਲਾਇਆ ਕਿ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਪੰਥ ਅਤੇ ਪੰਜਾਬ ਨੂੰ ਗੁੰਮਰਾਹ ਕਰਨ ਦੀ ਵੱਡੀ ਸਾਜ਼ਿਸ਼ ਰਚੀ ਗਈ ਹੈ। ਉਨ੍ਹਾ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਤੇ ਮਨਪ੍ਰੀਤ ਸਿੰਘ ਇਯਾਲੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਭਾਵੁਕਤਾ ਦਾ ਸਹਾਰਾ ਲਿਆ।

# ਕਾਰ ਖੂਹ 'ਚ, 9 ਜੀਆਂ ਦੀ ਮੌਤ



**ਨਾਸਿਕ** : ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਡਿੰਡੋਰੀ ਕਸਬੇ ਦੇ ਸ਼ਿਵਾਜੀ ਨਗਰ ਇਲਾਕੇ 'ਚ ਸ਼ੁੱਕਰਵਾਰ ਰਾਤ ਕਰੀਬ 10 ਵਜੇ ਕਾਰ ਦੇ ਖੂਹ ਵਿੱਚ ਡਿੱਗਣ ਕਾਰਨ ਛੇ ਬੱਚਿਆਂ ਸਮੇਤ ਇੱਕੋ ਪਰਵਾਰ ਦੇ ਨੌਂ ਮੈਂਬਰਾਂ ਦੀ ਮੌਤ ਹੋ ਗਈ। ਡਿੰਡੋਰੀ ਤਹਿਸੀਲ ਦੇ ਇੰਦੌਰ ਪਿੰਡ ਦੇ ਦਰਗੁੜੇ ਪਰਵਾਰ ਦੇ ਮੈਂਬਰ ਬੈਂਕੁਏਟ ਹਾਲ ਵਿੱਚ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਘਰ ਪਰਤ ਰਹੇ ਸਨ, ਜਦੋਂ ਸਮਾਗਮ ਵਾਲੀ ਥਾਂ ਦੇ ਨੇੜੇ ਹਾਦਸਾ ਵਾਪਰ ਗਿਆ। ਮ੍ਰਿਤਕਾਂ 'ਚ ਸੁਨੀਲ ਦੱਤੂ ਦਰਗੁੜੇ (32), ਪਤਨੀ ਰੇਸ਼ਮਾ, ਆਸ਼ਾ ਅਨਿਲ ਦਰਗੁੜੇ (32) ਅਤੇ 7 ਤੋਂ 14 ਸਾਲ ਦੀ ਉਮਰ ਦੀਆਂ ਪੰਜ ਕੁੜੀਆਂ ਅਤੇ ਇੱਕ 11 ਸਾਲ ਦਾ ਮੁੰਡਾ ਸ਼ਾਮਲ ਹਨ।

# ਮਜ਼ਦੂਰਾਂ ਨੂੰ ਆਰਥਕ ਦੇ ਨਾਲ-ਨਾਲ ਸਮਾਜਕ ਨਿਆਂ ਲਈ ਵੀ ਜੂਝਣਾ ਪੈ ਰਿਹੈ : ਗੋਰੀਆ

**ਲੁਧਿਆਣਾ (ਗਿਆਨ ਸੈਦਪੁਰੀ)**

ਇੱਥੇ ਇੰਦਰਾ ਨਗਰ ਸਥਿਤ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਕੌਂਸਲ ਦੀ ਮੀਟਿੰਗ ਸਭਾ ਦੇ ਪ੍ਰਧਾਨ ਪ੍ਰੀਤਮ ਸਿੰਘ ਨਿਆਮਤਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਮੀਟਿੰਗ ਦੇ ਸ਼ੁਰੂ ਵਿੱਚ ਪਿਛਲੀ ਜਨਰਲ ਕੌਂਸਲ ਮੀਟਿੰਗ ਉਪਰੰਤ ਵਿਛੋੜਾ ਦੇ ਗਏ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਹਨਾਂ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੱਦਾਵਾਰ ਆਗੂ ਅਤੇ ਭਾਰਤੀ ਕਮਿਊਨਿਸਟ

## ਖੇਤ ਮਜ਼ਦੂਰ ਸਭਾ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ : ਦੇਵੀ ਕੁਮਾਰੀ



ਜਨਰਲ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਦੇਵੀ ਕੁਮਾਰੀ।

ਪਾਰਟੀ ਦੇ ਕੇਂਦਰੀ ਕਾਰਜਕਰਨੀ ਮੈਂਬਰ ਰਹੇ ਆਰ ਲਾਲਾਕੰਨੂ (ਤਾਮਿਲਨਾਡੂ), ਰੈੱਡ ਗਾਰਡ ਅਮਰੀਕ ਸਿੰਘ ਦਿੱਲੀ, ਰੰਗਕਰਮੀ ਜੁਗਿੰਦਰ ਸਿੰਘ ਨਾਹਰ ਨੱਥੂਵਾਲ, ਸਵਰਨ ਕੌਰ ਢੋਟੀਆਂ, ਬੂਟਾ ਸਿੰਘ ਦਾਰਾਪੁਰ, ਦਰਸ਼ਨ ਸਿੰਘ ਜਿਊਣ ਵਾਲਾ, ਰਾਮ ਲਾਲ ਚੱਕ ਗੁਰੂ, ਸੁਤੰਤਰ ਕੁਮਾਰ ਨਵਾਂ ਸ਼ਹਿਰ, ਗਗਨਦੀਪ ਸਿੰਘ ਡੀ ਐੱਮ ਮਾਰਕਫੈੱਡ ਅੰਮ੍ਰਿਤਸਰ, ਘੁੰਮਣ ਸਿੰਘ ਧੂੜਕੋਟ, ਸੁਦਾਗਰ ਸਿੰਘ ਦੀਨਾਨਗਰ, ਅਨੂਪ ਸਿੰਘ ਪੰਡੋਰੀ, ਮਹਿੰਗਾ ਰਾਮ ਕੋਟੜਾ, ਨਿਰਮਲ ਸਿੰਘ ਸੋਹੀ ਬਠਿੰਡਾ, ਪ੍ਰਕਾਸ਼ ਸਿੰਘ ਤਰਨ ਤਾਰਨ ਤੇ ਦਰਸ਼ਨ ਸਿੰਘ ਕਲਿਆਣ ਸ਼ਾਹਕੋਟ ਸ਼ਾਮਲ ਹਨ।

ਇਸ ਦੌਰਾਨ ਪੰਜਾਬ ਖੇਤ ਮਜ਼ਦੂਰ ਸਭਾ ਦੇ • ਬਾਕੀ ਸਫਾ 2 'ਤੇ

# ਇੰਡੀਆਨਾ 'ਚ 1790 ਡਰਾਈਵਰਾਂ ਦਾ ਲਾਇਸੈਂਸ ਰੱਦ

**ਨਿਊ ਯਾਰਕ** : ਅਮਰੀਕਾ ਦੇ ਇੰਡੀਆਨਾ ਸੂਬੇ ਦੇ ਬਿਊਰੋ ਆਫ ਮੋਟਰ ਵਹੀਕਲਜ਼ ਨੇ 1790 ਗੈਰ-ਨਿਵਾਸੀ ਕਮਰਸ਼ੀਅਲ ਡਰਾਈਵਰ ਲਾਇਸੈਂਸ (ਸੀ ਡੀ ਐੱਲ) ਰੱਦ ਕਰ ਦਿੱਤੇ ਹਨ, ਜਿਸ ਨਾਲ ਵੱਡੀ ਗਿਣਤੀ ਵਿੱਚ ਪੰਜਾਬੀ ਟਰੱਕ ਡਰਾਈਵਰ ਪ੍ਰਭਾਵਤ ਹੋਏ ਹਨ। 1 ਅਪਰੈਲ ਤੋਂ ਲਾਗੂ ਹੋਏ ਨਵੇਂ ਕਾਨੂੰਨ 'ਹਾਊਸ ਐਨਰੋਲਡ ਐਕਟ 1200' ਦੇ ਤਹਿਤ ਹੁਣ ਸਿਰਫ ਤਿੰਨ ਖਾਸ ਵੀਜ਼ਾ ਸ਼੍ਰੇਣੀਆਂ (ਐੱਚ-2 ਏ, ਐੱਚ-2 ਬੀ ਅਤੇ ਈ-2) ਵਾਲੇ ਵਿਦੇਸ਼ੀ ਨਾਗਰਿਕ ਹੀ ਇਹ ਲਾਇਸੈਂਸ ਰੱਖ ਸਕਣਗੇ। ਇਸ ਫੈਸਲੇ ਨੇ ਉਨ੍ਹਾਂ ਹਜ਼ਾਰਾਂ ਡਰਾਈਵਰਾਂ ਲਈ ਰੁਜ਼ਗਾਰ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ, ਜੋ ਲੰਮੇ ਸਮੇਂ ਤੋਂ ਅਮਰੀਕਾ ਵਿੱਚ ਲੌਂਗ-ਹਾਊਲ ਟਰੱਕ ਚਲਾ ਕੇ ਆਪਣੀ ਰੋਜ਼ੀ-ਰੋਟੀ ਕਮਾ ਰਹੇ ਸਨ। ਬਿਊਰੋ ਮੁਤਾਬਕ ਲਗਭਗ ਸਾਰੇ ਗੈਰ-ਨਿਵਾਸੀ ਸੀ ਡੀ ਐੱਲ ਧਾਰਕਾਂ ਨੇ ਆਪਣੀਆਂ ਕਮਰਸ਼ੀਅਲ ਗੱਡੀਆਂ ਚਲਾਉਣ ਦੇ ਅਧਿਕਾਰ ਗੁਆ ਦਿੱਤੇ ਹਨ। ਸੂਬਾ ਸਰਕਾਰ ਅਤੇ ਕਾਨੂੰਨ ਘੜਨ ਵਾਲਿਆਂ ਨੇ ਇਹ ਸਖਤ ਕਦਮ ਕਈ ਘਾਤਕ ਸੜਕ ਹਾਦਸਿਆਂ ਤੋਂ ਬਾਅਦ ਚੁੱਕਿਆ ਹੈ, ਜਿਨ੍ਹਾਂ ਵਿੱਚੋਂ ਇੱਕ ਹਾਦਸਾ ਸੁਖਦੀਪ ਸਿੰਘ ਨਾਲ ਜੁੜਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰੀ ਕਮਰਸ਼ੀਅਲ ਟਰੱਕ ਕਿਸੇ 'ਮਿਜ਼ਾਈਲ' ਤੋਂ ਘੱਟ ਨਹੀਂ ਹੁੰਦੇ, ਇਸ ਲਈ ਡਰਾਈਵਰਾਂ ਦੇ ਰਿਕਾਰਡ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਅਤੇ ਸਿਖਲਾਈ ਦੇ ਮਿਆਰਾਂ ਦੀ ਸਖਤ ਜਾਂਚ ਜ਼ਰੂਰੀ ਹੈ। ਇਸ ਫੈਸਲੇ ਦੇ ਨਾਲ ਹੀ ਇੰਡੀਆਨਾ ਅਜਿਹੀਆਂ ਪਾਬੰਦੀਆਂ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ, ਜਦੋਂ ਕਿ ਕੈਲੀਫੋਰਨੀਆ ਵਿੱਚ ਵੀ ਪਹਿਲਾਂ ਅਜਿਹੀ ਕਾਰਵਾਈ ਦੇਖੀ ਗਈ ਸੀ। 'ਯੂਨਾਈਟਿਡ ਸਿੱਖਸ' ਵਰਗੀਆਂ ਸੰਸਥਾਵਾਂ ਹੁਣ ਪ੍ਰਭਾਵਤ ਡਰਾਈਵਰਾਂ ਦੀ ਮਦਦ ਅਤੇ ਕਾਨੂੰਨੀ ਅਪੀਲਾਂ ਲਈ ਅੱਗੇ ਆ ਰਹੀਆਂ ਹਨ।

# ਓ ਟੀ ਐੱਸ ਦੀ ਆਖਰੀ ਮਿਤੀ 31 ਮਈ ਕੀਤੀ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 'ਬਕਾਇਆ ਰਾਸ਼ੀ ਦੀ ਵਸੂਲੀ ਲਈ ਪੰਜਾਬ ਯਕਮੁਸ਼ਤ ਨਿਪਟਾਰਾ ਸਕੀਮ (ਓ ਟੀ ਐੱਸ) 2025' ਵਿੱਚ ਦੋ ਮਹੀਨੇ ਦੇ ਵਾਧੇ ਦਾ ਅਧਿਕਾਰਤ ਐਲਾਨ ਕੀਤਾ ਹੈ। ਪਹਿਲਾਂ ਇਸ ਦੀ ਆਖਰੀ ਮਿਤੀ 31 ਮਾਰਚ ਤੈਅ ਕੀਤੀ ਗਈ ਸੀ, ਪਰ ਹੁਣ ਅਰਜ਼ੀਆਂ ਜਮ੍ਹਾਂ ਕਰਨ ਦੀ ਆਖਰੀ ਮਿਤੀ ਵਧਾ ਕੇ 31 ਮਈ ਕਰ ਦਿੱਤੀ ਗਈ ਹੈ। ਵਿੱਤ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਵਾਧਾ ਯੋਗ ਟੈਕਸ ਦਾਤਿਆਂ ਨੂੰ ਆਪਣੇ ਬਕਾਏ ਨਿਪਟਾਉਣ ਅਤੇ ਵੱਡੀ ਵਿੱਤੀ ਰਾਹਤ ਪ੍ਰਾਪਤ ਕਰਨ ਦਾ ਇੱਕ ਅਹਿਮ ਅਤੇ ਆਖਰੀ ਮੌਕਾ ਪ੍ਰਦਾਨ ਕਰੇਗਾ। ਉਨ੍ਹਾ ਚੇਤਾਵਨੀ ਦਿੱਤੀ ਕਿ ਕਰ ਵਿਭਾਗ ਨੇ ਪਹਿਲਾਂ ਹੀ ਟੈਕਸ ਡਿਫਾਲਟਰਾਂ ਨਾਲ ਸੰਬੰਧਤ 8,000 ਜਾਇਦਾਦਾਂ ਦੀ ਪਛਾਣ ਕਰ ਲਈ ਹੈ, ਜੇਕਰ ਉਹ ਇਸ ਆਖਰੀ ਮੌਕੇ ਦਾ ਤੁਰੰਤ ਲਾਭ ਨਹੀਂ ਲੈਂਦੇ ਤਾਂ ਜਲਦੀ ਹੀ ਇਨ੍ਹਾਂ ਦੀ ਨਿਲਾਮੀ ਕੀਤੀ ਜਾਵੇਗੀ।

# ਅੱਜ-ਨਾਮਾ

ਸੂਬਿਆਂ ਪੰਜਾਂ ਦੀ ਹੋਣੀ ਆ ਚੋਣ ਬੇਸ਼ੱਕ,
ਚਰਚਿਆਂ ਵਿੱਚ ਹੈ ਸਿਰਫ ਬੰਗਾਲ ਬੇਲੀ।
ਪੜਤਾਲ ਵੋਟਰਾਂ ਦੀ ਜਦੋਂ ਸੀ ਹੋਣ ਲੱਗੀ,
ਨਿਕਲੇ ਫਿਰ ਢੇਰਾਂ ਦੇ ਢੇਰ ਸਵਾਲ ਬੇਲੀ।
ਸਰਕਾਰੀ ਅਫਸਰ ਵੀ ਪਾਟੇ ਸੀ ਦੋ ਥਾਂਈਂ,
ਭਾਜਪਾ ਤਰਫ ਜਾਂ ਮਮਤਾ ਦੇ ਨਾਲ ਬੇਲੀ।
ਚੱਲਦੀ ਰੋਜ਼ ਹਰ ਗੱਲ ਤੋਂ ਰਹੀ ਖਹਿਬੜ,
ਆਦਮੀ ਆਮ ਲਈ ਮੰਦੇ ਸੀ ਹਾਲ ਬੇਲੀ।
ਓਧਰ ਹਾਲੇ ਵੀ ਬਾਤ ਨਹੀਂ ਸਿਰੇ ਪਹੁੰਚੀ,
ਚੋਣਾਂ ਤੀਕ ਰੱਫੜ ਇਹੋ ਜਿਹਾ ਰਹੂ ਬੇਲੀ।
ਰਾਜ ਤੇ ਕੇਂਦਰ ਦਾ ਜਿੱਦਾਂ ਦਾ ਭੇੜ ਹੁੰਦਾ,
ਵੋਟਰ ਆਮ ਪਿਆ ਭੁਗਤੂ ਤੇ ਸਹੂ ਬੇਲੀ।

-ਤੀਸ ਮਾਰ ਖਾਂ

# ਤਾਮਿਲਨਾਡੂ ਦੀ ਕੁੜੀ ਵਾਸ਼ਿੰਗਟਨ ਦੇ ਮੇਅਰ ਦੀ ਦੌੜ 'ਚ



**ਵਾਸ਼ਿੰਗਟਨ** : ਤਾਮਿਲਨਾਡੂ ਵਿੱਚ ਜੰਮੀ ਰਿਨੀ ਸੰਪਤ ਵਾਸ਼ਿੰਗਟਨ ਡੀ ਸੀ ਦੇ ਮੇਅਰ ਅਹੁਦੇ ਦੀ ਚੋਣ ਵਿੱਚ ਹਿੱਸਾ ਲੈਣ ਵਾਲੀ ਪਹਿਲੀ ਦੱਖਣੀ ਏਸ਼ੀਆਈ ਉਮੀਦਵਾਰ ਬਣ ਗਈ ਹੈ। ਡੈਮੋਕ੍ਰੇਟਿਕ ਪਾਰਟੀ ਦੀ 31 ਸਾਲਾ ਸਰਕਾਰੀ ਕੰਟਰੈਕਟਰ ਦੀ ਚੋਣ ਮੁਹਿੰਮ 'ਬੁਨਿਆਦੀ ਚੀਜ਼ਾਂ ਨੂੰ ਠੀਕ ਕਰੋ' ਦੇ ਵਿਸ਼ੇ ਅਤੇ 'ਇੱਕ ਨਵੇਂ ਡੀ ਸੀ' ਦੇ ਵਾਅਦੇ 'ਤੇ ਅਧਾਰਤ ਹੈ। ਸੰਪਤ ਨੇ ਕਿਹਾ ਕਿ ਉਹ ਕੋਈ ਰਵਾਇਤੀ ਸਿਆਸਤਦਾਨ ਨਹੀਂ ਹੈ ਅਤੇ ਕਿਸੇ ਵਿਸ਼ੇਸ਼ ਹਿੱਤ ਸਮੂਹ ਨਾਲ ਉਸ ਦਾ ਕੋਈ ਸੰਬੰਧ ਨਹੀਂ, ਸਗੋਂ ਹੁਣ ਸਮਾਂ ਆ ਗਿਆ ਹੈ ਕਿ ਕੋਈ ਬਾਹਰੀ ਵਿਅਕਤੀ ਸ਼ਹਿਰ ਦੀਆਂ ਬੁਨਿਆਦੀ ਸੇਵਾਵਾਂ ਨੂੰ ਸੁਧਾਰਨ 'ਤੇ ਪੂਰੀ ਤਰ੍ਹਾਂ ਧਿਆਨ ਕੇਂਦਰਤ ਕਰੇ। ਤਾਮਿਲਨਾਡੂ ਦੇ ਥੇਨੀ ਵਿੱਚ ਜੰਮੀ ਸੰਪਤ ਸੱਤ ਸਾਲ ਦੀ ਉਮਰ ਵਿੱਚ ਅਮਰੀਕਾ ਆ ਗਈ ਸੀ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਵਾਸ਼ਿੰਗਟਨ ਡੀ ਸੀ ਵਿੱਚ ਰਹਿ ਰਹੀ ਹੈ। ਵਾਸ਼ਿੰਗਟਨ ਡੀ ਸੀ ਵਿੱਚ ਡੈਮੋਕ੍ਰੇਟਸ ਦਾ ਦਬਦਬਾ ਹੈ ਅਤੇ 1975 ਤੋਂ ਬਾਅਦ ਇੱਥੇ ਕਦੇ ਵੀ ਰਿਪਬਲਿਕਨ ਪਾਰਟੀ ਦਾ ਕੋਈ ਮੇਅਰ ਨਹੀਂ ਰਿਹਾ। ਸੰਪਤ ਨੇ ਕਿਹਾ ਕਿ ਮੇਅਰ ਵਜੋਂ ਉਸ ਦੀ ਤਰਜੀਹ ਸੜਕਾਂ ਦੇ ਟੋਏ ਭਰਨਾ, ਪੋਟੋਮੈਕ ਨਦੀ ਵਿੱਚ ਗੰਦੇ ਪਾਣੀ ਦੇ ਰਿਸਾਅ ਨੂੰ ਰੋਕਣਾ, ਕੀਮਤਾਂ ਘਟਾਉਣਾ ਅਤੇ ਪੁਲਸ ਹੈਲਪਲਾਈਨ ਦੇ ਉਡੀਕ ਸਮੇਂ ਵਿੱਚ ਸੁਧਾਰ ਕਰਨਾ ਹੋਵੇਗੀ। ਪ੍ਰਾਇਮਰੀ ਚੋਣਾਂ 16 ਜੂਨ ਨੂੰ ਹੋਣੀਆਂ ਹਨ, ਜਦੋਂ ਕਿ ਆਮ ਚੋਣਾਂ 3 ਨਵੰਬਰ ਨੂੰ ਹੋਣਗੀਆਂ। ਮੇਅਰ ਦੀ ਦੌੜ ਵਿੱਚ ਜੇਨਿਸ ਲੂਈਸ ਜਾਰਜ, ਕੇਨਿਯਨ ਮੈਕਡਫੀ, ਗੈਰੀ ਗੁਡਵੇਦਰ, ਰੌਬਰਟ ਐਲ ਗ੍ਰਾਸ ਅਤੇ ਰੋਂਡਾ ਹੈਮਿਲਟਨ ਵੀ ਸ਼ਾਮਲ ਹਨ।

# ਬਰਸੀ ਮੌਕੇ ਸਹਾਇਤਾ



ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਜਲੰਧਰ ਦੇ ਪ੍ਰਧਾਨ **ਕਾਮਰੇਡ ਰਛਪਾਲ ਸਿੰਘ** ਬੜਾ ਪਿੰਡ ਦੀ ਸੁਪਤਨੀ **ਸੁਰਿੰਦਰ ਕੌਰ** ਦੀ 10ਵੀਂ ਬਰਸੀ ਮੌਕੇ ਉਨ੍ਹਾ ਦੀਆਂ ਬੇਟੀਆਂ **ਰਾਜਨਰਿੰਦਰ ਕੌਰ, ਅਮਨਦੀਪ ਕੌਰ ਤੇ ਹਰਕਮਲਜੀਤ ਕੌਰ** ਨੇ ਉਨ੍ਹਾ ਦੀ ਯਾਦ ਵਿੱਚ ਉੱਘੇ ਪੱਤਰਕਾਰ ਜਤਿੰਦਰ ਪਨੂੰ ਰਾਹੀਂ 200 ਡਾਲਰ 'ਨਵਾਂ ਜ਼ਮਾਨਾ' ਨੂੰ ਸਹਾਇਤਾ ਵਜੋਂ ਭੇਜੇ ਹਨ। ਅਦਾਰਾ ਉਨ੍ਹਾਂ ਦਾ ਧੰਨਵਾਦੀ ਹੈ।

# ਕਿਸਾਨ ਮਜ਼ਦੂਰ ਐਸੋਸੀਏਸ਼ਨ ਦਾ ਵ.ਫਦ ਐੱਸ ਡੀ ਐੱਮ ਨੂੰ ਮਿਲਿਆ

### 7 ਅਪ੍ਰੈਲ ਨੂੰ ਭੱਠਾ ਮਾਲਕਾਂ ਤੇ ਮਜ਼ਦੂਰਾਂ ਦੀ ਮੀਟਿੰਗ ਦਾ ਮਿਲਿਆ ਭਰੋਸਾ



**ਮਾਨਸਾ (ਆਤਮਾ ਸਿੰਘ ਪਮਾਰ)**-ਕਿਸਾਨ ਮਜ਼ਦੂਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਮਾਨਸਾ ਦਾ ਇੱਕ ਵਫ਼ਦ ਪ੍ਰਧਾਨ ਸੋਨੂੰ ਖਾਨ ਦੀ ਅਗਵਾਈ 'ਚ ਐੱਸ.ਡੀ.ਐੱਮ. ਸਰਦੂਲਗੜ੍ਹ ਸ੍ਰ. ਹਰਜਿੰਦਰ ਸਿੰਘ ਜੱਸਲ ਨੂੰ ਮਿਲਿਆ।ਇਸ ਦੌਰਾਨ ਵਫਦ ਨੇ ਸਬ ਡਵੀਜ਼ਨ ਸਰਦੂਲਗੜ੍ਹ 'ਚ ਪੈਂਦੇ ਭੱਠਾ ਮਜ਼ਦੂਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਸੋਨੂੰ ਖਾਨ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਭੱਠਾ ਮਜ਼ਦੂਰਾਂ ਦੇ ਕਾਨੂੰਨੀ ਰੇਟਾਂ ਦੇ ਹੱਕ ਸਬੰਧੀ ਪਿਛਲੇ ਕਾਫੀ ਸਮੇਂ ਤੋਂ ਸੰਘਰਸ਼ ਵਿੱਢਿਆ ਹੋਇਆ ਹੈ।ਇਸ ਸੰਘਰਸ਼ ਸਦਕਾ ਜ਼ਿਲ੍ਹਾ ਮਾਨਸਾ ਦੇ ਕਾਫੀ ਭੱਠਾ ਮਾਲਕਾਂ ਵੱਲੋਂ ਮਜ਼ਦੂਰਾਂ ਨੂੰ ਬਣਦੀ ਕਾਨੂੰਨਨ ਉਜ਼ਰਤ ਦੇਣ ਸਬੰਧੀ ਲਿਖਤ ਸਹਿਮਤੀ ਵੀ ਦਿੱਤੀ ਹੈ, ਪ੍ਰੰਤੂ ਸਰਦੂਲਗੜ੍ਹ ਸਬ ਡਵੀਜ਼ਨ ਅੰਦਰ ਮਜ਼ਦੂਰਾਂ ਦਾ ਇਹ ਸ਼ੋਸ਼ਣ ਅਜੇ ਵੀ ਲਗਾਤਾਰ ਜਾਰੀ ਹੈ।ਐੱਸ.ਡੀ.ਐੱਮ. ਜੱਸਲ ਨੇ ਮੰਗਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਭਰੋਸਾ ਦਿੱਤਾ ਕਿ ਭੱਠਾ ਮਜ਼ਦੂਰਾਂ ਦੇ ਇਸ ਸ਼ੋਸ਼ਣ ਨੂੰ ਲੈ ਕੇ ਜਲਦ ਹੀ ਸਖ਼ਤ ਕਦਮ ਉਠਾਏ ਜਾਣਗੇ।ਉਨ੍ਹਾਂ ਦੱਸਿਆ ਕਿ 7 ਅਪ੍ਰੈਲ ਨੂੰ ਭੱਠਾ ਮਾਲਕਾਂ ਤੇ ਮਜ਼ਦੂਰਾਂ ਦੀ ਮੀਟਿੰਗ ਕਰਵਾ ਕੇ ਮਸਲੇ ਦਾ ਹੱਲ ਕੱਢਿਆ ਜਾਵੇਗਾ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਛੇਤੀ ਹੱਲ ਨਾ ਹੋਇਆ ਤਾਂ ਜਥੇਬੰਦੀ ਮਜਬੂਰਨ ਹੋਰ ਤਿੱਖਾ ਸੰਘਰਸ਼ ਵਿੱਢਣ ਤੋਂ ਵੀ ਗੁਰੇਜ਼ ਨਹੀਂ ਕਰੇਗੀ।ਇਸ ਮੌਕੇ ਤੋਤਾ ਸਿੰਘ, ਸਰਵਣ ਕੁਮਾਰ, ਸੁਰੇਸ਼ ਕੁਮਾਰ, ਦਿਲਵੀਰ ਰਾਮ, ਨੇਕ ਰਾਮ, ਹਰਪਾਲ ਸਿੰਘ, ਗੁਰਲਾਲ ਸਿੰਘ, ਓਮ ਪ੍ਰਕਾਸ਼, ਕਰਨੈਲ ਸਿੰਘ ਤੇ ਦਰਸ਼ਨ ਸਿੰਘ ਆਦਿ ਮਜ਼ਦੂਰ ਆਗੂ ਹਾਜ਼ਰ ਸਨ।

# ਸ਼ਹੀਦਾਂ ਦੀ ਯਾਦ 'ਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

**ਬਠਿੰਡਾ (ਬਖਤੌਰ ਢਿੱਲੋਂ)**-ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਲਾਇਬ੍ਰੇਰੀ ਕਮੇਟੀ ਪਿੰਡ ਪਿੱਥੋ ਵੱਲੋਂ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਕੂਲ 'ਚ ਸ਼ਹੀਦਾਂ ਦੀ ਯਾਦ ਵਿੱਚ ਇੱਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਸਮਾਗਮ ਦੇ ਸ਼ੁਰੂ ਵਿੱਚ ਮਸਤਾਨ ਥੀਏਟਰ ਗਰੁੱਪ ਰਾਮਪੁਰਾ ਫੂਲ ਵੱਲੋਂ ਸਵੈ ਇੱਛਾ ਨਾਲ ਨਸ਼ਿਆਂ ਤੋਂ ਛੁਟਕਾਰਾ ਲੈਣ ਦਾ ਸੁਨੇਹਾ ਦਿੰਦਾ ਇੱਕ ਨੁੱਕੜ ਨਾਟਕ 'ਇੱਕ ਸੀ ਰੰਗ ਸਫੈਦ' ਪੇਸ਼ ਕੀਤਾ ਗਿਆ। ਉਪਰੰਤ ਪ੍ਰੋ: ਸੋਮਪਾਲ ਵੱਲੋਂ ਸੁਰਜੀਤ ਪਾਤਰ ਦੀਆਂ ਕਵਿਤਾਵਾਂ 'ਤੇ ਆਧਾਰਤ ਇੱਕ ਪਾਤਰੀ ਨਾਟਕ 'ਭਾਸ਼ਾ ਵਹਿੰਦਾ ਦਰਿਆ' ਭਾਸ਼ਾ ਵਿਭਾਗ ਪੰਜਾਬ ਵੱਲੋਂ ਪੇਸ਼ ਕਰਕੇ ਮਾਂ ਬੋਲੀ ਲਈ ਦਰਸ਼ਕਾਂ ਨੂੰ ਸੁਚੇਤ ਕੀਤਾ। ਇਸ ਤੋਂ ਬਾਅਦ ਨਾਟਕ ਮੰਡਲੀ ਮੁੱਲਾਂਪੁਰ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਲੋਕਾਂ ਨੂੰ ਸੁਚੇਤ ਕਰਦਾ ਨਾਟਕ 'ਪਰਿੰਦੇ ਭਟਕ ਗਏ' ਪੇਸ਼ ਕੀਤਾ। ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਹੀ ਗਦਰੀ ਬੀਬੀ ਗੁਲਾਬ ਕੌਰ ਨੂੰ ਸਮਰਪਤ ਨਾਟਕ 'ਧਰਤ ਵੰਗਾਰੇ ਤਖ਼ਤ ਨੂੰ' ਪੇਸ਼ ਕਰਦਿਆਂ ਦੇਸ਼ ਦੀ ਆਜ਼ਾਦੀ ਤੇ ਹੱਕਾਂ ਲਈ ਜੂਝਣ ਵਾਲੀ ਔਰਤ ਦੀ ਸ਼ਕਤੀ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ। ਉੱਘੇ ਤਰਕਸ਼ੀਲ ਆਗੂ ਰਜਿੰਦਰ ਭਦੌੜ, ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਮਮਤਾ ਖੁਰਾਣਾ, ਪੰਜਾਬ ਸਟੂਡੈਂਟਸ ਦੇ ਸਾਬਕਾ ਆਗੂ ਸ੍ਰ: ਦਰਸ਼ਨ ਸਿੰਘ ਨੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪਿੰਡ ਦੇ ਉੱਚਕੋਟੀ ਦੇ ਸਾਹਿਤਕਾਰ ਸ੍ਰ: ਗਰਬਚਨ ਸਿੰਘ ਭੁੱਲਰ ਸਮੇਤ ਕਵੀ ਦਰਸ਼ਨ ਅਣਜਾਣ ਤੇ ਬਹੁ-ਵਿਧਾਵੀ ਲੇਖਕ ਬਲਵਿੰਦਰ ਸਿੰਘ ਭੁੱਲਰ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਕਾਲਾ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਲਾਇਬ੍ਰੇਰੀ ਕਮੇਟੀ ਵੱਲੋਂ ਸਰਵਸ੍ਰੀ ਬੇਅੰਤ ਸਿੰਘ, ਜਗਤਾਰ ਸਿੰਘ, ਅਮਰਜੀਤ ਸਿੰਘ, ਗੁਰਬਖ਼ਸ ਸਿੰਘ ਪਟਵਾਰੀ, ਗੁਰਦੀਪ ਸਿੰਘ, ਸਾਧੂ ਸਿੰਘ, ਸੁਖਮੰਦਰ ਸਿੰਘ ਆਦਿ ਨੇ ਪ੍ਰਬੰਧਾਂ ਵੱਲ ਉਚੇਚਾ ਧਿਆਨ ਰੱਖਿਆ।



# ਨਿਰਮਾਣ ਕਾਰਜ 'ਚ ਲਾਪ੍ਰਵਾਹੀ ਕਾਰਨ ਸਪੇਰਿਆਂ ਦਾ ਘਰ ਤੀਜੀ ਵਾਰ ਡਿੱਗਿਆ

### ਔਰਤ ਤੇ ਬੱਚਾ ਵਾਲ-ਵਾਲ ਬਚੇ



**ਲੌਂਗੋਵਾਲ (ਪ੍ਰਦੀਪ ਸੱਪਲ)**-ਕਸਬਾ ਲੌਂਗੋਵਾਲ ਦੀ ਸੰਘਣੀ ਆਬਾਦੀ ਦੁੱਲਟ ਪੱਤੀ ਦੇ ਨਿਵਾਸੀ ਬਰਸਾਤੀ ਪਾਣੀ ਦੇ ਨਾ ਨਿਕਲਣ ਦਾ ਸੰਤਾਪ ਜਿੱਥੇ ਖੁਦ ਦਹਾਕਿਆਂ ਤੋਂ ਭੁਗਤਣ ਲਈ ਮਜਬੂਰ ਹਨ, ਉਥੇ ਇਸ ਬਰਸਾਤੀ ਪਾਣੀ ਦੇ ਨਿਕਾਸ ਲਈ ਹਾਲ ਹੀ ਵਿੱਚ ਕੀਤੇ ਜਾ ਰਹੇ ਬੇਵਿਉਂਤੇ ਕੰਮ ਨੇ ਜੋਗੀ ਨਾਥ ਸਪੇਰਿਆਂ ਦੇ ਤੀਲਾ ਤੀਲਾ ਜੋੜ ਕੇ ਬਣਾਏ ਆਸ਼ਿਆਨੇ ਵੀ ਢਹਿ ਢੇਰੀ ਹੋਣੇ ਸ਼ੁਰੂ ਹੋ ਗਏ ਹਨ। ਇੱਥੇ ਬਣਾਇਆ ਜਾ ਰਿਹਾ ਡੂੰਘਾ ਨਾਲਾ ਲੋਕਾਂ ਦੀ ਜਾਨ ਦਾ ਵੀ ਖੌਅ ਬਣ ਗਿਆ ਹੈ।ਵੱਡੀ ਅਣਗਹਿਲੀ ਤੇ ਕਥਿਤ ਤੌਰ 'ਤੇ ਬਿਨਾਂ ਕਿਸੇ ਇੰਜੀਨੀਅਰ ਦੀ ਨਿਗਰਾਨੀ ਹੇਠ ਕੀਤੇ ਜਾ ਰਹੇ ਇਸ ਕੰਮ ਵਿੱਚ ਸਰਕਾਰੀ ਪੈਸੇ ਦਾ ਰੱਜ ਕੇ ਨੁਕਸਾਨ ਹੋ ਰਿਹਾ ਹੈ।ਹਾਲ ਹੀ ਵਿੱਚ ਵਾਪਰੀ ਘਟਨਾ ਵਿੱਚ ਇੱਕ ਜੋਗੀ ਨਾਥ ਪਰਵਾਰ ਦੀ ਵੱਡੀ ਕੰਧ ਡਿੱਗ ਗਈ ਹੈ ਤੇ ਇਨ੍ਹਾਂ ਦੇ ਬਾਥਰੂਮ, ਡੱਗ ਤੋਂ ਇਲਾਵਾ ਇਨ੍ਹਾਂ ਦੀ ਆਸਥਾ ਦਾ ਕੇਂਦਰ ਕਾਲੀ ਮਾਤਾ ਮੰਦਰ ਧਰਮਸ਼ਾਲਾ ਦਾ ਭਾਰੀ ਨੁਕਸਾਨ ਹੋ ਗਿਆ ਹੈ।ਇੱਕ ਨਿੱਕੇ ਬੱਚੇ ਨੂੰ ਜਦੋਂ ਔਰਤ ਆਪਣੇ ਘਰ ਤੋਂ ਬਾਹਰ ਜਾਣ ਲੱਗੀ ਤਾਂ ਕੰਧ ਧੜੱਮ ਕਰਕੇ ਦੋਵਾਂ ਉੱਤੇ ਡਿੱਗ ਗਈ ਤੇ ਨੇੜਲੇ ਲੋਕਾਂ ਨੇ ਔਰਤ ਤੇ ਬੱਚੇ ਨੂੰ ਮੁਸ਼ਕਲ ਨਾਲ ਕੰਧ ਦੇ ਹੇਠੋਂ ਕੱਢਿਆ ਤੇ ਇਸ ਘਟਨਾ ਵਿੱਚ ਦੋਵਾਂ ਦੀ ਜਾਨ ਵਾਲ ਵਾਲ ਬਚੀ ਹੈ।ਪੀੜਤ ਔਰਤ ਭੋਮਾ ਤੇ ਸਰਦਾਰਾ ਨਾਥ ਨੇ ਬੇਹੱਦ ਦੁਖੀ ਮਨ ਨਾਲ ਦੱਸਿਆ ਕਿ ਉਨ੍ਹਾਂ ਦੀ ਕੰਧ ਪਹਿਲਾਂ ਵੀ ਦੋ ਵਾਰ ਡਿੱਗ ਗਈ ਸੀ, ਹੁਣ ਜਦੋਂ ਤੀਜੀ ਵਾਰ ਜੇਸੀਬੀ ਖੁਦਾਈ ਕਰਨ ਆਈ ਤਾਂ ਉਨ੍ਹਾਂ ਝੋਲੀਆਂ ਅੱਡ-ਅੱਡ ਕੇ ਵਾਸਤੇ ਪਾਏ ਕਿ ਉਨ੍ਹਾਂ ਦੇ ਘਰ ਨੂੰ ਡਿੱਗਣ ਤੋਂ ਬਚਾਇਆ ਜਾਵੇ, ਪਰ ਕਿਸੇ ਨੇ ਇੱਕ ਨਾ ਮੰਨੀ।ਜੋਗੀ ਬਸਤੀ ਦੇ ਪ੍ਰਧਾਨ ਮੇਵਾ ਨਾਥ, ਛੰਮੋ ਤੇ ਸਾਰਕੋ ਨੇ 'ਆਪ' ਆਗੂਆਂ ਰਾਜ ਸਿੰਘ ਰਾਜੂ ਤੇ ਜਸਵਿੰਦਰ ਸਿੰਘ ਨੱਪੀ ਉਤੇ ਇਸ ਮਸਲੇ 'ਤੇ ਰਾਜਨੀਤੀ ਤੇ ਧੱਕੇਸ਼ਾਹੀ ਕਰਨ ਦੇ ਦੋਸ਼ ਲਾਏ ਹਨ।

ਉਨ੍ਹਾਂ ਕਿਹਾ ਕਿ ਇਕ ਖਾਸ ਵਰਗ ਦੀਆਂ ਵੋਟਾਂ ਪੱਕੀਆਂ ਕਰਨ ਲਈ ਗਰੀਬ ਘਰਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ।ਅਸੀਂ ਇਨ੍ਹਾਂ ਦੇ ਬਹੁਤ ਤਰਲੇ ਮਿੰਨਤਾਂ ਕੀਤੀਆਂ ਕਿ ਕੰਮ ਇਸ ਤਰੀਕੇ ਕੀਤਾ ਜਾਵੇ ਕਿ ਉਨ੍ਹਾਂ ਦਾ ਨੁਕਸਾਨ ਨਾ ਹੋਵੇ।ਬੀਰੂ ਨਾਥ, ਰੇਸ਼ਮਾ, ਸੰਗੋ, ਪੰਮੀ, ਮੇਵੋ, ਕਿਰਨਾ, ਗਲੋ, ਵੀਨਾ, ਕਾਲਾ ਨਾਥ, ਗੁਲਾਮ, ਬੰਸਾ ਨਾਥ ਤੇ ਮੁਜ਼ਾਹਰਾ ਨਾਥ ਨੇ ਦੱਸਿਆ ਕਿ ਜੋਗੀ ਨਾਥ ਸਪੇਰੇ ਬੜੀ ਤੰਗੀ ਤੁਰਸ਼ੀ ਵਾਲਾ ਜੀਵਨ ਬਤੀਤ ਕਰ ਰਹੇ ਹਨ।ਸਰਕਾਰਾਂ ਨੇ ਉਨ੍ਹਾਂ ਦੀ ਬਾਂਹ ਤਾਂ ਕੀ ਫੜਨੀ ਸੀ, ਸਗੋਂ ਉਨ੍ਹਾਂ ਦੀ ਮਿਹਨਤ ਨਾਲ ਬਣਾਏ ਘਰਾਂ ਨੂੰ ਢਾਹੁਣ ਲੱਗੀ ਹੋਈ ਹੈ।ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਤੇ ਇਸ ਨਾਲੇ ਨੂੰ ਉਨ੍ਹਾਂ ਦੇ ਘਰਾਂ ਤੋਂ ਦੂਰ ਕਰ ਕੇ ਕੱਢਿਆ ਜਾਵੇ।

# ਪਾਵਰਕਾਮ-ਟਰਾਂਸਕੋ ਯੂਨੀਅਨ ਦੀ ਮਹਿਲ ਕਲਾਂ 'ਚ ਭਰਵੀਂ ਇਕੱਤਰਤਾ

### 10 ਨੂੰ ਪਟਿਆਲਾ ਧਰਨੇ 'ਚ ਕਾਫਲੇ ਬੰਨ੍ਹ ਕੇ ਪਹੁੰਚਣ ਦਾ ਸੱਦਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਾਵਰਕਾਮ ਐਂਡ ਟਰਾਂਸਕੋ ਯੂਨੀਅਨ ਸਬ- ਡਿਵੀਜ਼ਨ ਮਹਿਲ ਕਲਾਂ ਤੇ ਠੁੱਲੀਵਾਲ ਨਾਲ ਸੰਬੰਧਤ ਸਮੂਹ ਪੈਨਸ਼ਨਰਾਂ ਦੀ ਅਹਿਮ ਇਕੱਤਰਤਾ ਇੰਜੀ. ਕੇਵਲ ਸਿੰਘ ਪੰਡੋਰੀ ਦੀ ਅਗਵਾਈ ਹੇਠ ਇਥੇ ਦਾਣਾ ਮੰਡੀ ਵਿਖੇ ਹੋਈ।ਇਸ ਮੌਕੇ ਹੱਕੀ ਮੰਗਾਂ ਨੂੰ ਮੰਨਵਾਉਣ ਲਈ ਪੈਨਸਨਰਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ, ਪ੍ਰਧਾਨ ਕੇਵਲ ਸਿੰਘ ਧਾਲੀਵਾਲ, ਸਰਕਲ ਸਕੱਤਰ ਸਾਧੂ ਸਿੰਘ ਬੜੀ, ਪ੍ਰਧਾਨ ਹਰਬੋਲ ਸਿੰਘ ਠੀਕਰੀਵਾਲ, ਮੀਤ ਪ੍ਰਧਾਨ ਬਿੱਕਰ ਸਿੰਘ ਛੀਨੀਵਾਲ, ਦਰਸ਼ਨ ਸਿੰਘ ਕਲਾਲ ਮਾਜਰਾ ਨੇ ਕਿਹਾ ਕਿ ਪਿਛਲੇ ਚਾਰ ਸਾਲ ਤੋਂ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਗਈ, ਕਿਉਂਕਿ 31 ਦਸੰਬਰ 2015 ਤੋਂ ਪਹਿਲਾਂ ਵਾਲੇ ਪੈਨਸ਼ਨਰਾਂ ਦੀ ਪੈਨਸ਼ਨ 2.59 ਗੁਣਾਂਕ ਨਾਲ ਸੁਧਾਰੀ ਜਾਵੇ।ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਚਾਰ ਸਾਲ ਤੋਂ ਵੱਧ ਸਮੇਂ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ।ਰੁਕਿਆ ਹੋਇਆ 16 ਫੀਸਦੀ ਮਹਿੰਗਾਈ ਭੱਤਾ ਮੁਹੱਈਆ ਕੀਤਾ ਜਾਵੇ।ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ।ਪੈਨਸ਼ਨ, ਮੁਲਾਜ਼ਮਾਂ ਦਾ ਏਰੀਅਰ ਯਕਮੁਸ਼ਤ ਬਕਾਇਆ ਜਾਰੀ ਕੀਤਾ ਜਾਵੇ।200 ਰੁਪਏ ਟੈਕਸ ਕੱਟਣਾ ਬੰਦ ਕੀਤਾ ਜਾਵੇ।ਸੱਤਵੇਂ ਪੇ ਕਮਿਸ਼ਨ ਦੀ ਮਨਜ਼ੂਰੀ ਲਟਕਾਈ ਨਾ ਜਾਵੇ।ਆਗੂਆਂ ਨੇ ਕਿਹਾ ਕਿ ਮਹਿੰਗਾਈ ਲਗਾਤਾਰ ਵੱਧ ਰਹੀ ਹੈ, ਪਰ ਪੈਨਸ਼ਨ 'ਚ ਵਾਧਾ ਨਾ ਹੋਣ ਕਾਰਨ ਪੈਨਸ਼ਨਰ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।ਉਨ੍ਹਾਂ ਨੇ ਕੇਂਦਰ ਸਰਕਾਰ ਪਾਸੋਂ ਚਾਰ ਲੇਬਰ ਕੋਡਾਂ, ਬਿਜਲੀ ਸੋਧ ਬਿੱਲ 2025 ਤੇ ਹੋਰ ਬਿੱਲਾਂ ਨੂੰ ਰੱਦ ਕਰਨ ਦੀ ਮੰਗ ਕੀਤੀ।ਆਗੂਆਂ ਨੇ ਜਥੇਬੰਦੀ ਦੇ ਵਰਕਰਾਂ ਦੀਆਂ ਡਿਊਟੀਆਂ ਲਗਾਉਂਦਿਆਂ 10 ਅਪ੍ਰੈਲ ਨੂੰ ਪਟਿਆਲਾ ਹੈੱਡਕੁਆਰਟਰ ਦਫ਼ਤਰ ਮੂਹਰੇ ਵਿਸ਼ਾਲ ਧਰਨੇ 'ਚ ਕਾਫਲਿਆਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਸੁਰਜੀਤ ਸਿੰਘ ਖਿਆਲੀ, ਸ਼ਮਸ਼ੇਰ ਸਿੰਘ ਹਮੀਦੀ, ਬਿੱਕਰ ਸਿੰਘ ਖਿਆਲੀ, ਮਹਿੰਦਰ ਸਿੰਘ, ਗੋਬਿੰਦ ਸਿੰਘ, ਅਵਤਾਰ ਸਿੰਘ, ਮਘਰ ਸਿੰਘ, ਜਗਦੇਵ ਸਿੰਘ ਕੁਰੜ, ਹਰਜੋਧਨ ਸਿੰਘ ਮਾਂਗੇਵਾਲ, ਜਗਦੇਵ ਸਿੰਘ ਸਹੌਰ, ਅਜੈਬ ਸਿੰਘ ਛਾਪਾ, ਸਾਥੀ ਪਾਰਸ ਮਹਿਲ ਕਲਾਂ, ਜਗਸੀਰ ਸਿੰਘ ਝੋਰੜਾਂ, ਦਰਸ਼ਨ ਸਿੰਘ ਕਲਾਲ ਮਾਜਰਾ, ਬਿੱਕਰ ਸਿੰਘ ਛੀਨੀਵਾਲ, ਜਗਮੇਲ ਸਿੰਘ ਛੀਨੀਵਾਲ, ਅਮਰੀਕ ਸਿੰਘ ਸਹੌਰ ਆਦਿ ਹਾਜ਼ਰ ਸਨ।

## ਲਾਲ ਸਿੰਘ ਦੇ ਦੇਹਾਂਤ ਨਾਲ ਪੰਜਾਬ ਨੂੰ ਵੱਡਾ ਘਾਟਾ ਪਿਆ : ਦੇਸਰਾਜ ਕੰਬੋਜ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਾਬਕਾ ਮੰਤਰੀ ਲਾਲ ਸਿੰਘ ਦੇ ਅਚਨਚੇਤ ਦਿਹਾਂਤ 'ਤੇ ਨਿਊ ਫਰੈਂਡਸ ਐਨਕਲੇਵ ਦਿਹਾਤੀ ਪਟਿਆਲਾ ਦੀ ਮੁਹੱਲਾ ਸੁਧਾਰ ਕਮੇਟੀ ਦੇ ਜਨਰਲ ਸਕੱਤਰ ਦੇਸ ਰਾਜ ਕੰਬੋਜ ਤੇ ਉਸ ਦੇ ਸਾਰੇ ਪਰਵਾਰ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੰਨੇ ਲੰਮੇ ਰਾਜਨੀਤਕ ਜੀਵਨ ਦੇ ਬਾਵਜੂਦ ਉਨ੍ਹਾਂ 'ਤੇ ਇਕ ਵੀ ਦਾਗ ਨਹੀਂ ਲੱਗਿਆ।ਉਨ੍ਹਾਂ ਕਦੇ ਵੀ ਸੱਤਾ ਦੇ ਨਸ਼ੇ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੱਤਾ ਤੇ ਸੰਤਾਂ ਜੀਵਨ ਬਤੀਤ ਕੀਤਾ।ਉਨ੍ਹਾਂ ਦੇ ਸੇਵਾ ਵਰਗ ਲੱਣ ਦੀ ਬਹੁਤ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ 50 ਸਾਲ ਦਾ ਰਾਜਨੀਤਕ ਸਫ਼ਰ ਪਾਕ ਸਾਫ ਰਿਹਾ ਹੈ।ਇਕੋ ਹਲਕੇ ਤੋਂ ਲਗਾਤਾਰ 8 ਵਿਧਾਨ ਸਭਾ ਚੋਣਾਂ ਲੜਨੀਆਂ ਇਸ ਗੱਲ ਦਾ ਸਬੂਤ ਹੈ ਕਿ ਉਹ ਆਪਣੇ ਇਲਾਕੇ ਦੇ ਲੋਕਾਂ ਨਾਲ ਜੁੜੇ ਹੋਏ ਸਨ, ਜਿਸ ਕਰ ਕੇ ਵਾਰ ਵਾਰ ਲੋਕ ਉਨ੍ਹਾਂ ਨੂੰ ਜਿਤਾਉਂਦੇ ਸਨ।ਆਮ ਤੌਰ 'ਤੇ ਲੀਡਰ ਕੁੱਝ ਸਮੇਂ ਬਾਅਦ ਆਪਣਾ ਵਿਧਾਨ ਤੇ ਹਮੇਸ਼ਾ ਲੋਕ ਭਲਾਈ ਦੇ ਕੰਮ ਕਰਦੇ ਸਨ, ਸਭਾ ਹਲਕਾ ਬਦਲ ਲੈਂਦੇ ਹਨ।

## ਸਫਾ 1 ਦੇ ਬਾਕੀ...

### 'ਮੁੱਖ ਮੰਤਰੀ ਸਕੀਮ...

ਵਾਲੇ ਦਿਨ 'ਮੁੱਖ ਮੰਤਰੀ ਸਕੀਮ, 30 ਦਿਨਾਂ 'ਚ ਤਕਸੀਮ' ਦਾ ਕੰਮ ਆਰੰਭਿਆ ਜਾਵੇਗਾ, ਜਿਸ ਨੂੰ ਇੱਕ ਮਹੀਨੇ ਦੇ ਵਿੱਚ-ਵਿੱਚ ਪੂਰਾ ਕੀਤਾ ਜਾਵੇਗਾ। ਬਿਜਲੀ ਵਿਭਾਗ ਨਾਲ ਗੱਲ ਕਰਕੇ ਜ਼ਮੀਨਾਂ ਵਿੱਚੋਂ ਖੰਭੇ ਕਢਵਾਉਣ ਦਾ ਕੰਮ ਆਰੰਭ ਕੀਤਾ ਗਿਆ ਹੈ। ਮਾਨ ਨੇ ਕਿਹਾ, 'ਮੈਂ ਕਿਸਾਨ ਦਾ ਪੁੱਤ ਹਾਂ ਤੇ ਕਿਸਾਨ ਦੀ ਪੁੱਤਾਂ ਵਾਂਗ ਪਾਲੀ ਫਸਲ ਸੰਬੰਧੀ ਭਲੀਭਾਂਤ ਜਾਣਦਾ ਹਾਂ, ਇਸ ਕਰਕੇ ਮੰਡੀਆਂ ਵਿੱਚ ਆਉਣ ਵਾਲੀ ਕਣਕ ਦਾ ਇੱਕ-ਇੱਕ ਦਾਣਾ ਮੰਡੀ ਵਿੱਚੋਂ ਚੁਕਾਉਂਗਾ।' ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 8 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਆਰੰਭ ਕੀਤਾ ਗਿਆ ਹੈ, ਇਸ ਲਈ ਉਹ ਉਨ੍ਹਾ ਦੇ ਧੰਨਵਾਦੀ ਹਨ ਤੇ ਆਸ ਕਰਦੇ ਹਨ ਕਿ ਮੋਗਾ ਦੇ ਵਿਕਾਸ ਲਈ ਉਹ ਹਮੇਸ਼ਾ ਸਾਨੂੰ ਸਹਿਯੋਗ ਦਿੰਦੇ ਰਹਿਣਗੇ।ਮਨੀਸ਼ ਸਿਸੋਦੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉਹ ਚਿਹਰਾ ਹਨ, ਜੋ ਪੰਜਾਬ ਵਿੱਚ ਹੀ ਨਹੀਂ, ਬਲਕਿ ਪੂਰੇ ਹਿੰਦੁਸਤਾਨ ਵਿੱਚ ਮਕਬੂਲ ਮੁੱਖ ਮੰਤਰੀ ਵਜੋਂ ਜਾਣੇ ਜਾਂਦੇ ਹਨ।

### ਆਂਗਣਵਾੜੀ ਕੇਂਦਰ...

ਕੇਂਦਰ ਪਿੰਡਾਂ ਵਿੱਚ, ਜਿੱਥੇ ਘਾਟ ਬਹੁਤ ਵੱਧ ਹੈ, ਬੱਚਿਆਂ ਤੱਕ ਪਹੁੰਚ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਕੇਂਦਰ ਸ਼ਹਿਰੀ ਇਲਾਕਿਆਂ ਦੇ ਉਹਨਾਂ ਇਲਾਕਿਆਂ ਵਿੱਚ ਵੀ ਸੇਵਾਵਾਂ ਦਿੰਦੇ ਹਨ, ਜਿੱਥੇ ਗਰੀਬ ਅਤੇ ਘੱਟ ਆਮਦਨ ਵਾਲੇ ਪਰਵਾਰ ਵਸਦੇ ਹਨ।ਇਸ ਤੋਂ ਇਲਾਵਾ ਇਹ ਕਦਮ ਆਂਗਣਵਾੜੀ ਵਰਕਰਾਂ ਅਤੇ ਸਹਾਇਕਾਂ ਦੀ ਪਹਿਲਾਂ ਹੀ ਅਸਥਿਰ ਹਾਲਤ ਨੂੰ ਹੋਰ ਵੀ ਖਤਰਨਾਕ ਬਣਾ ਦੇਵੇਗਾ ਅਤੇ ਉਨ੍ਹਾਂ ਨੂੰ ਵਧੇਰੇ ਅਸੁਰੱਖਿਆ ਵੱਲ ਧੱਕੇਗਾ। ਉਹ ਲੰਮੇ ਸਮੇਂ ਤੋਂ ਨਿਯਮਿਤ ਸਰਕਾਰੀ ਕਰਮਚਾਰੀ ਵਜੋਂ ਮਾਨਤਾ, ਢੰਗ ਦੇ ਵੇਤਨ ਅਤੇ ਸਮਾਜਿਕ ਸੁਰੱਖਿਆ ਦੀ ਮੰਗ ਕਰ ਰਹੀਆਂ ਹਨ। ਇਨ੍ਹਾਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਦੀ ਬਜਾਏ, ਸਰਕਾਰ ਉਲਟ ਪੂਰੇ ਪ੍ਰਬੰਧ ਨੂੰ ਹੀ ਕਮਜ਼ੋਰ ਕਰ ਰਹੀ ਹੈ।ਏਟਕ ਇਸ ਕਦਮ ਨੂੰ ਇੱਕ ਵੱਡੇ ਨਵ-ਉਦਾਰਵਾਦੀ ਏਜੰਡੇ ਦਾ ਹਿੱਸਾ ਮੰਨਦੀ ਹੈ, ਜਿਸ ਦਾ ਮਕਸਦ ਸਰਕਾਰੀ ਭਲਾਈ ਦੀਆਂ ਜ਼ਿੰਮੇਵਾਰੀਆਂ ਦਾ ਨਿੱਜੀਕਰਨ ਅਤੇ ਅਸੰਗਠਿਤਕਰਨ ਕਰਨਾ ਹੈ। ਇਹ ਸੰਘੀ ਵਚਨਬੱਧਤਾਵਾਂ ਨੂੰ ਕਮਜ਼ੋਰ ਕਰਦਾ ਹੈ, ਮਜ਼ਦੂਰ ਅਧਿਕਾਰਾਂ ਨੂੰ ਘਟਾਉਂਦਾ ਹੈ ਅਤੇ ਅਹਿਮ ਸੇਵਾਵਾਂ ਦੀ ਗੁਣਵੱਤਾ ਅਤੇ ਸਰਵਭੌਮਤਾ ਨਾਲ ਸਮਝੌਤਾ ਕਰਦਾ ਹੈ। ਇਹ ਪੂਰੀ ਤਰ੍ਹਾਂ ਅਸਵੀਕਾਰਯੋਗ ਹੈ।ਏਟਕ ਸਪੱਸ਼ਟ ਸ਼ਬਦਾਂ ਵਿੱਚ ਆਂਗਣਵਾੜੀ ਕੇਂਦਰਾਂ ਨੂੰ ਅਪਣਾਉਣ ਦੇ ਨਿਰਦੇਸ਼ ਵਾਲੇ ਯੂ ਜੀ ਸੀ ਸਰਕੂਲਰ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੀ ਹੈ। ਏਟਕ ਸਾਰੀਆਂ ਟਰੇਡ ਯੂਨੀਅਨਾਂ, ਮਹਿਲਾ ਸੰਸਥਾਵਾਂ, ਵਿਦਿਆਰਥੀ ਸੰਗਠਨਾਂ ਅਤੇ ਲੋਕਤੰਤਰਿਕ ਤਾਕਤਾਂ ਨੂੰ ਇਸ ਪਿੱਛੇ ਵੱਲ ਲੈ ਜਾਣ ਵਾਲੇ ਕਦਮ ਦੇ ਵਿਰੋਧ ਵਿੱਚ ਇਕੱਠੇ ਹੋਣ ਅਤੇ ਭਾਰਤ ਦੀ ਸਰਕਾਰੀ ਭਲਾਈ ਪ੍ਰਣਾਲੀ ਦੀ ਅਖੰਡਤਾ ਦੀ ਰੱਖਿਆ ਕਰਨ ਲਈ ਅਪੀਲ ਕਰਦੀ ਹੈ।

### ਮਜ਼ਦੂਰਾਂ ਨੂੰ ਆਰਥਕ ਦੇ...

ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਸਭਾ ਦੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟ ਪੇਸ਼ ਕਰਦਿਆ ਉਹਨਾ ਉਨ੍ਹਾਂ ਮੌਕਿਆਂ ਦਾ ਜ਼ਿਕਰ ਕੀਤਾ, ਜਦੋਂ ਪੰਜਾਬ ਖੇਤ ਮਜ਼ਦੂਰ ਸਭਾ ਨੇ ਭਰਪੂਰ ਸਰਗਰਮੀ ਅਤੇ ਤਨਦੇਹੀ ਨਾਲ ਕੰਮ ਕਰਕੇ ਸੰਘਰਸ਼ਾਂ ਦੌਰਾਨ ਸਫਲਤਾਵਾਂ ਪ੍ਰਾਪਤ ਕੀਤੀਆਂ। ਸਰਹਾਲੀ ਕਲਾਂ ਨੇ ਪੰਜਾਬ ਦੀਆਂ ਸੱਤ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮਿਲ ਕੇ ਕੀਤੀਆਂ ਜਾ ਰਹੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਇਹਨਾਂ ਦੀ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਸੁਨੇਹਾ ਵੀ ਦਿੱਤਾ। ਪਿੱਛੇ ਜਿਹੇ ਚੰਡੀਗੜ੍ਹ ਵਿੱਚ ਹੋਈ ਪਾਰਟੀ ਕਾਂਗਰਸ ਦੀ ਗੱਲ ਕਰਦਿਆਂ ਉਹਨਾ ਕਿਹਾ ਕਿ ਸੀ ਪੀ ਆਈ ਅਤੇ ਇਸ ਦੀਆਂ ਅਵਾਮੀ ਜਥੇਬੰਦੀਆਂ ਦੇ ਸਾਂਝੇ ਉਦਮ ਨਾਲ ਇਹ ਪੂਰੀ ਤਰ੍ਹਾਂ ਸਫਲ ਰਹੀ। ਪਾਰਟੀ ਕਾਂਗਰਸ 25 ਸਾਲ ਦੇ ਅਰਸੇ ਬਾਅਦ ਪੰਜਾਬ ਦੇ ਹਿੱਸੇ ਆਈ ਸੀ। ਇਹ ਮੌਕਾ ਇੱਕ ਚੁਣੌਤੀ ਵੀ ਸੀ, ਜੋ ਪੰਜਾਬ ਦੇ ਕਮਿਊਨਿਸਟ ਆਗੂਆਂ ਅਤੇ ਕਾਰਕੁਨਾਂ ਨੇ ਕਬੂਲ ਕਰਕੇ ਸਫਲਤਾ ਦੇ ਝੰਡੇ ਗੱਡੇ। ਪਾਰਟੀ ਕਾਂਗਰਸ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਭੂਮਿਕਾ ਦੀ ਗੱਲ ਕਰਦਿਆਂ ਜਨਰਲ ਸਕੱਤਰ ਨੇ ਕਿਹਾ ਕਿ ਭਾਵੇਂ ਇਸ ਵਿੱਚ ਮਜ਼ਦੂਰਾਂ ਦੀ ਸ਼ਮੂਲੀਅਤ, ਭਾਵੇਂ ਫੰਡ ਦਾ ਮਾਮਲਾ ਹੋਵੇ, ਦੋਹਾਂ ਵਿੱਚ ਸਭਾ ਦੇ ਕੋਟੇ ਤੋਂ ਵੱਧ ਸਹਿਯੋਗ ਰਿਹਾ। ਉਹਨਾ ਕਿਹਾ ਕਿ ਇਸ ਸ਼ਾਨਦਾਰ ਭੂਮਿਕਾ ਨਾਲ ਪੰਜਾਬ ਖੇਤ ਮਜ਼ਦੂਰ ਸਭਾ ਦਾ ਕੱਦ ਹੋਰ ਉਚਾ ਹੋਇਆ ਹੈ। ਜਨਰਲ ਸਕੱਤਰ ਵੱਲੋਂ ਪੇਸ਼ ਕੀਤੀ ਗਈ ਰਿਪੋਰਟ 'ਤੇ ਭਰਪੂਰ ਬਹਿਸ ਹੋਈ। ਇਸ ਬਹਿਸ ਵਿੱਚ ਨਿਰੰਜਨ ਦਾਸ ਮੇਹਲੀ, ਨਵਾਂ ਸ਼ਹਿਰ, ਐਡਵੋਕੇਟ ਸੁਰਜੀਤ ਸਿੰਘ ਸੋਹੀ ਬਠਿੰਡਾ, ਹਰਦੇਵ ਸਿੰਘ ਬਡਲਾ ਫਤਿਹਗੜ੍ਹ ਸਾਹਿਬ, ਨਿਰੰਜਨ ਸਿੰਘ ਸੰਗਰੂਰ, ਰਿਸ਼ੀਪਾਲ ਫਾਜ਼ਿਲਕਾ, ਰਸ਼ਪਾਲ ਸਿੰਘ ਤਰਨ ਤਾਰਨ, ਬਲਬੀਰ ਸਿੰਘ ਮੱਲ੍ਹੀ ਗੁਰਦਾਸਪੁਰ, ਮੰਗਲ ਸਿੰਘ ਅੰਮ੍ਰਿਤਸਰ (ਦਿਹਾਤੀ), ਕੁਲਵੰਤ ਸਿੰਘ ਲੁਧਿਆਣਾ, ਨਾਨਕ ਚੰਦ ਬਜਾਜ ਮੁਕਤਸਰ, ਸੁਰਜੀਤ ਸਿੰਘ ਸਰਦਾਰਗੜ੍ਹ ਬਠਿੰਡਾ ਆਦਿ ਨੇ ਹਿੱਸਾ ਲਿਆ। ਕੁਝ ਵਾਧਿਆਂ ਸਮੇਤ ਰਿਪੋਰਟ ਸਰਬਸੰਮਤੀ ਨਾਲ ਪਾਸ ਕਰ ਦਿੱਤੀ ਗਈ। ਬਹਿਸ ਦਾ ਜਵਾਬ ਦਿੰਦਿਆਂ ਦੇਵੀ ਕੁਮਾਰੀ ਨੇ ਆਏ ਸੁਝਾਵਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਸਭਾ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਹਨਾ ਕਿਹਾ ਕਿ 14 ਅਪ੍ਰੈਲ ਨੂੰ ਡਾ. ਭੀਮ ਰਾਓ ਅੰਬੇਡਕਰ ਦੀ 135ਵੀਂ ਜੈਅੰਤੀ ਮਨਾਈ ਜਾਵੇਗੀ। ਪਹਿਲੀ ਮਈ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਵੇਗਾ। 15 ਮਈ ਨੂੰ ਮਨਰੇਗਾ ਬਚਾਓ ਦਿਵਸ ਸੰਜੀਦਗੀ ਨਾਲ ਮਨਾਇਆ ਜਾਵੇਗਾ। ਇਸ ਤੋਂ ਇਲਾਵਾ ਸਭਾ ਵੱਲੋਂ ਵੱਖ-ਵੱਖ ਥਾਵਾਂ 'ਤੇ ਕਨਵੈਨਸ਼ਨਾ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਜ਼ਿਲ੍ਹਾ ਮੀਟਿੰਗ ਜਲਦੀ ਸ਼ੁਰੂ ਕੀਤੀਆਂ ਜਾਣਗੀਆਂ। ਉਹਨਾ ਕਿਹਾ ਕਿ ਮਜ਼ਦੂਰਾਂ ਨੂੰ ਹਰ ਮਾਮਲੇ ਵਿੱਚ ਸਿੱਖਿਅਤ ਹੋਣਾ ਸਮੇਂ ਦੀ ਅਹਿਮ ਲੋੜ ਹੈ।ਇਸ ਸੰਦਰਭ ਵਿੱਚ ਮਈ ਜਾਂ ਜੂਨ ਮਹੀਨੇ ਵਿੱਚ ਹਿੰਦੀ ਭਾਸ਼ੀ ਪੰਜ ਦਿਨਾਂ ਦਾ ਸਕੂਲ ਲਗਾਉਣਾ ਵਿਚਾਰ ਅਧੀਨ ਹੈ। ਜਨਰਲ ਕੌਂਸਲ ਦੀ ਮੀਟਿੰਗ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਆਪਣੇ ਸੰਬੋਧਨ ਵਿੱਚ ਸਥਾਨਕ, ਸੂਬਾ, ਮੁਲਕ ਅਤੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਦਾ ਜ਼ਿਕਰ ਕੀਤਾ। ਉਹਨਾ ਕਿਹਾ ਕਿ ਪੰਜਾਬ ਖੇਤ ਮਜ਼ਦੂਰ ਸਭਾ ਦਾ ਇਤਿਹਾਸ ਸ਼ਾਨਾਮੱਤਾ ਹੈ। ਇਸ ਦਾ ਜਥੇਬੰਦਕ ਢਾਂਚਾ ਹੋਰ ਮਜ਼ਬੂਤ ਕਰਨ ਦੀ ਲੋੜ ਹੈ।ਉਹਨਾ ਕਿਹਾ ਪੰਜਾਬ ਵਿੱਚ ਲੋਕਾਂ ਦੀ ਬਿਹਤਰੀ ਲਈ ਮਿਥੇ ਨਿਸ਼ਾਨੇ ਦੀ ਪੂਰਤੀ ਤਦ ਹੀ ਸੰਭਵ ਹੈ, ਜਦੋਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਏਕੇ ਨਾਲ ਕਮਿਊਨਿਸਟ ਪਾਰਟੀ ਨੂੰ ਤਕੜਾ ਕੀਤਾ ਜਾਵੇਗਾ। ਖੇਤ ਮਜ਼ਦੂਰ ਵਰਗ ਨੂੰ ਦਰਪੇਸ਼ ਮੁਸ਼ਕਲਾਂ ਦੀ ਗੱਲ ਕਰਦਿਆਂ ਗੋਰੀਆਂ ਨੇ ਕਿਹਾ ਕਿ ਇਹਨਾਂ ਨੂੰ ਜਿੱਥੇ ਆਰਥਿਕ ਮੁਹਾਜ਼ 'ਤੇ ਲੜਨਾ ਪੈ ਰਿਹਾ ਹੈ, ਉੱਥੇ ਸਮਾਜਕ ਨਿਆਂ ਲਈ ਵੀ ਇਹ ਵਰਗ ਜੂਝ ਰਿਹਾ ਹੈ। ਕਮਿਊਨਿਸਟ ਪਾਰਟੀਆਂ ਦੇ ਉਦਮ ਸਦਕਾ ਮਨਰੇਗਾ ਕਾਨੂੰਨ ਹੋਂਦ ਵਿੱਚ ਆਇਆ ਸੀ। ਗਰੀਬਾਂ ਦਾ ਚੁੱਲ੍ਹਾ ਤਪਦਾ ਰੱਖਣ ਲਈ ਕਮਿਊਨਿਸਟਾਂ ਦੀ ਕੋਸ਼ਿਸ਼ ਸਫਲ ਵੀ ਹੁੰਦੀ ਨਜ਼ਰ ਆ ਰਹੀ ਸੀ। ਮੋਦੀ ਸਰਕਾਰ ਨੇ ਇਸ ਕਾਨੂੰਨ ਦਾ ਰੂਪ ਬਦਲ ਕੇ ਗਰੀਬ ਮਜ਼ਦੂਰਾਂ 'ਤੇ ਘਾਤਕ ਹੱਲਾ ਬੋਲਿਆ ਹੈ। ਗੋਰੀਆ ਨੇ ਪੰਜਾਬ ਸਰਕਾਰ ਦੀ ਗਰੀਬਾਂ ਪ੍ਰਤੀ ਪਹੁੰਚ ਨੂੰ ਵੀ ਨਿਰਾਸ਼ਾਜਨਕ ਦੱਸਿਆ। ਪੰਜਾਬ ਵਿੱਚ ਸਿੰਥੈਟਿਕ ਨਸ਼ਿਆਂ ਨਾਲ ਵਿਛਦੇ ਸੱਥਰਾਂ ਦੀ ਗੱਲ ਕਰਦਿਆਂ ਉਹਨਾ ਕਿਹਾ ਕਿ ਵੱਖ-ਵੱਖ ਸਰਕਾਰਾਂ ਦੀ ਪੁਸ਼ਤਪਨਾਹੀ ਇਸ ਸਭ ਕਾਸੇ ਲਈ ਜ਼ਿੰਮੇਵਾਰ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਹੈਂਕੜਬਾਜ਼ੀ ਨਾਲ ਸੜ ਰਹੇ ਮੱਧ ਏਸ਼ੀਆ ਦੀ ਗੱਲ ਕਰਦਿਆਂ ਉਹਨਾ ਕਿਹਾ ਕਿ ਅਤੀਤ ਵਿੱਚ ਕਮਿਊਨਿਸਟ ਅਮਨ ਲਹਿਰ ਦਾ ਹਿੱਸਾ ਰਹੇ ਹਨ। ਹੁਣ ਵੀ ਅਸੀਂ ਟਰੰਪ ਦੀਆਂ ਆਪਹੁਦਰੀਆਂ ਦੀ ਨਿਖੇਧੀ ਕਰਦੇ ਹਾਂ।


PUNJAB MEANS BUSINESS
POLICY TO PRACTICE

# ਪੀ.ਐਸ.ਆਈ.ਈ.ਸੀ. ਨੇ ਉਦਯੋਗਿਕ ਪਲਾਟਾਂ ਲਈ ਮਾਲਕੀ ਹੱਕ ਖੋਲ੍ਹੇ

ਜ਼ੀਰੋ ਸਟੈਂਪ ਡਿਊਟੀ ਨਾਲ ਲੀਜ਼ਹੋਲਡ ਪਲਾਟਾਂ ਨੂੰ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਲਈ ਯਕਮੁਸ਼ਤ ਮੌਕਾ

GOVT. OF PUNJAB

PSIEC

## ਲੀਜ਼ਹੋਲਡ ਪਲਾਟਾਂ ਨੂੰ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਦੇ ਮੁੱਖ ਫ਼ਾਇਦੇ:

1. 30.04.2026 ਤੱਕ ਪ੍ਰਾਪਤ ਹੋਈਆਂ ਅਰਜ਼ੀਆਂ ਲਈ ਲੀਜ਼ਹੋਲਡ ਉਦਯੋਗਿਕ ਸੰਪਤੀਆਂ ਨੂੰ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਸਮੇਂ ਕਨਵੇਅੰਸ ਡੀਡ ਰਜਿਸਟ੍ਰੇਸ਼ਨ 'ਤੇ ਸਟੈਂਪ ਡਿਊਟੀ ਤੋਂ ਯਕਮੁਸ਼ਤ ਮੁਕੰਮਲ ਛੋਟ।
2. ਫ੍ਰੀਹੋਲਡ ਪਲਾਟਾਂ ਲਈ ਪੋਸਟ-ਅਲਾਟਮੈਂਟ ਸੇਵਾਵਾਂ ਨੂੰ ਸਰਲ ਬਣਾ ਕੇ ਇਨ੍ਹਾਂ ਨੂੰ ਸਿਰਫ਼ ਦੋ ਹੈੱਡਾਂ ਵਿੱਚ ਵੰਡਿਆ ਗਿਆ ਹੈ- 5 ਲਾਜ਼ਮੀ ਅਤੇ 18 ਵਿਕਲਪਿਕ ਸੇਵਾਵਾਂ; ਅੱਗੇ ਇਸ ਨੂੰ ਤਿੰਨ ਯੂਨੀਫਾਈਡ ਕੈਟਾਗਿਰੀਜ਼ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਅਲਾਟੀਆਂ ਲਈ ਕਾਰੋਬਾਰ ਕਰਨ ਦੀ ਆਸਾਨੀ ਅਤੇ ਕੁਸ਼ਲਤਾ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ।
3. ਫ੍ਰੀਹੋਲਡ ਪਲਾਟਾਂ ਨਾਲ ਸਬੰਧਤ ਸਾਰੀਆਂ ਸੇਵਾਵਾਂ ਲਈ ਸਮਾਂ-ਸੀਮਾਵਾਂ ਨੂੰ ਤਰਕਸੰਗਤ ਬਣਾਇਆ ਅਤੇ ਘਟਾਇਆ ਗਿਆ ਹੈ। ਇਸ ਤੋਂ ਇਲਾਵਾ ਤੇਜ਼ੀ ਨਾਲ ਫ਼ੈਸਲਾ ਲੈਣ ਨੂੰ ਯਕੀਨੀ ਬਣਾਉਣ ਲਈ ਅਜਿਹੇ ਮਾਮਲਿਆਂ ਦੇ ਨਿਪਟਾਰੇ ਲਈ ਅਸਟੇਟ ਅਫਸਰ (ਈ.ਓ.) ਨੂੰ ਉੱਚ ਅਥਾਰਿਟੀ ਵਜੋਂ ਮਨੋਨੀਤ ਕੀਤਾ ਗਿਆ ਹੈ।
4. ਬੈਂਕਾਂ/ਐਨ.ਬੀ.ਐਫ.ਸੀਜ਼ ਕੋਲ ਗਿਰਵੀ ਪਈਆਂ ਲੀਜ਼ਹੋਲਡ ਸੰਪਤੀਆਂ ਫ੍ਰੀਹੋਲਡ ਵਿੱਚ ਤਬਦੀਲ ਕਰਾਉਣ ਦੇ ਯੋਗ ਹੋਣਗੀਆਂ, ਬਸ਼ਰਤੇ ਕਿ ਸਬੰਧਤ ਬੈਂਕ/ਐਨ.ਬੀ.ਐਫ.ਸੀ. ਤੋਂ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਮ੍ਹਾਂ ਕਰਵਾਇਆ ਜਾਵੇ।
5. ਫ੍ਰੀਹੋਲਡ ਪਲਾਟ ਧਾਰਕਾਂ ਨੂੰ ਹਲਫ਼ਨਾਮਿਆਂ ਦੀ ਥਾਂ ਸਵੈ-ਘੋਸ਼ਣਾ ਪੱਤਰ ਜਮ੍ਹਾਂ ਕਰਾਉਣ ਦੀ ਇਜਾਜ਼ਤ ਹੋਵੇਗੀ, ਜਿਸ ਨਾਲ ਪ੍ਰਕਿਰਿਆ ਸਬੰਧੀ ਵੱਖ-ਵੱਖ ਲੋੜਾਂ ਸਰਲ ਬਣਨਗੀਆਂ।
6. ਜਿਨ੍ਹਾਂ ਮਾਮਲਿਆਂ ਵਿੱਚ ਮੌਜੂਦਾ ਲੀਜ਼ਹੋਲਡ ਸਮਝੌਤੇ ਵਿੱਚ ਕੀਮਤ ਵਾਧੇ (ਅਨਅਰਨਡ ਇਨਕ੍ਰੀਜ਼) ਲਈ ਕੋਈ ਉਪਬੰਧ ਨਹੀਂ, ਉੱਥੇ ਫ੍ਰੀਹੋਲਡ ਵਿੱਚ ਤਬਾਦਲੇ ਸਮੇਂ ਇਹ ਲਾਗੂ ਨਹੀਂ ਹੋਵੇਗਾ।
7. ਪਰਿਵਾਰ ਅੰਦਰ ਕੀਤੇ ਜਾਣ ਵਾਲੇ ਤਬਾਦਲਿਆਂ, ਜਿਨ੍ਹਾਂ ਵਿੱਚ ਵਿਰਾਸਤ ਅਤੇ ਅਲਾਟੀ ਦੀ ਮੌਤ ਤੋਂ ਬਾਅਦ ਹੋਣ ਵਾਲੇ ਤਬਾਦਲੇ ਸ਼ਾਮਲ ਹਨ, ਦੇ ਮਾਮਲਿਆਂ ਵਿੱਚ, ਜਦੋਂ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਾਦਲੇ ਦਾ ਵਿਕਲਪ ਵਰਤਿਆ ਜਾ ਰਿਹਾ ਹੋਵੇ ਤਾਂ ਕੋਈ ਕੀਮਤ ਵਾਧਾ (ਅਨਅਰਨਡ ਇਨਕ੍ਰੀਜ਼) ਚਾਰਜ ਨਹੀਂ ਲੱਗੇਗਾ।
8. ਜੇਕਰ ਅਰਜ਼ੀਆਂ 30.04.2026 ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ ਤਾਂ ਅਲਾਟੀ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਾਦਲੇ 'ਤੇ 1,800 ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਬੱਚਤ ਲਾਭ ਪ੍ਰਾਪਤ ਕਰ ਸਕਦੇ ਹਨ। ਅਸਲ ਬੱਚਤ ਲਾਭ ਜਗ੍ਹਾ ਅਤੇ ਲਾਗੂ ਕੁਲੈਕਟਰ ਦਰਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੇ ਹਨ।



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਲਿਮਟਿਡ



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਕਣਕ ਦੀ ਪੱਕੀ ਫਸਲ ਮੀਂਹ ਦੀ ਭੇਟ ਚੜ੍ਹ ਜਾਣ ਕਾਰਨ ਕਿਸਾਨ ਡਾਢੇ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)-** ਇਲਾਕੇ 'ਚ ਵਗੀ ਤੇਜ਼ ਹਨ੍ਹੇਰੀ ਅਤੇ ਮੀਂਹ ਨੇ ਕਿਸਾਨਾਂ ਦੀ ਕਣਕ ਦੀ ਫਸਲ ਨੂੰ ਲੰਮੇ ਪਾ ਦਿੱਤਾ ਹੈ ਅਤੇ ਹੁਣ ਫਿਰ ਦੁਬਾਰਾ ਮੀਂਹ ਪੈਣ ਨਾਲ



ਲੰਮੇ ਪਈ ਕਣਕ ਦੇ ਦਾਣੇ ਕਾਲੇ ਹੋ ਰਹੇ ਹਨ ਜਿਸ ਨਾਲ ਕਿਸਾਨ ਕਾਫੀ ਪਰੇਸ਼ਾਨ ਨਜ਼ਰ ਆ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦੇ ਹੋਏ ਕਿਸਾਨ ਨਸੀਬ ਸਿੰਘ, ਗੁਰਮੀਤ ਸਿੰਘ, ਸੁਲੱਖਣ ਸਿੰਘ, ਬਖਸ਼ੀਸ਼ ਸਿੰਘ, ਤਰਲੋਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਕਾਫੀ ਖਰਚਾ ਕਰਕੇ ਕਣਕ ਦੀ ਬਿਜਾਈ ਕੀਤੀ ਸੀ ਪਰ ਹੁਣ ਮੀਂਹ ਕਾਰਨ ਫਸਲ ਖਰਾਬ ਹੋਣ ਕਰਕੇ ਉਨ੍ਹਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਜੇਕਰ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਮੀਂਹ ਪੈਂਦਾ ਰਿਹਾ ਤਾਂ ਕਣਕ ਦੀ ਫਸਲ ਖੇਤਾਂ ਵਿੱਚੋਂ ਵੱਢਣੀ ਔਖੀ ਹੋ ਜਾਵੇਗੀ। ਉਨ੍ਹਾਂ ਕਿਹਾ ਪਹਿਲਾਂ ਵੀ ਝੋਨੇ ਦੀ ਫਸਲ ਨੂੰ ਖੇਤਾਂ ਵਿੱਚੋਂ ਬਾਹਰ ਕੱਢਣ ਲਈ ਸਪੈਸ਼ਲ ਚੇਨ ਵਾਲੀਆਂ ਕੰਬਾਈਨਾਂ ਦੇ ਮਾਲਕਾਂ ਨੂੰ ਜ਼ਿਆਦਾ ਪੈਸੇ ਦੇ ਕੇ ਖੇਤ ਖਾਲੀ ਕਰਵਾਏ ਗਏ ਸਨ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਕਾਫੀ ਆਰਥਿਕ ਮੰਦਹਾਲੀ ਵਿੱਚੋਂ ਗੁਜ਼ਰ ਰਹੇ ਹਨ ਅਤੇ ਹੁਣ ਕੁਦਰਤੀ ਪ੍ਰਕੋਪ ਨੇ ਉਨ੍ਹਾਂ ਦੀਆਂ ਮੁਸੀਬਤਾਂ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਕਿਸਾਨਾਂ ਨੇ ਕਿਹਾ ਕਿ ਜਦੋਂ ਉਹ ਆਪਣੇ ਖੇਤਾਂ ਵੱਲ ਜਾਂਦੇ ਹਨ ਤਾਂ ਖੇਤਾਂ ਵਿੱਚ ਵਿਛੀ ਫਸਲ ਨੂੰ ਦੇਖ ਕੇ ਉਨ੍ਹਾਂ ਦੇ ਮਨ ਨੂੰ ਕਾਫੀ ਠੇਸ ਪਹੁੰਚਦੀ ਹੈ। ਕਿਸਾਨਾਂ ਨੇ ਦੱਸਿਆ ਕਿ ਇਸ ਵਾਰੀ ਕਣਕ ਦੀ ਫਸਲ ਦਾ ਝਾੜ ਵੀ ਬਹੁਤ ਵਧੀਆ ਹੋਣ ਦੇ ਆਸਾਰ ਸਨ ਪਰ ਹੁਣ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਚੁੱਕਾ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮੀਂਹ ਕਾਰਨ ਖਰਾਬ ਹੋਣ ਵਾਲੀਆਂ ਫਸਲਾਂ ਦੀ ਗਿਰਦਾਵਰੀ ਸਮੇਂ ਸਿਰ ਕਰਵਾ ਕੇ ਕਿਸਾਨਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਕਿਸਾਨਾਂ ਨੂੰ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕਿਸਾਨ ਇਸ ਆਰਥਿਕ ਮੰਦਹਾਲੀ ਵਿਚੋਂ ਬਾਹਰ ਆ ਸਕਣ।

# ਨਾਨਕਸ਼ਾਹੀ ਇੱਟਾਂ ਨਾਲ ਮੁਹੱਲਾ ਕਲੀਨਿਕ ਬਣਾਉਣ ਦਾ ਫੈਸਲਾ

**ਬਟਾਲਾ (ਤਰਲੋਕ ਬੱਗਾ)-** ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਚੌਕ ਵਿਖੇ ਲੇਬਰ ਵਾਲੇ, ਨੇੜਲੇ ਦੁਕਾਨਦਾਰਾਂ, ਦੁਕਾਨਾਂ ਵਿੱਚ ਕੰਮ ਕਰਦੀ ਲੇਬਰ,



ਧਾਰਮਿਕ ਅਤੇ ਨਿਹੰਗ ਜਥੇਬੰਦੀ ਦੇ ਆਗੂਆਂ, ਸਮਾਜ ਸੇਵੀਆਂ, ਕਾਲੋਨੀ ਅਤੇ ਸ਼ਹਿਰ ਵਾਸੀਆਂ ਦੇ ਪਤਵੰਤੇ ਸੱਜਣਾਂ ਦੀ ਮੌਜੂਦਗੀ ਵਿੱਚ ਸਾਰਿਆਂ ਦੀ ਸਹਿਮਤੀ ਨਾਲ ਸੰਗਤ ਰੂਪੀ ਫੈਸਲਾ ਲੈਂਦਿਆਂ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਪਾਰਕ ਦੇ ਇੱਕ ਕਾਰਨਰ 'ਤੇ ਨਾਨਕਸ਼ਾਹੀ ਇੱਟਾਂ ਨਾਲ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੇ ਨਾਮ 'ਤੇ ਮੁਹੱਲਾ ਕਲੀਨਿਕ ਬਣਾਉਣ ਦਾ ਫੈਸਲਾ ਲਿਆ ਗਿਆ।ਇਕੱਠ ਨੂੰ ਸੰਬੋਧਨ ਹੁੰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸ਼ਹੀਦ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੇ ਨਾਮ 'ਤੇ ਉਸਾਰੇ ਜਾ ਰਹੇ ਮੁਹੱਲਾ ਕਲੀਨਿਕ ਦੇ ਖੁੱਲ੍ਹ ਜਾਣ ਨਾਲ ਲੇਬਰ ਵਾਲਿਆਂ ਤੇ ਆਮ ਲੋਕਾਂ ਨੂੰ ਸਿਹਤ ਪੱਖੋਂ ਵੱਡੀ ਸਹੂਲਤ ਮਿਲੇਗੀ।ਲੇਬਰ ਵਾਲੇ ਮੁਹੱਲਾ ਕਲੀਨਿਕ ਵਿੱਚ ਮੁਫਤ ਦਵਾਈ ਅਤੇ ਆਪਣੇ ਟੈਸਟ ਕਰਵਾ ਸਕਣਗੇ ਅਤੇ ਉਨ੍ਹਾਂ ਨੂੰ ਦੂਰ ਢੂਹਣੇ ਤੋਂ ਦਵਾਈ ਲੈਣ ਤੋਂ ਰਾਹਤ ਮਿਲੇਗੀ।ਇਸ ਮੌਕੇ ਉਨ੍ਹਾਂ ਵਿਰੋਧੀ ਪਾਰਟੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਅਖੌਤੀ ਆਗੂ ਜਿਥੇ ਵੀ ਕੋਈ ਵਿਕਾਸ ਕਾਰਜ ਹੋਣ ਲੱਗਦਾ ਹੈ, ਉਥੇ ਆ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ।ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲੇ, ਸਤਨਾਮ ਸਿੰਘ ਮੁੱਖ ਸੇਵਾਦਾਰ ਜੋੜਾ ਘਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਚੇਅਰਮੈਨ ਯਸ਼ਪਾਲ ਚੌਹਾਨ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਮਾਸਟਰ ਤਿਲਕ ਰਾਜ, ਚੇਅਰਮੈਨ ਮਾਣਿਕ ਮਹਿਤਾ, ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ, ਪ੍ਰਧਾਨ ਸਰਬਜੀਤ ਸਿੰਘ ਬੀ. ਸੀ. ਵਿੱਗ, ਸੂਬੇਦਾਰ ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ ਰਾਜੂ, ਵੀਨੂੰ ਕਾਹਲੋਂ, ਮਨਜੀਤ ਸਿੰਘ ਬੁਮਰਾਹ, ਗੁਰਜੀਤ ਸਿੰਘ, ਭੁਪਿੰਦਰ ਸਿੰਘ, ਬਲਵਿੰਦਰ ਸਿੰਘ, ਲੰਬੜਦਾਰ ਅਮਰੀਕਾ ਸਿੰਘ, ਟਰੱਸਟੀ ਸੰਨੀ ਮਸੀਹ, ਹਨੀ ਚੌਹਾਨ, ਬੰਟੀ ਟਰੈਂਡਸ, ਪਰਦੀਪ ਕੁਮਾਰ, ਕੁਨਾਲ ਸ਼ਰਮਾ ਸਮੇਤ ਨਿਹੰਗ ਜਥੇਬੰਦੀ ਦੇ ਆਗੂ ਅਤੇ ਸਮਾਜ ਸੇਵੀ ਆਦਿ ਮੌਜੂਦ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਐੱਸ ਡੀ ਐੱਮ ਦਫਤਰ ਲਾਇਆ ਧਰਨਾ

**ਜੈਂਤੀਪੁਰ (ਸੁਖਬੀਰ ਸਿੰਘ)-** ਹੜ੍ਹਾਂ ਦੇ ਮੁਆਵਜ਼ੇ ਨੂੰ ਲੈ ਕੇ ਐੱਸਡੀਐੱਮ ਅਜਨਾਲਾ ਅੱਗੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਧਰਨਾ ਦਿੱਤਾ ਗਿਆ। ਧਰਨੇ ਵਿੱਚ ਬੀਬੀਆਂ ਉਗਰਾਹਾਂ ਦੇ ਕਿਸਾਨ ਵੀ ਸ਼ਾਮਿਲ ਹੋਏ। ਧਰਨੇ ਨੂੰ ਸੰਬੋਧਨ ਕਰਦਿਆਂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕੇਂਦਰ ਇੱਕ ਪਾਸੇ ਗੁਜਰਾਤ ਜਾ ਕੇ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਪਾਉਣ ਦੇ ਦਾਅਵੇ ਕਰਦਾ ਹੈ ਤੇ ਦੂਜੇ ਪਾਸੇ ਅਜਨਾਲਾ ਖੇਤਰ ਦੇ ਕਿਸਾਨਾਂ ਨੂੰ ਫਸਲੀ ਮੁਆਵਜ਼ਾ ਵੀ 50% ਹੀ ਮਿਲਿਆ ਹੈ। ਇਸ ਮੌਕੇ ਐੱਸਡੀਐੱਮ ਨੇ ਵਿਸ਼ਵਾਸ ਦਿਵਾਇਆ ਕਿ ਅਸੀਂ ਖਰਾਬੇ ਦਾ ਐਸਟੀਮੇਟ ਲਾ ਕੇ



ਸਰਕਾਰ ਨੂੰ ਭੇਜਿਆ ਹੈ। ਜਿਵੇਂ ਹੀ ਸਰਕਾਰ ਸਾਨੂੰ ਮੁਆਵਜ਼ਾ ਭੇਜੇਗੀ ਅਸੀਂ ਕਿਸਾਨਾਂ ਨੂੰ ਵੰਡਾਂਗੇ। ਕਿਸਾਨ ਮਜ਼ਦੂਰ ਮੋਰਚਾ ਚੈਪਟਰ ਪੰਜਾਬ ਨੇ ਮੰਗ ਕੀਤੀ ਕਿ ਮੁਲਾਜ਼ਮਾਂ ਦੀਆਂ ਮੰਗਾਂ ਸਰਕਾਰ ਤੁਰੰਤ ਨਬੇੜੇ। ਧਰਨੇ ਵਿੱਚ ਜਥੇਬੰਦੀ ਦੇ ਮੁੱਖ ਆਗੂ ਸਕੱਤਰ ਸਿੰਘ ਕੋਟਲਾ, ਬਾਜ ਸਿੰਘ ਸਾਰੰਗੜਾ, ਸੁਖਵਿੰਦਰ ਸਿੰਘ ਹਰੜ, ਗੁਰਦੇਵ ਸਿੰਘ ਗੱਗੋਮਾਹਲ, ਗੁਰਦਾਸ ਸਿੰਘ ਵਿਛੋਆ, ਲਖਵਿੰਦਰ ਸਿੰਘ ਮੱਧੂਛਾਂਗਾ, ਲਖਵਿੰਦਰ ਸਿੰਘ ਵਰਿਆਮ ਨੰਗਲ, ਸਾਹਿਬ ਸਿੰਘ ਵੇਰਕਾ ਆਦਿ ਹਾਜ਼ਰ ਸਨ।

## ਬੇਮੌਸਮੀ ਮੀਂਹ ਤੇ ਗੜਿਆਂ ਨੇ ਕਿਸਾਨਾਂ ਦੀ ਚਿੰਤਾ ਵਧਾਈ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)-** ਪੰਜਾਬ ਵਿੱਚ ਹਾਲ ਹੀ ਵਿੱਚ ਪਏ ਬੇਮੌਸਮੀ ਮੀਂਹ ਅਤੇ ਗੜਿਆਂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।ਕਸਬਾ ਝਬਾਲ ਦੇ ਆਸ ਪਾਸ ਦੇ ਕਈ ਪਿੰਡਾਂ ਤੇ ਇਲਾਕਿਆਂ ਵਿੱਚ ਤੇਜ਼ ਹਵਾਵਾਂ ਨਾਲ ਪਿਆ ਮੀਂਹ ਅਤੇ ਗੜਿਆਂ ਦੀ ਵਰਖਾ ਕਾਰਨ ਕਣਕ ਦੀ ਪੱਕੀ ਹੋ



ਰਹੀ ਫਸਲ ਬੌਲੇ ਲੱਗ ਗਈ ਹੈ, ਜਿਸ ਨਾਲ ਉਪਜ ਘਟਣ ਦਾ ਖਤਰਾ ਬਣ ਗਿਆ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਫਸਲ ਕਟਾਈ ਦੇ ਨੇੜੇ ਸੀ, ਪਰ ਅਚਾਨਕ ਮੌਸਮ ਦੇ ਬਦਲਾਅ ਨੇ ਉਨ੍ਹਾਂ ਦੀ ਸਾਰੀ ਮਿਹਨਤ 'ਤੇ ਪਾਣੀ ਫੇਰ ਦਿੱਤਾ।ਗੜਿਆਂ ਦੀ ਮਾਰ ਨਾਲ ਕਣਕ ਦੇ ਸਿਰ ਨੁਕਸਾਨੇ ਗਏ ਹਨ ਅਤੇ ਦਾਣੇ ਵੀ ਝੜ ਰਹੇ ਹਨ।ਮਾਹਿਰਾਂ ਮੁਤਾਬਕ ਜਿਨ੍ਹਾਂ ਖੇਤਰਾਂ ਵਿੱਚ ਫਸਲ ਲੰਮੇ ਸਮੇਂ ਲਈ ਪਾਣੀ ਵਿੱਚ ਰਹੀ ਹੈ, ਉਥੇ ਦਾਣਿਆਂ ਦੀ ਗੁਣਵੱਤਾ ਵੀ ਪ੍ਰਭਾਵਿਤ ਹੋ ਸਕਦੀ ਹੈ।ਇਸ ਨਾਲ ਮੰਡੀ ਵਿੱਚ ਭਾਅ ਘਟਣ ਦੀ ਸੰਭਾਵਨਾ ਵੀ ਹੈ।ਕਿਸਾਨ ਆਗੂ ਸੁਖਬੀਰ ਸਿੰਘ ਗੱਗੋਬੂਆ, ਬਲਜਿੰਦਰ ਸਿੰਘ ਕਾਲਾ ਬਾਬਾ ਲੰਗਾਹ, ਕਾਮਰੇਡ ਦਵਿੰਦਰ ਸੋਹਲ, ਦਿਲਬਾਗ ਸਿੰਘ ਐਮ ਨੇ ਸਰਕਾਰ ਕੋਲ ਮੰਗ ਕੀਤੀ ਕਿ ਨੁਕਸਾਨ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ ਅਤੇ ਖੇਤਾਂ ਦਾ ਜਲਦ ਤੋਂ ਜਲਦ ਸਰਵੇ ਕਰਵਾ ਕੇ ਸਹਾਇਤਾ ਪ੍ਰਦਾਨ ਕੀਤੀ ਜਾਵੇ।

# ਸਾਜੂਦੀਪ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-** ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਕਸਬਾ ਫ਼ਤਿਹਾਬਾਦ ਤੋਂ ਨੌਜਵਾਨ ਸਾਜੂਦੀਪ ਸਿੰਘ ਦੇ ਅਚਾਨਕ ਦਿਹਾਂਤ ਨਾਲ਼ ਇਲਾਕੇ ਨੂੰ ਗਹਿਰਾ ਸਦਮਾ ਲੱਗਾ ਹੈ।ਇਸ ਦੁਖਦਾਈ ਘਟਨਾ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਵਤਾਰ ਸਿੰਘ ਬਿੱਲਾ ਸੇਰੋਂ ਨੇ ਸਾਜੂਦੀਪ ਸਿੰਘ ਦੇ ਪਿਤਾ ਵਰਿੰਦਰ ਸਿੰਘ ਹੈਪੀ ਤੇ ਚਾਚਾ ਭੁਪਿੰਦਰ ਸਿੰਘ ਭਿੰਦਾ ਦੇ ਨਾਲ਼ ਮੁਲਾਕਾਤ ਕਰਦੇ ਹੋਏ ਪਰਿਵਾਰ ਨਾਲ਼ ਦੁੱਖ ਸਾਂਝਾ ਕੀਤਾ।ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਸ਼ੈਲਰ ਵਾਲੇ, ਸੰਤੋਖ ਸਿੰਘ ਫੇਰੂਮਾਨ, ਜਸਬੀਰ ਸਿੰਘ ਬਿੱਲਾ ਪ੍ਰਧਾਨ, ਕੁਲਦੀਪ ਸਿੰਘ ਖਿੰਡਾ, ਬਲਜੀਤ ਸਿੰਘ ਭੱਠੇ ਵਾਲੇ, ਡਾ. ਮਨਜੀਤ ਸਿੰਘ, ਜਸਵੰਤ ਸਿੰਘ ਸਰਪੰਚ ਵਰਾਣਾ, ਸਿਕੰਦਰ ਸਿੰਘ ਵਰਾਣਾ, ਜੰਗਸ਼ੇਰ ਸਿੰਘ ਟੋਨੀ ਸਰਪੰਚ ਰੂੜੀਵਾਲਾ, ਗੁਰਲਾਭ ਸਿੰਘ ਸ਼ਾਹਪੁਰਾ, ਰਾਜਾ ਭੈਲ, ਸੁਲੱਖਣ ਸਿੰਘ ਸਾਬਕਾ ਸਰਪੰਚ ਭੈਲ, ਸਕੱਤਰ ਸਿੰਘ ਭੱਲਾ, ਗੁਰਦੇਵ ਸਿੰਘ ਬਾਠ, ਹਰਜਿੰਦਰ ਸਿੰਘ ਪਵਾਰ ਭੈਲ, ਹੀਰਾ ਸਿੰਘ ਬਾਠ, ਲਖਵਿੰਦਰ ਸਿੰਘ, ਜੁਗਰਾਜ ਸਿੰਘ ਯੂਪੀ, ਜਗਦੀਸ਼ ਸਿੰਘ ਭਰੋਵਾਲ ਆਦਿ ਹਾਜ਼ਰ ਸਨ।

# ਗੱਦੀ ਨਾਲੇ 'ਤੇ ਬਣੀ ਰੇਲਿੰਗ ਦਾ ਕੁਝ ਹਿਸਾ ਟੁੱਟਿਆ ਹੋਣ ਕਾਰਨ ਹਾਦਸੇ ਵਾਪਰਨ ਦਾ ਡਰ

**ਗੁਰਦਾਸਪੁਰ, (ਜਨਕ ਮਹਾਜਨ)-** ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਸ਼ਾਲਾ ਤੇ ਜਗਤਪੁਰ ਵਿਚਕਾਰੋਂ ਲੰਘਦੇ ਗੱਦੀ ਨਾਲੇ ਦੀ ਰੇਲਿੰਗ ਦਾ ਕੁਝ ਹਿਸਾ ਟੁੱਟ ਜਾਣ ਕਾਰਨ ਹਰ ਵੇਲੇ ਕਿਸੇ ਵਹੀਕਲ ਦਾ ਨਾਲੇ ਵਿਚ ਡਿਗਣ ਦਾ ਡਰ ਬਣਿਆ ਰਹਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਲਗਭਗ 15 ਕਿੱਲੋ ਮੀਟਰ ਦੂਰ ਪੈਂਦੇ ਇਸ ਗੱਦੀ ਨਾਲੇ ਤੋਂ ਵੱਡੀ ਗਿਣਤੀ ਵਿਚ ਬੱਸਾਂ, ਟਰੱਕ ਅਤੇ ਹੋਰ ਵਾਹਨ ਦਿਨ ਰਾਤ ਗੁਜ਼ਰਦੇ ਹਨ ਅਤੇ ਇਸ ਪੁਲੀ ਦੀ ਚੌੜਾਈ ਘੱਟ ਹੋਣ ਕਾਰਨ ਦੋ ਵਾਹਨਾਂ ਦੇ ਆਹਮੋ ਸਾਹਮਣੇ ਆਉਂਦੇ ਜਾਂਦੇ ਸਮੇਂ ਗੁਜ਼ਰਨ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਜ਼ਰਾ ਜਿਹੀ ਕੁਤਾਹੀ ਹੋਣ ਕਾਰਨ ਕੋਈ ਵੀ ਹਾਦਸਾ ਵਾਪਰ ਸਕਦਾ ਹੈ। ਇਸ ਗੱਦੀ ਨਾਲੇ ਦੀ ਡੂੰਘਾਈ ਕਾਫ਼ੀ ਹੈ ਅਤੇ ਇਹ ਨਾਲਾ ਦਰਿਆ ਬਿਆਸ ਵਿਚ ਥੋੜੀ ਅੱਗੇ ਜਾ ਕੇ ਮਿਲ ਜਾਂਦਾ ਹੈ। ਇਸ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਰੇਲਿੰਗ ਵਾਹਨਾਂ ਦੇ ਟਕਰਾਉਣ ਕਰਕੇ ਆਏ ਦਿਨ ਟੁੱਟ ਜਾਂਦੀ ਹੈ ਅਤੇ ਹਾਦਸੇ ਹੁੰਦੇ-ਹੁੰਦੇ ਬਚਦੇ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਨਾਲੇ ਨੂੰ ਚੌੜਾ ਅਤੇ ਇਸ ਦੀ ਮੁਰੰਮਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਲੋਕਾਂ ਦੀ ਪੰਜਾਬ



ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਗੱਦੀ ਨਾਲੇ 'ਤੇ ਬਣੀ ਰੇਲਿੰਗ ਦੇ ਟੁੱਟੇ ਹਿੱਸੇ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋ ਹਨੇਰੇ-ਸਵੇਰੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਆਪ ਸਰਕਾਰ ਨੇ ਜੋ ਗਰੰਟੀਆਂ ਦਿੱਤੀਆਂ ਉਨ੍ਹਾਂ ਨੂੰ 4 ਸਾਲਾਂ 'ਚ ਹੀ ਪੂਰਾ ਕਰ ਦਿੱਤਾ: ਸਰਪੰਚ ਤਲਵੰਡੀ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-** ਸੂਬੇ ਦੀ ਮਾਨ ਸਰਕਾਰ ਨੇ ਪਿਛਲੇ 4 ਸਾਲਾਂ ਵਿੱਚ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਹਨ ਅਤੇ ਹਲਕੇ ਦੇ ਲੋਕਾਂ ਦੀ ਸੇਵਾ ਲਈ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕੋਈ ਕਸਰ ਨਹੀਂ ਛੱਡੀ ਹੈ ਜਿਸਦਾ ਪ੍ਰਗਟਾਵਾ ਸਰਪੰਚ ਜਤਿੰਦਰ ਸਿੰਘ ਪਿੰਡ ਤਲਵੰਡੀ ਦਸੌਂਧਾ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ। ਉਨਾਂ ਕਿਹਾ ਕਿ ਪੰਜਾਬ ਦੇ ਇੱਕ ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਲਈ ਮੁਫਤ ਤੀਰਥ ਯਾਤਰਾ ਵੀ ਸ਼ੁਰੂ ਕੀਤੀ ਗਈ, ਜਿਸ ਵਿੱਚ ਏਸੀ ਬੱਸ ਸਫਰ ਏਸੀ ਰਹਿਣ ਸਹਿਣ ਅਤੇ ਭੋਜਨ ਸਮੇਤ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਗਈਆਂ।ਪੰਜਾਬ ਵਿੱਚ ਪਹਿਲੀ ਵਾਰ 01 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਸ਼ਹੀਦ



ਸੈਨਿਕਾਂ ਦੇ ਪਰਿਵਾਰਾ ਲਈ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਨੇ ਜੋ ਚੋਣਾਂ ਤੋਂ ਪਹਿਲਾਂ ਸੂਬਾ ਵਾਸੀਆਂ ਨੂੰ ਗਰੰਟੀਆਂ ਦਿੱਤੀਆਂ ਸਨ ਉਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ 4 ਸਾਲਾਂ ਵਿੱਚ ਹੀ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਦੇ ਲੋਕ ਹਲਕਾ ਇੰਚਾਰਜ ਤਲਬੀਰ ਸਿੰਘ ਦੀ ਕੀਤੇ ਕਾਰਜਾਂ ਤੋਂ ਬਹੁਤ ਖੁਸ਼ ਹਨ ਅਤੇ ਸਮੁੱਚਾ ਹਲਕਾ ਮਜੀਠਾ ਦੇ ਲੋਕ ਤਲਬੀਰ ਸਿੰਘ ਅਤੇ ਮਾਨ ਸਰਕਾਰ ਦੇ ਨਾਲ ਹਨ ਅਤੇ 2027 ਵਿੱਚ ਆਪ ਸਰਕਾਰ 100 ਤੋਂ ਵੱਧ ਸੀਟਾਂ ਨਾਲ ਜਿੱਤ ਕੇ ਨਵਾਂ ਇਤਿਹਾਸ ਰਚੇਗੀ।

## ਪੀਐੱਮ ਸ਼੍ਰੀ ਕੇਂਦਰੀ ਵਿਦਿਆਲਾ ਭਿੱਖੀਵਿੰਡ ਵਿਖੇ ਨਵਾਂ ਅਕਾਦਮਿਕ ਸੈਸ਼ਨ ਸ਼ੁਰੂ

**ਭਿੱਖੀਵਿੰਡ (ਖਾਲੜਾ) (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-** ਪੀਐੱਮ ਸ਼੍ਰੀ ਕੇਂਦਰੀ ਵਿਦਿਆਲਾ ਭਿੱਖੀਵਿੰਡ ਨੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ 'ਪੁਸਤਕ ਉਪਹਾਰ' ਪ੍ਰੋਗਰਾਮ ਨਾਲ ਕੀਤੀ।ਇਸ ਮੌਕੇ ਸੀਨੀਅਰ ਕਲਾਸਾਂ ਦੇ ਵਿਦਿਆਰਥੀਆਂ ਨੇ ਆਪਣੀਆਂ ਪਾਠ ਪੁਸਤਕਾਂ ਅਤੇ ਹੋਰ ਪੜ੍ਹਾਈ ਸਮੱਗਰੀ ਆਪਣੇ ਜੂਨੀਅਰ ਸਾਥੀਆਂ ਨੂੰ ਤੋਹਫ਼ੇ ਵਜੋਂ ਦਿੱਤੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਪ੍ਰਿੰਸੀਪਲ ਵੰਦਨਾ ਤਿਵਾੜੀ ਨੇ 'ਪੁਸਤਕ ਉਪਹਾਰ' ਪ੍ਰੋਗਰਾਮ ਕਰਵਾਉਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਾਂਝੇ



ਯਤਨਾਂ ਦੀ ਰੱਜਵੀਂ ਤਾਰੀਫ਼ ਕੀਤੀ।ਜੂਨੀਅਰ ਵਿਦਿਆਰਥੀਆਂ ਦੇ ਸੀਨੀਅਰ ਵਿਦਿਆਰਥੀਆਂ ਪ੍ਰਤੀ ਪਿਆਰ ਤੇ ਤਾਲਮੇਲ ਦੀ ਤਾਰੀਫ਼ ਕਰਦਿਆਂ ਸ੍ਰੀਮਤੀ ਤਿਵਾੜੀ ਨੇ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਲਈ ਵਿਦਿਆਰਥੀਆਂ ਨੂੰ ਹਰ ਪੱਖੋਂ ਸਮਰੱਥ ਬਣਾਉਣਾ ਸਕੂਲ ਦੀ ਜ਼ਿੰਮੇਵਾਰੀ ਹੈ ਤੇ ਕੇਂਦਰੀ ਵਿਦਿਆਲਾ ਭਿੱਖੀਵਿੰਡ ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਅ ਰਿਹਾ ਹੈ।ਉਨ੍ਹਾਂ ਕਿਹਾ ਕਿ 'ਪੁਸਤਕ ਉਪਹਾਰ' ਪਹਿਲ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖਿਆ ਸੱਚਮੁੱਚ ਕਲਾਸ ਰੂਮ ਦੀਆਂ ਚਾਰਦੀਵਾਰੀਆਂ ਤੋਂ ਪਰ੍ਹੇ ਜਾ ਕੇ ਸਮਾਜ ਨੂੰ ਰੌਸ਼ਨ ਕਰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹ ਕੇ ਆਪਣੇ ਮਾਪਿਆਂ ਦੀ ਸਿਰਜਣਾ ਪਾਉਣ ਦਾ ਸੁਨੇਹਾ ਦਿੱਤਾ।

# ਘਟੀਆ ਸਾਮਾਨ ਵੇਚ ਰਹੇ ਰੇਹੜੀ ਫੜ੍ਹੀ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ

**ਗੁਰਦਾਸਪੁਰ, (ਜਨਕ ਮਹਾਜਨ)-** ਸਿਹਤ ਵਿਭਾਗ ਵੱਲੋਂ ਧਿਆਨ ਨਾ ਦੇਣ ਕਾਰਨ ਫਾਸਟ ਫੂਡ ਦੀਆਂ ਰੇਹੜੀਆਂ ਆਦਿ 'ਤੇ ਧੜੱਲੇ ਨਾਲ ਘਟੀਆ ਸਮੱਗਰੀ ਦੀ ਵਰਤੋਂ ਹੋਣ ਨਾਲ ਲੋਕਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੁਝ ਸ਼ਹਿਰ ਵਾਸੀਆਂ ਨੇ ਦੱਸਿਆ ਕਿ ਸ਼ਹਿਰ ਅੰਦਰ ਥਾਂ-ਥਾਂ 'ਤੇ ਫਾਸਟ ਫੂਡ ਦੀਆਂ ਰੇਹੜੀਆਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਤੋਂ ਹਰ ਤਬਕੇ ਦੇ ਲੋਕ ਖਾਣ ਪੀਣ ਵਾਲਾ ਸਾਮਾਨ ਖਰੀਦ ਕੇ ਖਾ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਸਿਹਤ ਵਿਭਾਗ ਵੱਲੋਂ ਇਨ੍ਹਾਂ ਫਾਸਟ ਫੂਡ ਦੀਆਂ ਰੇਹੜੀਆਂ 'ਤੇ ਵਰਤੇ ਜਾਣ ਵਾਲੇ ਸਾਮਾਨ ਅਤੇ ਖਾਣ ਪੀਣ ਵਾਲੀਆਂ ਕੁਝ ਚੀਜ਼ਾਂ ਦੇ ਸੈਂਪਲ ਭਰੇ ਜਾਣ ਤਾਂ ਇਨ੍ਹਾਂ ਦੀ ਅਸਲ ਸੱਚਾਈ ਲੋਕਾਂ ਸਾਹਮਣੇ ਆ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਰੇਹੜੀ ਵਾਲਿਆਂ ਦੇ ਸੈਂਪਲ ਫੇਲ੍ਹ ਹੋਣ 'ਤੇ ਇਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਹੁਤ ਘੱਟ ਦੇਖਣ ਵਿਚ ਆਉਂਦਾ ਹੈ ਕਿ ਸਬੰਧਿਤ ਵਿਭਾਗ ਵੱਲੋਂ ਕਦੀ ਇਨ੍ਹਾਂ ਰੇਹੜੀਆਂ 'ਤੇ ਕਾਰਵਾਈ ਕੀਤੀ ਗਈ ਹੋਵੇ ਜਿਸ ਕਰਕੇ ਇਹ ਰੇਹੜੀ ਵਾਲੇ ਬਿਨਾਂ ਕਿਸੇ ਡਰ ਤੋਂ ਧੜੱਲੇ ਨਾਲ ਗਲੀਆਂ-ਸੜੀਆਂ ਸਬਜ਼ੀਆਂ ਤੇ ਹੋਰ ਘਟੀਆ ਮਟੀਰੀਅਲ ਵਰਤ ਕੇ ਮੋਟਾ ਮੁਨਾਫ਼ਾ ਕਮਾਉਣ ਦੇ ਚੱਕਰ 'ਚ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ ਜਿਨ੍ਹਾਂ ਖ਼ਿਲਾਫ਼ ਕਾਰਵਾਈ ਸਮੇਂ ਦੀ ਮੁੱਖ ਲੋੜ ਹੈ।



# ਬਾਬਾ ਸੁਜਿੰਦਰ ਸਿੰਘ ਲਾਲੀ ਦੀ ਯਾਦ 'ਚ ਮੁਫਤ ਮੈਡੀਕਲ ਕੈਂਪ ਅੱਜ

**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-** ਸਥਾਨਕ ਇਲਾਕੇ ਦੇ ਜਾਣੇ ਪਹਿਚਾਣੇ ਬਾਬਾ ਸੁਜਿੰਦਰ ਸਿੰਘ ਲਾਲੀ ਸਾਬਕਾ ਸਰਪੰਚ ਸ੍ਰੀ ਗੋਇੰਦਵਾਲ ਸਾਹਿਬ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਪੰਜ ਅਪ੍ਰੈਲ ਨੂੰ ਫ੍ਰੀ



ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।ਉਹਨਾਂ ਦੇ ਪਰਿਵਾਰ ਵੱਲੋਂ ਬਾਵਾ ਹਰਪ੍ਰੀਤ ਸਿੰਘ ਮਿੰਨਾ ਅਤੇ ਬਾਵਾ ਗੁਰਮੁਖ ਸਿੰਘ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੈਡੀਕਲ ਕੈਂਪ ਵਿੱਚ ਪਹੁੰਚ ਕੇ ਫਰੀ ਸਹੂਲਤ ਦਾ ਫਾਇਦਾ ਉਠਾਉਣ।ਉਨ੍ਹਾਂ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੋਹਾਲੀ ਦੇ ਫੋਰਟਿਸ ਹਸਪਤਾਲ ਤੋਂ ਡਾਕਟਰ ਰੋਹਿਤ ਡਡਵਾਲ, ਡਾਕਟਰ ਰਿਸ਼ੀ ਨਾਗਪਾਲ, ਡਾਕਟਰ ਮੋਹਿਤ ਕੌਸ਼ਲ ਅਤੇ ਡਾਕਟਰ ਜੈਸਿਮਰਣ ਕੌਰ ਮਰੀਜ਼ਾਂ ਦਾ ਨਿਰੀਖਣ ਕਰਨਗੇ। ਫਰੀ ਟੈਸਟ ਕੀਤੇ ਜਾਣਗੇ।ਕੈਂਪ ਦਾ ਉਦਘਾਟਨ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਕਰਨਗੇ। ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਪਹੁੰਚ ਕੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਫਾਇਦਾ ਉਠਾਉਣ। ਇਸ ਸਮੇਂ ਉਨ੍ਹਾਂ ਨਾਲ ਗੁਰਮੇਜ ਸਿੰਘ ਡੀਸੀ, ਪ੍ਰੇਮ ਸਿੰਘ ਪੰਨੂ, ਸਰਪੰਚ ਨਿਰਮਲ ਸਿੰਘ ਢੋਟੀ, ਡਾਕਟਰ ਮਨਜੀਤ ਸਿੰਘ ਮੱਲੀ, ਅਮਰਿੰਦਰ ਸਿੰਘ ਸੰਨੀ ਮਹਾਰਾਜਾ ਗੈਸ ਸਰਵਿਸ ਵਾਲੇ, ਸਾਬਕਾ ਸਰਪੰਚ ਕੁਲਦੀਪ ਸਿੰਘ ਲਾਹੌਰੀਆ, ਕੁਲਦੀਪ ਸਿੰਘ ਔਲਖ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸੱਚਰ ਨੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਕੱਸੀਆਂ ਤਿਆਰੀਆਂ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹਲਕਾ ਮਜੀਠਾ ਦੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਵੱਲੋਂ ਸਾਥੀਆਂ ਨਾਲ ਮੀਟਿੰਗਾਂ ਕਰਕੇ ਹੁਣ ਤੋਂ ਹੀ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਪਿੰਡ ਸਿਆਲਕਾ ਦੇ ਸਰਪੰਚ ਤਜਿੰਦਰ ਕੌਰ ਦੇ ਗ੍ਰਹਿ ਵਿਖੇ ਕਾਂਗਰਸੀ ਆਗੂਆਂ ਤੇ ਹਲਕੇ ਦੇ ਮੋਹਤਬਰ ਵਿਅਕਤੀਆਂ ਨਾਲ



ਇਸ ਸਬੰਧੀ ਮੀਟਿੰਗ ਕਰਕੇ ਕਿਹਾ ਕਿ ਜਲਦ ਹਲਕੇ ਦੇ ਹਰ ਪਿੰਡ ਵਿੱਚ ਇਸ ਸਰਕਾਰ ਦੀਆਂ ਨਾਕਾਮੀਆਂ ਤੇ ਕੀਤੇ ਗਏ ਝੂਠੇ ਵਾਅਦਿਆਂ ਦੀ ਜਾਣਕਾਰੀ ਹਰ ਘਰ ਤੱਕ ਪਹੁੰਚਾਈ ਜਾਏਗੀ। ਸੱਚਰ ਨੇ ਕਿਹਾ ਕਿ ਇਹ ਸਰਕਾਰ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਿੱਚ ਵੀ ਬੁਰੀ ਤਰਾਂ ਫੇਲ੍ਹ ਸਾਬਤ ਹੋਈ ਹੈ, ਇਸਦੇ ਰਾਜ ਵਿੱਚ ਨਸ਼ਾ ਵਿਕਰੀ, ਫ਼ਿਰੌਤੀ ਤੇ ਕਤਲੋਗਾਰਤ ਦੀਆਂ ਘਟਨਾਵਾਂ ਆਮ ਹੀ ਵਾਪਰ ਰਹੀਆਂ ਹਨ ਜੋ ਕਿ ਵੱਡੀ ਚਿੰਤਾ ਦਾ ਵਿਸ਼ਾ ਹੈ ਪਰ ਸੂਬੇ ਦੇ ਲੋਕ ਇਸਦਾ ਬਦਲਾ ਤੇ ਜਵਾਬ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਣਗੇ। ਇਸ ਮੌਕੇ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸਰਪੰਚ ਸ਼ਮਸ਼ੇਰ ਸਿੰਘ ਬਾਬੋਵਾਲ, ਮਨਜੀਤ ਸਿੰਘ ਬੱਬਰ ਸਿਆਲਕਾ, ਗੁਰਭੇਜ ਸਿੰਘ ਸਿਆਲਕਾ, ਲਖਵਿੰਦਰ ਸਿੰਘ ਸਿਆਲਕਾ, ਸਾਬਕਾ ਸਰਪੰਚ ਪ੍ਰਗਟ ਸਿੰਘ ਚੰਨਣਕੇ, ਸਾਬਕਾ ਸਰਪੰਚ ਗੁਰਿੰਦਰ ਸਿੰਘ ਫੱਤਭੀਲਾ, ਵਿਨੋਦ ਕੁਮਾਰ ਰੂਪੋਵਾਲੀ, ਸਾਬਕਾ ਸਰਪੰਚ ਕੁਲਵਿੰਦਰ ਸਿੰਘ ਰੀਟਾ, ਪਰਮਜੀਤ ਸਿੰਘ ਭੇਏਵਾਲ, ਸੁਲੱਖਣ ਸਿੰਘ ਕੱਥੂਨੰਗਲ, ਡਾ. ਸੁਖਵਿੰਦਰ ਸਿੰਘ ਰੰਧਾਵਾ, ਸ਼ਬਨਮ ਸਿੰਘ ਕਾਜ਼ੀਕੋਟ, ਸੰਨੀ ਕਾਜ਼ੀਕੋਟ ਤੇ ਹੋਰ ਵੀ ਆਗੂ ਮੌਜੂਦ ਸਨ।

## ਰੈਂਪ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ : ਅਨੁਜ ਖੇਮਕਾ

**ਛੇਹਰਟਾ, (ਮਨੋਜ ਕੁਮਾਰ) :** ਸਮਾਜ ਸੇਵਕ ਅਨੁਜ ਖੇਮਕਾ ਨੇ ਕਿਹਾ ਹੈ ਕਿ ਹੁਕਮ ਸਿੰਘ ਰੋਡ 'ਤੇ ਬੀਆਰਟੀਐਸ ਸਟਾਪ ਦੇ ਬਾਹਰ ਰੈਂਪ ਬਹੁਤ ਮਾੜੀ ਹਾਲਤ ਵਿਚ ਹੈ। ਉਨ੍ਹਾਂ ਕਿਹਾ ਕਿ ਬੱਸਾਂ, ਕਾਰਾਂ ਤੇ ਆਟੋ-ਰਿਕਸ਼ਾ ਦੇ ਬੀਆਰਟੀਐਸ ਰੈਂਪ ਦੇ ਕੋਲੋਂ ਲੰਘਦੇ ਸਮੇਂ ਯਾਤਰੀਆਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਆਟੋ-ਰਿਕਸ਼ਾ ਅਕਸਰ ਪਲਟ ਜਾਂਦੇ ਹਨ ਜਿਸ ਕਾਰਨ ਯਾਤਰੀ ਜ਼ਖਮੀ ਵੀ ਹੋ ਜਾਂਦੇ ਹਨ, ਜਦੋਂ



ਕਿ ਇਸ ਮਾਮਲੇ ਵਿਚ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਅਨੁਜ ਖੇਮਕਾ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਵੱਲ ਜਲਦੀ ਤੋਂ ਜਲਦੀ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਕਿਸੇ ਨੂੰ ਵੀ ਜਾਨ-ਮਾਲ ਦਾ ਨੁਕਸਾਨ ਨਾ ਹੋਵੇ। ਅਨੁਜ ਖੇਮਕਾ ਨੇ ਕਿਹਾ ਕਿ ਬੀਆਰਟੀਐਸ ਕਈ ਸਾਲਾਂ ਤੋਂ ਬੰਦ ਹੈ ਤੇ ਹੁਣ ਇਸ ਜਗ੍ਹਾ 'ਤੇ ਆਮ ਵਾਹਨ ਘੁੰਮਦੇ ਦਿਖਾਈ ਦੇ ਰਹੇ ਹਨ। ਅਨੁਜ ਖੇਮਕਾ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਸਮੱਸਿਆ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਰੈਂਪ ਦੀ ਮੁਰੰਮਤ ਨਹੀਂ ਕੀਤੀ ਜਾਂਦੀ ਤੇ ਸੜਕ ਨੂੰ ਠੀਕ ਨਹੀਂ ਕੀਤਾ ਜਾਂਦਾ ਤਾਂ ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਵਿਰੋਧ ਪ੍ਰਦਰਸ਼ਨ ਕਰਨਗੇ। ਜੇਕਰ ਇਸ ਮਸਲੇ ਨੂੰ 15 ਦਿਨਾਂ ਦੇ ਅੰਦਰ ਹੱਲ ਨਹੀਂ ਹੋਇਆ ਤਾਂ ਸੜਕ ਜਾਮ ਕਰ ਦਿੱਤੀ ਜਾਵੇਗੀ। ਉਨ੍ਹਾਂ ਨਗਰ ਨਿਗਮ ਕਮਿਸ਼ਨਰ ਨੂੰ ਵੀ ਬੇਨਤੀ ਹੈ ਕਿ ਇਸ ਰੈਂਪ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਇੱਥੋਂ ਲੰਘਣ ਵਾਲੇ ਲੋਕਾਂ ਨੂੰ ਕੋਈ ਨੁਕਸਾਨ ਨਾ ਹੋਵੇ।

# ਬਲਾਕ ਸੰਮਤੀ ਮਜੀਠਾ ਦੇ ਚੇਅਰਮੈਨ ਤੇ ਵਾਈਸ ਚੇਅਰਪਰਸਨ ਦੀ ਤਾਜਪੋਸ਼ੀ

**ਮਜੀਠਾ (ਸੋਇਮ ਆਨੰਦ)-** ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਬਲਾਕ ਸੰਮਤੀ ਮਜੀਠਾ ਦੇ ਚੇਅਰਮੈਨ ਅਤੇ ਵਾਈਸ ਚੇਅਰਪਰਸਨ ਦੀ ਤਾਜਪੋਸ਼ੀ ਕਰਵਾਈ। ਜ਼ਿਕਰਯੋਗ ਹੈ ਕਿ ਬਲਾਕ ਸੰਮਤੀ ਮਜੀਠਾ ਦੀਆਂ ਚੋਣਾਂ ਵਿਚ ਯਾਦਵਿੰਦਰ ਸਿੰਘ ਪੰਧੇਰ ਨੂੰ ਚੇਅਰਮੈਨ ਅਤੇ ਰਾਜਵੀਰ ਕੌਰ ਕੋਟਲਾ ਤਰਖਾਣਾ ਨੂੰ ਵਾਈਸ ਚੇਅਰਪਰਸਨ ਬਣਾਇਆ ਗਿਆ ਸੀ ਅਤੇ ਇਨ੍ਹਾਂ ਦੋਵਾਂ ਦੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਮਨਦੀਪ ਸਿੰਘ ਮੰਨਣ ਦੀ ਹਾਜ਼ਰੀ ਵਿਚ ਤਲਬੀਰ ਸਿੰਘ ਗਿੱਲ ਵੱਲੋਂ ਤਾਜਪੋਸ਼ੀ ਕਰਾਈ ਗਈ।ਇਸ ਮੌਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੋ ਕਿਹਾ ਗਿਆ ਉਸ ਨੂੰ ਇੰਨ-ਬਿੰਨ ਅਤੇ ਬਿਨਾਂ ਦੇਰੀ ਪੂਰਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸੂਬੇ ਵਿਚ ਇਸੇ ਮਹੀਨੇ ਤੋਂ ਘਰੇਲੂ ਅਤੇ ਵਪਾਰਕ ਵਰਤੋਂ ਵਾਲੀ ਬਿਜਲੀ ਦੇ ਰੇਟਾਂ ਦੀਆਂ ਘਟਾਈਆਂ ਗਈਆਂ ਦਰਾਂ ਵੀ ਲਾਗੂ ਹੋ ਗਈਆਂ ਹਨ ਜੋ ਸੂਬੇ ਦੇ ਲੋਕਾਂ ਅਤੇ ਵਪਾਰੀਆਂ ਲਈ ਵੱਡੀ ਰਾਹਤ ਹੋਵੇਗੀ।ਇਸ ਮੌਕੇ ਲਾਲ ਬਲਜਿੰਦਰ ਸਿੰਘ ਛੀਨਾ ਸਿਆਸੀ ਸਕੱਤਰ ਗਿੱਲ, ਚੇਅਰਮੈਨ ਬਲਾਕ ਸੰਮਤੀ ਮਜੀਠਾ ਯਾਦਵਿੰਦਰ ਸਿੰਘ, ਵਾਈਸ ਚੇਅਰਪਰਸਨ ਬੀਬੀ ਰਾਜਵੀਰ ਕੌਰ, ਬੀਡੀਪੀਓ ਅਮਨਦੀਪ ਸਿੰਘ ਮੰਨਣ, ਪਲਵਿੰਦਰ ਸਿੰਘ ਬਲਾਕ ਸੁਪਰਡੈਂਟ, ਮੁਬਾਰਕ ਸਿੰਘ ਅਕਾਊਂਟੈਂਟ, ਪਰਮਿੰਦਰ ਸਿੰਘ ਬਲਾਕ ਸਿੱਖਿਆ ਕੁਆਰਡੀਨੇਟਰ, ਬਲਵਿੰਦਰ ਸਿੰਘ ਬੰਬ ਮਰੜ੍ਹੀ, ਮਨਵੀਰ ਸਿੰਘ ਵਡਾਲਾ, ਸਾਹਿਬ ਸਿੰਘ ਰੰਗੀਲਪੁਰਾ, ਚੰਨਪ੍ਰੀਤ ਸਿੰਘ ਸਰਪੰਚ ਅਜੈਬਵਾਲੀ, ਸੁਖਚੈਨ



ਸਿੰਘ ਸੁੱਖ ਭੰਗੂ, ਪਹਿਲਵਾਨ ਸੁਖਜਿੰਦਰ ਸਿੰਘ ਸੁੱਖ ਭੰਗਵਾਂ, ਅਮਰਜੀਤ ਸਿੰਘ ਸਰਪੰਚ ਕਲੇਰ, ਬਲਦੇਵ ਸਿੰਘ ਡੱਡੀਆਂ, ਸਰਪੰਚ ਕੁਲਵੰਤ ਸਿੰਘ, ਗੁਰਜੰਟ ਸਿੰਘ ਕੱਥੂਨੰਗਲ, ਅਮਰਜੋਤ ਸਿੰਘ ਸਰਪੰਚ ਨੰਗਲ ਪੰਨਵਾਂ, ਬਲਜੀਤ ਸਿੰਘ ਭੰਗਵਾਂ, ਬਲਬੀਰ ਸਿੰਘ ਧਰਮਪੁਰਾ, ਕੁਲਵੰਤ ਸਿੰਘ, ਗੁਰਨਾਮ ਸਿੰਘ ਗਿੱਲ, ਬਿਕਰਮਜੀਤ ਸਿੰਘ ਜਲਾਲਪੁਰਾ, ਪਰਮਜੀਤ ਸਿੰਘ ਮੱਤੇਵਾਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਗੁਰਸੇਵਕ ਸਿੰਘ ਮੱਤੇਵਾਲ, ਸਮੇਤ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਕਰਵਾਈ ਮਾਪੇ-ਅਧਿਆਪਕ ਮਿਲਣੀ

**ਧਾਰੀਵਾਲ, (ਮਨਦੀਪ ਵਿੱਕੀ)-** ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਨਵੇਂ ਵਿੱਦਿਅਕ ਸ਼ੈਸਨ ਦੀ ਸ਼ੁਰੂਆਤ ਤੇ ਪਹਿਲੀ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ।ਇਸ ਮੀਟਿੰਗ ਦੌਰਾਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ, ਅਨੁਸ਼ਾਸਨ ਅਤੇ ਸਰਬਪੱਖੀ ਵਿਕਾਸ ਬਾਰੇ ਮਾਪਿਆਂ ਨਾਲ ਵਿਸਥਾਰ ਵਿੱਚ ਚਰਚਾ ਕੀਤੀ ਗਈ।ਮਾਪਿਆਂ ਨੇ ਆਪਣੇ ਸੁਝਾਅ ਦਿੱਤੇ ਅਤੇ ਸਕੂਲ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।ਇਹ ਮਿਲਣੀ ਸਕੂਲ ਅਤੇ ਮਾਪਿਆਂ ਵਿਚਕਾਰ ਸਾਂਝ ਮਜ਼ਬੂਤ ਕਰਨ ਲਈ ਲਾਭਦਾਇਕ ਸਾਬਤ ਹੋਈ।ਇਸ ਦੌਰਾਨ ਪ੍ਰਿੰਸੀਪਲ ਕਿਰਨ ਕੇਸਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਮਾਪਿਆਂ ਅਤੇ ਅਧਿਆਪਕਾਂ ਦੀ ਸਾਂਝ ਬੱਚਿਆਂ ਦੇ ਚੰਗੇ ਭਵਿੱਖ ਲਈ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਸਿਰਫ ਕਿਤਾਬਾਂ ਤੱਕ ਸੀਮਿਤ ਨਹੀਂ, ਸਗੋਂ ਬੱਚਿਆਂ ਦੇ ਸਰਬਪੱਖੀ ਵਿਕਾਸ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਘਰ ਵਿੱਚ ਵੀ ਬੱਚਿਆਂ ਦੀ ਪੜ੍ਹਾਈ 'ਤੇ ਧਿਆਨ ਦੇਣ ਅਤੇ ਸਕੂਲ ਨਾਲ ਨਿਰੰਤਰ ਸੰਪਰਕ ਵਿੱਚ ਰਹਿਣ।



# ਫਤਿਹਾਬਾਦ ਵਿਖੇ ਸ਼ਬਦ ਗੁਰੂ ਸਪੋਰਟਸ ਕਲੱਬ ਵੱਲੋਂ ਫੁੱਟਬਾਲ ਟੂਰਨਾਮੈਂਟ ਆਰੰਭ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-** ਸ਼ਬਦ ਗੁਰੂ ਸਪੋਰਟਸ ਕਲੱਬ ਵੱਲੋਂ ਐੱਨਆਰਆਈ ਬਸਰਾ ਭਰਾਵਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਹੇ ਦੂਜੇ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ ਦੀ ਸ਼ੁਰੂਆਤ ਉਤਸ਼ਾਹ ਭਰੇ ਮਾਹੌਲ 'ਚ ਫਤਿਆਬਾਦ ਦੇ ਖੇਡ ਸਟੇਡੀਅਮ ਵਿਖੇ ਹੋਈ।ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਟੂਰਨਾਮੈਂਟ ਦਾ ਉਦਘਾਟਨ ਬਲਿਹਰ ਸਿੰਘ ਨਾਰਵੇ ਵਾਲੇ ਅਤੇ ਬਸਰਾ ਪਰਿਵਾਰ ਵੱਲੋਂ ਤਾੜੀਆਂ ਦੀ ਗੂੰਜ ਵਿਚ ਰੀਬਨ ਕੱਟ ਕੇ ਕੀਤਾ ਗਿਆ।ਪ੍ਰਬੰਧਕ ਕਮੇਟੀ ਆਗੂਆਂ ਜਸਬੀਰ ਸਿੰਘ ਸਾਥੀ ਮੈਂਬਰ, ਮਲਕੀਅਤ ਸਿੰਘ, ਚਰਨਜੀਤ ਸਿੰਘ ਦਿਓਲ ਆਦਿ ਨੇ ਦੱਸਿਆ ਕਿ ਤਿੰਨ ਰੋਜ਼ਾ ਟੂਰਨਾਮੈਂਟ ਦੌਰਾਨ 32 ਦੇ ਕਰੀਬ ਫੁੱਟਬਾਲ ਦੀਆਂ ਟੀਮਾਂ ਦੇ ਦਿਲਖਿੱਚਵੇਂ ਮੁਕਾਬਲੇ ਹੋਣਗੇ।ਫਾਈਨਲ ਮੈਚ 5 ਐਪ੍ਰਲ ਨੂੰ ਹੋਵੇਗਾ।ਪ੍ਰਬੰਧਕਾਂ ਦੱਸਿਆ ਕਿ ਇਸ ਮੌਕੇ ਕਬੱਡੀ ਸ਼ੋਅ ਮੈਚ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ ਵਿਸ਼ੇਸ਼ ਖਿੱਚ ਦਾ ਕਾਰਨ ਹੋਣਗੀਆਂ।ਉਨ੍ਹਾਂ ਦੱਸਿਆ ਕਿ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਬਸਰਾ ਪਰਿਵਾਰ ਵੱਲੋਂ ਕੀਤੀ ਜਾਵੇਗੀ। ਉਦਘਾਟਨ ਸਮਾਰੋਹ ਦੌਰਾਨ ਗੱਲਬਾਤ ਕਰਦਿਆਂ ਬਲਹਾਰ ਸਿੰਘ ਨਾਰਵੇ ਵਾਲੇ, ਤਜਿੰਦਰ ਸਿੰਘ ਪ੍ਰਿੰਸ, ਬੇਅੰਤ ਸਿੰਘ, ਜਸਬੀਰ ਸਿੰਘ ਸਾਥੀ ਮੈਂਬਰ ਆਦਿ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਦਾ



ਮਜ਼ਬੂਤ ਸਾਧਨ ਹਨ ਅਤੇ ਫੁੱਟਬਾਲ ਵਰਗੀਆ ਟੀਮ ਖੇਡਾਂ ਅਨੁਸ਼ਾਸਨ, ਮਿਹਨਤ, ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਦੀਆ ਹਨ।ਇਸ ਮੌਕੇ ਬਲਿਹਾਰ ਸਿੰਘ ਨਾਰਵੇ ਵਾਲੇ, ਤਜਿੰਦਰ ਸਿੰਘ ਪ੍ਰਿੰਸ ਭਰੋਵਾਲ, ਪ੍ਰਿੰ. ਨਿਰਮਲ ਸਿੰਘ, ਬੇਅੰਤ ਸਿੰਘ ਪੰਪ ਵਾਲੇ, ਗੁਰਮੀਤ ਸਿੰਘ ਪੰਪ ਵਾਲੇ, ਜਸਬੀਰ ਸਿੰਘ ਸਾਥੀ ਮੈਂਬਰ, ਮਲਕੀਅਤ ਸਿੰਘ ਠੇਕੇਦਾਰ, ਸੁਖਵਿੰਦਰ ਸਿੰਘ ਵਸੀਕਾ, ਬਾਬਾ ਸਾਹਿਬ ਸਿੰਘ, ਗੁਲਜ਼ਾਰ ਸਿੰਘ, ਕਸ਼ਮੀਰ ਸਿੰਘ ਸਹੋਤਾ, ਚਰਨਜੀਤ ਸਿੰਘ ਦਿਓਲ, ਕੁਲਜੀਤ ਸਿੰਘ ਥਿੰਦ, ਕਸ਼ਮੀਰ ਸਿੰਘ ਠਾਣੇਦਾਰ, ਜੋਗਿੰਦਰ ਸਿੰਘ ਫੌਜੀ, ਸਵਿੰਦਰ ਸਿੰਘ ਸ਼ਿੰਦਾ, ਕੁਲਦੀਪ ਸਿੰਘ ਮੈਂਬਰ, ਯਾਦਵਿੰਦਰ ਸਿੰਘ ਭੰਗੂ, ਬਿੱਕਾ ਲਾਹੌਰੀਆ, ਪਰਮਿੰਦਰ ਸਿੰਘ ਸੋਢੀ, ਮਾਸਟਰ ਗੁਰਿੰਦਰ ਸਿੰਘ ਲਾਡੀ, ਹਰਪ੍ਰੀਤ ਸਿੰਘ, ਡਾ. ਮਨਜੀਤ ਸਿੰਘ, ਬਲਜੀਤ ਸਿੰਘ ਸ਼ਾਹ, ਦਵਿੰਦਰ ਸਿੰਘ ਕਾਕਾ ਮੈਂਬਰ, ਗੁਰਦੀਪ ਸਿੰਘ ਦੀਪ, ਗੁਰਵੀਰ ਸਿੰਘ ਦਿਓਲ, ਹਰਜੀਤ ਸਿੰਘ ਮੈਂਬਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।

# ਬੀਬੀਕੇ ਡੀ ਏ ਵੀ ਕਾਲਜ ਫਾਰ ਵੂਮੈਨ ਵੱਲੋਂ ਆਰਟ ਬੀਟ ਪ੍ਰਦਰਸ਼ਨੀ ਦਾ ਆਯੋਜਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਬੀ. ਬੀ. ਕੇ. ਡੀਏਵੀ ਕਾਲਜ ਫਾਰ ਵੂਮੈਨ ਅੰਮ੍ਰਿਤਸਰ ਵੱਲੋਂ ਕੇਟੀ ਕਲਾ ਮਿਊਜ਼ੀਅਮ ਦੇ ਸਹਿਯੋਗ ਨਾਲ਼ ਆਰਟ ਬੀਟ ਸਿਰਲੇਖ ਅਧੀਨ ਇੱਕ ਕਲਾ



ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਵੈਂਟ ਨੇ ਉਭਰਦੇ ਕਲਾਕਾਰਾਂ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਆਪਣੀ ਰਚਨਾਤਮਕਤਾ ਅਤੇ ਕਲਾਤਮਕ ਪ੍ਰਗਟਾਵੇ ਦਾ ਪ੍ਰਦਰਸ਼ਨ ਕਰਨ ਲਈ ਇੱਕ ਜੀਵੰਤ ਪਲੇਟਫਾਰਮ ਪ੍ਰਦਾਨ ਕੀਤਾ । ਪ੍ਰਿੰਸੀਪਲ ਡਾ. ਪੁਸ਼ਪਿੰਦਰ ਵਾਲੀਆ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਅਜਿਹੀ ਸਾਰਥਕ ਪ੍ਰਦਰਸ਼ਨੀ ਦਾ ਆਯੋਜਨ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਪਲੇਟਫਾਰਮ ਵਿਦਿਆਰਥੀਆਂ ਨੂੰ ਵਿਸ਼ਵਾਸ ਅਤੇ ਕਲਾਤਮਕ ਸੰਵੇਦਨਸ਼ੀਲਤਾ ਵਿਕਸਿਤ ਕਰਦੇ ਹੋਏ ਆਪਣੀ ਕਲਪਨਾ ਅਤੇ ਰਚਨਾਤਮਕਤਾ ਨੂੰ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਨੇ ਨੌਜਵਾਨ ਕਲਾਕਾਰਾਂ ਦਾ ਸਮਰਥਨ ਕਰਨ ਅਤੇ ਸੰਸਥਾ ਦੇ ਸੱਭਿਆਚਾਰਕ ਮਾਹੌਲ ਨੂੰ ਮਜ਼ਬੂਤ ਕਰਨ ਲਈ ਕੇਟੀ ਕਲਾ ਮਿਊਜ਼ੀਅਮ ਨਾਲ਼ ਸਬੰਧ ਦੀ ਵੀ ਸ਼ਲਾਘਾ ਕੀਤੀ। ਬ੍ਰਜੇਸ਼ ਜੌਲੀ ਡਾਇਰੈਕਟਰ ਕੇਟੀ ਕਲਾ ਮਿਊਜ਼ੀਅਮ ਅਤੇ ਰਾਜੇਸ਼ ਰੈਨਾ ਸਕੱਤਰ ਹਾਜ਼ਰ ਸਨ ਜਿਨ੍ਹਾਂ ਨੇ ਵਿਦਿਆਰਥੀਆਂ ਵਿਚ ਕਲਾਤਮਕ ਪ੍ਰਤਿਭਾ ਨੂੰ ਪਾਲਣ ਲਈ ਕਾਲਜ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਪੰਜਾਬ ਸਰਕਾਰ ਦੇ ਨਾਂਹ-ਪੱਖੀ ਵਤੀਰੇ ਵਿਰੁੱਧ ਪੈਨਸ਼ਨਰਾਂ ਵੱਲੋਂ ਨਿੰਦਾ ਪ੍ਰਸਤਾਵ ਪਾਸ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਇੰਜੀਨੀਅਰਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੇ ਇੰਜੀਨੀਅਰ ਪੈਨਸ਼ਨਰਾਂ ਵੱਲੋਂ ਇੱਕ ਅਹਿਮ ਮੀਟਿੰਗ ਪੰਜਾਬੀ ਬਾਗ ਰਿਜ਼ੌਰਟ, ਦੀਨਾ ਨਗਰ ਵਿਖੇ ਕੀਤੀ ਗਈ।ਮੀਟਿੰਗ ਦੀ ਕਾਰਵਾਈ ਸੰਬੰਧੀ ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ ਬੱਬੇਹਾਲੀ ਅਤੇ ਜ਼ਿਲ੍ਹਾ ਜਨਰਲ ਸਕੱਤਰ ਲਖਵਿੰਦਰ ਸਿੰਘ ਪੰਨੂ ਨੇ ਦੱਸਿਆ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਬਣਦੀਆਂ ਹੱਕੀ ਅਤੇ ਜਾਇਜ਼ ਮੰਗਾਂ ਸਮੇਤ 16 ਫੀਸਦੀ ਦੀਆਂ ਕਿਸ਼ਤਾਂ ਨੂੰ ਰੋਕ ਕੇ ਰੱਖਣਾ ਅਤੇ ਪੰਜਾਬ ਸਰਕਾਰ ਦੇ ਆਈਏਐੱਸ, ਆਈਪੀਐੱਸ, ਪੀਸੀਐੱਸ ਅਤੇ ਨਿਆਂ ਪਾਲਿਕਾ ਪ੍ਰਣਾਲੀ ਤੋਂ ਡੀਲਿੰਕ ਕਰਨ ਦੀ ਕੋਸ਼ਿਸ਼ ਕਰਨਾ ਅਤੀ ਨਿੰਦਣ ਯੋਗ ਹੈ ।ਉਨ੍ਹਾਂ ਕਿਹਾ ਕਿ ਮਾਨਯੋਗ ਹਾਈ ਕੋਰਟ ਵਿੱਚ ਸਟੇਟ ਆਫ ਪੰਜਾਬ ਵਿਰੁੱਧ ਦਾਇਰ ਇੱਕ ਸਿਵਲ ਰਿੱਟ ਪਟੀਸ਼ਨ ਵਿੱਚ ਸਰਕਾਰ ਸਰਕਾਰ ਦੁਆਰਾ ਮਾਨਯੋਗ ਅਦਾਲਤ ਵੱਲੋਂ ਉਠਾਏ ਗਏ ਅਹਿਮ ਨੁਕਤਿਆਂ ਦਾ ਜਵਾਬ ਦੇਣ ਲਈ ਹਲਫੀਆ ਬਿਆਨ ਮੰਗਿਆ ਗਿਆ ਸੀ, ਪ੍ਰੰਤੂ ਸਰਕਾਰ ਦੇ ਮੁੱਖ ਸਕੱਤਰ ਵੱਲੋਂ ਅਦਾਲਤ ਵੱਲੋਂ ਮੰਗੇ ਗਏ ਜਵਾਬਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਆਪਣੇ ਮਨਘੜਤ ਤੱਥਾਂ ਰਹਿਤ ਜਵਾਬ ਦੇਣ ਤੇ ਜਿੱਥੇ ਮੁਲਾਜ਼ਮਾਂ ਅਤੇ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਗਿਆ ਅਤੇ ਉਸਦਾ ਡਟ ਕੇ ਵਿਰੋਧ ਕੀਤਾ ਗਿਆ ਹੈ।ਮਾਨਯੋਗ ਹਾਈ ਕੋਰਟ ਵੱਲੋਂ ਵੀ ਸਖ਼ਤ ਟਿੱਪਣੀ ਕਰਦੇ ਹੋਏ 6 ਅਪ੍ਰੈਲ ਤੱਕ ਕੀਤੀਆਂ ਅਦਾਲਤ ਦੀਆਂ ਟਿੱਪਣੀਆਂ ਅਨੁਸਾਰ ਸਹੀ ਸਹੀ ਜਵਾਬ ਤੱਥਾਂ ਸਾਹਿਤ ਦੇਣ ਲਈ ਮਿਤੀ 1 ਅਪ੍ਰੈਲ ਨੂੰ ਅੰਤ੍ਰਿਮ ਹੁਕਮ ਪਾਸ ਕਰਦੇ ਹੋਏ 6 ਅਪ੍ਰੈਲ ਦੀ ਸੁਣਵਾਈ ਤੱਕ ਲਿਖਤੀ ਤੌਰ ਤੇ ਦੇਣ ਬਾਰੇ ਜਿੱਥੇ ਹੁਕਮ ਕੀਤੇ ਗਏ ਹਨ, ਜਦੋਂ ਕਿ ਸਰਕਾਰ ਵੱਲੋਂ 16 ਅਪ੍ਰੈਲ ਤੱਕ ਦਾ ਸਮਾਂ ਮੰਗਿਆ ਗਿਆ ਸੀ।ਮਾਨਯੋਗ ਅਦਾਲਤ ਵੱਲੋਂ ਉਠਾਏ ਗਏ ਸਵਾਲਾਂ ਦੇ ਸਹੀ ਤੱਥਾਂ ਸਹਿਤ ਲਿਖਤੀ ਜਵਾਬਾਂ ਦਾ ਹਲਫ਼ੀਆ ਬਿਆਨ ਦਾਇਰ ਕਰਨ ਵਿੱਚ ਫ਼ੇਲ ਰਹਿਣ ਤੇ ਸਜ਼ਾ ਤਜਵੀਜ਼ ਕਰਨ ਬਾਰੇ ਕਿਹਾ ਗਿਆ ਹੈ।ਜਥੇਬੰਦੀ ਦੇ ਆਗੂਆਂ ਨੇ ਜਾਣਕਾਰੀ ਦਿੱਤੀ ਕਿ ਏਸੇ ਸਬੰਧ ਵਿੱਚ ਆਪਣੀ ਅਗਲੇਰੀ ਰਣਨੀਤੀ ਉਲੀਕਣ ਅਤੇ ਪੰਜਾਬ ਸਰਕਾਰ ਦਾ 16 ਫੀਸਦੀ ਮਹਿੰਗਾਈ ਭੱਤੇ ਨੂੰ ਦੇਣ ਤੋਂ ਟਾਲਾ ਵੱਟਣ ਅਤੇ ਡੀਲਿੰਕ ਕਰਨ ਦੀ ਬੇਹੂਦਾ ਹਰਕਤ ਤੇ ਵਿਚਾਰ ਚਰਚਾ ਕਰਨ ਲਈ ਇਹ ਅਹਿਮ ਮੀਟਿੰਗ ਸੱਦੀ ਗਈ ਸੀ, ਜਿਸ ਵਿੱਚ ਵੱਖ ਵੱਖ ਸਰਕਾਰੀ ਅਤੇ ਅਰਧ ਸਰਕਾਰੀ ਵਿਭਾਗਾਂ ਦੇ ਇੰਜੀਨੀਅਰ ਪੈਨਸ਼ਨਰਜ਼ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਜਿਨ੍ਹਾਂ ਵਿੱਚ ਸਟੇਟ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬਾਂਗੋਵਾਨੀ, ਸਟੇਟ ਜਨਰਲ ਸਕੱਤਰ ਰਣਜੀਤ ਸਿੰਘ ਧਾਲੀਵਾਲ, ਸਟੇਟ ਕਨਵੀਨਰ ਐਨ.ਪੀ. ਧਵਨ, ਸਟੇਟ ਵਾਈਸ ਪ੍ਰਧਾਨ ਸੁਰਜੀਤ ਸਿੰਘ ਕਾਹਲੋਂ, ਸਟੇਟ ਸੰਯੁਕਤ ਸਕੱਤਰ ਗੁਰਚਰਨ ਸਿੰਘ, ਸਟੇਟ ਆਡੀਟਰ ਹੇਮ ਰਾਜ ਸਰੰਗਲ, ਸਟੇਟ ਆਫਿਸ ਸਕੱਤਰ ਬਲਕਾਰ ਸਿੰਘ ਸਮੇਤ ਉਪਰੋਕਤ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਜਨਰਲ ਸਕੱਤਰ ਤੋਂ ਇਲਾਵਾ ਹੋਰ ਜ਼ਿਲ੍ਹਾ ਪੱਧਰੀ ਅਹੁਦੇਦਾਰ/ਮੈਂਬਰ ਇੰਜ: ਰਾਕੇਸ਼ ਪੁੰਜ, ਕਮਲ ਗੁਪਤਾ, ਸਵਰਨ ਕੁਮਾਰ, ਹਰਮੀਤ ਸਿੰਘ, ਰਾਜ ਕੁਮਾਰ, ਸੁਰਿੰਦਰ ਸਿੰਘ ਲੂਨਾ, ਕੇਵਲ ਕ੍ਰਿਸ਼ਨ, ਮਹਿਲ ਸਿੰਘ, ਮਨਮੋਹਨ ਸ਼ਰਮਾ, ਰਮੇਸ਼ ਚੰਦਰ ਬਰਾਰਾ, ਹਰਦੀਪ ਸਿੰਘ ਸੰਧੂ, ਕਿਸ਼ੋਰੀ ਲਾਲ, ਪਰਵੀਨ ਕੁਮਾਰ, ਰਣਬੀਰ ਸਿੰਘ, ਵਿਨੋਦ ਵਸ਼ਿਸ਼ਟ ਅਤੇ ਹੋਰ ਮੈਂਬਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਹਾਜ਼ਰ ਹੋਏ ਸਾਰੇ ਸੂਬਾ ਪੱਧਰੀ ਅਤੇ ਜਿਲਾ ਪੱਧਰੀ ਨੇਤਾਵਾਂ ਵੱਲੋਂ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜਮਾਂ ਅਤੇ ਪੈਨਸ਼ਨਰਾਂ ਦੇ ਬਣਦੇ ਹੱਕ ਖੋਹਕੇ ਮੁਫ਼ਤ ਦੀਆ ਰਿਓੜੀਆਂ ਵੰਡਣ ਅਤੇ ਵੋਟਾਂ ਦੇ ਚੱਕਰ ਵਿੱਚ ਨਜਾਇਜ਼ ਤੌਰ ਤੇ ਅੰਨ੍ਹੇਵਾਹ ਆਪਣੀਆਂ ਮਸ਼ਹੂਰੀਆਂ ਲਈ ਇਸ਼ਤਿਹਾਰਬਾਜ਼ੀ ਕਰਨ ਅਤੇ ਜਗ੍ਹਾ ਜਗ੍ਹਾ ਤੇ ਆਪਣੀਆਂ ਫੋਟੋਆਂ ਦੇ ਫਲੈਕਸ ਬੋਰਡ ਵੱਡੀ ਗਿਣਤੀ ਵਿੱਚ ਲਗਾ ਕੇ ਪਬਲਿਕ ਦੇ ਪੈਸੇ ਨਾਲ ਭਰੇ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਕੀਤੇ ਜਾਣ ਨੂੰ ਲੈ ਕੇ ਅਤੇ ਆਪਣੇ ਬਣਦੇ ਹੱਕਾਂ ਨੂੰ ਨਾ ਦੇਣ ਵਿਰੁੱਧ ਰੱਜ ਕੇ ਕੋਸਿਆ ਗਿਆ ਅਤੇ ਨਿਖੇਧੀ ਕੀਤੀ ਗਈ।


# ਸਾਥੀ ਸੁਖਦੇਵ ਸਿੰਘ ਭਾਗੋਕਾਵਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ

**ਧਾਰੀਵਾਲ, ਮਨਦੀਪ ਵਿੱਕੀ)-** ਸੀਪੀਐੱਮਐੱਲ ਲਿਬਰੇਸ਼ਨ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਪੰਜਾਬ ਪੱਧਰੀ ਆਗੂ ਸੁਖਦੇਵ ਸਿੰਘ ਭਾਗੋਕਾਂਵਾ ਦਾ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਭਾਗੋਕਾਵਾਂ ਵਿਖੇ ਹੋਇਆ। ਯਾਦ ਰਹੇ ਸੁਖਦੇਵ ਸਿੰਘ 24 ਮਾਰਚ ਨੂੰ ਅਚਾਨਕ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਮਮੂਲੀ ਬੀਮਾਰੀ ਦੌਰਾਨ ਪਰਿਵਾਰ ਅਤੇ ਪਾਰਟੀ ਨੂੰ ਵਿਛੋੜਾ ਦੇ ਗਏ ਸਨ।ਸ਼ਰਧਾਂਜਲੀ ਸਮਾਗਮ ਵਿੱਚ ਸੀਪੀਐੱਮਐੱਲ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਰਾਜਵਿੰਦਰ




ਸਿੰਘ ਰਾਣਾ, ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ ਅਤੇ ਜ਼ਿਲਾ ਸਕੱਤਰ ਗੁਲਜਾਰ ਸਿੰਘ ਭੁੰਬਲੀ ਨੇ ਭਾਗੋਕਾਵਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਕਰੀਬ ਪੰਜ ਦਹਾਕੇ ਪਾਰਟੀ ਦਾ ਕੁੱਲ ਵਕਤੀ ਆਗੂ ਰਿਹਾ ਅਤੇ ਸਮੁੱਚੀ ਜ਼ਿੰਦਗੀ ਲੋਕਾਂ ਨੂੰ ਅਰਪਣ ਕਰ ਦਿੱਤੀ। ਕਿਸਾਨ ਆਗੂ ਸਤਬੀਰ ਸਿੰਘ ਸੁਲਤਾਨੀ, ਰਘਬੀਰ ਸਿੰਘ ਪੱਕੀਵਾਂ, ਰਾਜ ਗੁਰਵਿੰਦਰ ਸਿੰਘ ਲਾਡੀ, ਲਖਵਿੰਦਰ ਸਿੰਘ ਮਰੜ ਅਤੇ ਮੱਖਣ ਕੁਹਾੜ ਨੇ ਵੀ ਸ਼ਰਧਾਂਜਲੀ ਦੇ ਫੁੱਲ ਭੇਟ ਭੇਟ ਕੀਤੇ। ਕਿਸਾਨ ਆਗੂਆਂ ਪਰਿਵਾਰ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ ਸੁਖਦੇਵ ਸਿੰਘ ਭਾਗੋਕਾਵਾਂ ਇਕ ਆਮ ਇਨਸਾਨ ਨਹੀਂ ਸੀ ਬਲਕਿ ਸਦਾ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਜ਼ਿੰਦਗੀ ਜਿਊਣ ਦੀ ਇੱਕ ਮਿਸਾਲ ਸੀ, ਜਿਸ ਤੇ ਸਦਾ ਹੀ ਪਰਿਵਾਰ ਨੂੰ ਮਾਣ ਮਹਿਸੂਸ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕਮਿਊਨਿਸਟ ਤੇ ਕਿਸਾਨ ਆਗੂ ਹਮੇਸ਼ਾ ਪਰਿਵਾਰ ਨਾਲ ਖੜੇ ਰਹਿਣਗੇ।ਸ਼ਰਧਾਂਜਲੀ ਸਮਾਗਮ ਕਰਨ ਵਾਲਿਆਂ ਵਿੱਚ ਅਸ਼ਵਨੀ ਕੁਮਾਰ ਲੱਖਣ ਕਲਾਂ, ਡਾਕਟਰ ਅਸ਼ੋਕ ਭਾਰਤੀ, ਗੁਰਮੁਖ ਸਿੰਘ ਖਹਿਰਾ, ਬਲਬੀਰ ਸਿੰਘ ਰੰਧਾਵਾ, ਉਘੇ ਵਕੀਲ ਕਰਨਜੀਤ ਸਿੰਘ, ਗੁਰਜੰਟ ਸਿੰਘ ਮਾਨਸਾ, ਵਿਜੇ ਕੁਮਾਰ ਸੋਹਲ, ਗੁਰਮੀਤ ਸਿੰਘ ਮਗਰਾਲਾ, ਨਾਟਕਕਾਰ ਗੁਰਮੀਤ ਸਿੰਘ ਪਾਹੜਾ, ਮੰਗਲ ਸਿੰਘ ਧਰਮਕੋਟ, ਚਰਨਜੀਤ ਸਿੰਘ ਭਿੰਡਰ, ਨਿਰਮਲ ਸਿੰਘ, ਬਚਨ ਸਿੰਘ ਧੰਦੋਈ, ਪ੍ਰੇਮ ਮਸੀਹ ਸੋਨਾ, ਅਮਰ ਕ੍ਰਾਂਤੀ, ਰਾਜੂ ਬਟਾਲਾ ਅਤੇ ਹਰਵਿੰਦਰ ਸਿੰਘ ਮੱਲ੍ਹੀ ਸ਼ਾਮਲ ਸਨ।

# ਰਾਜੇਸ਼ ਧੀਮਾਨ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਸੰਗਰੂਰ ਦੇ ਮੁੜ ਪ੍ਰਧਾਨ ਬਣੇ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਕਲਾਸੀਕ ਹੋਟਲ ਵਿਖੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਸੰਗਰੂਰ ਦੀ ਜਨਰਲ ਮੀਟਿੰਗ ਸੀਨੀਅਰ ਵਾਇਸ ਪ੍ਰਧਾਨ ਰਾਜਿੰਦਰ ਸਿੰਘ ਭੱਲੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮਤਾ ਪਾਸ ਕੀਤਾ ਗਿਆ ਕਿ ਪਿਛਲੇ ਸਾਲ ਤੋਂ ਚਲੇ ਆ ਰਹੇ ਪ੍ਰਧਾਨ ਰਾਜੇਸ਼ ਧੀਮਾਨ ਨੂੰ ਮੁੜ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਵਾਇਸ ਪ੍ਰਧਾਨ ਰਾਜਿੰਦਰਪਾਲ ਭੱਲੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਾਜੇਸ਼ ਧੀਮਾਨ ਆਪਣੀ ਲਗਨ ਤੇ ਇਮਾਨਦਾਰੀ ਨਾਲ ਕੰਮ ਕਰਦੇ ਰਹੇ ਹਨ, ਸਾਨੂੰ ਇਨ੍ਹਾਂ ਤੋਂ ਪ੍ਰੇਰਣਾ ਲੈ ਕੇ ਆਪਣੀ ਜੀਵਨਸ਼ੈਲੀ ਨੂੰ ਚੰਗਾ ਬਣਾਉਣਾ ਚਾਹੀਦਾ ਹੈ।ਸਟੇਜ ਸੰਚਾਲਨ ਦੀ ਭੂਮਿਕਾ ਨਿਭਾਅ ਰਹੇ ਹਰੀਸ਼ ਸਚਦੇਵਾ ਨੇ ਕਿਹਾ ਕਿ ਪਿਛਲੇ ਸਾਲ 2025 ਵਿੱਚ ਖਿਡਾਰੀਆਂ ਵੱਲੋਂ ਮਾਰੀਆਂ ਮੱਲਾਂ ਬਾਰੇ ਰਾਜੇਸ਼ ਧੀਮਾਨ ਨੂੰ ਜਾਣੂ ਕਰਵਾਇਆ।ਸ੍ਰੀ ਰਾਜੇਸ਼ ਧੀਮਾਨ ਪ੍ਰਧਾਨ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਨੇ ਕਿਹਾ ਕਿ ਜੋ ਮਾਣ ਸਨਮਾਨ ਐਸੋਸੀਏਸ਼ਨ ਵੱਲੋਂ ਮੈਨੂੰ ਦਿੱਤਾ ਗਿਆ ਹੈ, ਉਸ ਦੇ ਲਈ ਮੈਂ ਐਸੋਸੀਏਸ਼ਨ ਦਾ ਸ਼ੁਕਰਗੁਜ਼ਾਰ ਹਾਂ ਤੇ ਭਵਿੱਖ ਵਿੱਚ ਜੇਕਰ ਐਸੋਸੀਏਸ਼ਨ ਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਹੈ ਤਾਂ ਉਸ ਦੇ ਲਈ ਮੈਂ ਹਮੇਸ਼ਾ ਹਾਜ਼ਰ ਰਹਾਂਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੋਗਰਾਜ ਰਾਟਾਇਰ ਜ਼ਿਲ੍ਹਾ ਖੇਡ ਅਫਸਰ, ਗੁਰਮੀਤ ਸਿੰਘ ਜੌਹਲ, ਹਰਤਨਵੀਰ ਸਿੰਘ ਘੁਮਾਣ, ਸੁਸ਼ੀਲ ਕਾਲੜਾ, ਰਵਿੰਦਰ ਸਿੰਘ, ਦੀਪਕ ਗਾਂਧੀ, ਪ੍ਰੋਫੈਸਰ ਰੁਪਿੰਦਰ ਸ਼ਰਮਾ, ਲਾਲਵਿੰਦਰ ਸਿੰਘ, ਨਵੀਨ ਕੁਮਾਰ, ਡਾ. ਰਾਜੇਸ਼ ਕੁਮਾਰ, ਬਲਬੀਰ ਸਿੰਘ, ਰਵਿੰਦਰ ਕੁਮਾਰ, ਪ੍ਰਿੰਸ ਬਜਾਜ, ਸਚਿਨ ਛਾਬੜਾ ਤੋਂ ਇਲਾਵਾ ਜਤਿੰਦਰ ਕੁਮਾਰ ਤੇ ਹੋਰ ਮੈਂਬਰਾਨ ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਮੰਗਾਂ ਬਾਰੇ ਚਰਚਾ



**ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)**-ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਲਬੀਰ ਸਿੰਘ ਪੁਆਰ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਜਲਾਲਾਬਾਦ ਵਿਖੇ ਹੋਈ। ਇਸ ਮੀਟਿੰਗ ਨੂੰ ਸਭ ਤੋਂ ਪਹਿਲਾਂ ਗੁਰਦੀਪ ਸਿੰਘ ਛਾਬੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਮੁਲਾਜ਼ਮ-ਪੈਨਸ਼ਨਰਜ਼ ਮੰਗਾਂ ਮੰਨਣ ਵਿੱਚ ਟਾਲਮਟੋਲ ਦੀ ਨੀਤੀ ਅਪਣਾ ਰਹੀ ਹੈ। ਦੁਨੀ ਚੰਦ ਬਤਰਾ ਨੇ ਮੁਲਾਜ਼ਮ-ਪੈਨਸ਼ਨਰਜ਼ ਦੇ ਹੱਕ ਲੈਣ ਲਈ ਹਰੇਕ ਸੰਘਰਸ਼ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਰਾਜ ਕੁਮਾਰ ਸੀਵਾਨ ਨੇ ਸਰਕਾਰੀ ਨੀਤੀਆਂ ਦੀ ਭਰਪੂਰ ਨਿਖੇਧੀ ਕੀਤੀ। ਨਿਰਮਲਜੀਤ ਸਿੰਘ ਬਰਾੜ ਨੇ ਅਮਰੀਕਾ, ਇਜ਼ਰਾਇਲ, ਇਰਾਕ ਯੁੱਧ ਵਿੱਚ ਭਾਰਤ ਦੀ ਭੂਮਿਕਾ ਦੀ ਨਿਖੇਧੀ ਕੀਤੀ। ਮਨੋਜ ਕੁਮਾਰ ਨੇ ਵਿੱਤ ਮੰਤਰੀ ਦੇ ਕੋਰਟ ਵਿੱਚ ਪੇਸ਼ ਕੀਤੇ ਐਫੀਡੇਵਿਟ ਦੀ ਨਿੰਦਾ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਦੇ ਵਿਹਾਰ ਬਾਰੇ ਨਿੰਦਾ ਪ੍ਰਸਤਾਵ ਪੇਸ਼ ਕੀਤਾ ਜੋ ਮੈਂਬਰਾਂ ਨੇ ਬਹੁਮਤ ਨਾਲ ਪਾਸ ਕੀਤਾ। ਸਤੀਸ਼ ਕੁਮਾਰ ਚੁਚਰਾ ਨੇ ਮੁਲਾਜ਼ਮ ਪੈਨਸ਼ਨਰਜ਼ ਮੰਗਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਰਾਜ ਕੁਮਾਰ ਬਜਾਜ ਨੇ ਸਟੇਜ ਸਕੱਤਰ ਦੀ ਭੂਮਿਕਾ ਬਖੂਬੀ ਨਿਭਾਈ ਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੀਟਿੰਗ ਵਿੱਚ ਸਰਪ੍ਰਸਤ ਦੇਸ ਰਾਜ ਗਾਂਧੀ, ਸੁਰਜੀਤ ਸਿੰਘ ਬਾਹਮਣੀ ਵਾਲਾ, ਗਿਆਨ ਚੰਦ ਐੱਸ ਡੀ ਓ, ਨਿਰਭੈ ਸਿੰਘ ਪ੍ਰੈਸ ਸਕੱਤਰ ਪਿਆਰ ਕੁਮਾਰ, ਸਰਵਨ ਕੁਮਾਰ ਜੀਵਾ ਅਰਾਈਂ, ਦਲੀਪ ਸਿੰਘ ਢੰਡੀ, ਦਰਸ਼ਨ ਲਾਲ, ਗੁਰਸ਼ਰਨ ਸਿੰਘ, ਸੁਰਜੀਤ ਸਿੰਘ, ਗੁਰਦਿਤ ਸਿੰਘ ਧਮੀਜਾ, ਨਿਹਾਲੋ ਬਾਈ, ਗੁਰਮੀਤ ਸਿੰਘ, ਬਲਬੀਰ ਸਿੰਘ ਰੋਡਵੇਜ, ਅਮਰ ਸਿੰਘ ਬੇਦੀ, ਸੁਖ ਨਰਾਇਣ, ਹਰਦਿਆਲ ਸਿੰਘ ਉੱਪਲ ਆਦਿ ਹਾਜ਼ਰ ਸਨ।

# ਪ ਸ ਸ ਫ ਵੱਲੋਂ ਸਟਾਫ ਨਰਸਾਂ ਦੇ ਸੰਘਰਸ਼ ਦੀ ਹਮਾਇਤ ਤੇ ਐਸਮਾ ਲਗਾਉਣ ਦੀ ਨਿੰਦਾ



**ਲੁਧਿਆਣਾ (ਵੈਕਟਰ ਕਬੂਲੀਆ)**-ਪੰਜਾਬ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22-ਬੀ ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਸੀਨੀ: ਵਾਇਸ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਕਰਤਾਰ ਸਿੰਘ ਪਾਲ ਤੇ ਸੂਬਾਈ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਨੇ ਅਪਣੀ ਵਰਚੁਅਲ ਮੀਟਿੰਗ ਉਪਰੰਤ ਬਿਆਨ ਜਾਰੀ ਕਰਦਿਆਂ ਸੂਬੇ ਦੇ ਮੈਡੀਕਲ ਕਾਲਜਾਂ ਵਿੱਚ ਸੇਵਾ ਨਿਭਾਅ ਰਹੀਆਂ ਸਟਾਫ ਨਰਸਾਂ ਵੱਲੋਂ 4600/ਰੁਪੈ ਗ੍ਰੇਡ ਪੇਅ ਲਾਗੂ ਕਰਨ ਅਤੇ ਹੋਰ ਹੱਕੀ ਮੰਗਾਂ ਲਈ 26 ਮਾਰਚ ਤੋਂ ਕੀਤੇ ਜਾ ਰਹੇ ਪੁਰ-ਅਮਨ ਸੰਘਰਸ਼ ਦੀ ਪੂਰਨ ਹਮਾਇਤ ਕਰਦਿਆਂ ਪੰਜਾਬ ਸਰਕਾਰ ਤੇ ਵਿਭਾਗ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਨ੍ਹਾਂ ਸਟਾਫ ਨਰਸਾਂ 'ਤੇ ਐਸਮਾ ਵਰਗੇ ਕਾਲੇ ਕਾਨੂੰਨ ਲਾਉਣ ਦੀ ਬਜਾਏ ਇਨ੍ਹਾਂ ਦੀ ਜਥੇਬੰਦੀ ਦੇ ਆਗੂਆਂ ਨਾਲ ਤੁਰੰਤ ਗੱਲਬਾਤ ਕਰਕੇ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ।ਆਗੂਆਂ ਨੇ ਕਿਹਾ ਕਿ ਹੱਕੀ ਮੰਗਾਂ ਲਈ ਮੁਲਾਜ਼ਮ ਸੰਘਰਸ਼ਾਂ ਨੂੰ ਜਬਰੀ ਕੁਚਲਣ ਦਾ ਰਸਤਾ ਅਖਤਿਆਰ ਕਰਨਾ ਪੰਜਾਬ ਸਰਕਾਰ ਨੂੰ ਭਵਿੱਖ ਵਿੱਚ ਮਹਿੰਗਾ ਪਵੇਗਾ, ਇਸ ਲਈ ਐਸਮਾ ਰੱਦ ਕਰਕੇ ਤੁਰੰਤ ਮੰਗਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਕੀਤਾ ਜਾਵੇ।

# ਮਾਡਰਨ ਕਾਲਜ ਬੀਰ ਕਲਾਂ ਦਾ ਬੀ ਏ ਭਾਗ ਪਹਿਲਾ (ਦੂਜਾ ਸਮੈਸਟਰ) ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਮਾਡਰਨ ਕਾਲਜ ਬੀਰ ਕਲਾਂ ਦੇ ਬੀ. ਏ. ਭਾਗ ਪਹਿਲਾ (ਦੂਜੇ ਸਮੈਸਟਰ) ਦੇ ਨਤੀਜੇ ਘੋਸ਼ਿਤ ਹੋਣ ਉਪਰੰਤ ਕਾਲਜ ਵਿੱਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ।ਵਿਦਿਆਰਥੀਆਂ ਨੇ ਆਪਣੇ ਉੱਤਮ ਪ੍ਰਦਰਸ਼ਨ ਨਾਲ ਨਾ ਸਿਰਫ ਆਪਣੇ ਮਾਪਿਆਂ ਦਾ ਸਿਰ ਉੱਚਾ ਕੀਤਾ ਹੈ, ਸਗੋਂ ਕਾਲਜ ਦੀ ਸ਼ੋਹਰਤ ਨੂੰ ਵੀ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ।ਨਤੀਜਿਆਂ ਅਨੁਸਾਰ ਜੋਬਨਪ੍ਰੀਤ ਕੌਰ ਨੇ ਪਹਿਲਾ, ਕੋਮਲਪ੍ਰੀਤ ਕੌਰ ਨੇ ਦੂਜਾ ਤੇ ਅਰਸ਼ਦੀਪ ਕੌਰ ਤੀਜਾ ਸਥਾਨ ਹਾਸਲ ਕਰਕੇ ਕਾਲਜ ਦੇ ਮੈਰਿਟ ਲਿਸਟ ਵਿੱਚ ਆਪਣੀ ਮਜ਼ਬੂਤ ਪਕੜ ਬਣਾਈ।ਕਾਲਜ ਦੇ ਪ੍ਰਿੰਸੀਪਲ ਤੇ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਦੀ ਇਸ ਕਾਮਯਾਬੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਦਿਨ-ਰਾਤ ਦੀ ਮਿਹਨਤ, ਅਨੁਸ਼ਾਸਨ ਤੇ ਅਧਿਆਪਕਾਂ ਦੀ ਸਹਾਇਤਾ ਦਾ ਨਤੀਜਾ ਹਨ।ਉਨ੍ਹਾਂ ਕਿਹਾ ਕਿ ਕਾਲਜ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਗੁਣਵੱਤਾ ਭਰੀ ਸਿੱਖਿਆ ਦੇਣ ਲਈ ਵਚਨਬੱਧ ਹੈ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸ਼ਾਨਦਾਰ ਨਤੀਜੇ ਆਉਂਦੇ ਰਹਿਣਗੇ।ਇਸ ਮੌਕੇ ਕਾਲਜ ਵਿੱਚ ਮਿੱਠਾਈ ਵੰਡ ਕੇ ਖੁਸ਼ੀ ਮਨਾਈ ਗਈ ਤੇ ਹੋਰ ਵਿਦਿਆਰਥੀਆਂ ਨੂੰ ਵੀ ਇਸ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ ਗਈ।

# ਸਬਜ਼ੀ ਮੰਡੀ ਦੇ ਆੜ੍ਹਤੀਆਂ ਦੀਆਂ ਮੁਸ਼ਕਲਾਂ ਦਾ ਹੱਲ ਜਲਦ ਕੀਤਾ ਜਾਏਗਾ : ਬਲਜਿੰਦਰ ਢਿੱਲੋਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਬਜ਼ੀ ਮੰਡੀ ਸਨੌਰ ਵਿਖੇ ਮਾਰਕੀਟ ਕਮੇਟੀ ਦੇ ਚੇਅਰਮੈਨ ਅਸ਼ੋਕ ਸਿਰਸਵਾਲ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਆੜ੍ਹਤੀ ਤੇ ਪੱਲੇਦਾਰ ਭਾਈਚਾਰੇ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ ਲਿਮਟਿਡ ਚੇਅਰਮੈਨ ਤੇ ਪਟਿਆਲਾ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੂੰ ਸਨਮਾਨ ਦੇ ਤੌਰ 'ਤੇ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੱਦਾ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਆੜ੍ਹਤੀ ਤੇ ਪੱਲੇਦਾਰ ਭਾਈਚਾਰੇ ਨੇ ਆਪਣੀਆਂ ਸਮੱਸਿਆਵਾਂ ਉਨ੍ਹਾਂ ਨੂੰ ਦੱਸੀਆਂ। ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਤੇ ਮਾਰਕੀਟ ਕਮੇਟੀ ਚੇਅਰਮੈਨ ਅਸ਼ੋਕ ਸਿਰਸਵਾਲ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਸੰਬੰਧਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਜਲਦ ਹੀ ਹੱਲ ਕਰਨ ਦਾ ਭਰੋਸਾ ਦਿਵਾਇਆ।

# ਪੰਜਾਬੀ 'ਵਰਸਿਟੀ ਵਿਖੇ ਕਨਵੋਕੇਸ਼ਨ 9 ਨੂੰ, ਤਿਆਰੀਆਂ ਜ਼ੋਰਾਂ 'ਤੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ 9 ਅਪ੍ਰੈਲ 2026 ਨੂੰ ਹੋਣ ਜਾ ਰਹੀ 41ਵੀਂ ਕਾਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ।ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਗਠਿਤ ਵੱਖ-ਵੱਖ ਕਮੇਟੀਆਂ ਆਪੋ ਆਪਣੇ ਹਿੱਸੇ ਦੇ ਕਾਰਜ ਮੁਕੰਮਲ ਕਰਨ ਵਿੱਚ ਲੱਗੀਆਂ ਹੋਈਆਂ ਹਨ।ਇਸ ਮੌਕੇ ਪੰਜਾਬ ਦੇ ਮਾਨਯੋਗ ਰਾਜਪਾਲ ਤੇ ਪੰਜਾਬੀ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਹੋਣਗੇ।ਜ਼ਿਕਰਯੋਗ ਹੈ ਕਿ ਡਾ. ਜਗਦੀਪ ਸਿੰਘ ਵੱਲੋਂ ਉਪ-ਕੁਲਪਤੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਇਹ ਪਹਿਲੀ ਕਾਨਵੋਕੇਸ਼ਨ ਹੈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਦੱਸਿਆ ਕਿ ਇਸ ਮੌਕੇ ਸੈਸ਼ਨ 2023-24 ਤੇ ਸੈਸ਼ਨ 2024-25 ਦੇ 725 ਵਿਦਿਆਰਥੀਆਂ ਨੂੰ ਡਿਗਰੀਆਂ ਤੇ ਮੈਡਲ ਪ੍ਰਦਾਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਇਸ ਸਮਾਗਮ ਨੂੰ ਇੱਕ ਅਕਾਦਮਿਕ ਉਤਸਵ ਵਾਂਗ ਮਨਾਉਣ ਲਈ ਵੱਡੇ ਪੱਧਰ 'ਤੇ ਤਿਆਰੀਆਂ ਕਰ ਰਿਹਾ ਹੈ। ਕੰਟਰੋਲਰ ਪ੍ਰੀਖਿਆਵਾਂ ਡਾ. ਮਨੀਸ਼ ਕਪੂਰ ਨੇ ਦੱਸਿਆ ਕਿ ਕਾਨਵੋਕੇਸ਼ਨ ਲਈ ਲਾਜ਼ਮੀ ਰਿਹਰਸਲ 8 ਅਪ੍ਰੈਲ ਨੂੰ ਦੁਪਹਿਰ 12 ਵਜੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਦੇ ਸ੍ਰੀ ਗੁਰੂ ਤੇਗ ਬਹਾਦਰ ਹਾਲ ਵਿਖੇ ਹੋਵੇਗੀ।ਜਿਹੜੇ ਉਮੀਦਵਾਰ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤੇ ਸ਼ਨਾਖਤੀ ਐਂਟਰੀ ਕਾਰਡ ਆਪਣੇ ਨਾਲ ਨਹੀਂ ਲਿਆਉਣਗੇ ਜਾਂ ਰਿਹਰਸਲ ਅਟੈਂਡ ਨਹੀਂ ਕਰਨਗੇ, ਉਨ੍ਹਾਂ ਨੂੰ ਕਾਨਵੋਕੇਸ਼ਨ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਰੈਗੂਲਰ ਉਮੀਦਵਾਰਾਂ ਨੂੰ ਉਨ੍ਹਾਂ ਦੀਆਂ ਸੰਸਥਾਵਾਂ ਤੇ ਵਿਭਾਗਾਂ ਰਾਹੀਂ ਅਤੇ ਪ੍ਰਾਈਵੇਟ ਉਮੀਦਵਾਰਾਂ ਨੂੰ ਸਿੱਧੇ ਤੌਰ 'ਤੇ ਸੱਦਾ-ਪੱਤਰ ਭੇਜ ਦਿੱਤੇ ਗਏ ਹਨ, ਜਿਨ੍ਹਾਂ ਉਮੀਦਵਾਰਾਂ ਨੂੰ ਸੱਦਾ-ਪੱਤਰ ਪ੍ਰਾਪਤ ਨਹੀਂ ਹੋਏ, ਉਹ ਪ੍ਰੀਖਿਆ-ਸ਼ਾਖਾ ਨਾਲ ਸੰਪਰਕ ਕਰ ਸਕਦੇ ਹਨ।

# ਜਗਜੀਤ ਸਿੰਘ ਬਾਗ਼ੀ ਦੀ ਯਾਦ ਨੂੰ ਸਮਰਪਤ ਸੈਮੀਨਾਰ ਭਲਕੇ

## ਪੱਤਰਕਾਰ ਜਤਿੰਦਰ ਪਨੂੰ ਤੇ ਹਮੀਰ ਸਿੰਘ ਮੁੱਖ ਬੁਲਾਰੇ ਹੋਣਗੇ



**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਇਲਾਕੇ ਦੇ ਉੱਘੇ ਸੁਤੰਤਰਤਾ ਸੰਗਰਾਮੀ, ਕਿਸਾਨ ਤੇ ਟਰੇਡ ਯੂਨੀਅਨ ਆਗੂ ਕਾਮਰੇਡ ਜਗਜੀਤ ਸਿੰਘ ਬਾਗੀ, ਜੋ ਨਜ਼ਦੀਕੀ ਪਿੰਡ ਕੋਟਲਾ ਸਮਸ਼ਪੁਰ ਦੇ ਜੰਮਪਲ ਸਨ, ਜਿਨ੍ਹਾਂ ਆਪਣੀ ਜ਼ਿੰਦਗੀ ਦੇ ਕੀਮਤੀ ਪਲ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ਾਂ ਨਾਲ ਮੱਥਾ ਲਾਇਆ ਅਤੇ ਦੱਬੇ ਕੁਚਲੇ ਕਿਸਾਨਾਂ-ਮਜ਼ਦੂਰਾਂ ਦੇ ਹੱਕ ਵਿੱਚ ਤਸੀਹੇ ਝੱਲੇ ਤੇ ਜੇਲ੍ਹ ਵੀ ਕੱਟੀ।ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸੈਮੀਨਾਰ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਤੇ ਕੰਗ ਪਰਵਾਰ ਵੱਲੋਂ ਫਰੰਟ ਦੇ ਦਫਤਰ 'ਬਾਗੀ ਭਵਨ' ਵਿਖੇ 6 ਨੂੰ ਆਯੋਜਿਤ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੀਪ ਦਿਲਬਰ, ਇੰਦਰਜੀਤ ਸਿੰਘ ਕੰਗ ਤੇ ਦਵਿੰਦਰ ਸਿੰਘ ਜਟਾਣਾ ਨੇ ਦੱਸਿਆ ਕਿ ਇਸੇ ਸੈਮੀਨਾਰ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਹਮੀਰ ਸਿੰਘ ਜੋ ਪੰਜਾਬ ਦੀ ਅਜੋਕੀ ਰਾਜਨੀਤੀ, ਰਾਜਨੀਤਕ ਪਾਰਟੀਆਂ ਦੀ ਪੰਜਾਬ ਪ੍ਰਤੀ ਦੇਣ ਤੇ ਅਰਥਚਾਰਾ ਵਿਸ਼ੇ 'ਤੇ ਅਤੇ ਜਤਿੰਦਰ ਪੰਨੂੰ (ਸੀਨੀਅਰ ਪੱਤਰਕਾਰ) ਜੋ ਇਰਾਨ-ਅਮਰੀਕਾ-ਇਜ਼ਰਾਇਲ ਜੰਗ ਦਾ ਵਿਸ਼ਵ ਵਿਆਪੀ ਪ੍ਰਭਾਵ ਤੇ ਜਗਜੀਤ ਸਿੰਘ ਬਾਗੀ ਦੀ ਸੋਚ ਬਾਰੇ ਆਪਣੇ ਵਿਚਾਰ ਰੱਖਣਗੇ।ਇਨ੍ਹਾਂ ਤੋਂ ਇਲਾਵਾ ਸੈਮੀਨਾਰ ਵਿੱਚ ਸ਼ਾਮਲ ਹੋਰ ਬੁੱਧੀਜੀਵੀ ਤੇ ਸੂਝਵਾਨ ਸ਼ਖਸੀਅਤਾਂ ਆਪਣੇ ਵਿਚਾਰ ਸਾਂਝੇ ਕਰਨਗੀਆਂ।ਇਸ ਮੌਕੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਕੀਤੀ ਸੇਵਾਵਾਂ ਬਦਲੇ 'ਲਾਈਫ਼ ਟਾਈਮ ਐਚੀਵਮੈਂਟ ਐਵਾਰਡ' ਨਾਲ ਸਨਮਾਨਤ ਕੀਤਾ ਜਾਵੇਗਾ।

ਉਨ੍ਹਾਂ ਪੰਜਾਬ ਤੇ ਦੁਨੀਆਂ ਪ੍ਰਤੀ ਚਿੰਤਕ ਸੋਚ ਰੱਖਣ ਵਾਲੀਆਂ ਸ਼ਖਸੀਅਤਾਂ ਨੂੰ ਇਸ ਸੈਮੀਨਾਰ ਵਿੱਚ ਭਾਗ ਲੈਣ ਦੀ ਅਪੀਲ ਕੀਤੀ।ਇਸ ਮੌਕੇ ਉਪਰੋਕਤ ਤੋਂ ਇਲਾਵਾ ਅਮਰਜੀਤ ਸਿੰਘ ਬਾਲਿਓਂ ਪ੍ਰਧਾਨ, ਕਰਮਜੀਤ ਸਿੰਘ ਕੰਗ ਯੂ. ਐੱਸ. ਏ., ਦਰਸ਼ਨ ਸਿੰਘ ਕੰਗ, ਕਾਮਰੇਡ ਭਜਨ ਸਿੰਘ, ਸ਼ਵਿੰਦਰ ਸਿੰਘ, ਸੁਰਿੰਦਰ ਕੁਮਾਰ, ਮਾ. ਪ੍ਰੇਮ ਨਾਥ, ਘੋਲਾ, ਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਮਾਊਂਟ ਲਰਨਿੰਗ ਜੂਨੀਅਰ ਸਕੂਲ ਵਿਖੇ ਹਵਨ ਯੱਗ ਨਾਲ ਨਵੇਂ ਸੈਸ਼ਨ ਦਾ ਆਗਾਜ਼

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਥਾਨਕ ਮਾਊਂਟ ਲਰਨਿੰਗ ਜੂਨੀਅਰ ਸਕੂਲ ਫਰੀਦਕੋਟ ਵਿਖੇ ਨਵੇਂ ਅਕਾਦਮਿਕ ਵਰ੍ਹੇ ਦੀ ਸ਼ੁਰੂਆਤ ਬੜੇ ਹੀ ਸ਼ਰਧਾ ਤੇ ਉਤਸ਼ਾਹ ਨਾਲ ਕੀਤੀ ਗਈ।ਇਸ ਮੌਕੇ ਸਕੂਲ ਕੈਂਪਸ ਵਿੱਚ ਇੱਕ ਵਿਸ਼ੇਸ਼ ਹਵਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਸਕੂਲ ਪ੍ਰਬੰਧਕੀ ਕਮੇਟੀ, ਸਟਾਫ਼ ਤੇ ਵਿਦਿਆਰਥੀਆਂ ਨੇ ਸਰਬੱਤ ਦੇ ਭਲੇ ਤੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਅਰਦਾਸ ਕੀਤੀ।ਹਵਨ ਸਮਾਰੋਹ ਵਿੱਚ ਸਕੂਲ ਦੇ ਮੈਨੇਜਰ ਇੰਜੀਨੀਅਰ ਚਮਨ ਲਾਲ ਗੁਲਾਟੀ, ਸ਼੍ਰੀਮਤੀ ਸਵਿਤਾ ਗੁਲਾਟੀ, ਡਾਇਰੈਕਟਰ ਪੰਕਜ ਗੁਲਾਟੀ ਤੇ ਪ੍ਰਿੰਸੀਪਲ ਸੀਮਾ ਗੁਲਾਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਨੇ ਪਵਿੱਤਰ ਅਗਨੀ ਵਿੱਚ ਆਹੂਤੀਆਂ ਪਾ ਕੇ ਨਵੇਂ ਸੈਸ਼ਨ ਦੀ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ।ਵਿਦਿਆਰਥੀਆਂ ਤੇ ਸਮੂਹ ਸਟਾਫ਼ ਮੈਂਬਰਾਂ ਨੇ ਵੀ ਇਸ ਧਾਰਮਿਕ ਅਨੁਸ਼ਠਾਨ ਵਿੱਚ ਪੂਰੀ ਸ਼ਰਧਾ ਨਾਲ ਹਿੱਸਾ ਲਿਆ।ਸਕੂਲ ਦੇ ਪਹਿਲੇ ਦਿਨ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਦਾ ਨਿੱਘਾ ਸਵਾਗਤ ਕਰਨ ਲਈ ਹਰ ਜਮਾਤ ਵਿੱਚ ਵਿਸ਼ੇਸ਼ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ ਸੀ।ਇਸ ਮੌਕੇ ਪ੍ਰਿੰਸੀਪਲ ਸੀਮਾ ਗੁਲਾਟੀ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਮੁੱਖ ਉਦੇਸ਼ ਬੱਚਿਆਂ ਨੂੰ ਮਿਆਰੀ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨਾ ਹੈ।ਇਸ ਸਾਲ ਨਵੇਂ ਪਾਠਕ੍ਰਮ ਦੇ ਨਾਲ-ਨਾਲ ਤਕਨੀਕੀ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਤਾਂ ਜੋ ਵਿਦਿਆਰਥੀ ਹਰ ਖੇਤਰ ਵਿੱਚ ਮੱਲਾਂ ਮਾਰ ਸਕਣ।ਅੰਤ ਵਿੱਚ ਪ੍ਰਬੰਧਕਾਂ ਨੇ ਸਾਰੇ ਵਿਦਿਆਰਥੀਆਂ ਦੇ ਸੁਖਦ ਤੇ ਸਫ਼ਲ ਭਵਿੱਖ ਦੀ ਕਾਮਨਾ ਕਰਦਿਆਂ ਸੈਸ਼ਨ ਦੀ ਰਸਮੀ ਸ਼ੁਰੂਆਤ ਕੀਤੀ।

# ਹੋਲੀ ਹਾਰਟ ਸਕੂਲ ਵਿਖੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ

**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਬੜੇ ਉਤਸ਼ਾਹ, ਉਮੀਦਾਂ ਤੇ ਨਵੀਂ ਸੋਚ ਨਾਲ ਕੀਤੀ ਗਈ।ਸਕੂਲ ਦੇ ਅਧਿਆਪਕਾਂ ਨੇ ਨਵੇਂ ਸੈਸ਼ਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪਾਠਕ੍ਰਮ ਦੀ ਵਿਸਥਾਰ ਨਾਲ ਯੋਜਨਾ ਤਿਆਰ ਕੀਤੀ ਹੈ, ਜਿਸ ਵਿੱਚ ਸਿੱਖਿਆ ਦੇ ਨਾਲ-ਨਾਲ ਨੈਤਿਕ ਮੁੱਲਾਂ, ਅਨੁਸ਼ਾਸਨ ਤੇ ਸਰਗਰਮ ਗਤੀਵਿਧੀਆਂ 'ਤੇ ਵੀ ਖਾਸ ਧਿਆਨ ਦਿੱਤਾ ਜਾ ਰਿਹਾ ਹੈ।ਕਲਾਸਰੂਮਾਂ ਨੂੰ ਸੁੰਦਰ ਤੇ ਆਕਰਸ਼ਕ ਢੰਗ ਨਾਲ ਸਜਾਇਆ ਗਿਆ ਹੈ ਤਾਂ ਜੋ ਬੱਚਿਆਂ ਵਿੱਚ ਪੜ੍ਹਾਈ ਪ੍ਰਤੀ ਰੁਚੀ ਤੇ ਉਤਸ਼ਾਹ ਵਧ ਸਕੇ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤੋਂ ਇਲਾਵਾ ਸਕੂਲ ਵਿੱਚ ਆਧੁਨਿਕ ਸਿੱਖਣ ਦੇ ਤਰੀਕਿਆਂ ਨੂੰ ਅਪਨਾਉਂਦੇ ਹੋਏ ਸਮਾਰਟ ਕਲਾਸਾਂ, ਵਿਗਿਆਨਕ ਸੋਚ ਤੇ ਤਕਨੀਕੀ ਗਿਆਨ ਨੂੰ ਵੀ ਵਧਾਵਾ ਦਿੱਤਾ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀ ਸਮੇਂ ਦੇ ਨਾਲ ਕਦਮ ਮਿਲਾ ਸਕਨ।

# ਵਿਜੇ ਨਗਰ ਕਲੋਨੀ ਵਿਖੇ ਕਾਂਗਰਸ ਵਰਕਰਾਂ ਵੱਲੋਂ ਮੀਟਿੰਗ

## ਕਾਂਗਰਸ ਪਾਰਟੀ ਹਰ ਵਰਗ ਦੀ ਅਵਾਜ਼ ਬਣ ਕੇ ਚੋਣ ਲੜੇਗੀ : ਰਾਜ ਬਖਸ਼ ਕੰਬੋਜ



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)**-2027 ਦੇ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਦੀ ਸਿਆਸਤ ਦਾ ਮਾਹੌਲ ਹੌਲੀ-ਹੌਲੀ ਗਰਮ ਹੋ ਰਿਹਾ ਹੈ ਤੇ ਇਸ ਮਾਹੌਲ ਵਿੱਚ ਕਾਂਗਰਸ ਪਾਰਟੀ ਨੇ ਲੋਕਾਂ ਦੇ ਮੁੱਦਿਆਂ ਨੂੰ ਮੁੱਖ ਰੱਖ ਕੇ ਆਪਣੀਆਂ ਰਾਜਨੀਤਕ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤੀਆਂ ਹਨ। ਜਲਾਲਾਬਾਦ ਸ਼ਹਿਰ ਦੀ ਵਿਜੇ ਨਗਰ ਕਲੋਨੀ ਵਿਸ਼ਾਲ ਛਾਬੜਾ ਦੇ ਗ੍ਰਹਿ ਵਿਖੇ ਕਾਂਗਰਸ ਪਾਰਟੀ ਦੇ ਵਰਕਰਾਂ ਦੀ ਰੱਖੀ ਮੀਟਿੰਗ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓਬੀਸੀ ਡਿਪਾਰਮੈਂਟ ਦੇ ਚੇਅਰਮੈਨ ਤੇ ਪੰਜਾਬ ਇਲੈਕਸ਼ਨ ਕਮੇਟੀ ਦੇ ਮੈਂਬਰ ਰਾਜ ਬਖਸ਼ ਕੰਬੋਜ ਨੇ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਦੇ ਹਰ ਵਰਗ ਦੇ ਲੋਕਾਂ ਦੀ ਅਵਾਜ਼ ਬਣ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਲੜੇਗੀ ਤੇ ਲੋਕਾਂ ਦੇ ਅਧਿਕਾਰਾਂ ਲਈ ਮਜ਼ਬੂਤ ਹੋ ਕੇ ਮੈਦਾਨ ਵਿੱਚ ਉਤਰੇਗੀ। ਰਾਜ ਬਖਸ਼ ਕੰਬੋਜ ਨੇ ਕਿਹਾ ਕਿ ਪੰਜਾਬ ਦੇ ਲੋਕ ਅੱਜ ਮਹਿੰਗਾਈ, ਬੇਰੁਜ਼ਗਾਰੀ, ਕਿਸਾਨੀ ਸੰਕਟ, ਵਪਾਰ ਮੰਦੀ ਵਿੱਚ ਤੇ ਨਸ਼ਿਆਂ ਜੈਸੀ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਇਸ ਸਮੇਂ ਇੱਕ ਐਸੀ ਪਾਰਟੀ ਦੀ ਲੋੜ ਹੈ, ਜੋ ਲੋਕਾਂ ਦੀ ਸਮੱਸਿਆ ਤੋਂ ਰਾਹਤ ਦੇਣ ਲਈ ਜ਼ਮੀਨੀ ਪੱਧਰ 'ਤੇ ਕੰਮ ਕਰੇ, ਉਹ ਕਾਂਗਰਸ ਪਾਰਟੀ ਹੀ ਕਰ ਸਕਦੀ ਹੈ। ਰਾਜ ਬਖਸ਼ ਕੰਬੋਜ ਨੇ ਦੱਸਿਆ ਕਿ ਕਾਂਗਰਸ ਪਾਰਟੀ ਹਮੇਸ਼ਾ ਆਮ ਲੋਕਾਂ, ਕਿਸਾਨਾਂ ਮਜ਼ਦੂਰਾਂ, ਨੌਜਵਾਨਾਂ, ਵਪਾਰੀਆਂ ਤੇ ਮਿਡਲ ਕਲਾਸ ਦੇ ਲੋਕਾਂ ਦੇ ਹਿੱਤਾਂ ਲਈ ਸੰਘਰਸ਼ ਕਰਦੀ ਰਹਿੰਦੀ ਹੈ ਅਤੇ ਪੂਰੀ ਲਗਨ ਨਾਲ ਜ਼ਿੰਮੇਵਾਰੀ ਨਿਭਾਉਂਦੀ ਹੈ। ਉਸ ਨੇ ਕਿਹਾ ਕਿ ਅੱਜ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ, ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਮੁੱਲ, ਵਪਾਰੀਆਂ ਨੂੰ ਆਪਣੀ ਸੁਰੱਖਿਆ ਤੇ ਆਮ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੀਆਂ ਲੋੜਾਂ ਦੀ ਜ਼ਰੂਰਤ ਹੈ। ਕਾਂਗਰਸ ਪਾਰਟੀ ਸਾਰੇ ਮੁੱਦਿਆਂ ਨੂੰ ਲੈ ਕੇ ਲੋਕਾਂ ਵਿੱਚ ਜਾ ਰਹੀ ਹੈ ਤੇ ਹਰ ਵਰਗ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਦੀ ਅਵਾਜ਼ ਬਣੇਗੀ।

# ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਫੜਨ ਦੀ ਮੰਗ

## ਇਨਸਾਫ ਨਾ ਮਿਲਣ 'ਤੇ ਸੰਘਰਸ਼ ਹੋਰ ਤੇਜ਼ ਕਰਨ ਦੀ ਚੇਤਾਵਨੀ



**ਸਿਰਸਾ (ਜਗਤਾਰ ਸਮਾਲਸਰ)**

ਨਾਮਧਾਰੀ ਮਾਤਾ ਚੰਦ ਕੌਰ ਵੈੱਲਫੇਅਰ ਤੇ ਜਸਟਿਸ ਸੁਸਾਇਟੀ ਦੀ ਇੱਕ ਅਹਿਮ ਮੀਟਿੰਗ ਨਾਮਧਾਰੀ ਗੁਰਦੁਆਰਾ ਸ੍ਰੀ ਜੀਵਨ ਨਗਰ ਵਿਖੇ ਹੋਈ।ਸੁਸਾਇਟੀ ਮੈਂਬਰਾਂ ਨੇ ਕਿਹਾ ਕਿ 10 ਸਾਲ ਪਹਿਲਾਂ 4 ਅਪ੍ਰੈਲ 2016 ਨੂੰ ਨਾਮਧਾਰੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਮਾਤਾ ਚੰਦ ਕੌਰ ਦਾ ਕਤਲ ਹੋਇਆ ਸੀ, ਪਰ ਕਾਤਲ ਅਜੇ ਤੱਕ ਨਹੀਂ ਫੜੇ ਗਏ, ਜਿਸ ਕਾਰਨ ਇਸ ਮਾਮਲੇ ਵਿੱਚ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਹੈ।ਇਸ ਮੌਕੇ ਪ੍ਰਧਾਨ ਸੁਖਦੇਵ ਸਿੰਘ ਨਾਮਧਾਰੀ ਨੇ ਕਿਹਾ ਕਿ ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਫੜਨ ਲਈ ਸਮੇਂ-ਸਮੇਂ 'ਤੇ ਸਰਕਾਰ ਨੂੰ ਬੇਨਤੀਆਂ ਕੀਤੀਆਂ ਗਈਆਂ ਹਨ।ਦਿੱਲੀ ਦੇ ਜੰਤਰ-ਮੰਤਰ ਵਿਖੇ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ।ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਫੜਨ ਦੀ ਮੰਗ ਕਰਦੇ ਹੋਏ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਗਏ ਤੇ ਸਾਲ 2020 ਵਿੱਚ ਇਸ ਮਾਮਲੇ ਸਬੰਧੀ ਪ੍ਰਧਾਨ ਮੰਤਰੀ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਸੀ, ਪਰ ਅਜੇ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।ਸੁਸਾਇਟੀ ਦੇ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਮਾਤਾ ਜੀ ਦੇ ਕਾਤਲਾਂ ਨੂੰ ਜਲਦੀ ਤੋਂ ਜਲਦੀ ਫੜਿਆ ਜਾਵੇ ਤੇ ਮਾਤਾ ਜੀ ਤੇ ਨਾਮਧਾਰੀ ਭਾਈਚਾਰੇ ਨੂੰ ਇਨਸਾਫ਼ ਦਿਵਾਇਆ ਜਾਵੇ।ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਜੇਕਰ ਸਰਕਾਰ ਇਸ ਮਾਮਲੇ ਵਿੱਚ ਠੋਸ ਕਦਮ ਨਹੀਂ ਚੁੱਕਦੀ ਹੈ ਤਾਂ ਇਨਸਾਫ਼ ਲਈ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਮਾਸਟਰ ਸੁਖਦੇਵ ਸਿੰਘ ਨਾਮਧਾਰੀ, ਮੀਤ ਪ੍ਰਧਾਨ ਦਵਿੰਦਰ ਸਿੰਘ ਫਗਵਾੜਾ, ਮੀਤ ਪ੍ਰਧਾਨ ਜਸਪਾਲ ਸਿੰਘ ਸੰਤਾਵਾਲੀ, ਮਾਸਟਰ ਇਕਬਾਲ ਸਿੰਘ, ਬਲਵਿੰਦਰ ਸਿੰਘ ਡੁਗਰੀ, ਪਲਵਿੰਦਰ ਸਿੰਘ, ਮੁਖਤਿਆਰ ਸਿੰਘ, ਹਰਭੇਜ ਸਿੰਘ, ਬਲਕਾਰ ਸਿੰਘ, ਸਰਪੰਚ ਸਵਿੰਦਰ ਸਿੰਘ ਭੱਲਾ ਸੰਤਨਗਰ, ਮਹਾਂ ਸਿੰਘ ਆਦਿ ਮੌਜੂਦ ਸਨ।

# ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਮਹਾਂ ਕਿਸਾਨ ਰੈਲੀ 10 ਨੂੰ : ਦੌਲਤਪੁਰਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ 10 ਅਪ੍ਰੈਲ ਨੂੰ ਜੋ ਜ਼ਿਲ੍ਹਾ ਦਫਤਰ ਮੋਗਾ ਵਿਖੇ ਬੀ.ਕੇ.ਯੂ. ਲੱਖੋਵਾਲ ਦੀ ਕਿਸਾਨ ਮਹਾਂਰੈਲੀ ਹੋ ਰਹੀ ਸੀ, ਉਹ ਰੈਲੀ ਮੌਸਮ ਦੀ ਖਰਾਬੀ ਕਾਰਨ ਰੈਲੀ ਸਥਾਨ ਬਦਲ ਕੇ ਫਿਰੋਜ਼ਪੁਰ ਰੋਡ ਪਿੰਡ ਦੁੱਨੇਕੇ ਵਿੰਡਸਰ ਪੈਲੇਸ ਵਿਖੇ ਕੀਤਾ ਗਿਆ ਹੈ ਸੋ ਸਾਰੇ ਕਿਸਾਨ ਭਰਾਵਾਂ ਨੂੰ ਬੇਨਤੀ ਹੈ ਕਿ 10 ਅਪ੍ਰੈਲ ਨੂੰ ਹੋਣ ਵਾਲੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮਹਾਂ ਕਿਸਾਨ ਰੈਲੀ ਹੁਣ ਵਿੰਡਸਰ ਪੈਲਸ ਫਿਰੋਜ਼ਪੁਰ ਰੋਡ ਦੁੱਨੇਕੇ ਮੋਗਾ ਵਿਖੇ 10 ਵਜੇ ਹੋਵੇਗੀ। ਪੰਜਾਬ ਦੇ ਸਮੁੱਚੇ ਕਿਸਾਨ ਆਗੂਆਂ ਨੂੰ ਅਪੀਲ ਹੈ ਕਿ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਕਿਸਾਨ ਮਹਾਂ ਰੈਲੀ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਸ਼੍ਰੀ ਰਕੇਸ਼ ਟਿਕੈਤ, ਚੌਧਰੀ ਯੁੱਧਵੀਰ ਜਰਨਲ ਸੈਕਟਰੀ ਭਾਰਤ, ਡਾਕਟਰ ਪਿਆਰੇ ਲਾਲ ਗਰਗ, ਡਾਕਟਰ ਅਮਰਦੀਪ ਸਿੰਘ ਚੀਮਾ ਕਿਸਾਨ ਰੈਲੀ ਨੂੰ ਸੰਬੋਧਨ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਅਨੁਸ਼ਾਸਨੀ ਕਮੇਟੀ ਮੈਂਬਰ ਹਰਜੀਤ ਸਿੰਘ ਮਨਾਵਾਂ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਬਲਕਰਨ ਸਿੰਘ ਢਿੱਲੋਂ, ਮੀਤ ਪ੍ਰਧਾਨ ਜਗਸੀਰ ਸਿੰਘ ਜੱਗੀ ਬਾਘਾ ਪੁਰਾਣਾ, ਕਰਮ ਸਿੰਘ ਢਿੱਲੋਂ, ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਨਾਲ ਸਬ ਕਮੇਟੀ ਦੀ ਮੀਟਿੰਗ 7 ਨੂੰ : ਹਰਪਾਲ ਚੀਮਾ

## ਵਿੱਤ ਮੰਤਰੀ ਦੇ ਹਲਕਾ ਦਿੜ੍ਹਬਾ ਵਿਖੇ ਠੇਕਾ ਮੁਲਾਜ਼ਮਾਂ ਵੱਲੋਂ ਝੰਡਾ ਮਾਰਚ ਰਹੇਗਾ ਜਾਰੀ : ਸੂਬਾ ਆਗੂ

**ਲੌਂਗੋਵਾਲ (ਪ੍ਰਦੀਪ ਸੱਪਲ)**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਹਲਕਾ ਦਿੜ੍ਹਬਾ ਵਿਖੇ ਵੱਖ-ਵੱਖ ਪਿੰਡਾਂ ਅੰਦਰ ਲਗਾਤਾਰ 21 ਮਾਰਚ ਤੋਂ ਚੱਲ ਰਹੇ ਝੰਡਾ ਮਾਰਚ ਦੇ ਸੰਘਰਸ਼ ਦੇ ਜ਼ੋਰ 'ਤੇ 2 ਅਪ੍ਰੈਲ ਨੂੰ ਦਿੜ੍ਹਬਾ ਪ੍ਰਸ਼ਾਸਨ ਵੱਲੋਂ ਲਿਖਤੀ ਮੀਟਿੰਗ ਕਰਵਾਉਣ ਦਾ ਸੱਦਾ ਦਿੱਤਾ ਗਿਆ ਸੀ, ਇਹ ਮੀਟਿੰਗ ਸਬ ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਰੱਖੀ ਗਈ ਸੀ।

ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਸੂਬਾ ਆਗੂ ਬਲਿਹਾਰ ਸਿੰਘ ਸ਼ੇਰ ਸਿੰਘ ਲੌਂਗੋਵਾਲ, ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂ, ਸਿਮਰਨਜੀਤ ਸਿੰਘ ਨੀਲੋ, ਲਛਮਣ ਸਿੰਘ, ਗੁਰਪ੍ਰੀਤ ਸਿੰਘ ਢਿੱਲੋਂ, ਜਗਸੀਰ ਸਿੰਘ ਭੰਗੂ, ਪਵਨਦੀਪ ਸਿੰਘ, ਜਸਪ੍ਰੀਤ ਗਗਨ ਨੂੰ ਮੀਟਿੰਗ ਲਈ ਬੁਲਾਇਆ ਗਿਆ।ਵਿੱਤ ਮੰਤਰੀ ਨਾਲ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੂਬਾ ਆਗੂਆਂ ਵੱਲੋਂ ਦੋ ਟੁੱਕ ਆਖ ਕੇ ਇਹ ਗੱਲ ਪਹਿਲਾਂ ਹੀ ਨਿਬੇੜ ਦਿੱਤੀ ਗਈ ਕਿ ਉਹ ਪੰਜਾਬ ਅੰਦਰ ਜਿੰਨੇ ਵੀ ਠੇਕੇਦਾਰ ਕੰਪਨੀਆਂ ਸੋਸਾਇਟੀਆਂ ਆਊਟਸੋਰਸ ਇੰਨਲਿਸਟਮੈਂਟ ਆਦਿ ਰਾਹੀਂ ਰੱਖੇ ਕੱਚੇ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਲਿਆ ਕੇ ਰੈਗੂਲਰ ਕਰਨ ਦਾ ਨੋਟੀਫਿਕੇਸ਼ਨ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਜਾਵੇ ਜਾਂ ਠੇਕਾ ਮੁਲਾਜ਼ਮਾਂ ਨੂੰ ਘੱਟੋ-ਘੱਟ 1948 ਐਕਟ ਮੁਤਾਬਿਕ ਪੰਦਰਵੀਂ ਲੇਬਰ ਕਾਨਫਰੰਸ ਅਨੁਸਾਰ ਤਨਖਾਹ ਦਿੱਤੀ ਜਾਵੇ।ਇਸ ਤੋਂ ਇਲਾਵਾ ਸੂਬਾ ਆਗੂਆਂ ਵੱਲੋਂ ਵਿੱਤ ਮੰਤਰੀ ਨਾਲ ਕੋਈ ਵੀ ਵਿਚਾਰ ਚਰਚਾ ਨਹੀਂ ਕੀਤੀ ਗਈ, ਜਿਸ ਨੂੰ ਵੇਖਦਿਆ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਫੌਰੀ ਤੌਰ 'ਤੇ 7 ਅਪ੍ਰੈਲ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਕਰਨ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਨਾਲ ਹੀ ਵੱਖ ਵੱਖ ਵਿਭਾਗਾਂ ਦੇ ਸਬੰਧਤ ਮੰਤਰੀਆਂ, ਪ੍ਰਮੁੱਖ ਸਕੱਤਰ, ਮੁੱਖ ਕਾਰਜਕਾਰੀ ਅਫਸਰ ਆਦਿ ਨੂੰ ਇਸ ਮੀਟਿੰਗ ਵਿੱਚ ਬਿਨਾਂ ਕਿਸੇ ਦੇਰੀ ਆਉਣ ਲਈ ਇੱਕ ਪੱਤਰ ਵੀ ਜਾਰੀ ਕੀਤਾ ਗਿਆ ਹੈ।

# ਖੇਤੀਬਾੜੀ ਮੰਤਰੀ ਨੇ ਚੰਨੂ 'ਚ ਫਸਲਾਂ ਦੇ ਨੁਕਸਾਨ ਦਾ ਲਿਆ ਜਾਇਜ਼ਾ

**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪਿਛਲੇ ਦਿਨੀਂ ਹੋਈ ਬੇਮੌਸਮੀ ਬਾਰਸ਼ ਤੇ ਗੜੇਮਾਰੀ ਕਾਰਨ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਸੰਭਵ ਮੱਦਦ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ



ਦੇ ਪਿੰਡ ਚੰਨੂ ਵਿਖੇ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਦੌਰਾਨ ਕੀਤਾ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਦੇਰੀ ਤੋਂ ਬੇਮੌਸਮੀ ਬਾਰਸ਼ ਤੇ ਗੜੇਮਾਰੀ ਨਾਲ ਹੋਏ ਫ਼ਸਲਾਂ ਦੇ ਨੁਕਸਾਨ ਦੀ ਤੁਰੰਤ ਸਪੈਸ਼ਲ ਗਿਰਦਾਵਰੀ ਕਰਵਾਈ ਜਾਵੇ ਤਾਂ ਜੋ ਸਮੇਂ ਸਿਰ ਕਿਸਾਨਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹੋਏ ਇਸ ਨੁਕਸਾਨ ਨੂੰ ਲੈ ਕੇ ਪੂਰੀ ਤਰ੍ਹਾਂ ਫਿਕਰਮੰਦ ਹੈ ਤੇ ਜਲਦ ਹੀ ਗਿਰਦਾਵਰੀ ਦਾ ਕੰਮ ਮੁਕੰਮਲ ਕਰਵਾ ਕੇ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇਗਾ।ਇਸ ਮੌਕੇ ਤਹਿਸੀਲਦਾਰ ਰੁਪਿੰਦਰ ਕੌਰ, ਪਟਵਾਰੀ ਪਰਮਿੰਦਰ ਸਿੰਘ, ਅਮਨਦੀਪ ਅਮਨਾ, ਰਾਜਾ ਸਿੰਘ ਚੰਨੂੰ, ਕਿਰਨਪਾਲ ਸਿੰਘ, ਜਸਕਰਨ ਸਿੰਘ ਜੱਸਾ, ਗੁਰਜੀਤ ਸਿੰਘ, ਡਾ. ਬਲਜਿੰਦਰ ਸਿੰਘ, ਗੁਰਸੇਵਕ ਸਿੰਘ ਹਾਜ਼ਰ ਸਨ।

# ਭੱਠਾ ਮਜ਼ਦੂਰ ਯੂਨੀਅਨ ਬਲਾਕ ਰਾਮਪੁਰਾ ਵੱਲੋਂ ਮੰਗਾਂ ਨੂੰ ਲੈ ਕੇ ਭਰਵੀਂ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭੱਠਾ ਮਜ਼ਦੂਰ ਯੂਨੀਅਨ ਬਲਾਕ ਰਾਮਪੁਰਾ ਵੱਲੋਂ ਪ੍ਰਧਾਨ ਜ਼ੋਰਾ ਸਿੰਘ ਫੂਲ ਦੀ ਪ੍ਰਧਾਨਗੀ ਹੇਠ ਫੂਲ ਕ੍ਰਿਸ਼ਨ ਵਾਲੇ ਭੱਠੇ 'ਤੇ ਭਰਵੀਂ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਇਲਾਕਾ ਰਾਮਪੁਰਾ ਅਧੀਨ ਪੈਂਦੇ ਵੱਖ ਵੱਖ ਭੱਠਿਆਂ ਦੇ ਮਜ਼ਦੂਰ ਸ਼ਾਮਲ ਹੋਏ ਤੇ ਮਜ਼ਦੂਰਾਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪ੍ਰਧਾਨ ਜ਼ੋਰਾ ਫੂਲ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਭੱਠਾ ਮਜ਼ਦੂਰਾਂ ਦੀਆਂ ਮੰਗਾਂ/ਸਮੱਸਿਆਵਾਂ ਨੂੰ ਲੈ ਕੇ ਭੱਠਾ ਮਾਲਕਾਂ ਖ਼ਿਲਾਫ਼ ਧਰਨਾ ਦਿੱਤਾ ਗਿਆ ਸੀ। ਇਸ ਮੌਕੇ ਭੱਠਾ ਮਾਲਕਾਂ ਨੇ ਮਜ਼ਦੂਰਾਂ ਦੀ ਇੱਕ ਮੰਗ ਮੰਨ ਕੇ ਕੱਚੀਆਂ ਇੱਟਾਂ ਦੀ ਟਰਾਲੀ ਭਰਨ ਬਦਲੇ ਮੌਜੂਦਾ ਸਮੇਂ ਚੱਲ ਰਹੇ ਰੇਟ ਵਿੱਚ 40/- ਪ੍ਰਤੀ ਹਜ਼ਾਰ ਦਾ ਵਾਧਾ ਕਰਕੇ ਇਹ ਰੇਟ 240/-ਰੁਪਏ ਪ੍ਰਤੀ ਹਜ਼ਾਰ ਕਰ ਦਿੱਤਾ ਸੀ, ਜਦੋਂ ਕਿ ਡੀ ਸੀ ਦਫਤਰ ਬਠਿੰਡਾ ਵੱਲੋਂ ਇਹ ਰੇਟ 312/- ਰੁਪਏ ਪ੍ਰਤੀ ਹਜ਼ਾਰ ਮਨਜ਼ੂਰ ਕੀਤਾ ਗਿਆ ਹੈ ਤੇ ਬਾਕੀ ਰਹਿੰਦੀਆਂ ਮੰਗਾਂ ਮੰਨਣ ਦਾ ਭਰੋਸਾ ਦੇਣ ਉਪਰੰਤ ਚੱਲ ਰਿਹਾ ਧਰਨਾ ਮੁਲਤਵੀ ਕਰ ਦਿੱਤਾ ਗਿਆ ਸੀ। ਉਨ੍ਹਾਂ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਬਾਕੀ ਰਹਿੰਦੀਆਂ ਮੰਗਾਂ ਸਬੰਧੀ ਭੱਠਾ ਮਾਲਕਾਂ ਨਾਲ ਸਮੇਂ ਸਮੇਂ ਕਈ ਵਾਰ ਗੱਲਬਾਤ ਕੀਤੀ ਗਈ। ਧਿਆਨ ਦਿਵਾਉਣ ਉਪਰੰਤ ਵੀ ਉਨ੍ਹਾਂ ਵੱਲੋਂ ਇਹ ਮੰਗਾਂ ਨਹੀਂ ਮੰਨੀਆਂ ਗਈਆਂ। ਉਨ੍ਹਾਂ ਬਾਕੀ ਰਹਿੰਦੀਆਂ ਮੰਗਾਂ ਬਾਰੇ ਦੱਸਿਆ ਕਿ ਜਿਵੇਂ ਕਿ ਭੱਠਿਆਂ ਤੇ ਮਸ਼ੀਨ ਨਾਲ ਘਾਣੀ/ਗਾਰਾ ਬਣਾਉਣ ਬਦਲੇ ਭੱਠਾ ਮਾਲਕਾਂ ਵੱਲੋਂ ਉਨ੍ਹਾਂ ਤੋਂ ਪ੍ਰਤੀ ਹਜ਼ਾਰ ਇੱਟ ਦੀ 225/- ਰੁਪਏ ਕਟੌਤੀ ਕਰਕੇ ਅੰਨ੍ਹੀਂ ਲੁੱਟ ਕੀਤੀ ਜਾ ਰਹੀ ਹੈ।ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਉਨ੍ਹਾਂ ਮੰਗ ਕੀਤੀ ਕਿ ਨਜਾਇਜ਼ ਕੀਤੀ ਜਾ ਇਹ ਕਟੌਤੀ ਤੁਰੰਤ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭੱਠਿਆਂ 'ਤੇ ਮਜ਼ਦੂਰਾਂ ਲਈ ਪੀਣ ਵਾਲੇ ਸਾਫ ਪਾਣੀ, ਪਖ਼ਾਨਿਆਂ ਤੇ ਪਥੇਰ ਲਈ ਕੋਠਿਆਂ ਦਾ ਪ੍ਰਬੰਧ ਕੀਤਾ ਜਾਵੇ, ਮਜ਼ਦੂਰਾਂ ਨੂੰ ਵਰਦੀਆਂ ਤੇ ਔਜਾਰਾਂ ਦੀ ਪੇਮੈਂਟ ਕੀਤੀ ਜਾਵੇ, ਭੱਠਾ ਮਜ਼ਦੂਰਾਂ ਨੂੰ 50 ਪ੍ਰਤੀਸ਼ਤ ਬੋਨਸ ਦਿੱਤਾ ਜਾਵੇ ਜੋ ਕਿ ਇਸ ਸਮੇਂ 14 ਪ੍ਰਤੀਸ਼ਤ ਦਿੱਤਾ ਜਾ ਰਿਹਾ ਹੈ।

ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਥੇਬੰਦੀ ਭੱਠੇ ਮਾਲਕਾਂ ਖ਼ਿਲਾਫ਼ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ। ਆਗੂਆਂ ਨੇ ਦੱਸਿਆ ਕਿ ਭਰਾਤਰੀ ਜਥੇਬੰਦੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਮਨਾਏ ਜਾਂਦੇ ਕੌਮਾਂਤਰੀ ਮਜ਼ਦੂਰ ਦਿਵਸ 'ਤੇ ਇਸ ਵਾਰ ਵੱਡੀ ਗਿਣਤੀ ਵਿੱਚ ਭੱਠਾ ਮਜ਼ਦੂਰ ਸ਼ਮੂਲੀਅਤ ਕਰਨਗੇ। ਇਸ ਮੌਕੇ ਮੀਟਿੰਗ ਵਿੱਚ ਮੀਤ ਪ੍ਰਧਾਨ ਜਗਸੀਰ ਸਿੰਘ, ਸੈਕਟਰੀ ਜਰਨੈਲ ਸਿੰਘ, ਕੁੱਕੂ ਸਿੰਘ ਰਾਮਪੁਰਾ, ਬੀ ਕੇ ਯੂ ਏਕਤਾ ਦੇ ਬਲਾਕ ਆਗੂ ਜਗਦੀਸ਼ ਸਿੰਘ ਰਾਮਪੁਰਾ, ਟੀਚਰ ਫਰੰਟ ਦੇ ਸੂਬਾ ਆਗੂ ਬੇਅੰਤ ਸਿੰਘ ਫੂਲੇਵਾਲਾ, ਬਾਦਲ ਸਿੰਘ ਰਾਮਪੁਰਾ, ਜਗਤਾਰ ਸਿੰਘ, ਮੱਖਣ ਸਿੰਘ, ਭੋਲਾ ਸਿੰਘ, ਮੱਗੂ ਸਿੰਘ, ਬਿੰਦਰ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਬੁੱਤ ਤੋੜਨ ਨਾਲ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਖਤਮ ਨਹੀਂ ਕੀਤਾ ਜਾ ਸਕਦਾ : ਕਾਲੀ ਪਾਇਲ



**ਦੋਰਾਹਾ (ਹਰਮਿੰਦਰ ਸੇਠ)**-ਡਾਕਟਰ ਅੰਬੇਡਕਰ ਨਵ-ਯੁਵਕ ਦਲ ਪੰਜਾਬ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪਿੰਡ ਨਵ੍ਹਾਂ ਜੱਟਾਂ ਵਿਖੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਬੁੱਤ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰੇ ਤੇ ਸਖ਼ਤ ਸਜ਼ਾ ਦਾ ਪ੍ਰਾਵਧਾਨ ਕਰੇ।ਉਨ੍ਹਾਂ ਕਿਹਾ ਕਿ ਵਾਰ-ਵਾਰ ਡਾ. ਅੰਬੇਡਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣਾ ਕਿਸੇ ਗਹਿਰੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ ਤੇ ਪੰਜਾਬ ਦੇ ਮਾਹੌਲ ਨੂੰ ਹੋਰ ਖਰਾਬ ਕਰਨ ਦੀ ਸਾਜ਼ਿਸ਼ ਘੜੀ ਜਾ ਰਹੀ ਹੈ, ਜੋ ਬਹੁਤ ਚਿੰਤਾਜਨਕ ਹੈ।ਗੁਰਦੀਪ ਸਿੰਘ ਕਾਲੀ ਨੇ ਕਿਹਾ ਪੰਜਾਬ ਅੰਦਰ ਆਪ ਸਰਕਾਰ ਦੇ ਚਲਦਿਆਂ ਹੁਣ ਤੱਕ 9 ਵਾਰ ਬਾਬਾ ਸਾਹਿਬ ਦੇ ਬੁੱਤਾਂ ਦੀ ਬੇਅਦਬੀ ਹੋ ਚੁੱਕੀ ਹੈ, ਇਸ ਤੋਂ ਸਪਸ਼ਟ ਹੈ ਕਿ ਮੌਜੂਦਾ ਆਮ ਆਦਮੀ ਪਾਰਟੀ ਅਤੇ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਬਹੁਜਨ ਮਹਾਂਪੁਰਸ਼ਾਂ ਨੂੰ ਜਲੀਲ ਕਰ ਰਹੀ ਹੈ, ਇਸ ਤੋਂ ਸਪੱਸ਼ਟ ਹੈ ਕਿ ਏਜੰਸੀਆਂ ਪੰਜਾਬ ਦਾ ਮਾਹੌਲ ਖਰਾਬ ਕਰਕੇ ਅੰਬੇਡਕਰਵਾਦੀ ਲੋਕਾਂ ਤੇ ਸਿੱਖਾਂ ਨੂੰ ਆਪਸ ਵਿੱਚ ਲੜਾਉਣਾ ਚਾਹੁੰਦੀਆਂ ਹਨ, ਪ੍ਰੰਤੂ ਪੰਜਾਬ ਦੇ ਲੋਕ ਆਰ ਐੱਸ ਐੱਸ ਦੇ ਇਨ੍ਹਾਂ ਮਨਸੂਬਿਆਂ ਨੂੰ ਪੰਜਾਬ ਅੰਦਰ ਕਾਮਯਾਬ ਨਹੀਂ ਹੋਣ ਦੇਣਗੇ।ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਇਹ ਚੁੱਪ ਸਾਬਿਤ ਕਰਦੀ ਹੈ ਕਿ ਕੇਂਦਰ ਤੇ ਪੰਜਾਬ ਦੀਆਂ ਦੋਵੇਂ ਸਰਕਾਰਾਂ ਦੀ ਮਾਨਸਿਕਤਾ ਅੰਬੇਡਕਰ ਵਿਰੋਧੀ ਹੈ ਤੇ ਇਹ ਪਾਰਟੀਆਂ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।ਇਨ੍ਹਾਂ ਅੰਬੇਡਕਰ ਵਿਰੋਧੀ ਮਾਨਸਿਕਤਾ ਵਾਲੀਆਂ ਸਰਕਾਰਾਂ ਨੂੰ ਲੋਕ ਸਬਕ ਜ਼ਰੂਰ ਦੇਣਗੇ।

# ਰੇਲਵੇ ਸਟੇਸ਼ਨ 'ਤੇ ਨਵੇਂ ਬਣੇ ਸ਼ੈੱਡ ਯਾਤਰੀਆਂ ਲਈ ਬਣੇ ਸਮੱਸਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਰੇਲਵੇ ਸਟੇਸ਼ਨ 'ਤੇ ਹਾਲ ਹੀ 'ਚ ਬਣਾਏ ਗਏ ਨਵੇਂ ਸ਼ੈੱਡ ਯਾਤਰੀਆਂ ਲਈ ਸੁਵਿਧਾ ਦੀ ਬਜਾਏ ਸਮੱਸਿਆਵਾਂ ਦਾ ਕਾਰਨ ਬਣ ਰਹੇ ਹਨ।ਤੇਜ਼ ਬਾਰਿਸ਼ ਤੇ ਹਵਾ ਦੌਰਾਨ ਇਹ ਸ਼ੈੱਡ ਯਾਤਰੀਆਂ ਨੂੰ ਢੰਗ ਦੀ ਸੁਰੱਖਿਆ ਨਾ ਦੇਣ ਤੋਂ ਇਲਾਵਾ ਉਨ੍ਹਾਂ ਦੇ ਉੱਤੇ ਡਿੱਗ ਵੀ ਸਕਦੇ ਹਨ।ਤਾਜ਼ਾ ਮੀਂਹ ਦੌਰਾਨ ਵੇਖਿਆ ਗਿਆ ਕਿ ਸ਼ੈੱਡਾਂ ਦੀਆਂ ਚਾਦਰਾਂ ਹਵਾ ਨਾਲ ਉਖੜ ਰਹੀਆਂ ਹਨ, ਜੋ ਕੰਮ ਦੀ ਗੁਣਵੱਤਾ 'ਤੇ ਪ੍ਰਸ਼ਨ ਚਿੰਨ੍ਹ ਲਗਾ ਰਹੇ ਹਨ।ਇਸ ਨਾਲ ਸਿਰਫ ਯਾਤਰੀਆਂ ਨੂੰ ਅਸੁਵਿਧਾ ਹੋ ਰਹੀ ਹੈ, ਸਗੋਂ ਉਨ੍ਹਾਂ ਦੀ ਸੁਰੱਖਿਆ ਵੀ ਖਤਰੇ 'ਚ ਪੈਂਦੀ ਜਾਪਦੀ ਹੈ।ਇਸ ਤੋਂ ਇਲਾਵਾ, ਇਹ ਸ਼ੈੱਡ ਧੁੱਪ ਤੋਂ ਵੀ ਕੋਈ ਬਚਾਅ ਨਹੀਂ ਕਰ ਰਹੇ।ਤੇਜ਼ ਧੁੱਪ ਦੇ ਸਮੇਂ ਸ਼ੈੱਡ ਦੀ ਉਚਾਈ ਕਾਫ਼ੀ ਜ਼ਿਆਦਾ ਹੋਣ ਕਾਰਨ ਧੁੱਪਾਂ ਤੋਂ ਨਹੀਂ ਢੱਕ ਸਕਦੇ, ਜਿਸ ਕਾਰਨ ਨਾ ਤਾਂ ਬਾਰਿਸ਼ ਤੋਂ ਬਚਾਅ ਹੁੰਦਾ ਹੈ ਤੇ ਨਾ ਹੀ ਤਿੱਖੀ ਧੁੱਪ ਤੋਂ।ਇਸ ਤਰ੍ਹਾਂ ਦਾ ਖ਼ਰਾਬ ਡਿਜ਼ਾਈਨ ਤੇ ਕੰਮ ਦੀ ਬੇਤਰਤੀਬੀ ਦੀ ਜਾਂਚ ਤੋਂ ਬਗੈਰ ਹੀ ਇਸ ਨੂੰ ਪਾਸ ਕਿਵੇਂ ਕੀਤਾ ਗਿਆ, ਇਹ ਵੀ ਗੰਭੀਰ ਸਵਾਲ ਖੜ੍ਹਾ ਕਰ ਰਿਹਾ ਹੈ।ਇਸ ਤਰ੍ਹਾਂ ਜਾਪਦਾ ਹੈ ਕਿ ਸੰਬੰਧਤ ਅਧਿਕਾਰੀਆਂ ਵੱਲੋਂ ਯਾਤਰੀਆਂ ਦੀ ਸੁਰੱਖਿਆ ਤੇ ਸੁਵਿਧਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ।ਸ਼ਹਿਰੀਆਂ ਨੇ ਮੰਗ ਕੀਤੀ ਹੈ ਕਿ ਇਸ ਪ੍ਰਾਜੈਕਟ ਨੂੰ ਪਾਸ ਕਰਨ ਵਾਲੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ ਤਾਂ ਜੋ ਸ਼ੈੱਡ ਯਾਤਰੀਆਂ ਲਈ ਸਹੀ ਅਰਥਾਂ 'ਚ ਲਾਹੇਵੰਦ ਸਾਬਿਤ ਹੋ ਸਕਨ।

# ਵਿਧਾਇਕ ਤੇ ਚੇਅਰਮੈਨ ਨੇ ਸੜਕ 'ਤੇ ਪ੍ਰੀਮਿਕਸ ਪਵਾਉਣ ਦਾ ਕੰਮ ਸ਼ੁਰੂ ਕਰਾਇਆ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਪੰਜਾਬ ਨੂੰ ਨਵੀਆਂ ਲੀਹਾਂ 'ਤੇ ਲਿਜਾਣ ਲਈ ਆਏ ਦਿਨ ਪੰਜਾਬ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾ ਰਹੇ ਹਨ। ਇਸੇ ਤਹਿਤ ਅੱਜ ਹਲਕਾ ਨਿਹਾਲ ਸਿੰਘ ਵਾਲਾ ਦੇ ਇਤਿਹਾਸਕ ਪਿੰਡ ਮਧੇਕੇ ਤੋਂ ਖਾਈ ਤੱਕ ਜਾਣ ਵਾਲੀ ਲਿੰਕ ਸੜਕ ਤੇ ਪ੍ਰੀਮੈਕਸ ਪਵਾਉਣ ਦਾ ਕੰਮ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਚੇਅਰਮੈਨ ਪਲੈਨਿੰਗ ਬੋਰਡ ਤੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਨੇ ਸ਼ੁਰੂ ਕਰਵਾਇਆ।ਇਸ ਮੌਕੇ ਵਿਧਾਇਕ ਬਿਲਾਸਪੁਰ ਨੇ ਦੱਸਿਆ ਕਿ ਜਿੱਥੇ ਪੂਰੇ ਪੰਜਾਬ ਦੀਆਂ ਸੜਕਾਂ ਦੇ ਨਵੀਨੀਕਰਨ ਦੇ ਕੰਮ ਚੱਲ ਰਹੇ ਹਨ, ਉੱਥੇ ਹੀ ਹਲਕਾ ਨਿਹਾਲ ਸਿੰਘ ਵਾਲਾ ਵਿੱਚ ਵੀ ਸੜਕਾਂ ਦੇ ਨਵੀਨੀਕਰਨ ਤੇ ਮੁਰੰਮਤ ਦੇ ਕੰਮ ਪੂਰੇ ਜੋਰ-ਸ਼ੋਰ ਨਾਲ ਚੱਲ ਰਹੇ ਹਨ, ਜਿੱਥੇ ਹਲਕੇ ਦੀਆਂ ਕੁੱਝ ਸੜਕਾਂ ਬਣ ਚੁੱਕੀਆਂ ਹਨ, ਉੱਥੇ ਹੀ ਕੁੱਝ ਸੜਕਾਂ ਦਾ ਕੰਮ ਚੱਲ ਰਿਹਾ ਹੈ ਤੇ ਜਿਹੜੀਆਂ ਰਹਿੰਦੀਆਂ ਹਨ, ਉਨ੍ਹਾਂ ਦਾ ਕੰਮ ਵੀ ਵਾਰੀ ਸਿਰ ਸ਼ੁਰੂ ਹੋ ਜਾਵੇਗਾ।ਇਸ ਮੌਕੇ ਚੇਅਰਮੈਨ ਬਰਿੰਦਰ ਮਧੇਕੇ ਨੇ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ, ਉੱਥੇ ਹੀ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦਾ ਵੀ ਧੰਨਵਾਦ ਕੀਤਾ ਜੋ ਉਨ੍ਹਾਂ ਦੇ ਪਿੰਡ ਤੋਂ ਖਾਈ ਤੱਕ ਜਾਣ ਵਾਲੀ ਸੜਕ ਦਾ ਕੰਮ ਸ਼ੁਰੂ ਕਰਵਾਇਆ ਹੈ।ਇਸ ਮੌਕੇ ਚੇਅਰਮੈਨ ਬਲਾਕ ਸੰਮਤੀ ਹਰਜਿੰਦਰ ਸਿੰਘ ਕੋਕਰੀ, ਜ਼ਿਲ੍ਹਾ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ, ਬਲਾਕ ਸੰਮਤੀ ਮੈਂਬਰ ਖੜਗਸੈਨ ਸਿੰਘ ਸੈਦੋਕੇ, ਸਰਪੰਚ ਹਰਪ੍ਰੀਤ ਸਿੰਘ ਗੱਗੀ ਸੈਦੋਕੇ, ਹਰਵਿੰਦਰ ਸਿੰਘ ਜੇ ਈ, ਵਰਿੰਦਰ ਸਿੰਘ ਬਿਲਾਸਪੁਰ, ਮੇਜਰ ਸਿੰਘ ਦੀਨਾ ਸਾਹਿਬ ਤੋਂ ਇਲਾਵਾ ਹੋਰ ਵੀ ਵਲੰਟੀਅਰ ਹਾਜ਼ਰ ਸਨ।

# ਪੰਜਾਬੀ 'ਵਰਸਿਟੀ ਦੇ ਕਾਂਸਟੀਚਿਊਐਂਟ ਕਾਲਜਾਂ 'ਚ ਦਾਖ਼ਲੇ ਸ਼ੁਰੂ



**ਧੂਰੀ/ਸਰਦੂਲਗੜ੍ਹ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ/ਅਵਤਾਰ ਜਟਾਣਾ)**-ਡਾਇਰੈਕਟਰ, ਕਾਂਸਟੀਚੂਐਂਟ ਕਾਲਜਾਂ ਦੇ ਦਫ਼ਤਰ ਵਿਖੇ ਸੈਸ਼ਨ 2026-27 ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਾਂਸਟੀਚੂਐਂਟ ਕਾਲਜਾਂ ਵਿਖੇ ਦਾਖ਼ਲਿਆਂ ਦੇ ਸਬੰਧ ਵਿਚ ਇਕੱਤਰਤਾ ਹੋਈ, ਜਿਸ ਦੀ ਪ੍ਰਧਾਨਗੀ ਡੀਨ, ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਨੇ ਕੀਤੀ।ਇਕੱਤਰਤਾ ਵਿੱਚ ਯੂਨੀਵਰਸਿਟੀ ਕਾਲਜ ਬੇਨੜਾ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਤੋਂ ਇਲਾਵਾ ਸਮੂਹ ਕਾਂਸਟੀਚੂਐਂਟ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਵੀ ਸ਼ਿਰਕਤ ਕੀਤੀ।ਕਾਲਜ ਪ੍ਰਿੰਸੀਪਲ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ, ਅਕਾਦਮਿਕ ਮਾਮਲੇ ਨੇ ਕਿਹਾ ਕਿ ਯੂਨੀਵਰਸਿਟੀ ਕਾਲਜ ਵਿੱਦਿਅਕ ਤੌਰ 'ਤੇ ਪਛੜੇ ਖੇਤਰ ਵਿੱਚ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਖੋਲ੍ਹੇ ਗਏ ਸਨ।ਇਹ ਕਾਲਜ ਆਪਣੀ ਕਾਰਗੁਜ਼ਾਰੀ ਸਦਕਾ ਉੱਚ ਸਿੱਖਿਆ ਦੇ ਖੇਤਰ ਵਿੱਚ ਵਡੇਰਾ ਯੋਗਦਾਨ ਪਾ ਰਹੇ ਹਨ ਤੇ ਵਿੱਦਿਅਕ ਤੌਰ 'ਤੇ ਪੱਛੜੇ ਇਲਾਕਿਆਂ ਲਈ ਚਾਨਣ ਮੁਨਾਰਾ ਬਣ ਕੇ ਉੱਭਰੇ ਹਨ। ਉਨ੍ਹਾ ਕਿਹਾ ਕਿ ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਇਕੱਤਰਤਾ ਤੋਂ ਬਾਅਦ ਨਵੇਂ ਵਿੱਦਿਅਕ ਸੈਸ਼ਨ ਲਈ ਦਾਖ਼ਲੇ ਸ਼ੁਰੂ ਹੋ ਚੁੱਕੇ ਹਨ।ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਇਸ ਕਾਲਜ ਵਿੱਚ ਦਾਖ਼ਲ ਕਰਵਾਉਣ ਤਾਂ ਕਿ ਘੱਟ ਖ਼ਰਚੇ 'ਤੇ ਉਨ੍ਹਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਾਪਤ ਹੋ ਸਕੇ ਤੇ ਹਰ ਤਰ੍ਹਾਂ ਦੀਆਂ ਸਰਕਾਰੀ ਸਕੀਮਾਂ ਦਾ ਵਿਦਿਆਰਥੀ ਲਾਭ ਲੈ ਸਕਨ।

# ਜੇ ਕੇ ਐੱਸ ਪਬਲਿਕ ਸਕੂਲ ਨੇ ਸਥਾਪਨਾ ਦਿਵਸ ਮਨਾਇਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ.ਕੇ.ਐੱਸ. ਪਬਲਿਕ ਸਕੂਲ ਗੁਰੂ ਹਰਸਹਾਏ ਵਿਖੇ 24ਵੇਂ ਸਥਾਪਨਾ ਦਿਵਸ ਤੇ ਸਾਲਾਨਾ ਨਤੀਜਿਆਂ ਦੇ ਐਲਾਨ ਨੂੰ ਮੁੱਖ ਰੱਖਦੇ ਹੋਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਉਪਰੰਤ ਸਾਲਾਨਾ ਨਤੀਜਿਆਂ ਦਾ ਐਲਾਨ ਕੀਤਾ ਗਿਆ।ਮੈਨੇਜਮੈਂਟ ਮੈਂਬਰਾਂ, ਪ੍ਰਿੰਸੀਪਲ, ਅਧਿਆਪਕਾਂ, ਮਾਪਿਆਂ ਤੇ ਸੰਗਤਾਂ ਨੇ ਇਸ ਸ਼ੁਭ ਮੌਕੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਅਧਿਆਤਮਕ ਮਾਹੌਲ ਦਾ ਅਨੁਭਵ ਕੀਤਾ।ਰਸਭਿੰਨੇ ਕੀਰਤਨ ਦੀਆਂ ਸੁਰੀਲੀਆਂ ਧੁਨਾਂ ਪੂਰੇ ਕੈਂਪਸ ਵਿੱਚ ਗੂੰਜਦੀਆਂ ਰਹੀਆਂ ਤੇ ਸ਼ਰਧਾਮਈ ਮਾਹੌਲ ਬਣਿਆ।ਪ੍ਰੋਗਰਾਮ ਦੌਰਾਨ ਮੌਜੂਦ ਸੰਗਤਾਂ ਨੇ ਗੁਰੂ ਦੀਆਂ ਸਿੱਖਿਆਵਾਂ ਨੂੰ ਸੁਣਦੇ ਹੋਏ ਸੱਚਾਈ, ਸੇਵਾ, ਅਨੁਸ਼ਾਸਨ ਤੇ ਜੀਵਨ ਵਿੱਚ ਸਦਭਾਵਨਾ ਦੇ ਮਾਰਗ 'ਤੇ ਚੱਲਣ ਦਾ ਸੰਕਲਪ ਲਿਆ।ਅਜਿਹੇ ਧਾਰਮਿਕ ਸਮਾਗਮਾਂ ਨੇ ਸਾਰਿਆਂ ਦੇ ਮਨਾਂ ਵਿੱਚ ਸਕਾਰਾਤਮਕ ਊਰਜਾ ਤੇ ਅਧਿਆਤਮਿਕ ਜਾਗਰੂਕਤਾ ਭਰੀ।ਪਾਠ ਉਪਰੰਤ 2025-26 ਸੈਸ਼ਨ ਦੇ ਸਾਲਾਨਾ ਨਤੀਜੇ ਵੀ ਐਲਾਨੇ ਗਏ ਤੇ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਬਾਰੇ ਜਾਣਕਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ।ਨਵੇਂ ਅਕਾਦਮਿਕ ਸੈਸ਼ਨ 2026-27 ਦਾ ਵੀ ਉਦਘਾਟਨ ਕੀਤਾ ਗਿਆ, ਜਿਸ ਨਾਲ ਵਿਦਿਆਰਥੀਆਂ ਵਿੱਚ ਨਵਾਂ ਉਤਸ਼ਾਹ ਪੈਦਾ ਹੋਇਆ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰਸ਼ਾਦ ਤੇ ਲੰਗਰ ਵੰਡਿਆ ਗਿਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮੀਨੂੰ ਮੋਂਗਾ ਨੇ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਧਾਰਮਿਕ ਵਿਸ਼ਵਾਸ ਨੂੰ ਮਜ਼ਬੂਤ ? ?ਕਰਦੇ ਹਨ, ਬਲਕਿ ਸਮਾਜ ਵਿੱਚ ਕਦਰਾਂ-ਕੀਮਤਾਂ, ਏਕਤਾ ਤੇ ਸਕਾਰਾਤਮਕ ਸੋਚ ਨੂੰ ਵੀ ਉਤਸ਼ਾਹਤ ਕਰਦੇ ਹਨ।

# ਬਾਬਾ ਸਾਹਿਬ ਤੁਝੇ ਸਲਾਮ ਦੇ ਬੋਰਡ ਪਾੜਨ 'ਤੇ ਭੜਕਿਆ ਮਾਹੌਲ

## ਅੰਬੇਡਕਰ ਮਿਸ਼ਨ ਦਾ ਸਖ਼ਤ ਐਲਾਨ-ਇਹ ਬੇਅਦਬੀ ਨਹੀਂ, ਸਿੱਧਾ ਹਮਲਾ ਹੈ



**ਸੰਗਰੂਰ (ਪ੍ਰਵੀਨ ਸਿੰਘ)**

ਸ੍ਰੀ ਮਸਤੂਆਣਾ ਸਾਹਿਬ ਵਿਖੇ 12 ਅਪ੍ਰੈਲ ਨੂੰ ਕਰਵਾਏ ਜਾ ਰਹੇ ਸਾਲਾਨਾ ਪ੍ਰੋਗਰਾਮ ਬਾਬਾ ਸਾਹਿਬ ਤੁਝੇ ਸਲਾਮ ਤੋਂ ਪਹਿਲਾਂ ਹੀ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚ ਲਗਾਏ ਗਏ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਫਲੈਕਸ ਬੋਰਡ ਕੁਝ ਅਣਪਛਾਤੇ ਤੇ ਸ਼ਰਾਰਤੀ ਅਨਸਰਾਂ ਵੱਲੋਂ ਕਥਿਤ ਤੌਰ 'ਤੇ ਪਾੜ ਕੇ ਹਟਾਏ ਜਾਣ ਨਾਲ ਮਾਹੌਲ ਤਣਾਅਪੂਰਨ ਬਣ ਗਿਆ ਹੈ ਅਤੇ ਲੋਕਾਂ ਦੇ ਗੁੱਸੇ ਨੇ ਉਬਾਲ ਲੈ ਲਿਆ ਹੈ।ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਇਸ ਘਟਨਾ ਨੂੰ ਸਧਾਰਨ ਸ਼ਰਾਰਤ ਨਹੀਂ, ਸਗੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਸਮਾਨਤਾ ਦੇ ਸਿਧਾਂਤਾਂ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ।ਉਨ੍ਹਾਂ ਤਿੱਖੇ ਸ਼ਬਦਾਂ 'ਚ ਕਿਹਾ ਕਿ ਬੋਰਡ ਪਾੜਦੇ ਸਮੇਂ ਬਾਬਾ ਸਾਹਿਬ ਦੀ ਤਸਵੀਰ ਨਾਲ ਕੀਤੀ ਗਈ ਕਥਿਤ ਬੇਅਦਬੀ ਨੇ ਲੱਖਾਂ ਅਨੁਯਾਈਆਂ ਦੇ ਦਿਲਾਂ ਨੂੰ ਝੰਜੋੜ ਦਿੱਤਾ ਹੈ ਤੇ ਇਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਮਿਸ਼ਨ ਪਿਛਲੇ 27 ਸਾਲਾਂ ਤੋਂ ਲਗਾਤਾਰ ਬਾਬਾ ਸਾਹਿਬ ਦਾ ਜਨਮ ਦਿਹਾੜਾ ਮਨਾਉਂਦਾ ਆ ਰਿਹਾ ਹੈ ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਪ੍ਰੋਗਰਾਮ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ।ਇਸ ਲਈ ਸ਼ਹਿਰ ਦੇ ਹਰ ਕੋਨੇ 'ਚ ਸੈਂਕੜੇ ਫਲੈਕਸ ਬੋਰਡ ਲਗਾ ਕੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਸੀ, ਪਰ ਕੁਝ ਨਫ਼ਰਤੀ ਸੋਚ ਵਾਲੀਆਂ ਤਾਕਤਾਂ ਵੱਲੋਂ ਜਾਣਬੁੱਝ ਕੇ ਇਹ ਬੋਰਡ ਹਟਾ ਕੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।ਸ੍ਰੀ ਕਾਂਗੜਾ ਨੇ ਸਪੱਸ਼ਟ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਤੁਰੰਤ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਸਖਤ ਕਾਰਵਾਈ ਨਾ ਕੀਤੀ, ਤਾਂ ਭਾਰਤੀਯ ਅੰਬੇਡਕਰ ਮਿਸ਼ਨ ਆਪਣੇ ਹਮਖਿਆਲੀ ਸਾਥੀਆਂ ਨਾਲ ਮਿਲ ਕੇ ਸੰਗਰੂਰ ਤੋਂ ਲੈ ਕੇ ਸੂਬਾ ਪੱਧਰ ਤੱਕ ਵੱਡਾ ਸੰਘਰਸ਼ ਛੇੜੇਗੀ।ਇਸ ਮਾਮਲੇ ਸੰਬੰਧੀ ਵਫ਼ਦ ਨੇ ਗੁਲਜ਼ਾਰ ਸਿੰਘ ਬੌਬੀ ਮੈਂਬਰ ਐੱਸ ਸੀ ਕਮਿਸ਼ਨ ਪੰਜਾਬ ਤੇ ਐੱਸ.ਐੱਸ.ਪੀ. ਸੰਗਰੂਰ ਦੇ ਨਾਮ ਲਿਖਤੀ ਸ਼ਿਕਾਇਤ ਰਾਜੇਸ਼ ਛਿੱਬਰ ਐੱਸ ਪੀ ਐੱਚ ਸੰਗਰੂਰ ਨੂੰ ਦੇ ਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।ਅੰਤ ਵਿੱਚ ਦਰਸ਼ਨ ਸਿੰਘ ਕਾਂਗੜਾ ਨੇ ਦੁਹਰਾਇਆ ਕਿ ਭਾਰਤੀਯ ਅੰਬੇਡਕਰ ਮਿਸ਼ਨ ਇੱਕ ਗੈਰ-ਸਿਆਸੀ ਸਮਾਜਿਕ ਜਥੇਬੰਦੀ ਹੈ ਤੇ ਇਸ ਮਾਮਲੇ ਨੂੰ ਕਿਸੇ ਵੀ ਰਾਜਨੀਤਕ ਰੰਗ 'ਚ ਨਾ ਵੇਖਿਆ ਜਾਵੇ, ਪਰ ਜੇਕਰ ਇਨਸਾਫ਼ ਨਾ ਮਿਲਿਆ ਤਾਂ ਸੰਘਰਸ਼ ਹਰ ਹੱਦ ਤੱਕ ਜਾਵੇਗਾ।ਇਸ ਤੋਂ ਇਲਾਵਾ ਕਥਿਤ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਮਾਨਯੋਗ ਐੱਸ ਸੀ ਕਮਿਸ਼ਨ ਭਾਰਤ ਨੂੰ ਵੀ ਲਿਖਤੀ ਸ਼ਿਕਾਇਤ ਭੇਜੀ ਗਈ ਹੈ।ਇਸ ਮੌਕੇ ਭੁਪਿੰਦਰ ਸਿੰਘ ਨਹਿਲ ਪ੍ਰਧਾਨ ਨਗਰ ਕੌਂਸਲ ਸੰਗਰੂਰ, ਜਗਸੀਰ ਸਿੰਘ ਖੇੜੀ ਚੰਦਵਾ ਕੌਮੀ ਵਾਇਸ ਪ੍ਰਧਾਨ, ਰਾਹੁਲ ਕਾਂਗੜਾ, ਰਾਜਬੀਰ ਸਿੰਘ, ਮਨੋਜ ਕੁਮਾਰ, ਰਵੀ ਕੁਮਾਰ ਚੌਹਾਨ, ਕਮਲ ਜੰਡੂ, ਧਰਮਿੰਦਰ ਸਿੰਘ ਹੈਪੀ, ਸਾਜਨ ਕਾਂਗੜਾ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਬਦਲਾਅ ਨਹੀਂ, ਸਗੋਂ ਪੰਜਾਬ ਨਾਲ ਹੋਇਆ ਧੋਖਾ : ਚੌਹਾਨ

## ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਗਰੀਬ ਲੋਕਾਂ ਨਾਲ ਹੋ ਰਿਹੈ ਪੱਖਪਾਤ



**ਮਾਨਸਾ (ਆਤਮਾ ਸਿੰਘ ਪਮਾਰ)**-ਸੂਬੇ ਦੀ ਮਾਨ ਸਰਕਾਰ ਆਪਣੇ ਚਾਰ ਸਾਲਾ ਵਿਕਾਸ ਸਬੰਧੀ ਗੁੰਮਰਾਹ ਤੇ ਝੂਠ ਨੂੰ ਦੂਸਰੀ ਵਾਰ ਸੱਤਾ ਹਥਿਆਉਣ ਲਈ ਗੁੰਮਰਾਹ ਕਰਨ ਲੱਗੀ ਹੋਈ ਹੈ।ਜਦੋਂ ਕਿ ਅਮਲ 'ਚ ਪੰਜਾਬ ਦੀ ਤਸਵੀਰ ਬੜੀ ਤਰਸਯੋਗ ਤੇ ਡਰਾਉਣੀ ਬਣੀ ਹੋਈ ਹੈ।ਬੇਰੁਜ਼ਗਾਰੀ, ਨਸ਼ੇ, ਕਰਜ਼, ਲੁੱਟਾਂ ਖੋਹਾਂ, ਕਤਲੇਆਮ ਕਾਰਨ ਲੋਕਾਂ 'ਚ ਸਹਿਮ ਦਾ ਮਾਹੌਲ ਹੈ।ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਸੱਤਾ 'ਤੇ ਕਾਬਜ਼ ਆਪ ਪਾਰਟੀ ਨੇ ਬਦਲਾਅ ਦੇ ਅਖੌਤੀ ਨਾਅਰਿਆਂ ਨੇ ਨੌਜਵਾਨ ਵਰਗ, ਔਰਤਾਂ, ਕਿਸਾਨ ਮਜ਼ਦੂਰ ਸਮੇਤ ਆਮ ਲੋਕਾਂ ਗੁੰਮਰਾਹ ਕੀਤਾ ਗਿਆ ਸੀ, ਜਦੋਂ ਕਿ ਇਹ ਬਦਲਾਅ ਨਹੀਂ, ਸਗੋਂ ਪੂਰੇ ਪੰਜਾਬ ਨਾਲ ਧੋਖਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਨੇੜਲੇ ਪਿੰਡ ਉੱਭਾ ਵਿਖੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਗਰੀਬ ਲੋਕਾਂ ਨਾਲ ਹੋ ਰਹੇ ਵਿਤਕਰੇ ਖ਼ਿਲਾਫ਼ ਰੋਸ ਮੌਕੇ ਸ਼ਾਮਲ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਲੋੜਵੰਦ ਤੇ ਲਾਭਪਾਤਰੀਆਂ ਨੂੰ ਮਕਾਨਾਂ ਸਬੰਧੀ ਪਾਸ ਹੋਏ ਕੇਸਾਂ ਦੀਆਂ ਲਿਸਟਾਂ ਤੋਂ ਜਾਣੂ ਕਰਵਾਇਆ ਜਾਵੇ ਤੇ ਬਾਕੀ ਰਹਿੰਦੇ ਲੋੜਬੰਦ ਪਰਵਾਰਾਂ ਨੂੰ ਇਸ ਸਕੀਮ ਦਾ ਲਾਭ ਦਿਵਾਇਆ ਜਾਵੇ।ਇਸ ਵਿਤਕਰੇ ਖ਼ਿਲਾਫ਼ ਸਬੰਧਤ ਅਧਿਕਾਰੀਆਂ ਤੇ ਡਿਪਟੀ ਕਮਿਸ਼ਨਰ ਮਾਨਸਾ ਦੇ ਸਾਰਾ ਮਾਮਲਾ ਧਿਆਨ ਵਿੱਚ ਲਿਆਂਦਾ ਜਾਵੇਗਾ ਤੇ ਇਨਸਾਫ਼ ਦੀ ਮੰਗ ਕੀਤੀ ਜਾਵੇਗੀ।ਇਨਸਾਨ ਨਾ ਮਿਲਣ 'ਤੇ ਮਜਬੂਰੀ ਵੱਸ ਜਥੇਬੰਦੀ ਵੱਲੋਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਪੀ ਸਿੰਘ, ਸੁਖਪਾਲ ਸਿੰਘ ਸਮੇਤ ਲੋੜਵੰਦ ਪਰਵਾਰਾਂ ਨੇ ਸ਼ਮੂਲੀਅਤ ਕੀਤੀ।

# ਦਵਿੰਦਰ ਹਸਨਪੁਰ ਨੂੰ ਇਨਸਾਫ ਦਿਵਾਉਣ ਲਈ ਐੱਸ ਐੱਸ ਪੀ ਦਫਤਰ ਅੱਗੇ ਪੱਕਾ ਮੋਰਚਾ



**ਬੁਡਲਾਡਾ/ਮਾਨਸਾ (ਅਸ਼ੋਕ ਲਾਕੜਾ, ਪਮਾਰ)**

ਪਿੰਡ ਹਸਨਪੁਰ ਦੇ ਨੌਜਵਾਨ ਦਵਿੰਦਰ ਸਿੰਘ ਵੱਲੋਂ ਕੀਤੀ ਖੁਦਕੁਸ਼ੀ ਦੇ ਮਾਮਲੇ ਵਿੱਚ ਕਿਸਾਨ ਮਜ਼ਦੂਰ ਜਥੇਬੰਦੀਆਂ ਤੇ ਐਕਸ਼ਨ ਕਮੇਟੀ ਵੱਲੋਂ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਵਾਲੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਮਾਨਸਾ ਦੇ ਐੱਸ ਐੱਸ ਪੀ ਦਫਤਰ ਵਿਖੇ ਰੋਹ ਭਰਪੂਰ ਧਰਨਾ ਦੇ ਕੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਹੈ, ਦੱਸਣ ਮੁਤਾਬਕ ਪਿੰਡ ਹਸਨਪੁਰ ਦਾ ਨੌਜਵਾਨ ਦਵਿੰਦਰ ਸਿੰਘ ਬਰਨਾਲਾ ਪਿੰਡ ਦੇ ਪਰਿਵਾਰ ਤੋਂ ਤੰਗ ਆ ਕੇ ਬਰਨਾਲਾ ਪਿੰਡ ਦੇ ਵਿੱਚ ਸਲਫਾਸ ਖਾ ਕੇ ਖੁਦਕੁਸ਼ੀ ਕਰ ਗਿਆ ਸੀ, ਜਿਸ ਦਾ ਪਰਚਾ ਮਾਨਸਾ ਸਦਰ ਥਾਣੇ ਦੀ ਪੁਲਸ ਵੱਲੋਂ ਦਰਜ ਕੀਤਾ ਹੋਇਆ ਹੈ, ਪ੍ਰੰਤੂ ਇੱਕ ਦੋਸ਼ੀ ਨੂੰ ਜੇਲ੍ਹ ਭੇਜਣ ਤੋਂ ਬਾਅਦ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਬਾਵਜੂਦ ਵੀ ਜੇਲ੍ਹ ਨਹੀਂ ਭੇਜਿਆ ਗਿਆ, ਸਗੋਂ ਬੜੀ ਜਲਦਬਾਜ਼ੀ ਵਿੱਚ ਮਾਨਸਾ ਪੁਲਸ ਵੱਲੋਂ ਕੁਝ ਦਿਨਾਂ ਦੀ ਇਨਕੁਇਰੀ ਕਰਨ ਤੋਂ ਬਾਅਦ ਦੋ ਦੋਸ਼ੀਆਂ ਨੂੰ ਬੇਗੁਨਾਹ ਕੀਤਾ ਗਿਆ, ਜਿਸ ਦੇ ਰੋਸ ਵਜੋਂ ਪਿੰਡ ਹਸਨਪੁਰ ਦੇ ਇਲਾਕਾ ਨਿਵਾਸੀਆਂ ਤੇ ਜਥੇਬੰਦੀਆਂ ਨੇ ਇਹ ਪੱਕਾ ਮੋਰਚਾ ਸ਼ੁਰੂ ਕਰਦੇ ਮੰਗ ਕੀਤੀ ਕਿ ਨਾਮਜ਼ਦ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਜੇਲ ਭੇਜਿਆ ਜਾਵੇ।ਇਸ ਰੋਸ ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਪੰਜਾਬ ਕਿਸਾਨ ਯੂਨੀਅਨ ਤੇ ਐਕਸ਼ਨ ਕਮੇਟੀ ਹਸਨਪੁਰ ਅਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਬੁਲਾਰਿਆਂ ਨੇ ਐਲਾਨ ਕੀਤਾ ਕਿ ਦਵਿੰਦਰ ਸਿੰਘ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਤੱਕ ਤੇ ਦੋਸ਼ੀਆਂ ਨੂੰ ਨਾਮਜ਼ਦਗੀ ਕਰਕੇ ਜੇਲ੍ਹ ਭੇਜਣ ਤੱਕ ਇਹ ਪੱਕਾ ਮੋਰਚਾ ਜਾਰੀ ਰਹੇਗਾ। ਅੱਜ ਦੇ ਧਰਨੇ ਵਿੱਚ ਵੱਖ ਵੱਖ ਬੁਲਾਰਿਆਂ ਸੂਬਾ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ, ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀਬਾਘਾ, ਤਾਰਾ ਚੰਦ ਬਰੇਟਾ, ਸੱਤਪਾਲ ਸਿੰਘ ਬਰੇ, ਦੇਵੀਂ ਰਾਮ ਰੰਘੜਿਆਲ, ਦਰਸ਼ਨ ਸਿੰਘ ਗੁਰਨੇ ਕਲਾਂ, ਬਲਵਿੰਦਰ ਸ਼ਰਮਾ ਖਿਆਲਾਂ, ਬਲਜੀਤ ਸਿੰਘ ਭੈਣੀਬਾਘਾ, ਬਲਕਾਰ ਸਿੰਘ ਚਹਿਲਾਂ ਵਾਲੀ, ਹਰਬੰਸ ਸਿੰਘ ਟਾਡੀਆ,ਮੇਲਾ ਸਿੰਘ ਦਿਆਲੂ, ਜਸਪਾਲ ਸਿੰਘ ਉੱਭਾ, ਅਤੇ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਗੁਰਜੰਟ ਸਿੰਘ ਮਾਨਸਾ, ਨਰਿੰਦਰ ਕੌਰ ਮਾਨਸਾ, ਰਜਿੰਦਰ ਸਿੰਘ ਮਾਨਸ਼ਾਹੀਆ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਆਗੂ ਨਿਰਮਲ ਸਿੰਘ ਝੰਡੂਕੇ, ਫਰਦ ਕੇਂਦਰ ਕੰਪਿਊਟਰ ਐਜੂਕੇਸ਼ਨ ਦੇ ਰਮਨਦੀਪ ਸਿੰਘ ਆਦਿ ਵੱਲੋਂ ਸੰਬੋਧਨ ਕੀਤਾ ਗਿਆ।

# ਹਰਦੀਪ ਮੁੰਡੀਆਂ ਨੇ 'ਸੰਵਾਦ' ਮੀਟਿੰਗਾਂ 'ਚ ਸਰਕਾਰ ਦੀਆਂ ਗਿਣਾਈਆਂ ਉਪਲੱਬਧੀਆਂ

## ਜਨਤਕ ਇਕੱਠਾਂ ਰਾਹੀਂ ਸਰਕਾਰ ਦੀਆਂ ਨੀਤੀਆਂ ਲਈ ਸਮਰਥਨ ਦੀ ਅਪੀਲ



**ਲੁਧਿਆਣਾ (ਰਾਜ ਸਿੰਗਲਾ)**-ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸ਼ੁੱਕਰਵਾਰ ਨੂੰ ਪਿੰਡ ਚੌਂਤਾ, ਢੋਲਣਵਾਲ, ਮੰਡ ਚੌਂਤਾ ਤੇ ਸਲੇਮਪੁਰ ਵਿੱਚ 'ਸੰਵਾਦ' ਮੀਟਿੰਗਾਂ ਦੌਰਾਨ ਵਿਸ਼ਾਲ ਜਨਤਕ ਇਕੱਠਾਂ ਨੂੰ ਸੰਬੋਧਨ ਕੀਤਾ।ਉਨ੍ਹਾਂ ਪੰਜਾਬ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਇਤਿਹਾਸਕ ਪ੍ਰਾਪਤੀਆਂ ਦਾ ਜ਼ਿਕਰ ਕੀਤਾ।ਇਮਾਨਦਾਰ, ਪਾਰਦਰਸ਼ੀ ਤੇ ਲੋਕ-ਕੇਂਦ੍ਰਿਤ ਸ਼ਾਸਨ 'ਤੇ ਆਪਣਾ ਧਿਆਨ ਕੇਂਦਰਿਤ ਕਰਨ 'ਤੇ ਜ਼ੋਰ ਦਿੱਤਾ।ਮੰਤਰੀ ਮੁੰਡੀਆਂ ਨੇ ਕਿਹਾ ਕਿ ਸਰਕਾਰ ਨੇ ਸਿਰਫ਼ ਚਾਰ ਸਾਲਾਂ ਦੇ ਅੰਦਰ ਆਪਣੀਆਂ ਸਾਰੀਆਂ ਚੋਣਾਂ ਤੋਂ ਪਹਿਲਾਂ ਦੀਆਂ ਗਰੰਟੀਆਂ ਨੂੰ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ।ਉਨ੍ਹਾਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਸ ਸਕੀਮ ਲਈ ਰਜਿਸਟ੍ਰੇਸ਼ਨ 13 ਅਪ੍ਰੈਲ ਨੂੰ ਵਿਸਾਖੀ ਦੇ ਸ਼ੁਭ ਮੌਕੇ 'ਤੇ ਸ਼ੁਰੂ ਹੋਵੇਗੀ।ਇਸ ਸਕੀਮ ਦੇ ਤਹਿਤ 18 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ ਯੋਗ ਔਰਤਾਂ ਨੂੰ 1,000 ਰੁਪਏ ਦੀ ਮਾਸਿਕ ਵਿੱਤੀ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮਿਲੇਗੀ।ਅਨੁਸੂਚਿਤ ਜਾਤੀ ਸ਼੍ਰੇਣੀ ਨਾਲ ਸਬੰਧਤ ਔਰਤਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਦੀ ਵਧੀ ਹੋਈ ਰਕਮ ਮਿਲੇਗੀ।ਸਿਹਤ ਖੇਤਰ ਵਿੱਚ ਸਰਕਾਰ ਨੇ ਮਿਆਰੀ ਪ੍ਰਾਇਮਰੀ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਰਾਜ ਭਰ ਵਿੱਚ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਤੇ ਮੁੱਖ ਮੰਤਰੀ ਸਿਹਤ ਯੋਜਨਾ ਪੇਸ਼ ਕੀਤੀ ਹੈ ਜੋ ਪ੍ਰਤੀ ਪਰਵਾਰ 10 ਲੱਖ ਰੁਪਏ ਤੱਕ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ।ਰਾਜ ਦੇ ਸਿੱਖਿਆ ਖੇਤਰ ਵਿੱਚ ਸਿੱਖਿਆ ਬਜਟ ਵਿੱਚ ਕਈ ਗੁਣਾਂ ਵਾਧਾ ਹੋਣ ਨਾਲ ਇੱਕ ਵੱਡਾ ਬਦਲਾਅ ਆਇਆ ਹੈ।ਮੰਤਰੀ ਮੁੰਡੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਤੇ ਯੋਗ ਅਗਵਾਈ ਹੇਠ ਇਨ੍ਹਾਂ ਚਾਰ ਸਾਲਾਂ ਵਿੱਚ ਕਰੀਬ 70 ਸਾਲਾਂ ਤੋਂ ਪੈਂਡਿੰਗ ਪਏ ਕੰਮ ਪੂਰੇ ਕੀਤੇ ਗਏ ਹਨ।ਉਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਸਮਾਵੇਸ਼ੀ ਵਿਕਾਸ, ਪਾਰਦਰਸ਼ਤਾ ਅਤੇ ਸਾਰਿਆਂ ਲਈ ਭਲਾਈ ਦੇ ਮਿਸ਼ਨ ਦਾ ਸਮਰਥਨ ਕਰਦੇ ਰਹਿਣ।

# ਮਾਨ ਸਰਕਾਰ ਝੂਠੇ ਦਾਅਵਿਆਂ ਆਸਰੇ ਡੰਗ ਟਪਾ ਰਹੀ : ਸੁਖਬੀਰ ਬਾਦਲ

## ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਸੁਖਬੀਰ ਲਿਆਓ ਪੰਜਾਬ ਬਚਾਓ ਦੇ ਤਹਿਤ ਰੈਲੀ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਬਚਾਓ ਲੜੀ ਤਹਿਤ ਨਾਭਾ ਦੀ ਨਵੀਂ ਅਨਾਜ ਮੰਡੀ ਵਿਖੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਵਿਸ਼ਾਲ ਰੈਲੀ ਕੀਤੀ ਗਈ, ਜਿਸ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 2027 ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਸੰਬੰਧੀ ਅਕਾਲੀ ਦਲ ਦਾ ਵੀਜ਼ਨ ਹਲਕਾ ਵਾਸੀਆਂ ਨਾਲ ਸਾਂਝਾ ਕੀਤਾ।ਸੁਖਬੀਰ ਸਿੰਘ ਬਾਦਲ ਨੇ ਵਿਸ਼ਾਲ ਇੱਕਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਭਗਵੰਤ ਮਾਨ ਸਰਕਾਰ ਝੂਠੇ ਦਾਅਵਿਆਂ ਆਸਰੇ ਡੰਗ ਟਪਾ ਰਹੀ ਹੈ ਅਤੇ ਸਟੇਟ (ਪ੍ਰਦੇਸ਼) ਟਪਣ ਸਾਰ ਹੀ ਆਪਣੇ ਸ਼ਬਦ ਬਦਲਣ ਦੀ ਆਦੀ ਹੋ ਗਈ ਹੈ।ਉਨ੍ਹਾਂ ਕਿਹਾ ਕਿ ਗੁਜਰਾਤ ਜਾਂਦਿਆ ਹੀ ਕੇਜਰੀਵਾਲ ਅਤੇ ਭਗਵੰਤ ਮਾਨ ਦਾਅਵੇ ਕਰਦੇ ਹਨ ਕਿ ਪੰਜਾਬ ਵਿੱਚ ਔਰਤਾਂ ਨੂੰ 1000/- ਰੁਪਏ ਪ੍ਰਤੀ ਮਹੀਨਾ ਦੇ ਰਹੇ ਹਾਂ ਅਤੇ ਹਰ ਚਾਰ ਪਿੰਡਾਂ ਲਈ ਸਰਕਾਰੀ ਮੰਡੀਆਂ ਬਣਾ ਦਿੱਤੀਆਂ ਹਨ ਜਦਕਿ ਉਪਰੋਕਤ ਦਾਅਵੇ ਪੰਜਾਬ ਆਉਂਦੇ ਹੀ ਠੁੱਸ ਹੋ ਜਾਂਦੇ ਹਨ।ਉਨ੍ਹਾ ਕਿਹਾ ਕਿ ਪੰਜਾਬ ਵਿੱਚ ਖੇਤੀਬਾੜੀ, ਉਦਯੋਗ, ਸਿਹਤ, ਸਿੱਖਿਆ ਤੇ ਸੁਰੱਖਿਆ ਪੱਧਰ 'ਤੇ ਜਿੰਨਾ ਵਿਕਾਸ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ 22 ਸਾਲਾਂ ਦੇ ਕਾਰਜਕਾਲ ਵਿੱਚ ਕੀਤੇ ਹਨ, ਮੌਜੂਦਾ ਭਗਵੰਤ ਮਾਨ ਸਰਕਾਰ ਨੇ ਉਨਾ ਹੀ ਸੂਬੇ ਦਾ ਉਜਾੜਾ ਕਰ ਕੇ ਸੂਬੇ ਨੂੰ ਕੰਗਾਲੀ ਦੇ ਰਾਹ ਪਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਡੇਢ ਲੱਖ ਕਰੋੜ ਦੇ ਕਾਰਖਾਨੇ ਸਥਾਪਿਤ ਕਰਨ ਦੇ ਭਗਵੰਤ ਮਾਨ ਸਰਕਾਰ ਦੇ ਦਾਅਵੇ ਆਰਟੀਆਈ ਮੰਗੇ ਜਾਣ 'ਤੇ 26 ਸੌ ਕਰੋੜ ਦੇ ਅੰਕੜਿਆਂ ਤੱਕ ਸੀਮਤ ਹੋ ਜਾਂਦੇ ਹਨ।ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਮੇਂ ਸ਼ੁਰੂ ਲੋਕ ਭਲਾਈ ਸਕੀਮਾਂ ਨੂੰ ਪ੍ਰਫੁਲਿਤ ਅਤੇ ਵਧਾਉਣ ਬਜਾਏ 'ਆਪ' ਸਰਕਾਰ ਵੱਲੋਂ ਉਨ੍ਹਾਂ ਸਕੀਮਾਂ ਨੂੰ ਬੰਦ ਹੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਛੇ ਮਹੀਨੇ ਡੱਟ ਕੇ ਸ਼੍ਰੋਮਣੀ ਅਕਾਲੀ ਦਲ (ਬ) ਲਈ ਕੰਮ ਕਰਨ ਤੇ 'ਮਿਸ਼ਨ-2027' ਦੇ ਸਫਲ ਹੋਣ ਤੋਂ ਬਾਅਦ ਅਜਿਹੇ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ ਕਿ ਨੌਜਵਾਨਾਂ ਨੂੰ ਵਿਦੇਸ਼ ਜਾਣ ਦੀ ਲੋੜ ਹੀ ਨਹੀਂ ਪਵੇਗੀ।ਬਾਦਲ ਨੇ ਭਰਮੀ ਇੱਕਤਰਤਾ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੇ ਸਾਰ ਹਰ ਜ਼ਿਲ੍ਹੇ 'ਚ ਇਕ ਮੈਡੀਕਲ ਕਾਲਜ, ਕਬੱਡੀ ਤੇ ਹਾਕੀ ਦੀਆਂ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਟੂਰਨਾਮੈਂਟ, ਪਸ਼ੂ ਮੇਲੇ ਲਗਾਉਣ ਨਾਲ ਨੌਜਵਾਨਾਂ ਨੂੰ ਆਪਣੇ ਕੰਮ ਕਰਨ ਲਈ 10 ਲੱਖ ਰੁਪਏ ਦੀ ਰਾਸ਼ੀ ਬਿਨਾਂ ਵਿਆਜ ਤੋਂ ਦਿੱਤੀ ਜਾਵੇਗੀ। ਆਟਾ ਦਾਲ ਫਿਰ ਤੋਂ ਚਾਲੂ ਕਰ ਦਿੱਤੀ ਜਾਵੇਗੀ।ਇਸ ਮੌਕੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਵੱਲੋ ਹਲਕੇ ਦੀਆਂ ਪ੍ਰਮੁੱਖ ਸਮੱਸਿਆਵਾ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਾਣੂ ਕਰਾਇਆ ਗਿਆ, ਜਿਸ ਬਾਦ ਸੁਖਬੀਰ ਬਾਦਲ ਨੇ ਲਾਲਕਾ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਹੋਰ ਊਰਜਾ ਤੇ ਉਤਸ਼ਾਹ ਨਾਲ ਕੰਮ ਕਰਨ ਲਈ ਥਾਪੜਾ ਦਿੰਦਿਆਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੇ ਹਲਕਾ ਨਾਭਾ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਜਾਵੇਗਾ ਅਤੇ ਹਲਕੇ ਦੇ ਨੌਜਵਾਨਾਂ ਨੂੰ ਸਿੱਖਿਆ ਤੇ ਰੁਜ਼ਗਾਰ ਦੇਣ ਲਈ ਵਿਸ਼ੇਸ਼ ਉਦਯੋਗਿਕ ਪੈਕੇਜ ਦਿੱਤੇ ਜਾਣਗੇ।

ਇਸ ਮੌਕੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ, ਜਗਦੀਸ਼ ਸਿੰਘ ਲਾਲਕਾ ਅਤੇ ਸਮੂਹ ਵਰਕਰਾਂ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਨਮਾਨਤ ਕੀਤਾ ਗਿਆ।

# ਲੁੱਟਾਂ-ਖੋਹਾਂ ਦੀ ਤਿਆਰੀ ਕਰਦੇ ਗਰੋਹ ਦੇ ਚਾਰ ਮੈਂਬਰ ਕਾਬੂ, ਦੋ ਮੋਟਰਸਾਈਕਲ ਤੇ ਮਾਰੂ ਹਥਿਆਰ ਬਰਾਮਦ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਬ ਡਵੀਜ਼ਨ ਮਹਿਲ ਕਲਾਂ ਦੇ ਡੀ ਐੱਸ ਪੀ ਜਸਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਸ ਨੇ ਗਸ਼ਤ ਦੌਰਾਨ ਲੁੱਟਾਂ-ਖੋਹਾਂ ਦੀ ਤਿਆਰੀ ਕਰਦੇ ਗਰੋਹ ਦੇ ਚਾਰ ਮੈਂਬਰਾਂ ਨੂੰ ਕਾਬੂ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਉਨ੍ਹਾਂ ਦੱਸਿਆ ਕਿ ਮੁੱਖ ਅਫ਼ਸਰ ਗੁਰਪਾਲ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਸਮੇਤ ਪੁਲਸ ਟੀਮ ਗਸ਼ਤ ਕਰ ਰਹੀ ਸੀ। ਮਿਲੀ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਨੇੜੇ ਪੁਲ ਰਜਬਾਹਾ ਲਿੰਕ ਸੜਕ ਸਹੌਰ ਵਿਖੇ ਛਾਪੇਮਾਰੀ ਕੀਤੀ। ਇਸ ਦੌਰਾਨ ਲਵਪ੍ਰੀਤ ਸਿੰਘ ਲੱਭੂ ਆਵਾ ਬਸਤੀ ਬਰਨਾਲਾ, ਜਸਪ੍ਰੀਤ ਸਿੰਘ ਵਾਸੀ ਵਜੀਦਕੇ, ਮਨਪ੍ਰੀਤ ਸਿੰਘ ਮਨੀ ਭੱਦਲਵੱਡ ਤੇ ਗੁਰਪ੍ਰੀਤ ਸਿੰਘ ਗੈਂਡਾ ਵਾਸੀ ਅਮਲਾ ਸਿੰਘ ਵਾਲਾ ਨੂੰ ਕਾਬੂ ਕਰਕੇ ਇਨ੍ਹਾਂ ਕੋਲੋਂ ਬਿਨਾਂ ਨੰਬਰ ਵਾਲੇ ਦੋ ਮੋਟਰਸਾਈਕਲਾਂ ਸਮੇਤ ਕਿਰਚਾਂ, ਬੇਸਬਾਲ ਤੇ ਗੰਡਾਸਿਆਂ ਵਰਗੇ ਮਾਰੂ ਹਥਿਆਰ ਬਰਾਮਦ ਕੀਤੇ ਗਏ।ਪੁਲਸ ਅਨੁਸਾਰ ਗਰੋਹ ਦਾ ਇੱਕ ਹੋਰ ਮੈਂਬਰ ਹੈਪੀ ਸਿੰਘ ਵਾਸੀ ਵਜੀਦਕੇ ਕਲਾਂ ਮੌਕੇ ਤੋਂ ਭੱਜਣ 'ਚ ਕਾਮਯਾਬ ਹੋ ਗਿਆ, ਜਿਸ ਦੀ ਭਾਲ ਜਾਰੀ ਹੈ।ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਅਧੀਨ ਥਾਣਾ ਠੁੱਲੀਵਾਲ ਵਿਖੇ ਕੇਸ ਦਰਜ ਕਰਕੇ ਅਗਲੀ ਵਿਭਾਗੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਮੁਲਜ਼ਮ ਕਿਸਾਨਾਂ ਦੀਆਂ ਮੋਟਰਾਂ ਤੋਂ ਕੇਬਲ ਤਾਰਾਂ ਚੋਰੀ ਕਰਕੇ ਅੱਗੇ ਵੇਚਦੇ ਸਨ ਤੇ ਲੁੱਟਾਂ-ਖੋਹਾਂ ਦੀ ਵੱਡੀ ਵਾਰਦਾਤ ਦੀ ਤਿਆਰੀ ਕਰ ਰਹੇ ਸਨ।ਇਸ ਮੌਕੇ ਏ ਐੱਸ ਆਈ ਮਨਜਿੰਦਰ ਸਿੰਘ ਸ਼ੇਰਪੁਰ, ਮੈਡਮ ਗੁਰਮੀਤ ਕੌਰ, ਮਨਿੰਦਰ ਸਿੰਘ ਤੇ ਸਤਨਾਮ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਸੋਨੀ ਤੇ ਢੀਂਡਸਾ ਸਮੇਤ ਦਰਜਨਾਂ ਆਗੂਆਂ ਨੇ ਲਾਲ ਸਿੰਘ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਪਟਿਆਲਾ (ਰਾਜਿੰਦਰ ਸਿੰਘ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਖ਼ਜ਼ਾਨਾ ਮੰਤਰੀ ਸਵ. ਲਾਲ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਪਟਿਆਲਾ ਸਥਿਤ ਨਿਵਾਸ ਸਥਾਨ 'ਤੇ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ, ਪ੍ਰਸ਼ਾਸਨਕ ਤੇ ਪੁਲਸ ਅਧਿਕਾਰੀਆਂ ਦਾ ਤਾਂਤਾ ਲੱਗਿਆ ਹੋਇਆ ਹੈ।ਸਾਬਕਾ ਉਪ ਮੁੱਖ ਮੰਤਰੀ ਓ. ਪੀ. ਸੋਨੀ ਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਕਾਲੀ ਆਗੂ ਅਰਵਿੰਦ ਖੰਨਾ, ਸ਼ਿਵ ਸੈਨਾ ਆਗੂ ਪਵਨ ਗੁਪਤਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸਵ. ਲਾਲ ਸਿੰਘ ਦੇ ਪੁੱਤਰ ਰਾਜਿੰਦਰ ਸਿੰਘ (ਸਾਬਕਾ ਵਿਧਾਇਕ) ਤੇ ਸਮੁੱਚੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਸਬਕਾ ਉਪ ਮੁੱਖ ਮੰਤਰੀ ਓ ਪੀ ਸੋਨੀ ਨੇ ਕਿਹਾ ਕਿ ਸਵ. ਲਾਲ ਸਿੰਘ ਇਕ ਬੁੱਧੀਮਾਨ ਤੇ ਗ਼ੈਰ-ਵਿਵਾਦਤ ਆਗੂ ਸਨ, ਜਿਨ੍ਹਾਂ ਨੇ ਹਮੇਸ਼ਾ ਲੋਕ ਹਿੱਤਾਂ ਲਈ ਕੰਮ ਕੀਤਾ।ਉਨ੍ਹਾਂ ਕਿਹਾ ਕਿ ਲਾਲ ਸਿੰਘ ਨੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵੱਡਾ ਯੋਗਦਾਨ ਪਾਇਆ ਤੇ ਉਨ੍ਹਾਂ ਦੇ ਵਿਰੋਧੀ ਪਾਰਟੀਆਂ ਨਾਲ ਵੀ ਹਮੇਸ਼ਾ ਸੁਖਾਵੇਂ ਸਬੰਧ ਰਹੇ।ਅਫ਼ਸੋਸ ਪ੍ਰਗਟ ਕਰਨ ਵਾਲਿਆਂ 'ਚ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਜਸਕਰਨ ਸਿੰਘ ਏ ਡੀ ਜੀ ਪੀ (ਰਿਟ:), ਹਨੀ ਸੇਖੋਂ, ਸਾਬਕਾ ਮੇਅਰ ਸੰਜੀਵ ਸ਼ਰਮਾ ਬਿੱਟੂ, ਰਜਿੰਦਰ ਸਿੰਘ ਈਗਲ ਮੋਟਲ ਰਾਜਪੁਰਾ, ਪਰਮਜੀਤ ਸਿੰਘ ਸਿੰਘ ਜੱਜ, ਨਰਿੰਦਰ ਭਾਰਗਵ ਆਈ ਜੀ (ਰਿਟ:), ਹਰਵਿੰਦਰ ਸਿੰਘ, ਰਾਮ ਸਿੰਘ ਸਨੌਰ, ਜੱਸਾ ਸਿੰਘ ਇੰਸਪੈਕਟਰ ਪੁਲਸ (ਰਿਟ:), ਤਰਸੇਮ ਸਿੰਘ ਝੰਡੀ, ਰਾਜ ਕੁਮਾਰ ਡਕਾਲਾ, ਨਾਇਬ ਸਿੰਘ, ਹਰਮੇਲ ਸਿੰਘ ਮਕਰੋੜ, ਵਿਸਾਖੀ ਸਿੰਘ ਮਕੌਰੜ, ਕੁਲਦੀਪ ਸਿੰਘ ਥਿੰਦ, ਸਰਪੰਚ ਦਵਿੰਦਰ ਸਿੰਘ ਰਾਮਗੜ੍ਹ, ਦਮੋਦਰ ਸਿੰਘ, ਗੋਪਾਲ ਸਿੰਘ ਸੋਮਪਾਲ ਬਲਬੇੜਾ ਸਮੇਤ ਵੱਡੀ ਗਿਣਤੀ 'ਚ ਪਤਵੰਤੇ ਸੱਜਣ ਸ਼ਾਮਲ ਸਨ।ਲਾਲ ਸਿੰਘ ਦੀ ਅੰਤਿਮ ਅਰਦਾਸ 10 ਅਪ੍ਰੈਲ ਦੁਪਿਹਰ 12 ਵਜੇ ਤੋਂ ਦੁਪਹਿਰ 1 ਵਜੇ ਤੱਕ ਗੁਰਦੁਆਰਾ ਸ੍ਰੀ ਮੋਤੀ ਬਾਗ ਪਟਿਆਲਾ ਵਿਖੇ ਹੋਵੇਗੀ।

# ਰਾਏ ਵੱਲੋਂ ਡਵੀਜ਼ਨ ਦਫਤਰ ਵਿਖੇ ਬਰੇਕਰ ਦਾ ਉਦਘਾਟਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਡਵੀਜ਼ਨ ਦਫਤਰ ਸਰਹਿੰਦ ਵਿਖੇ 66 ਕੇਵੀ ਗਰਿਡ ਵਿੱਚ ਕੀਤੇ ਗਏ ਸਧਾਰਾਂ ਦੇ ਲਈ ਉਦਘਾਟਨ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰਾਏ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਕਹਿਣੀ ਅਤੇ ਕਰਨੀ ਦੀ ਇੱਕ ਹੈ, ਜਿਸ ਨੇ ਜਨਤਾ ਦੇ ਨਾਲ ਕੀਤੇ ਗਏ ਵਾਅਦੇ ਇੱਕ ਇੱਕ ਕਰਕੇ ਪੂਰੇ ਕੀਤੇ ਹਨ ਅਤੇ ਆਮ ਜਨਤਾ ਨੂੰ ਬੁਨਿਆਦੀ ਸਹੂਲਤਾਂ ਮੁਹਈਆ ਕਰਵਾਉਣ ਦੇ ਲਈ ਦਿਨ ਰਾਤ ਮਿਹਨਤ ਕੀਤੀ ਜਾ ਰਹੀ ਹੈ।ਇਸੇ ਤਹਿਤ ਆਉਣ ਵਾਲੇ ਗਰਮੀ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਬਿਜਲੀ ਸਪਲਾਈ ਵਿੱਚ ਹੋਰ ਸੁਧਾਰ ਲਿਆਉਣ ਲਈ 66 ਕੇਵੀ ਗਰਿਡ ਡਵੀਜ਼ਨ ਸਰਹੰਦ ਵਿਖੇ 14 ਨਵੇਂ ਬਰੇਕਰ ਲਗਾਏ ਗਏ ਹਨ, ਜਿਨ੍ਹਾਂ 'ਤੇ ਅਨੁਮਾਨਤ ਖਰਚ ਇੱਕ ਕਰੋੜ ਰੁਪਏ ਆਇਆ ਹੈ।

ਇਸ ਤੋਂ ਇਲਾਵਾ ਗੋਲਡਨ ਸਿਟੀ ਦੇ ਲਈ ਇੱਕ ਨਵਾਂ ਫੀਡਰ ਬਣਾਇਆ ਗਿਆ ਹੈ, ਜਿਸ 'ਤੇ ਅਨੁਮਾਨਤ ਲਾਗਤ 48 ਲੱਖ ਰੁਪਏ ਖਰਚਾ ਆਇਆ ਹੈ।ਅੱਜ ਰਸਮੀ ਤੌਰ 'ਤੇ ਇਸ ਦਾ ਉਦਘਾਟਨ ਕੀਤਾ ਗਿਆ ਹੈ।ਇਸ ਤੋਂ ਇਲਾਵਾ ਜਿਲਾ ਫਤਿਹਗੜ੍ਹ ਸਾਹਿਬ ਨੂੰ ਆਰ ਡੀ ਐੱਸ ਐੱਸ ਵੱਲੋਂ 60 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ, ਜਿਸ ਦੇ ਵਿੱਚ 39 ਕਰੋੜ ਰੁਪਏ ਡਵੀਜ਼ਨ ਸਰਹੰਦ ਦੇ ਬਿਜਲੀ ਸੁਧਾਰਾਂ ਉੱਤੇ ਖਰਚ ਕੀਤਾ ਜਾਣਾ ਹੈ।ਬਿਜਲੀ ਦੀ ਸਪਲਾਈ ਨੂੰ ਨਿਰਵਿਘਨ ਚਲਾਈ ਰੱਖਣ ਦੇ ਲਈ ਜਿੱਥੇ ਨਵੇਂ ਟਰਾਂਸਫਾਰਮਰ ਰੱਖੇ ਜਾ ਰਹੇ ਹਨ, ਉਥੇ ਹੀ ਪੁਰਾਣੀਆਂ ਤਾਰਾਂ ਨੂੰ ਬਦਲਿਆ ਜਾ ਰਿਹਾ ਹੈ।ਅਜਿਹਾ ਕਰਨ ਦੇ ਨਾਲ ਗਰਮੀ ਦੇ ਵਿੱਚ ਬਿਜਲੀ ਕੱਟਾਂ ਤੋਂ ਰਾਹਤ ਮਿਲੇਗੀ ਅਤੇ ਪੂਰੀ ਬਿਜਲੀ ਸਪਲਾਈ ਘਰਾਂ ਤੱਕ ਪਹੁੰਚੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡੀਸ਼ਨਲ ਐੱਸ.ਈ. ਇੰਜਨੀਅਰ ਅਮਨਦੀਪ ਸਿੰਘ ਢੀਂਡਸਾ, ਐੱਸ.ਡੀ.ਓ. ਦਿਹਾਤੀ ਸਰਹਿੰਦ ਇੰਜਨੀਅਰ ਦਵਿੰਦਰ ਸਿੰਘ, ਐੱਸ.ਡੀ.ਓ. ਸਿਟੀ ਸਰਹਿੰਦ ਇੰਜਨੀਅਰ ਸੰਜੇ ਕਸ਼ਯਪ, ਐੱਸ.ਡੀ.ਓ. ਗਰਿਡ ਸਬ ਸਟੇਸ਼ਨ ਸਰਹਿੰਦ ਇੰਜੀਨੀਅਰ ਗੁਰਜੀਤ ਸਿੰਘ, ਜੇ.ਈ ਇੰਜਨੀਅਰ ਨਵਦੀਪ ਪਾਠਕ, ਜੇ.ਈ 66 ਕੇਵੀ ਗ੍ਰਿਡ ਸਰਹਿੰਦ ਇੰਜਨੀਅਰ ਸੁਖਦੇਵ ਸਿੰਘ, ਰਿਟਾਇਰਡ ਐੱਸ.ਡੀ.ਓ. ਇੰਜੀਨੀਅਰ ਜਗਪਾਲ ਸਿੰਘ, ਰਿਟਾਇਰਡ ਐੱਸ.ਡੀ.ਓ. ਇੰਜੀਨੀਅਰ ਬਲਦੇਵ ਸਿੰਘ ਆਦਿ ਹਾਜ਼ਰ ਸਨ।

# ਸਾਢੇ ਸਤਾਰਾਂ ਲੱਖ ਦੀ ਠੱਗੀ ਦੇ ਮਾਮਲੇ 'ਚ ਔਰਤ ਖ਼ਿਲਾਫ਼ ਕੇਸ ਦਰਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮੁਕਤਸਰ ਵਿੱਚ ਜ਼ਮੀਨ ਦੇ ਸੌਦੇ ਦੇ ਨਾਂ 'ਤੇ 17.50 ਲੱਖ ਰੁਪਏ ਦੀ ਠੱਗੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸਬੰਧੀ ਥਾਣਾ ਬਰੀਵਾਲਾ ਪੁਲਸ ਨੇ ਇੱਕ ਮਹਿਲਾ ਅਮ੍ਰਿਤਪਾਲ ਕੌਰ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ।ਸ਼ਿਕਾਇਤਕਰਤਾ ਮਨਜਿੰਦਰ ਕੌਰ ਪਤਨੀ ਬਲਜਿੰਦਰ ਸਿੰਘ ਨਿਵਾਸੀ ਪਿੰਡ ਮਾਨ ਸਿੰਘ ਵਾਲਾ ਨੇ ਪੁਲਸ ਨੂੰ ਦੱਸਿਆ ਕਿ 10 ਜਨਵਰੀ 2025 ਨੂੰ ਉਸ ਦਾ ਅਮ੍ਰਿਤਪਾਲ ਕੌਰ ਨਾਲ 12 ਲੱਖ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਦਾ ਸੌਦਾ ਹੋਇਆ ਸੀ।ਇਸ ਦੌਰਾਨ ਉਸ ਨੇ 17 ਲੱਖ 15 ਹਜ਼ਾਰ ਰੁਪਏ ਸਾਈ ਵਜੋਂ ਦੇ ਦਿੱਤੇ ਸਨ ਤੇ ਬਾਕੀ ਰਕਮ 25 ਦਸੰਬਰ 2025 ਨੂੰ ਰਜਿਸਟਰੀ ਸਮੇਂ ਦੇਣੀ ਸੀ, ਪਰ ਅਮ੍ਰਿਤਪਾਲ ਕੌਰ ਨੇ ਇਸ ਤੋਂ ਪਹਿਲਾਂ ਹੀ 16 ਦਸੰਬਰ 2024 ਨੂੰ ਉਸੇ ਜ਼ਮੀਨ ਵਿੱਚੋਂ ਕੁਝ ਹਿੱਸੇ ਦਾ ਇਕਰਾਰਨਾਮਾ ਗੁਰਪ੍ਰੀਤ ਸਿੰਘ ਤੇ ਸਲੱਖਣ ਸਿੰਘ (ਨਿਵਾਸੀ ਮਾਨ ਸਿੰਘ ਵਾਲਾ) ਦੇ ਨਾਂ 'ਤੇ ਕਰ ਦਿੱਤਾ ਸੀ, ਜਿਸ ਬਾਰੇ ਸ਼ਿਕਾਇਤਕਰਤਾ ਨੂੰ ਨਹੀਂ ਦੱਸਿਆ ਗਿਆ।ਇਸ ਤੋਂ ਬਾਅਦ 28 ਨਵੰਬਰ 2025 ਨੂੰ 5 ਕਨਾਲ 9 ਮਰਲੇ ਜ਼ਮੀਨ ਦੀ ਰਜਿਸਟਰੀ ਵੀ ਗੁਰਪ੍ਰੀਤ ਤੇ ਸਲੱਖਣ ਦੇ ਨਾਂ 'ਤੇ ਕਰਵਾ ਦਿੱਤੀ ਗਈ।ਮਨਜਿੰਦਰ ਕੌਰ ਨੇ ਦੱਸਿਆ ਕਿ 10 ਜਨਵਰੀ 2025 ਨੂੰ ਹੋਏ ਸੌਦੇ ਅਨੁਸਾਰ ਨਾਂ ਤਾਂ ਅਮ੍ਰਿਤਪਾਲ ਕੌਰ ਨੇ ਉਸ ਦੇ ਨਾਂ ਜ਼ਮੀਨ ਰਜਿਸਟਰ ਕਰਵਾਈ ਤੇ ਨਾਂ ਹੀ ਉਸ ਦੇ ਦਿੱਤੇ 17 ਲੱਖ 50 ਹਜ਼ਾਰ ਰੁਪਏ ਵਾਪਸ ਕੀਤੇ।ਥਾਣਾ ਬਰੀਵਾਲਾ ਪੁਲਸ ਨੇ ਸ਼ਿਕਾਇਤ ਅਧਾਰ 'ਤੇ ਅਮ੍ਰਿਤਪਾਲ ਕੌਰ ਖ਼ਿਲਾਫ਼ ਧੋਖਾਧੜੀ ਤਹਿਤ ਕੇਸ ਦਰਜ ਕਰਕੇ ਹੋਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਿੱਧੂ ਨੇ ਲੋਕਾਂ ਦੀ ਹਾਜ਼ਰੀ 'ਚ ਨਿਰਮਾਣ ਅਧੀਨ ਸੜਕ ਦੀ ਕਰਵਾਈ ਜਾਂਚ

## ਪਿਛਲੇ ਦਿਨੀਂ ਕੁਝ ਲੋਕਾਂ ਵੱਲੋਂ ਸੜਕ ਦੀ ਕੁਆਲਿਟੀ ਬਾਰੇ ਕੀਤੀ ਸੀ ਟਿੱਪਣੀ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 42 ਵਿਖੇ ਬਣ ਰਹੀ ਆਰ ਐੱਮ ਸੀ ਸੜਕ ਦਾ ਚਲਦਾ ਕੰਮ ਰੋਕ ਕੇ ਮੀਡੀਆ ਦੀ ਹਾਜ਼ਰੀ ਵਿੱਚ ਲੋਕਾਂ ਨੂੰ ਸੜਕ ਦੀ ਮੋਟਾਈ ਤੇ ਕੁਆਲਿਟੀ ਦਾ ਨਿਰੀਖਣ ਕਰਵਾਇਆ ਗਿਆ। ਕਾਬਿਲੇਗੌਰ ਹੈ ਕਿ ਪਿਛਲੇ ਦਿਨੀਂ ਕੁਝ ਲੋਕਾਂ ਵੱਲੋਂ ਸੜਕ ਦੀ ਕੁਆਲਿਟੀ ਬਾਰੇ ਸਵਾਲ ਚੁੱਕਦਿਆਂ ਇਲਾਕੇ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।ਇਸ ਸਬੰਧੀ ਬੋਲਦੇ ਹੋਏ ਵਿਧਾਇਕ ਸਿੱਧੂ ਨੇ ਕਿਹਾ ਕਿ ਉਹ ਮੀਡੀਆ ਤੇ ਸਥਾਨਕ ਲੋਕਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਸਾਰੇ ਵਿਰੋਧੀਆਂ ਨੂੰ ਖੁੱਲ੍ਹਾ ਅਖਤਿਆਰ ਦਿੰਦੇ ਹਨ ਕਿ ਉਹ ਕਿਸੇ ਵੀ ਜਗ੍ਹਾ ਤੋਂ ਸੜਕ ਨੂੰ ਚੈੱਕ ਕਰਵਾ ਸਕਦੇ ਹਨ, ਜੇਕਰ ਕਿਸੇ ਵੀ ਕਿਸਮ ਦੀ ਕੋਈ ਘਾਟ ਪਾਈ ਗਈ ਤਾਂ ਉਹ ਮੌਕੇ 'ਤੇ ਹੀ ਠੇਕੇਦਾਰ ਤੋਂ ਕੰਮ ਵਾਪਸ ਲੈਣਗੇ ਤੇ ਸਬੰਧਤ ਅਧਿਕਾਰੀਆਂ ਨੂੰ ਸਸਪੈਂਡ ਕਰਨ ਦੇ ਨਾਲ ਇਲਾਕਾ ਕੌਂਸਲਰ ਨੂੰ ਵੀ ਨੋਟਿਸ ਜਾਰੀ ਕਰਵਾਉਣਗੇ।ਵਿਧਾਇਕ ਸਿੱਧੂ ਨੇ ਕਿਹਾ ਕਿ ਵਿਰੋਧੀ ਲੋਕਾਂ ਨੂੰ ਗੁੰਮਰਾਹ ਕਰਨਾ ਬੰਦ ਕਰਨ ਤੇ ਸਾਹਮਣੇ ਆ ਕੇ ਉਨ੍ਹਾਂ ਦੀ ਮੌਜੂਦਗੀ ਵਿੱਚ ਉਨ੍ਹਾਂ ਦਾ ਚੈਲੰਜ ਕਬੂਲ ਕਰਨ।ਵਿਧਾਇਕ ਸਿੱਧੂ ਨੇ ਕਿਹਾ ਕਿ ਮੌਕਾਪ੍ਰਸਤ ਲੋਕ ਭੋਲੇ ਭਾਲੇ ਇਲਾਕਾ ਨਿਵਾਸੀਆਂ ਨੂੰ ਗੁੰਮਰਾਹ ਕਰਨ ਦੀ ਨੀਅਤ ਨਾਲ ਰਾਤ ਦੇ ਹਨੇਰੇ ਵਿੱਚ ਪੁੱਠੀਆਂ ਸਿੱਧੀਆਂ ਹਰਕਤਾਂ ਕਰਦੇ ਹਨ, ਪਰ ਦਿਨ ਦੇ ਉਜਾਲੇ ਵਿੱਚ ਸੱਚ ਦੇ ਸੂਰਜ ਦਾ ਸਾਹਮਣਾ ਨਹੀਂ ਕਰ ਸਕਦੇ।ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸਿੱਧੂ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪ੍ਰੋਜੈਕਟਾਂ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।ਇਸ ਮੌਕੇ ਉਨ੍ਹਾਂ ਨਾਲ ਇਲਾਕਾ ਕੌਂਸਲਰ ਜਗਮੀਤ ਸਿੰਘ ਨੋਨੀ, ਡਾਕਟਰ ਰਮਨ ਅਰੋੜਾ, ਅਮਰ ਸਿੰਘ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਪ੍ਰਦੀਪ ਕੁਮਾਰ, ਗੁਰਪ੍ਰੀਤ ਸਿੰਘ ਰਾਜਾ ਸੋਸ਼ਲ ਮੀਡੀਆ ਪ੍ਰਧਾਨ, ਲਾਲੀ ਸ਼ਰਮਾ, ਮਹਿੰਦਰ ਪਾਲ ਸਿੰਘ, ਵਿਧਾਇਕ ਸਿੱਧੂ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਗਿੱਲ ਤੇ ਪੀ ਏ ਕਮਲਦੀਪ ਕਪੂਰ ਹਾਜ਼ਰ ਸਨ।

# ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਤੇ ਤੇਲ ਸੰਕਟ ਹੱਲ ਕਰਨ ਲਈ ਸਵੈ-ਨਿਰਭਰਤਾ ਦਾ ਰਾਹ ਅਪਣਾਉਣ ਦੀ ਲੋੜ : ਲੋਕ ਮੋਰਚਾ




**ਮਲੋਟ (ਓਮ ਪ੍ਰਕਾਸ਼ ਸੇਖੂ)**-ਲੋਕ ਮੋਰਚਾ ਪੰਜਾਬ ਇਕਾਈ ਮੁਕਤਸਰ ਦੇ ਸਰਗਰਮ ਵਰਕਰਾਂ ਦੀ ਮੀਟਿੰਗ ਪਿੰਡ ਸਿੰਘੇਵਾਲਾ ਵਿਖੇ ਹੋਈ, ਜਿਸ ਵਿੱਚ ਖੇਤ ਮਜ਼ਦੂਰਾਂ ਤੇ ਕਿਸਾਨਾਂ ਨੇ ਹਿੱਸਾ ਲਿਆ।ਮੀਟਿੰਗ 'ਚ ਵਿਚਾਰ ਚਰਚਾ ਕਰਦੇ ਹੋਏ ਸਬਾਈ ਆਗੂ ਗੁਰਦੀਪ ਸਿੰਘ ਖੁੱਡੀਆਂ ਨੇ ਕਿਹਾ ਕਿ ਸਾਡੇ ਮੁਲਕ ਦੇ ਹਾਕਮ ਅਮਰੀਕਨ ਸਾਮਰਾਜ ਦੇ ਦਬਾਹ ਹੇਠ ਆ ਕੇ ਮੁਕਤ ਵਪਾਰ ਸਮਝੌਤਾ ਕਰ ਰਹੇ ਹਨ, ਜਿਸ ਤਹਿਤ ਖੇਤੀ ਤੇ ਡੇਅਰੀ ਵਸਤਾਂ ਲਈ ਭਾਰਤੀ ਮੰਡੀ ਨੂੰ ਖੋਲ੍ਹਿਆ ਜਾ ਰਿਹਾ ਹੈ।ਸਾਡੀਆਂ ਵਸਤਾਂ 'ਤੇ 18% ਤੇ ਅਮਰੀਕਨ ਵਸਤਾਂ 'ਤੇ 0% ਟੈਕਸ ਲੱਗੇਗਾ।ਸਰਕਾਰ ਨੇ ਕਪਾਹ 'ਤੇ ਦਰਾਮਦੀ ਟੈਕਸ 11% ਪਹਿਲਾਂ ਹੀ ਘਟਾ ਦਿੱਤਾ ਸੀ।ਦਸੰਬਰ 25 ਤੱਕ 3 ਕਰੋੜ ਗੰਢਾਂ ਭਾਰਤੀ ਮੰਡੀ 'ਚ ਆ ਗਈਆਂ ਤੇ ਕਪਾਹ ਦੀਆਂ ਕੀਮਤਾਂ 1500 ਰੁਪਏ ਪ੍ਰਤੀ ਕੁਇੰਟਲ ਡਿੱਗ ਪਈਆਂ।ਜੀਨ ਸੋਧੀਆਂ ਫਸਲਾਂ ਲਈ ਵੀ ਮੰਡੀ ਨੂੰ ਖੋਲ੍ਹਿਆ ਜਾ ਰਿਹਾ ਹੈ, ਜਿਸ ਨੇ ਸਾਡੇ ਲੋਕਾਂ ਦੀ ਸਿਹਤ 'ਤੇ ਮਾੜੇ ਪ੍ਰਭਾਵ ਪਾਉਣੇ ਹਨ।ਇਸ ਸਮਝੌਤੇ ਨਾਲ ਭਾਰਤ ਦੇ ਛੋਟੇ ਕਿਸਾਨ ਤੇ ਕਸ਼ਮੀਰ, ਹਿਮਾਚਲ ਦੇ ਸੇਬ ਉਤਪਾਦਕ ਬਰਬਾਦ ਹੋ ਜਾਣਗੇ, ਕਿਉਂਕਿ ਅਮਰੀਕਾ 'ਚ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ।ਭਾਰਤ ਸਰਕਾਰ ਨੂੰ ਸਵੈ-ਨਿਰਭਰਤਾ ਦਾ ਰਾਹ ਅਖਤਿਆਰ ਕਰਨ ਦੀ ਲੋੜ ਹੈ।ਬਰਾਮਦ ਮੁਖੀ ਪੈਦਾਵਾਰ ਦੀ ਥਾਂ ਘਰੇਲੂ ਮੰਡੀ ਲਈ ਪੈਦਾਵਾਰ ਵੱਲ ਮੁੜਨ ਦੀ ਲੋੜ ਹੈ।ਘਰੇਲੂ ਮੰਡੀ 'ਚ ਜਾਨ ਪਾਉਣ ਲਈ ਖੇਤੀ ਦੀ ਤਰੱਕੀ ਲੋੜੀਂਦੀ ਹੈ।ਖੇਤੀ ਦੀ ਤਰੱਕੀ ਲਈ ਜ਼ਮੀਨੀ ਸੁਧਾਰ ਲਾਗੂ ਕਰਨ ਦੀ ਲੋੜ ਹੈ ਤੇ ਖੇਤੀ ਲਈ ਸਰਕਾਰੀ ਨਿਵੇਸ਼ ਵਧਾਉਣ ਦੀ ਲੋੜ ਹੈ।ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ ਰੱਦ ਕਰੇ।ਇਸੇ ਤਰ੍ਹਾਂ ਕੇਂਦਰ ਸਰਕਾਰ ਰਸੋਈ ਗੈਸ ਐਲਪੀਜੀ ਲੋਕਾਂ ਤੋਂ ਖੋਹਣ ਦੀ ਤਾਕ 'ਚ ਹੈ।ਜੰਗ ਦੇ ਸਮੇਂ ਨੂੰ ਲੋਕ ਹੱਕਾਂ 'ਤੇ ਹੱਲਾ ਬੋਲਣ ਲਈ ਢੁੱਕਵਾਂ ਮੌਕਾ ਸਮਝਿਆ ਗਿਆ ਹੈ।ਸਭਨਾ ਲੋਕਾਂ 'ਤੇ ਪਾਬੰਦੀ ਆਇਦ ਕਰ ਦਿੱਤੀ ਗਈ ਹੈ ਕਿ ਉਹ ਤਿੰਨ ਮਹੀਨੇ ਦੇ ਅੰਦਰ ਅੰਦਰ ਪਾਈਪਡ ਕੁਦਰਤੀ ਗੈਸ ਦੇ ਕਨੈਕਸ਼ਨ ਲੈ ਲੈਣ।ਇਹ ਪੂਰੀ ਤਰ੍ਹਾਂ ਵੱਡੀਆਂ ਕੰਪਨੀਆਂ ਦੇ ਮੁਨਾਫ਼ਿਆਂ ਤੋਂ ਪ੍ਰੇਰਤ ਕਦਮ ਹੈ।ਲੋਕਾਂ ਨੂੰ ਇਸ ਲੋਕ ਮਾਰੂ ਕਦਮ ਦਾ ਵਿਰੋਧ ਕਰਨਾ ਚਾਹੀਦਾ ਹੈ। ਅੰਬਾਨੀ ਅਮਰੀਕਾ ਅੰਦਰ 300 ਬਿਲੀਅਨ ਡਾਲਰ ਨਿਵੇਸ਼ ਕਰਕੇ ਤੇਲ ਰਿਫਾਇਨਰੀ ਲਾਉਣ ਲੱਗਿਆ ਹੈ।ਬੰਬੇ ਹਾਈ 'ਚ ਕੱਚੇ ਤੇਲ ਦੇ ਵੱਡੇ ਜਖੀਰੇ ਲੱਭੇ ਜਾਣ ਸਦਕਾ 1985-86 ਤੱਕ ਭਾਰਤ ਦੀ ਕੱਚੇ ਤੇਲ ਦੀ ਪੈਦਾਵਾਰ ਛੜੱਪਾ ਮਾਰ ਕੇ 300 ਲੱਖ ਟਨ ਤੱਕ ਉੱਪੜ ਗਈ ਸੀ।ਜੇ ਭਾਰਤ ਸਰਕਾਰ ਪੈਟਰੋਲੀਅਮ ਦੇ ਮਾਮਲੇ ਵਿੱਚ ਆਤਮ ਨਿਰਭਰ ਹੋਣ ਲਈ ਹਮਲਾ ਮਾਰਦੀ ਤੇ ਤੇਲ ਸੋਮਿਆਂ ਦੀ ਖੋਜ ਤੇ ਇਨ੍ਹਾਂ ਦਾ ਵਿਕਾਸ ਕਰਨ ਲਈ ਪੂੰਜੀ ਜਟਾਈ ਜਾਂਦੀ ਤੇ ਤੇਲ ਦੀ ਫਜ਼ੂਲ ਖਰਚੀ ਰੋਕਣ ਲਈ ਉਪਰਾਲੇ ਕੀਤੇ ਜਾਂਦੇ ਤਾਂ ਭਾਰਤ 1990ਵਿਆਂ ਦੇ ਸ਼ੁਰੂ 'ਚ ਹੀ ਪੈਟਰੋਲੀਅਮ ਦੇ ਮਾਮਲੇ ਵਿੱਚ ਸਵੈ-ਨਿਰਭਰ ਹੋ ਸਕਦਾ ਸੀ, ਪ੍ਰੰਤੂ ਭਾਰਤ ਸਰਕਾਰ ਆਇਲ ਤੇ ਨੈਚੁਰਲ ਗੈਸ ਕਾਰਪੋਰੇਸ਼ਨ ਵੱਲੋਂ ਖੋਜੇ ਤੇਲ ਖੂਹ ਵੀ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰ ਦਿੱਤੇ।

# ਲੋਕਾਂ ਨੇ ਤਾਰਿਆਂ ਦੀ ਛਾਵੇਂ ਸੜਕ ਬਣਾਉਣ ਦਾ ਕੀਤਾ ਵਿਰੋਧ



**ਬੱਧਨੀ ਕਲਾਂ (ਲਵਲੀ ਕੁਮਾਰ)**-ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਸਥਿਤ ਮਾਣੂੰਕੇ ਤੋਂ ਲੱਖਾ ਤੱਕ ਬਣ ਰਹੀ ਪੰਜ ਕਿਲੋਮੀਟਰ ਸੜਕ ਵਿਵਾਦਾਂ ਵਿੱਚ ਘਿਰ ਗਈ ਹੈ।ਬੀਤੀ ਰਾਤ ਇਸ ਸੜਕ ਨੂੰ ਲੈ ਕੇ ਠੇਕੇਦਾਰ ਤੇ ਲੋਕਾਂ ਵਿਚਾਲੇ ਉਸ ਵੇਲੇ ਸਥਿਤੀ ਤਕਰਾਰ ਵਾਲੀ ਬਣ ਗਈ ਜਦੋਂ ਲੋਕਾਂ ਨੇ ਤਾਰਿਆਂ ਦੀ ਛਾਵੇਂ ਸੜਕ ਬਣਾਉਣ ਨੂੰ ਲੈ ਕੇ ਇਤਰਾਜ਼ ਜਤਾਇਆ ਤੇ ਸੜਕ 'ਤੇ ਪੈਣ ਵਾਲੇ ਮਾੜੇ ਮਟੀਰੀਅਲ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ, ਜਿਉਂ ਹੀ ਰਾਤ ਦੇ ਹਨੇਰੇ ਵਿੱਚ ਸੜਕ ਬਣਾਉਣ ਦੀ ਭਿਣਕ ਪਈ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਨੇ ਠੇਕੇਦਾਰ ਨੂੰ ਸਵਾਲ ਕੀਤੇ ਤੇ ਮਾੜਾ ਮਟੀਰੀਅਲ ਵਰਤਣ 'ਤੇ ਇਤਰਾਜ਼ ਜਤਾਇਆ।ਇਸ ਦੌਰਾਨ ਹੀ ਠੇਕੇਦਾਰ ਨੇ ਚੱਲਦਾ ਕੰਮ ਰੋਕ ਦਿੱਤਾ।ਗੱਲਬਾਤ ਦੌਰਾਨ ਚੰਦ ਸਿੰਘ ਨੇ ਆਖਿਆ ਕਿ ਇਸ ਸੜਕ ਦੀ ਹਾਲਤ ਅਤਿ ਤਰਸਯੋਗ ਹੈ ਤੇ ਸੜਕ ਬਣਾਉਣ ਲਈ ਲੋਕਾਂ ਨੇ 38 ਦਿਨ ਰੋਸ ਧਰਨਾ ਦਿੱਤਾ ਸੀ, ਪ੍ਰੰਤੂ ਲੋਕਾਂ ਦੇ ਹਿੱਸੇ ਨਿਰਾਸ਼ਾ ਹੀ ਆਈ।ਉਨ੍ਹਾਂ ਕਿਹਾ ਕਿ ਅੱਜ ਜਦੋਂ ਸੜਕ ਦਾ ਨਿਰਮਾਣ ਹੋਣਾ ਸ਼ੁਰੂ ਹੋਇਆ ਤਾਂ ਘਟੀਆ ਮਟੀਰੀਅਲ ਨਾਲ ਸਿਰਫ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ।ਉਨ੍ਹਾਂ ਚਣੌਤੀ ਦਿੰਦਿਆਂ ਕਿਹਾ ਕੇ ਜੇਕਰ ਠੇਕੇਦਾਰ ਤੇ ਸਰਕਾਰ ਦੇ ਨੁਮਾਇੰਦੇ ਸਹੀ ਮਟੀਰੀਅਲ ਦੀ ਵਰਤੋਂ ਨਹੀਂ ਕਰਨਗੇ ਤਾਂ ਉਹ ਸੰਘਰਸ਼ ਵਿੱਢਣਗੇ।ਜਦੋਂ ਇਸ ਸਬੰਧੀ ਪੀ ਡਬਲਿਊ ਡੀ ਦੇ ਜੇ ਈ ਕਰਮਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਤਕਨੀਕੀ ਕਾਰਨਾਂ ਕਰਕੇ ਰਾਤ ਨੂੰ ਸੜਕ ਬਣਾਉਣੀ ਪਈ।ਮਾੜਾ ਮਟੀਰੀਅਲ ਵਰਤਣ ਸਬੰਧੀ ਉਨ੍ਹਾਂ ਦੱਸਿਆ ਕਿ ਠੇਕੇਦਾਰ ਨੂੰ ਸਖਤ ਹਦਾਇਤ ਕਰ ਦਿੱਤੀ ਹੈ ਤੇ ਮਾੜਾ ਮਟੀਰੀਅਲ ਹਰਗਿਜ਼ ਬਰਦਾਸ਼ਤ ਨਹੀਂ ਹੋਵੇਗਾ।ਇਸ ਮੌਕੇ ਉਨ੍ਹਾ ਨਾਲ ਸੀਨੀਅਰ ਆਗੂ ਜਸਵਿੰਦਰ ਸਿੰਘ ਲੱਖਾ, ਪ੍ਰਧਾਨ ਸੁਰਜੀਤ ਸਿੰਘ ਧਾਲੀਵਾਲ, ਗੁਰਚਰਨ ਸਿੰਘ, ਜਗਜੀਤ ਸਿੰਘ ਡੱਲਾ, ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਫ਼ਰੀਦਕੋਟ ਤੇ ਕੋਟਕਪੂਰਾ 'ਚ ਮਸੀਹੀ ਭਾਈਚਾਰੇ ਵੱਲੋਂ ਵਿਸ਼ਾਲ ਸਲੀਬੀ ਯਾਤਰਾ

## ਹਜ਼ਾਰਾਂ ਸੰਗਤਾਂ ਨੇ ਪ੍ਰਭੂ ਯਸੂ ਮਸੀਹ ਦੀ ਕੁਰਬਾਨੀ ਨੂੰ ਕੀਤਾ ਨਮਨ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**

ਗੁੱਡ ਫ੍ਰਾਈਡੇ ਦੇ ਪਵਿੱਤਰ ਦਿਹਾੜੇ ਮੌਕੇ ਫ਼ਰੀਦਕੋਟ ਤੇ ਕੋਟਕਪੂਰਾ ਦੇ ਮਸੀਹੀ ਭਾਈਚਾਰੇ ਵੱਲੋਂ ਪ੍ਰਭੂ ਯਿਸੂ ਮਸੀਹ ਦੇ ਦੁੱਖਾਂ ਤੇ ਉਨ੍ਹਾਂ ਦੀ ਮਾਨਵਤਾ ਲਈ ਦਿੱਤੀ ਗਈ ਬੇਮਿਸਾਲ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਰਧਾਪੂਰਵਕ 'ਦੁੱਖ ਭੋਗ ਸਲੀਬੀ ਯਾਤਰਾ' ਕੱਢੀਆਂ ਗਈਆਂ।ਇਸ ਮੌਕੇ ਦੋਵਾਂ ਸ਼ਹਿਰਾਂ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਸ਼ਾਂਤੀ ਤੇ ਪ੍ਰਾਰਥਨਾ ਨਾਲ ਸ਼ਮੂਲੀਅਤ ਕੀਤੀ।

ਫ਼ਰੀਦਕੋਟ ਵਿਖੇ ਸੇਂਟ ਮੈਰੀ ਕੈਥੋਲਿਕ ਚਰਚ ਵੱਲੋਂ ਫਾਦਰ ਸਿਵਨੋਜ਼ ਦੀ ਰਹਿਨੁਮਾਈ ਹੇਠ ਯਾਤਰਾ ਕੱਢੀ ਗਈ।ਪੈਰਿਸ ਚਰਚ ਸਭਾ ਦੇ ਪ੍ਰਧਾਨ ਬਲਵੀਰ ਮਸੀਹ ਨੇ ਦੱਸਿਆ ਕਿ ਇਹ ਯਾਤਰਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਯਿਸੂ ਮਸੀਹ ਨੇ ਇਨਸਾਨੀਅਤ ਦੇ ਪਾਪਾਂ ਦੀ ਨਿਜਾਤ ਲਈ ਸਲੀਬੀ ਮੌਤ ਕਬੂਲ ਕੀਤੀ।ਚਰਚ ਦੇ ਬੱਚਿਆਂ ਨੇ ਸਲੀਬੀ ਮੌਤ ਦੇ ਦ੍ਰਿਸ਼ ਨੂੰ ਦੁਹਰਾ ਕੇ ਉਸ ਸਮੇਂ ਦੇ ਮੰਜ਼ਰ ਨੂੰ ਤਾਜ਼ਾ ਕਰ ਦਿੱਤਾ।ਮਰੀਅਮ ਸੈਨਾ ਦੀ ਪ੍ਰਧਾਨ ਬਲਡੀਨਾ ਤੇਜਾ ਤੇ ਉਨ੍ਹਾਂ ਦੀ ਟੀਮ ਨੇ ਯਾਤਰਾ ਦੀ ਕਮਾਂਡ ਸੰਭਾਲੀ ਤੇ ਦੁਖੀ ਹਿਰਦੇ ਨਾਲ ਪ੍ਰਭੂ ਦੇ ਤਿਆਗ ਨੂੰ ਮਹਿਸੂਸ ਕਰਦਿਆਂ ਪਵਿੱਤਰ ਜੀਵਨ ਬਿਤਾਉਣ ਦਾ ਪ੍ਰਣ ਲਿਆ। ਇਹ ਯਾਤਰਾ ਸੱਤ ਨੰਬਰ ਚੁੰਗੀ ਤੋਂ ਹੁੰਦੀ ਹੋਈ ਵਾਪਸ ਚਰਚ ਵਿਖੇ ਸਮਾਪਤ ਹੋਈ।ਕੋਟਕਪੂਰਾ ਵਿਖੇ ਸੇਂਟ ਜੋਸਫ਼ ਕੈਥੋਲਿਕ ਚਰਚ ਵੱਲੋਂ ਹਰੀਨੌਂ ਰੋਡ ਤੋਂ ਫਾਦਰ ਜੌਨ ਤੇਜਾ ਦੀ ਅਗਵਾਈ ਹੇਠ ਸਲੀਬੀ ਯਾਤਰਾ ਸ਼ੁਰੂ ਹੋਈ।ਮੁੱਖ ਬੁਲਾਰੇ ਫਾਦਰ ਜੌਨ ਤੇਜਾ ਨੇ ਕਿਹਾ ਕਿ ਇਹ ਦਿਨ ਸਾਨੂੰ ਪ੍ਰਭੂ ਦੇ ਅਥਾਹ ਪਿਆਰ ਦੀ ਯਾਦ ਦਿਵਾਉਂਦਾ ਹੈ।ਸਮਾਜ ਸੇਵੀ ਅਨੂੰਪ੍ਰਤਾਪ ਸਿੰਘ ਬਰਾੜ ਨੇ ਵੀ ਯਾਤਰਾ ਵਿੱਚ ਸ਼ਮੂਲੀਅਤ ਕੀਤੀ ਤੇ ਕਿਹਾ ਕਿ ਗੁੱਡ ਫ੍ਰਾਈਡੇ ਸਾਨੂੰ ਆਪਸੀ ਭਾਈਚਾਰੇ ਤੇ ਮਾਫ਼ੀ ਦਾ ਮਾਰਗ ਦਿਖਾਉਂਦਾ ਹੈ।ਐਡਵੋਕੇਟ ਸੈਮੂਅਲ ਮਸੀਹ ਨੇ ਦੱਸਿਆ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਨੇ ਝਾਕੀਆਂ ਰਾਹੀਂ ਪ੍ਰਭੂ ਦੇ ਦੁੱਖਾਂ ਨੂੰ ਮਹਿਸੂਸ ਕੀਤਾ।ਇਨ੍ਹਾਂ ਯਾਤਰਾਵਾਂ ਦੌਰਾਨ ਫਾਦਰ ਰਿਨ ਥੋਮਸ, ਸਿਸਟਰ ਮਾਧੁਰੀ, ਸਿਸਟਰ ਲੈਪਿੰਸ਼ੁਕ, ਸਿਸਟਰ ਮੀਨੂ, ਬਾਬੂ ਸੈਮੂਅਲ, ਜੋਗਿੰਦਰ ਮਸੀਹ, ਗੋਗੀ ਮਸੀਹ, ਰਿੰਕੂ, ਰੋਬਿਨ, ਬਖਸ਼ੀਸ਼ ਮਸੀਹ, ਕੁਲਵਿੰਦਰ, ਮਾਈਕਲ ਮਸੀਹ, ਰਾਜਵੀਰ, ਅਕਾਸ਼, ਜਸਪਾਲ, ਅਲਵੀਨਾ ਸੈਮ, ਤਮੰਨਾ, ਪ੍ਰੀਤ, ਮੀਨਾਕਸ਼ੀ, ਸੋਨੀ, ਸੋਨੀਆ ਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਸਨ।

# ਅਸ਼ੀਰਵਾਦ ਸਕੀਮ ਤਹਿਤ 2694 ਲਾਭਪਾਤਰੀਆਂ ਲਈ 13.74 ਕਰੋੜ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮਾਜ ਦੇ ਪੱਛੜੇ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਪਰਵਾਰਾਂ ਨੂੰ ਆਰਥਿਕ ਸਹਾਰਾ ਦੇਣ ਲਈ ਅਸ਼ੀਰਵਾਦ ਸਕੀਮ ਤਹਿਤ ਵਿੱਤੀ ਸਾਲ 2025-26 ਦੌਰਾਨ 2694 ਲਾਭਪਾਤਰੀਆਂ ਨੂੰ 13.74 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਹ ਸਹਾਇਤਾ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਧੀਆਂ ਦੇ ਵਿਆਹ ਸਮੇਂ ਵੱਡੀ ਰਾਹਤ ਸਾਬਤ ਹੋ ਰਹੀ ਹੈ ਤੇ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਯੋਗ ਪਰਿਵਾਰ ਇਸ ਸਹੂਲਤ ਤੋਂ ਵਾਂਝਾ ਨਾ ਰਹੇ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਮੋਗਾ, ਪਟਿਆਲਾ, ਪਠਾਨਕੋਟ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਲਾਭਪਾਤਰੀਆਂ ਨੂੰ ਇਹ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ।



ਸਮਾਜਿਕ ਨਿਆਂ ਮੰਤਰੀ ਨੇ ਦੱਸਿਆ ਕਿ ਇਸ ਰਾਸ਼ੀ ਨਾਲ ਜ਼ਿਲ੍ਹਾ ਬਰਨਾਲਾ ਦੇ 70, ਬਠਿੰਡਾ ਦੇ 253, ਫਰੀਦਕੋਟ ਦੇ 13, ਫਿਰੋਜ਼ਪੁਰ ਦੇ 38, ਸ੍ਰੀ ਫਤਹਿਗੜ੍ਹ ਸਾਹਿਬ ਦੇ 72, ਗੁਰਦਾਸਪੁਰ ਦੇ 211, ਹੁਸ਼ਿਆਰਪੁਰ ਦੇ 267, ਲੁਧਿਆਣਾ ਦੇ 134 ਅਤੇ ਮਾਨਸਾ ਦੇ 275 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਦੇ 43, ਪਟਿਆਲਾ ਦੇ 129, ਪਠਾਨਕੋਟ ਦੇ 212, ਰੂਪਨਗਰ ਦੇ 336, ਐਸ.ਏ.ਐਸ. ਨਗਰ ਦੇ 163, ਐਸ.ਬੀ.ਐਸ. ਨਗਰ ਦੇ 29, ਸੰਗਰੂਰ ਦੇ 79, ਮਾਲੇਰਕੋਟਲਾ ਦੇ 171 ਅਤੇ ਤਰਨਤਾਰਨ ਦੇ 199 ਲਾਭਪਾਤਰੀਆਂ ਨੂੰ ਵੀ ਲਾਭ ਦਿੱਤਾ ਗਿਆ ਹੈ।

# 'ਵਰਸਿਟੀ 'ਚੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੀ ਵਿਦਿਆਰਥਣ ਦਾ ਸਨਮਾਨ

**ਮਾਹਿਲਪੁਰ (ਸ਼ਫਰੀ)** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਕੋਰਸ ਐਮ ਐਸ ਸੀ ਫਿਜਿਕਸ ਦੇ ਪਹਿਲਾ ਸਮੈਸਟਰ ਦੀ ਵਿਦਿਆਰਥਣ ਨੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚੋਂ ਪੰਜਵੀਂ ਪਜੀਸ਼ਨ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਸਬੰਧੀ ਕਾਲਜ ਵਿੱਚ ਰੱਖੇ ਸਨਮਾਨ ਸਮਾਰੋਹ ਮੌਕੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਫਿਜਿਕਸ ਵਿਭਾਗ ਦੇ ਮੁਖੀ ਡਾ. ਆਰਤੀ ਸ਼ਰਮਾ ਅਤੇ ਸਟਾਫ ਦੀ ਹਾਜ਼ਰੀ ਵਿੱਚ ਉਕਤ ਵਿਦਿਆਰਥਣ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਗੱਲ ਕਰਦਿਆਂ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਐਮ ਐਸ ਪੀ ਫਿਜਿਕਸ ਦੇ ਪਹਿਲਾਂ ਸਮੈਸਟਰ ਦੇ ਐਲਾਨੇ ਨਤੀਜੇ ਵਿੱਚ ਵਿਦਿਆਰਥਣ ਗੀਤਿਕਾ ਮਹਿਮਾ ਨੇ 77 ਫੀਸਦੀ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਪੰਜਵਾਂ ਸਥਾਨ ਹਾਸਿਲ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਸੇ ਕੋਰਸ ਦੀ ਵਿਦਿਆਰਥਣ ਨਵਜੋਤ ਕੌਰ ਨੇ 73 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਅਤੇ ਅੰਜਨਾ ਨੇ 70.2 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਕਲਾਸ ਦਾ ਬਾਕੀ ਨਤੀਜਾ ਵੀ ਸੌ ਫੀਸਦੀ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਸਮੇਤ ਫਿਜਿਕਸ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਵੀ ਵਿਦਿਆਰਥਣ ਗੀਤਿਕਾ ਮਹਿਮਾ ਅਤੇ ਹੋਰ ਵਿਦਿਆਰਥੀਆਂ ਨੂੰ ਇਸ ਨਤੀਜੇ ਲਈ ਮੁਬਾਰਕਬਾਦ ਦਿੱਤੀ ਅਤੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।





# ਮੇਹਲੀ ਵਿਖੇ ਗੁੱਡ ਫਰਾਈਡੇ ਮਨਾਇਆ



**ਬੰਗਾ (ਅਵਤਾਰ ਕਲੇਰ)** ਦਯਾ ਸਾਗਰ ਚਰਚ ਸੁਸਾਇਟੀ ਰਜਿ. ਮੇਹਲੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਭੂ ਯਿਸੂ ਮਸੀਹ ਦੀ ਯਾਦ ਚ ਗੁੱਡ ਫਰਾਈਡੇ ਦਯਾ ਸਾਗਰ ਚਰਚ ਮੇਹਲੀ ਵਿਖੇ ਪਾਸਟਰ ਹਰਮੇਸ਼ ਚੰਦਰ ਦੀ ਅਗਵਾਈ ਹੇਠ ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਪਾਸਟਰ ਹਰਮੇਸ਼ ਚੰਦਰ ਨੇ ਸਤਸੰਗ ਰਾਹੀਂ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਦੱਸਿਆ ਕਿ ਪ੍ਰਭੂ ਯਿਸੂ ਮਸੀਹ ਨੇ ਸਾਡੀ ਖਾਤਰ ਆਪਣੀ ਕੁਰਬਾਨੀ ਦਿੱਤੀ।ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਸੱਚੇ ਦਿਲੋਂ ਯਾਦ ਕਰਦੇ ਹਾਂ ਤਾਂ ਸਾਡੇ ਕਾਰਜ ਸਹੀ ਹੋਣ ਲੱਗਦੇ ਹਨ।ਕੁਲ ਲੋਕਾਈ ਦੇ ਭਲੇ ਲਈ ਪ੍ਰਾਰਥਨਾ ਕੀਤੀ ਗਈ। ਗੀਤ ਸੰਗੀਤ ਮੰਡਲੀਆਂ ਵਲੋਂ ਪ੍ਰਭੂ ਯਿਸੂ ਮਸੀਹ ਦੇ ਗੁਣ ਗਾਏ ਗਏ। ਪਾਸਟਰ ਹਰਮੇਸ਼ ਚੰਦਰ ਅਤੇ ਦਯਾ ਸਾਗਰ ਚਰਚ ਸੁਸਾਇਟੀ ਵਲੋਂ ਮਹਿਮਾਨਾਂ,ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪਾਸਟਰ ਹਰਮੇਸ਼ ਚੰਦਰ, ਕੁਲਵਿੰਦਰ ਕੌਰ ਸੁਰਿੰਦਰ ਪਾਲ ਸਾਬਕਾ ਸਰਪੰਚ, ਜਗਦੀਸ਼ ਕੌਰ ਸਾਬਕਾ ਸਰਪੰਚ, ਬਲਵੀਰ ਕੌਰ, ਸਤਨਾਮ ,ਕਮਲ ਕੁਮਾਰ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

# ਏਮਜ਼ ਲਈ ਸੁਤੰਤਰ ਕੈਨਾਲ ਅਧਾਰਿਤ ਵਾਟਰ ਵਰਕਸ ਸਥਾਪਿਤ ਕੀਤਾ ਜਾਵੇਗਾ : ਆਰਤੀ ਸਿੰਘ ਰਾਓ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦਸਿਆ ਕਿ ਰਿਵਾੜੀ ਜਿਲ੍ਹਾ ਦੇ ਪਿੰਡ ਮਾਜਰਾ ਮੁਸਤਿਲ ਭਾਲਖੀ ਵਿੱਚ ਸਥਿਤ ਏਮਸ ਲਈ ਇੱਕ ਸੁਤੰਤਰ ਕੈਨਾਲ ਅਧਾਰਿਤ ਵਾਟਰ ਵਰਕਸ ਸਥਾਪਿਤ ਕੀਤਾ ਜਾਵੇਗਾ, ਜਿਸ ਦੇ ਲਈ ਮੁੱਖ ਮੰਤਰੀ ਤੋਂ ਮੰਜੂਰੀ ਮਿਲ ਚੁੱਕੀ ਹੈ। ਇਸ ਪਰਿਯੋਜਨਾ 'ਤੇ ਲਗਭਗ 226.83 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਇਸ ਨੂੰ ਸੈਦਾਂਤਿਕ ਮੰਜੂਰੀ ਵੀ ਪ੍ਰਦਾਨ ਕਰ ਦਿੱਤੀ ਗਈ ਹੈ। ਸਿਹਤ ਮੰਤਰੀ ਨੇ ਕਿਹਾ ਕਿ ਏਮਸ ਲਈ ਬਨਣ ਵਾਲੇ ਇਸ ਵਾਟਰ ਵਰਕਸ ਨਾਲ ਸਬੰਧਿਤ ਜਲ੍ਹ ਸਪਲਾਈ ਦਾ ਪੂਰਾ ਖਰਚ ਹਰਿਆਣਾ ਸਰਕਾਰ ਖੁਦ ਭੁਗਤਾਨ ਰਕੇਗੀ, ਜਿਸ ਨਾਲ ਸੰਸਥਾਨ ਨੂੰ ਕਿਸੇ ਤਰ੍ਹਾ ਦੀ ਵਿੱਤੀ ਜਾਂ ਸਪਲਾਈ ਸਬੰਧੀ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

## ਹਨੂਮਾਨ ਜਯੰਤੀ ਮਨਾਈ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਭਗਵਾਨ ਸ੍ਰੀ ਹਨੂਮਾਨ ਜੀ ਦੇ ਪਾਵਨ ਉਤਸਵ ਮੌਕੇ ਤੇ ਹਨੂਮਾਨ ਮੰਦਿਰ ਟਾਂਡਾ ਦੇ ਪ੍ਰਧਾਨ ਹਰਜੀਤ ਸਿੰਘ ਸਿੱਧੂ ਦੀ ਅਗਵਾਈ ਵਿੱਚ ਹਨੂਮਾਨ ਜਯੰਤੀ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੰਦਿਰ ਦੇ ਪੁਜਾਰੀ ਪੰਡਿਤ ਮਿਸ਼ਰਾ ਵੱਲੋਂ ਪੂਰੀ ਵਿਧੀਪੂਰਵਕ ਹਨੂਮਾਨ ਦੀ ਪੂਜਾ ਅਰਚਨਾ ਕਰਨ ਉਪਰੰਤ ਸੁੰਦਰ ਕਾਂਡ 108 ਤੇ ਬਜਰੰਗ ਬਾਣ ਦਾ ਪਾਠ ਕੀਤਾ ਗਿਆ। ਸਮਾਰੋਹ ਚ ਵਿਸ਼ੇਸ਼ ਤੌਰ ਤੇ ਪਹੁੰਚੇ ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ, ਸੋਨੂੰ ਖੁਲਰ, ਪਵਨ ਚੱਢਾ, ਗੁੱਡੂ ਮਰਵਾਹਾ, ਅਨਿਲ ਸ਼ਰਮਾ, ਬਲਰਾਜ ਕੁਮਾਰ, ਵਿਨੋਦ, ਹੈਪੀ ਤੂਲੀ, ਚੰਨ ਸੈਣੀ, ਅਰੁਣ ਸੈਣੀ, ਅਨੁਰਾਗ, ਮਨਪ੍ਰੀਤ, ਬਲਜੀਤ ਰਾਏ ਬਾਬਾ, ਅਨਮੋਲਾ ਆਨੰਦ ਬਾਈ ਜੀ, ਸੋਨੂੰ ਰਾਏ, ਗੁਰਮੀਤ ਅਰੋੜਾ, ਸੁਖਵਿੰਦਰ ਅਰੋੜਾ, ਅਸ਼ੋਕ ਵਰਮਾ, ਅਭੀ ਤਲਵਾੜ, ਅਵਿਨਾਸ਼ ਚੱਡਾ, ਅੰਕਿਤ ਭਾਰਦਵਾਜ, ਨਰਿੰਦਰ, ਅਸ਼ਵਨੀ ਕੁਮਾਰ, ਨੰਦੂ, ਰਿੰਕੂ, ਗੌਰਵ ਤੋ ਇਲਾਵਾ ਇਲਾਕੇ ਦੀਆਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਹਨੂਮਾਨ ਦਾ ਜਨਮ ਦਿਹਾੜਾ ਮਨਾਇਆ।



# ਵੀਨਾ ਬਸਰਾ 10 ਨੂੰ ਅਹੁਦਾ ਸੰਭਾਲਣਗੇ

**ਫਿਲੌਰ (ਨਿਰਮਲ)**- ਬਲਾਕ ਸੰਮਤੀ ਰੁੜਕਾ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਚੇਅਰਮੈਨ ਵੀਨਾ ਬਸਰਾ ਬਣੇ।ਉਨ੍ਹਾਂ ਦੱਸਿਆ ਕਿ 10 ਅਪ੍ਰੈਲ ਨੂੰ ਬੀ.ਡੀ.ਪੀ.ਓ ਦਫ਼ਤਰ ਰੁੜਕਾ ਕਲਾਂ (ਫਿਲੌਰ) ਵਿਖੇ ਸਵੇਰੇ 10 ਵਜੇ ਬਲਾਕ ਸੰਮਤੀ ਦੇ ਦਫ਼ਤਰ ਵਿਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਦੀ ਅਗਵਾਈ ਹੇਠ ਚੇਅਰਮੈਨ ਦਾ ਅਹੁਦਾ ਸੰਭਾਲਿਆ ਜਾਵੇਗਾ।ਉਨ੍ਹਾਂ ਨੇ ਕਿਹਾ ਕਿ 65 ਪਿੰਡ ਮੇਰੀ ਬਲਾਕ ਸੰਮਤੀ ਵਿਚ ਆਉਂਦੇ ਹਨ ਇਨ੍ਹਾਂ ਪਿੰਡਾਂ ਵਿੱਚ ਜੋ ਵੀ ਵਿਕਾਸ ਦੇ ਕੰਮ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਹੋਣਗੇ ਜਿਹੜੇ ਕੰਮ ਹੋਣਗੇ ਉਹ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ ਅਤੇ ਹਰ ਪਿੰਡ ਵਿੱਚ ਬਿਨ੍ਹਾਂ ਕਿਸੇ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਸਰਵਪੱਖੀ ਵਿਕਾਸ ਕੀਤਾ ਜਾਵੇਗਾ।



# ਪੰਜਾਬ ਸਰਕਾਰ ਵੱਲੋਂ 4 ਸਾਲਾਂ 'ਚ ਵਿਕਾਸ ਸੰਬੰਧੀ ਪੰਡੋਰੀ ਨਿੱਝਰਾਂ 'ਚ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)** ਹਲਕਾ ਇੰਚਾਰਜ ਪਵਨ ਟੀਨੂੰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਿੰਡ ਪੰਡੋਰੀ ਨਿੱਝਰਾਂ ਵਿਖੇ ਪੰਜਾਬ ਸਰਕਾਰ ਦੇ 4 ਸਾਲ 'ਤੇ ਭਗਵੰਤ ਮਾਨ ਦੇ ਨਾਲ ਮੁਹਿੰਮ ਤਹਿਤ ਲੋਕਾਂ ਨਾਲ ਸਿੱਧਾ ਸੰਵਾਦ ਕੀਤਾ। ਪਿੰਡ ਪੰਡੋਰੀ ਨਿੱਝਰਾਂ ਵਿਖੇ ਇਕ ਵਿਸ਼ੇਸ ਮੀਟਿੰਗ ਕਰਦਿਆਂ ਹਰਕੀਤ ਸਿੰਘ ਨਿੱਝਰ ਕੋਆਰਡੀਨੇਟ ਕਿਸਾਨ ਵਿੰਗ ਹਲਕਾ ਆਦਮਪੁਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ 4 ਸਾਲ ਪੂਰੇ ਹੋਣ 'ਤੇ ਚਲਾਈ ਜਾ ਰਹੀ ਮੁਹਿੰਮ ਸ਼ਾਨਦਾਰ ਮੁਹਿੰਮ ਸੂਬਾ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਕੇ ਦਿਖਾਇਆ ਹੈ। ਜਿਨ੍ਹਾਂ ਵਿਚ ਬੀਬੀਆਂ ਨੂੰ 1000 ਰੁਪਏ ਸਕੀਮ, 600 ਯੂਨਿਟ ਫ੍ਰੀ ਬਿਜਲੀ, ਸਿਹਤ, ਸਿੱਖਿਆ, ਰੋਜ਼ਗਾਰ, ਮੁਫ਼ਤ ਮਿਆਰੀ ਸਿਹਤ ਸੇਵਾਵਾਂ ਪੰਜਾਬ ਦੇ ਹਰੇਕ ਪਰਵਾਰ ਨੂੰ 10 ਲੱਖ ਰੁਪਏ ਤੱਕ ਦੇ ਸਿਹਤ ਬੀਮਾ ਕਵਰ, ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੇ ਨਾਲ-ਨਾਲ ਇਨ੍ਹਾਂ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਵਰਗੀਆਂ ਅਤਿ ਆਧੁਨਿਕ ਸਿੱਖਿਆ ਸਹੂਲਤਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾ ਕੇ ਨਸ਼ਿਆਂ ਦੇ ਕਾਰੋਬਾਰੀਆਂ 'ਤੇ ਵੱਡੇ ਪੱਧਰ 'ਤੇ ਸ਼ਿਕੰਜਾ ਕੱਸਿਆ ਗਿਆ ਹੈ, ਉਥੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਬੁਨਿਆਦੀ ਢਾਂਚੇ 65000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਹਰਕੀਤ ਸਿੰਘ ਨਿੱਝਰ, ਮਨਜਿੰਦਰ ਸਿੰਘ ਅਟਵਾਲ, ਅਨੂਪ ਸਿੰਘ ਨੂਪੀ, ਲਖਵੀਰ ਸਿੰਘ ਸਾਰੋਵਾਦ, ਰਣਜੀਤ ਸਿੰਘ ਬਲਾਕ ਪ੍ਰਧਾਨ, ਮਨਜਿੰਦਰ ਲਾਲ ਸਰਪੰਚ, ਗੁਰਜੀਤ ਸਿੰਘ ਨੰਬੜਦਾਰ, ਜਸਵਿੰਦਰ ਸਿੰਘ, ਅਵਤਾਰ ਸਿੰਘ, ਹੰਨੀ ਤਿੰਨੋਂ ਪੰਚ, ਸਹਿਜਪਾਲ ਸਮਾਜ ਸੇਵਕ ਸਮੇਤ ਪਿੰਡ ਵਾਸੀ ਹਾਜ਼ਰ ਰਹੇ।

# ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਲਏ ਕ੍ਰਾਂਤੀਕਾਰੀ ਫੈਸਲੇ : ਵਿਧਾਇਕ

**ਮੇਹਟੀਆਣਾ (ਜਗਤਾਰ ਭੁੰਗਰਨੀ)**- ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਪੀ ਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ,ਫਲਾਹੀ ਵਿਖੇ ਸਾਲਾਨਾ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸਿੱਖਿਆ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿਚ ਕ੍ਰਾਂਤੀਕਾਰੀ ਫੈਸਲੇ ਲੈ ਰਹੀ ਹੈ ਜਿਸ ਨਾਲ ਸੂਬੇ ਦੇ ਬੱਚਿਆਂ ਨੂੰ ਸਿੱਖਿਆ ਦਿਵਾ ਕੇ ਜ਼ਿੰਦਗੀ ਵਿਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਦੇ ਕਾਬਲ ਬਣਾਇਆ ਜਾ ਸਕੇ। ਪ੍ਰਿੰਸੀਪਲ ਰੰਜੂ ਦੁੱਗਲ, ਸਕੂਲ ਸਟਾਫ ਸਮੇਤ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਦੇ ਸਰਵੇਖਣ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲ ਪੜ੍ਹਾਈ ਦੇ ਮਾਮਲੇ ਵਿਚ ਦੇਸ਼ ਵਿਚ ਪਹਿਲੇ ਸਥਾਨ 'ਤੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਪੰਜਾਬ ਸਰਕਾਰ ਦੇ ਤਰਜੀਹੀ ਖੇਤਰ ਹਨ ਜਿਨ੍ਹਾਂ ਵੱਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਪੀ ਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੰਦਿਆਂ ਵਿਦਿਆਰਥੀਆਂ ਨੂੰ ਮਨ-ਚਿਤ ਲਾ ਕੇ ਪੜ੍ਹਾਈ ਕਰਨ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਦਿਆਂ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਕਾਮਨਾ ਕੀਤੀ। ਇਸ ਦੌਰਾਨ ਪ੍ਰਿੰਸੀਪਲ ਰੰਜੂ ਦੁੱਗਲ ਨੇ ਮੁੱਖ ਮਹਿਮਾਨ ਅਤੇ ਮਾਪਿਆਂ ਦਾ ਸਵਾਗਤ ਕਰਦਿਆਂ ਸਲਾਨਾ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਵਿਚ ਵਿਦਿਆਰਥੀਆਂ ਦੀ ਪੜ੍ਹਾਈ, ਖੇਡਾਂ, ਐੱਨ ਸੀ ਸੀ, ਸਕਾਊਟ ਗਾਈਡਜ, ਸਹਿ ਸਿੱਖਿਆ ਗਤੀਵਿਧੀਆਂ, ਪੀ ਐੱਮ ਸ੍ਰੀ ਫੰਡ ਵਿੱਚ ਕਰਵਾਈਆਂ ਗਤੀਵਿਧੀਆਂ ਬਾਰੇ ਦੱਸਿਆ ਗਿਆ।



## ਪਾਣੀ ਦੀ ਦੁਰਵਰਤੋਂ ਚਿੰਤਾ ਦਾ ਵਿਸ਼ਾ : ਸਿੱਧੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਾਣੀ ਮਨੁੱਖੀ ਜੀਵਨ ਦੀ ਮੁੱਢਲੀ ਲੋੜ ਹੈ। ਸਾਫ਼ ਪੀਣ ਵਾਲੇ ਪਾਣੀ ਦੀ ਦੁਰਵਰਤੋਂ ਮੌਜੂਦਾ ਸਮੇਂ 'ਚ ਗੰਭੀਰ ਸੰਕਟ ਨੂੰ ਜਨਮ ਦੇ ਰਹੀ ਹੈ, ਉੱਥੇ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਖਤਰਾ ਪੈਦਾ ਕਰ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਇੱਕ ਸਮਾਗਮ ਦੌਰਾਨ ਐਡਵੋਕੇਟ ਤੇ ਸੀਨੀਅਰ ਭਾਜਪਾ ਆਗੂ ਰਾਜਗੁਲਜਿੰਦਰ ਸਿੰਘ ਸਿੱਧੂ ਨੇ ਕੀਤਾ। ਸਿੱਧੂ ਨੇ ਕਿਹਾ ਕਿ ਪਾਣੀ ਦੀ ਬੇਧਿਆਨੀ ਨਾਲ ਕੀਤੀ ਜਾ ਰਹੀ ਵਰਤੋਂ ਚਿੰਤਾ ਦਾ ਵਿਸ਼ਾ ਹੈ। ਪੰਜਾਬ ਸਮੇਤ ਉੱਤਰ ਭਾਰਤ ਦੇ ਕਈ ਰਾਜਾਂ 'ਚ ਜ਼ਮੀਨ ਦੋਜ਼ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ। ਪਾਣੀ ਦੇ ਕੁਦਰਤੀ ਸਰੋਤ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਬੇਰੁੱਖੀ ਕਾਰਨ ਦੂਸ਼ਿਤ ਜਾਂ ਸੁੱਕ ਰਹੇ ਹਨ। ਮੀਂਹ ਦੇ ਪਾਣੀ ਨੂੰ ਸਾਂਭਣ ਦੀ ਧਰਾਤਲ 'ਤੇ ਕੋਈ ਠੋਸ ਯੋਜਨਾ ਨਹੀਂ ਹੈ। ਹਰ ਸਾਲਾਂ ਲੱਖਾਂ ਕਿਊਸਕ ਮੀਂਹ ਦਾ ਪਾਣੀ ਅਜਾਈਂ ਹੀ ਜਾ ਰਿਹਾ ਹੈ। ਉਨ੍ਹਾਂ ਸਮਾਜਿਕ ਜਥੇਬੰਦੀਆਂ ਅਤੇ ਧਾਰਮਿਕ ਸੰਸਥਾਵਾਂ ਨੂੰ ਕੁਦਰਤ ਦੀ ਇਸ ਦਾਤ ਨੂੰ ਸੰਭਾਲਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।



## ਵਰਕਰਾਂ ਦੇ ਮਾਣ ਸਨਮਾਨ ਵਿੱਚ ਕਮੀ ਨਹੀਂ ਆਉਣ ਦਿਆਂਗਾ : ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਕਿਹਾ ਹੈ ਕਿ ਪਾਰਟੀ ਵਰਕਰ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਉਨ੍ਹਾਂ ਦੇ ਮਾਨ-ਸਨਮਾਨ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਉਨ੍ਹਾਂ ਨੇ ਸਰਕਲ ਜਹਾਨ ਖੇਲਾਂ ਵੱਲੋਂ ਸਰਕਲ ਜਥੇਦਾਰ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ ਰੱਖੇ ਗਏ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦੌਰਾਨ ਕੀਤਾ। ਸਰਕਲ ਜਹਾਨ ਖੇਲਾਂ ਦੇ ਅਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਸੰਜੀਵ ਤਲਵਾੜ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਬੀਸੀ ਸੈਲ ਪੰਜਾਬ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਕਲਸੀ ਅਨੁਸੂਚਿਤ ਜਾਤੀ ਸੈਲ ਦੇ ਜ਼ਿਲ੍ਹਾ ਪ੍ਰਧਾਨ ਸਾਬਕਾ ਮੇਅਰ ਪ੍ਰੇਮ ਸਿੰਘ ਵਪਾਰ ਸੈਲ ਦੇ ਪੰਜਾਬ ਦੇ ਵਾਈਸ ਪ੍ਰਧਾਨ ਇਕਵਾਲ ਸਿੰਘ ਗੋਪੀ ਤੇ ਸਾਬਕਾ ਪਾਰਸ਼ਦ ਸੰਤੋਖ ਸਿੰਘ ਔਜਲਾ ਤੇ ਨਰਿੰਦਰ ਸਿੰਘ ਦਾ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਲਈ ਸਨਮਾਨ ਕੀਤਾ ਗਿਆ।



# 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਤਹਿਤ ਜਾਗਰੂਕਤਾ ਸੈਮੀਨਾਰ

**ਬਲਾਚੌਰ( ਜਸਵਿੰਦਰ ਬੈਂਸ)** ਪਿੰਡ ਰੁੜਕੀ ਖੁਰਦ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਤਹਿਤ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਮੈਡੀਕਲ ਅਫ਼ਸਰ ਡਾ. ਗੁਰਮੁੱਖ ਸਿੰਘ ਨੇ ਲੋਕਾਂ ਨੂੰ ਭਰੂਣ ਹੱਤਿਆ ਰੋਕਣ ਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਮਝਣ ਦਾ ਸੱਦਾ ਦਿੱਤਾ।ਉਨ੍ਹਾਂ ਨੇ ਆਮ ਲੋਕਾਂ ਨੂੰ ਭਰੂਣ ਹੱਤਿਆ, ਬਾਲ ਵਿਆਹ ਤੇ ਘਰੇਲੂ ਹਿੰਸਾ ਆਦਿ ਬਾਰੇ ਜਾਗਰੂਕ ਕੀਤਾ।ਉਨ੍ਹਾਂ ਕਿਹਾ ਕਿ ਲਿੰਗ ਅਨੁਪਾਤ ਵਿੱਚ ਸੁਧਾਰ ਲਈ ਸਮਾਜ ਦੀ ਮਾਨਸਿਕਤਾ ਨੂੰ ਬਦਲਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਮਾਜ ਅੰਦਰ ਫੈਲੀਆਂ ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਮਿਟਾਉਣ ਅਤੇ ਲੜਕੀਆਂ ਦੀ ਪੜ੍ਹਾਈ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਮੌਕੇ ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਨੇ ਪੀ ਐਨ ਡੀ ਟੀ ਐਕਟ ਬਾਰੇ ਦੱਸਿਆ ਕਿ ਗਰਭ 'ਚ ਪਲ ਰਹੇ ਬੱਚੇ ਦਾ ਲਿੰਗ ਪਤਾ ਕਰਨਾ ਤੇ ਭਰੂਣ ਹੱਤਿਆ ਕਰਨਾ ਨਾ ਸਿਰਫ਼ ਸਜ਼ਾ-ਯੋਗ ਅਪਰਾਧ ਹੈ, ਬਲਕਿ ਇਹ ਇਕ ਮਹਾਂ-ਪਾਪ ਹੈ।ਇਸ ਮੌਕੇ ਰੁੜਕੀ ਖੁਰਦ ਦੀ ਸਰਪੰਚ ਮਨਜੀਤ ਕੌਰ, ਜਗਦੀਸ਼ ਸਿੰਘ, ਨਿਉ ਰੁੜਕੀ ਖੁਰਦ ਦੀ ਸਰਪੰਚ ਸੱਤਿਆ ਦੇਵੀ, ਹਰਮੇਲ ਸਿੰਘ, ਪੰਚ ਬੇਬੀ ਰਾਣੀ, ਮਪਹਵ ਗੁਰਮੁੱਖ ਸਿੰਘ ਤੇ ਗੁਰਵਿੰਦਰ ਕੌਰ, ਆਸ਼ਾ ਵਰਕਰ ਸੋਮਾ ਰਾਣੀ, ਆਂਗਣਵਾੜੀ ਵਰਕਰ ਪਰਮਜੀਤ ਤੇ ਦੀਕਸ਼ਾ ਸਮੇਤ ਹੋਰ ਵੀ ਹਾਜ਼ਰ ਸਨ।



# ਮਨਰੇਗਾ ਕਾਮੇ ਫਾਕੇ ਕੱਟਣ ਲਈ ਹੋਏ ਮਜਬੂਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਮਨਰੇਗਾ ਕਾਮੇ ਜਨਵਰੀ ਮਹੀਨੇ ਤੋਂ ਮਿਹਨਤਾਨਾ ਨਾਲ ਮਿਲਣ 'ਤੇ ਫਾਕੇ ਕੱਟਣ ਲਈ ਮਜਬੂਰ ਹੋ ਗਏ ਹਨ। ਮਨਰੇਗਾ ਵਰਕਰਜ਼ ਯੂਨੀਅਨ ਬਲਾਕ ਹਾਜੀਪੁਰ ਦੀ ਪ੍ਰਧਾਨ ਬਲਵਿੰਦਰ ਕੌਰ ਤੇ ਸਕੱਤਰ ਅਨਿਤਾ ਦੇਵੀ ਨੇ ਦਸਿਆ ਕਿ ਮਨਰੇਗਾ ਕਾਮਿਆਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਕੀਤੇ ਕੰਮ ਦੇ ਪੈਸੇ ਨਹੀਂ ਮਿਲੇ ਹਨ। ਉੱਥੇ ਹੀ ਪੰਚਾਇਤਾਂ ਵੱਲੋਂ ਮਨਰੇਗਾ ਤਹਿਤ ਕਰਵਾਏ ਪਿਛਲੇ ਕੰਮਾਂ ਦੀ ਅਦਾਇਗੀ ਨਹੀਂ ਹੋਈ। ਪੰਚਾਇਤਾਂ ਸਿਰ ਲੱਖਾਂ ਰੁਪਏ ਦਾ ਕਰਜ਼ਾ ਹੋਣ ਕਾਰਨ ਸਰਪੰਚ ਮਨਰੇਗਾ ਅਧੀਨ ਕੰਮ ਕਰਵਾਉਣ ਤੋਂ ਕੰਨੀ ਕਤਰਾ ਰਹੇ ਹਨ। ਪਿੰਡਾਂ 'ਚ ਪਹਿਲਾਂ ਹੀ ਕੰਮ ਬੰਦ ਹਨ, ਮਨਰੇਗਾ ਵਰਕਰਾਂ ਨੂੰ ਕੰਮ ਨਹੀਂ ਮਿਲ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ ਨੇ ਦਸਿਆ ਕਿ ਨਵੀਂ ਐਪ ਰਾਹੀਂ ਆਨਲਾਈਨ ਹਾਜ਼ਰੀ ਲਾਉਣ 'ਚ ਮਨਰੇਗਾ ਵਰਕਰਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਵੇਂ ਵਿੱਤੀ ਵਰ੍ਹੇ 'ਚ ਮਨਰੇਗਾ ਕਾਮਿਆਂ ਦੀ ਦਿਹਾੜੀ ਵਿਚ ਅਜੇ ਤੱਕ ਸਰਕਾਰ ਨੇ ਕੋਈ ਵਾਧਾ ਨਹੀਂ ਕੀਤਾ। ਕੰਮ ਦੀ ਮੰਗ ਦੇ ਬਾਵਜੂਦ ਮਨਰੇਗਾ ਕਾਮਿਆਂ ਨੂੰ ਕੰਮ ਨਹੀਂ ਮਿਲ ਰਿਹਾ ਹੈ। ਮਨਰੇਗਾ ਮੰਗਾਂ ਦੀ ਪ੍ਰਾਪਤੀ ਅਤੇ ਨਵੀਂ ਯੋਜਨਾ ਰੱਦ ਕਰਕੇ ਮਨਰੇਗਾ ਬਹਾਲੀ ਦੀ ਮੰਗ, ਚਾਰ ਲੇਬਰ ਕੋਡਾਂ ਆਦਿ ਦੇ ਵਿਰੋਧ 'ਚ 8 ਤਾਰੀਕ ਨੂੰ ਜਲੰਧਰ ਵਿਖੇ ਵਿਸ਼ਾਲ ਕਨਵੈਂਸ਼ਨ ਕੀਤੀ ਜਾ ਰਹੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵੱਡੀ ਗਿਣਤੀ ਮਨਰੇਗਾ ਕਾਮੇ ਸ਼ਾਮਲ ਹੋਣਗੇ। ਹੋਰਨਾਂ ਤੋਂ ਇਲਾਵਾ ਵਿਜੈ ਕੁਮਾਰ, ਮਨਜੀਤ ਕੌਰ, ਰਜਨੀ ਬਾਲਾ ਆਦਿ ਨੇ ਵੀ ਸੰਬੋਧਨ ਕੀਤਾ।

# ਡਾ. ਬਲਵਿੰਦਰ ਕੌਰ ਬਰਾੜ ਨਾਲ ਰੂ-ਬ-ਰੂ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹਾ ਭਾਸ਼ਾ ਦਫ਼ਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਹੜੇ ਸਾਹਿਤਕ ਸੱਥ, ਐਸ.ਏ.ਐਸ.ਨਗਰ ਵੱਲੋਂ ਡਾ. ਬਲਵਿੰਦਰ ਕੌਰ ਬਰਾੜ (ਸਾਬਕਾ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨਾਲ ਰੂ-ਬ-ਰੂ ਕੀਤਾ ਗਿਆ। ਸਮਾਗਮ ਦਾ ਆਰੰਭ ਭਾਸ਼ਾ ਵਿਭਾਗ, ਪੰਜਾਬ ਦੀ ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਨਾਲ ਕੀਤਾ ਗਿਆ। ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਹਾਜ਼ਰੀਨ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਹੋਇਆਂ ਡਾ. ਬਲਵਿੰਦਰ ਕੌਰ ਬਰਾੜ ਦੇ ਪੰਜਾਬੀ ਮਾਂ-ਬੋਲੀ ਅਤੇ ਸਾਹਿਤ ਦੇ ਖੇਤਰ ਵਿਚ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ। ਉਨ੍ਹਾਂ ਆਖਿਆ ਕਿ ਡਾ. ਬਲਵਿੰਦਰ ਕੌਰ ਬਰਾੜ ਹੰਭਣ ਜਾਂ ਥੱਕਣ ਦਾ ਨਹੀਂ ਸਗੋਂ ਤੁਰਨ ਅਤੇ ਅੱਗੇ ਵਧਣ ਦਾ ਨਾਂਅ ਹੈ।ਮੁੱਖ ਵਕਤਾ ਡਾ. ਬਲਵਿੰਦਰ ਕੌਰ ਬਰਾੜ ਵੱਲੋਂ ਸ੍ਰੋਤਿਆਂ ਦੇ ਰੂ-ਬ-ਰੂ ਹੁੰਦਿਆਂ ਸਾਹਿਤ, ਸਮਾਜ ਅਤੇ ਜੀਵਨ ਫ਼ਲਸਫ਼ੇ ਸਬੰਧੀ ਮਹੱਤਵਪੂਰਨ ਗੱਲਾਂ ਕੀਤੀਆਂ ਗਈਆਂ। ਉਨ੍ਹਾਂ ਨੇ ਮੌਜੂਦਾ ਦੌਰ 'ਤੇ ਚੋਟ ਕਰਦਿਆਂ ਕਿਹਾ ਕਿ ਅੱਜ-ਕੱਲ੍ਹ ਲੋਕ ਇੱਕ-ਦੂਜੇ ਨੂੰ ਪ੍ਰਸ਼ਨ-ਪੱਤਰ ਬਣ ਕੇ ਮਿਲਦੇ ਹਨ ਜਦਕਿ ਜ਼ਿੰਦਗੀ ਤਾਂ ਕਵਿਤਾ ਬਣ ਕੇ ਹੀ ਜਿਊਈ ਤੇ ਮਾਣੀ ਜਾਂਦੀ ਹੈ। ਉਨ੍ਹਾਂ ਆਖਿਆ ਕਿ ਜੀਵਨ ਦੀਆਂ ਉਲਝਣਾਂ ਨਾਲ ਦਸਤਪੰਜਾ ਲੈਂਦਿਆਂ ਕੋਈ ਬੰਦਾ ਨਿਖਰਦਾ-ਨਿਖਰ ਜਾਂਦਾ ਹੈ ਅਤੇ ਕੋਈ ਬਿਖਰਦਾ-ਬਿਖਰ ਜਾਂਦਾ ਹੈ। ਸਾਨੂੰ ਹਮੇਸ਼ਾ ਦੂਜਿਆਂ ਦੇ ਔਗੁਣ ਦੇਖਣ ਦੀ ਬਜਾਏ ਉਨ੍ਹਾਂ ਦੇ ਖ਼ੂਬਸੂਰਤ ਗੁਣਾਂ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਾਰੀ ਸਰੋਕਾਰਾਂ ਬਾਰੇ ਖੁੱਲ੍ਹ ਕੇ ਗੱਲ ਕਰਦਿਆਂ ਉਨ੍ਹਾਂ ਅਪੀਲ ਕੀਤੀ ਕਿ ਕੁੜੀਆਂ ਨੂੰ ਫੋਕੀ ਚਕਾਚੌਂਧ ਵਿਚ ਗਲਤਾਨ ਹੋਣ ਦੀ ਬਜਾਏ ਆਪਣੀਆਂ ਅਸਲ ਸਮਰੱਥਾਵਾਂ ਨੂੰ ਪਛਾਣ ਕੇ ਅੱਗੇ ਵਧਣਾ ਚਾਹੀਦਾ ਹੈ ਤੇ ਆਪਣੇ ਪੈਰਾਂ 'ਤੇ ਜ਼ਰੂਰ ਖੜ੍ਹੇ ਹੋਣਾ ਚਾਹੀਦਾ ਹੈ।ਇਸ ਮੌਕੇ ਸ੍ਰੋਤਿਆਂ ਵੱਲੋਂ ਸਵਾਲਾਂ ਦਾ ਸਿਲਸਿਲਾ ਵੀ ਬਾਖ਼ੂਬੀ ਚੱਲਿਆ ਤੇ ਡਾ. ਬਲਵਿੰਦਰ ਕੌਰ ਬਰਾੜ ਵੱਲੋਂ ਬੜੇ ਵਿਸਥਾਰ ਅਤੇ ਸਪਸ਼ਟਤਾ ਨਾਲ ਸਵਾਲਾਂ ਦੇ ਜਵਾਬ ਦਿੱਤੇ ਗਏ। ਸਮਾਗਮ ਦੇ ਅੰਤ ਵਿੱਚ ਡਾ. ਬਲਵਿੰਦਰ ਕੌਰ ਬਰਾੜ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।



## ਐਡਮਿਨਿਸਟ੍ਰੇਟਿਵ ਜੱਜ ਵੱਲੋਂ ਜ਼ਿਲ੍ਹਾ ਅਦਾਲਤਾਂ ਦਾ ਨਿਰੀਖਣ

**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੇ ਮਾਨਯੋਗ ਜੱਜ ਅਤੇ ਸੈਸ਼ਨ ਡਿਵੀਜ਼ਨ ਐਸ.ਏ.ਐਸ. ਨਗਰ ਦੇ ਐਡਮਿਨਿਸਟ੍ਰੇਟਿਵ ਜੱਜ ਮਾਨਯੋਗ ਜਸਟਿਸ ਮਹਾਬੀਰ ਸਿੰਘ ਸਿੰਧੂ ਨੇ ਮੋਹਾਲੀ ਵਿਖੇ ਜ਼ਿਲ੍ਹਾ ਅਦਾਲਤਾਂ ਦੀ ਸਾਲਾਨਾ ਨਿਰੀਖਣ ਕੀਤਾ ਗਿਆ। ਉਨ੍ਹਾਂ ਦੇ ਆਗਮਨ ਮੌਕੇ ਅਤੁਲ ਕਸਾਨਾ ਜ਼ਿਲ੍ਹਾ ਤੇ ਸੈਸ਼ਨ ਜੱਜ, ਮੋਹਾਲੀ ਕੋਮਲ ਮਿੱਤਲ, ਡਿਪਟੀ ਕਮਿਸ਼ਨਰ ਹਰਮਨਦੀਪ ਸਿੰਘ ਹਾਂਸ, ਸੀਨੀਅਰ ਪੁਲਿਸ ਕਪਤਾਨ, ਸੈਸ਼ਨ ਡਿਵੀਜ਼ਨ ਦੇ ਸਮੂਹ ਨਿਆਂਇਕ ਅਧਿਕਾਰੀਆਂ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਹੋਰ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਨਿਰੀਖਣ ਦੌਰਾਨ ਮਾਨਯੋਗ ਜਸਟਿਸ ਮਹਾਬੀਰ ਸਿੰਘ ਸਿੰਧੂ ਨੇ ਜ਼ਿਲ੍ਹਾ ਅਦਾਲਤਾਂ ਦੇ ਕੰਮਕਾਜ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਨਿਆਂਇਕ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਅਤੇ ਨਿਆਂਇਕ ਪ੍ਰਕਿਰਿਆਵਾਂ ਦੇ ਪ੍ਰਮੁੱਖ ਪੱਖਾਂ ਦੀ ਸਮੀਖਿਆ ਲਈ ਵਿਸਤ੍ਰਿਤ ਮੀਟਿੰਗ ਕੀਤੀ।ਨਿਆਂਇਕ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਮਾਨਯੋਗ ਐਡਮਿਨਿਸਟ੍ਰੇਟਿਵ ਜੱਜ ਨੇ ਨਿਆਂਇਕ ਕਾਰਜ ਵਿੱਚ ਉੱਚ ਪੱਧਰ ਦੀ ਭਰੋਸੇਯੋਗਤਾ, ਸਮਰਪਣ ਅਤੇ ਕੁਸ਼ਲਤਾ ਬਰਕਰਾਰ ਰੱਖਣ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਭ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।



# ਖ਼ੂਨਦਾਨ ਕੈਂਪ 'ਚ 35 ਯੂਨਿਟ ਖ਼ੂਨ ਇਕੱਤਰ

**ਦਸੂਹਾ (ਕਰਨੈਲ ਮਾਂਗਟ)**- ਪ੍ਰਸਿੱਧ ਸਾਹਿਤਕਾਰ, ਕਹਾਣੀਕਾਰ ਲਾਲ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਪਲੇਠਾ ਖ਼ੂਨਦਾਨ ਕੈਂਪ ਸਿਵਲ ਹਸਪਤਾਲ ਦਸੂਹਾ ਵਿਖੇ ਬਲੱਡ ਡੋਨਰ ਐਂਡ ਵੈਲਫੇਅਰ ਸੋਸਾਇਟੀ ਦਸੂਹਾ ਵੱਲੋਂ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਇਆ ਗਿਆ। ਜਿਸ ਵਿੱਚ ਖ਼ੂਨਦਾਨੀਆਂ ਨੇ ਵੱਧ ਚੜ ਕੇ ਹਿੱਸਾ ਲਿਆ ਅਤੇ ਸਵੈ ਇੱਛਤ ਹੋ ਕੇ ਖ਼ੂਨਦਾਨ ਕੀਤਾ। ਇਸ ਮੌਕੇ 35 ਯੂਨਿਟ ਸਿਵਲ ਹਸਪਤਾਲ ਦਸੂਹਾ ਦੀ ਬਲੱਡ ਟੀਮ ਵੱਲੋਂ ਇਕੱਤਰ ਕੀਤਾ ਗਿਆ।

ਹਲਕਾ ਵਿਧਾਇਕ ਦਸੂਹਾ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ । ਉਨ੍ਹਾ ਕਿਹਾ ਕਹਾਣੀਕਾਰ ਲਾਲ ਸਿੰਘ ਜਿਨ੍ਹਾਂ ਸਾਹਿਤ ਨੂੰ ਆਪਣੀ ਅਣਥੱਕ ਮਿਹਨਤ ਦੇ ਨਾਲ ਆਪਣੀ ਲਿਖਤਾਂ ਰਾਹੀਂ ਸੰਭਾਲਿਆ ਤੇ ਸਾਹਿਤਕ ਜਗਤ ਅੰਦਰ ਆਪਣੀ ਅਲੱਗ ਪਹਿਚਾਣ ਬਣਾਈ। ਉਨ੍ਹਾਂ ਦੀ ਨਿੱਘੀ ਯਾਦ ਵਿੱਚ ਸੁਸਾਇਟੀ ਵੱਲੋਂ ਕੈਂਪ ਦਾ ਆਯੋਜਨ ਕਰਨਾ ਇੱਕ ਵਧੀਆ ਉਪਰਾਲਾ ਹੈ। ਇਸ ਮੌਕੇ ਕਹਾਣੀਕਾਰ ਲਾਲ ਸਿੰਘ ਦੇ ਸਪੁੱਤਰ ਅਮਰਜੀਤ ਸਿੰਘ ਪ੍ਰਧਾਨ ਕਹਾਣੀਕਾਰ ਲਾਲ ਸਿੰਘ ਯਾਦਗਾਰੀ ਸਾਹਿਤਿਕ ਮੰਚ (ਰਜਿ.) ਪੰਜਾਬ ਨੇ ਕਿਹਾ ਕਹਾਣੀਕਾਰ ਲਾਲ ਸਿੰਘ ਨੇ ਹਮੇਸ਼ਾ ਵੱਖ ਵੱਖ ਕਿਰਦਾਰਾਂ ਰਾਹੀਂ ਸਾਹਿਤ ਸਮੇਤ ਇਸਦੀ ਬੁਨਿਆਦ ਨੂੰ ਹੋਰ ਉੱਚਾ ਚੁੱਕਣ ਅਤੇ ਮਜਬੂਤ ਰੱਖਣ ਲਈ ਉਪਰਾਲੇ ਕੀਤੇ। ਉਨ੍ਹਾਂ ਕਿਹਾ ਹਰ ਸਾਲ ਉਨਾਂ ਦੀ ਯਾਦ ਅੰਦਰ ਕੈਂਪਾਂ ਦਾ ਆਯੋਜਨ ਆਉਣ ਵਾਲੇ ਸਮੇਂ ਵਿੱਚ ਕੀਤਾ ਜਾਵੇਗਾ ਜੋ ਲਗਾਤਾਰ ਜਾਰੀ ਰਹੇਗਾ।ਉਨ੍ਹਾਂ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਡਾ. ਹਰਸ਼ਪ੍ਰੀਤ ਕੌਰ ਇੰਚਾਰਜ ਬਲੱਡ ਬੈਂਕ ਦਸੂਹਾ, ਰਾਜਿੰਦਰ ਕੌਰ ਨਰਸਿੰਗ ਸਿਸਟਰ, ਗੁਰਪ੍ਰੀਤ ਸਿੰਘ ਬਿੱਲਾ ਅਰੋੜਾ ਚੇਅਰਮੈਨ, ਦੀਦਾਰ ਸਿੰਘ ਕਾਲਾ , ਬਲਜੀਤ ਸਿੰਘ, ਚੇਤਨ ਰਾਮਗੜੀਆ, ਸਿਮਰਨ ਸੰਧੂ ਸਨੀ ਅਰੋੜਾ, ਬਲਵਿੰਦਰ ਕੌਰ ਲਗਾਨਾ, ਮੋਹਿਤ ਗਿੱਲ , ਜਸਵੀਰ ਸਿੰਘ ਜੱਸਾ, ਸੁਖਵੀਰ ਸਿੰਘ, ਸ਼ਾਹ ਲੱਕੀ, ਮੋਹਿਤ ਸ਼ਰਮਾ, ਸੋਨੂੰ ਸਾਮਰਾਜ ਆਦਿ ਹਾਜ਼ਰ ਸਨ।





# ਸ੍ਰੀ ਗੁਰੂ ਰਵਿਦਾਸ ਸਭਾ ਝਾਵਾਂ ਵੱਲੋਂ 5ਵਾਂ ਸੰਤ ਸੰਮੇਲਨ

**ਅੱਡਾ ਸਰਾਂ (ਜਸਵੀਰ ਕਾਜਲ)**- ਸ਼੍ਰੀ ਗੁਰੂ ਰਵਿਦਾਸ ਸਭਾ ਝਾਵਾਂ ਵੱਲੋਂ ਸ੍ਰੀ ਰਵਿਦਾਸ ਮਹਾਰਾਜ ਦੇ 650ਵੇਂ ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਨੂੰ ਸਮਰਪਿਤ ਅੱਡਾ ਝਾਵਾਂ ਨਜਦੀਕ 5ਵਾਂ ਮਹਾਨ ਮਹਾਨ ਚੇਤਨਾ ਸੰਤ ਸੰਮੇਲਨ ਸ਼ਰਧਾ ਸਤਿਕਾਰ ਤੇ ਉਤਸ਼ਾਹ ਨਾਲ ਕਰਵਾਇਆ ਗਿਆ।ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਦੀ ਅਗਵਾਈ ਵਿੱਚ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਤਿਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤ ਬਾਣੀ ਦੇ ਪਾਠ ਉਚਾਰਨ ਕੀਤੇ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਸਮਾਗਮ ਵਿੱਚ ਸੰਤ ਲੇਖਰਾਜ ਜੀ ਨੂਰਪੁਰ ਵਾਲੇ, ਸੰਤ ਨਰੇਸ਼ ਗਿਰ ਜੀ ਨੰਗਲ ਖੁੰਗਾ ਵਾਲੇ, ਸੰਤ ਰਾਮ ਗਿਰੀ ਜੀ ਰਾਜਪੁਰ ਕੰਡੀ ਵਾਲੇ, ਸੰਤ ਪ੍ਰੇਮ ਦਾਸ਼ ਰਸਪਾਲਮਾ ਵਾਲੇ, ਸੇਵਾਦਾਰ ਦਵਿੰਦਰ ਬੱਬੂ, ਸੇਵਾਦਾਰ ਕੁਲਵੰਤ ਕਜਲ ਤੇ ਹੋਰਨਾਂ ਸੰਤਾਂ ਮਹਾਂਪੁਰਸ਼ਾਂ ਨੇ ਪਹੁੰਚ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣ ਗਾਣ ਕੀਤਾ ਤੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਵਿਚਾਰਧਾਰਾ ਨਾਲ ਜੋੜਦੇ ਹੋਏ ਉਹਨਾਂ ਵੱਲੋਂ ਦਰਸਾਏ ਗਏ ਰੂਹਾਨੀਅਤ ਕ੍ਰਾਂਤੀਕਾਰੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਮਹਾਨ ਸੰਤ ਸੰਮੇਲਨ ਵਿੱਚ ਪਿੰਡ ਝਾਵਾ ਤੋਂ ਇਲਾਵਾ ਮਸੀਤਪਲਕੋਟ, ਬੁੱਢੀ ਪਿੰਡ, ਸਕਰਾਲਾ, ਨੰਗਲ ਖੁੰਗਾ, ਜਾਜਾ , ਕਲੋਆ , ਜੌਹਲਾ, ਮੂਨਕ ਕਲਾਂ ,ਮੂਨਕ ਖੁਰਦ , ਸੋਹੀਆਂ ਦਰਗਾਹੇੜੀ , ਖੁਣ ਖੁਣ ਕਲਾ ਖੁੱਡਾ ਕੁਰਾਲਾ ਕਲਾਂ ਕੁਰਾਲਾ ਖੁਰਦ , ਬੋਲੇਵਾਲ, ਰਲਹਣਾ, ਚਤੋਵਾਲ ਝੱਜੀ, ਬੋਦਲ ਕੋਟਲੀ, ਮੋਹਾ, ਜੋੜਾ ਕੰਧਾਲਾ ਜੱਟਾਂ, ਨੈਣੋਵਾਲ ਵੈਦ, ਧੂਤ ਖੁਰਦ ਹਰਸੀ ਪਿੰਡ ਤੋਂ ਇਲਾਵਾ ਹੋਰ ਨਾ ਪਿੰਡਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਈ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ, ਸ੍ਰੀ ਗੁਰੂ ਰਵਿਦਾਸ ਸਭਾ ਝਾਵਾਂ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਫੌਜੀ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਮੋਹਨ ਲਾਲ, ਗੁਰਮੇਲ ਸਿੰਘ, ਜੀਤ ਸਿੰਘ, ਪ੍ਰੀਤਮ ਸਿੰਘ, ਕੈਪਟਨ ਅਜੀਤ ਸਿੰਘ, ਬਲਦੇਵ ਸਿੰਘ, ਅਮਰਜੀਤ ਸਿੰਘ, ਜਿਲਾ ਪ੍ਰਧਾਨ ਸਰਬਜੀਤ ਸਿੰਘ ਮੋਮੀ, ਸੁਰਜੀਤ ਪਾਲ ਟਾਂਡਾ, ਗੁਰਪਾਲ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਹਰਜੀਤ ਸਿੰਘ, ਵਿੱਕੀ ਕੁਰਾਲਾ, ਸਤਿਗੁਰਾਂ ਜੀ ਪਰਵਿੰਦਰ ਕੁਮਾਰ ਸੋਢੀ, ਕਮਲਜੀਤ ਲਿੱਤਰਾ, ਜਸਵਿੰਦਰ ਬੱਧਣ, ਮੇਜਰ ਸਿੰਘ, ਸਾਬੀ ਝਾਵਾਂ, ਪ੍ਰੇਮ ਸਿੰਘ ਆਦਿ ਵੀ ਹਾਜ਼ਰ ਸਨ।



## ਡੇਲੀਵੇਜ਼ ਕਾਮਿਆਂ ਵੱਲੋਂ ਧਰਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਬੀ ਬੀ ਐੱਮ ਬੀ ਪ੍ਰਸ਼ਾਸਨ ਵੱਲੋਂ ਲੰਮੇ ਸਮੇਂ ਤੋਂ ਡੇਲੀ ਵੇਜ਼ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਹਟਾਉਣ ਤੋਂ ਭੜਕੇ ਕਰਮਚਾਰੀਆਂ ਨੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਡੇਲੀ ਵੇਜ਼ ਮੁਲਾਜ਼ਮਾਂ ਨੇ ਡੈਮ 'ਤੇ ਜਾਣ ਵਾਲੀਆਂ ਬਸਾਂ ਦਾ ਘਿਰਾਓ ਕੀਤਾ। ਚੀਫ਼ ਇੰਜਨੀਅਰ ਦੇ ਮੌਖਿਕ ਭਰੋਸੇ ਮਗਰੋਂ ਡੇਲੀ ਵੇਜ਼ ਕਾਮਿਆਂ ਨੇ ਧਰਨਾ ਸਮਾਪਤ ਕੀਤਾ। ਡੇਲੀ ਵੇਜ਼ ਤੇ ਪਾਰਟ ਟਾਈਮ ਯੂਨੀਅਨ ਦੇ ਪ੍ਰਧਾਨ ਪਰਵੇਸ਼ ਕੁਮਾਰ ਅਤੇ ਸਕੱਤਰ ਰਣਜੀਤ ਸਿੰਘ ਨੇ ਦਸਿਆ ਕਿ ਬੀ ਬੀ ਐੱਮ ਬੀ ਪ੍ਰਸ਼ਾਸਨ ਵੱਲੋਂ ਡੇਲੀ ਵੇਜ਼ ਕਰਮਚਾਰੀਆਂ ਦੇ 7144 ਕੰਮ ਦੇ ਦਿਨ ਤੈਅ ਕੀਤੇ ਗਏ ਹਨ, ਪਰ ਸਥਾਨਕ ਅਧਿਕਾਰੀਆਂ ਨੇ ਸਿਰਫ਼ 744 ਦਿਨ ਕੰਮ ਕਰਵਾ ਕੇ ਡੇਲੀ ਵੇਜ਼ ਕਾਮਿਆਂ ਨੂੰ ਘਰ ਭੇਜ ਦਿੱਤਾ ਹੈ। ਉਹ ਪਿਛਲੇ ਕਰੀਬ 25 ਸਾਲਾਂ ਤੋਂ ਵਿਭਾਗ 'ਚ ਡੇਲੀ ਵੇਜ 'ਤੇ ਕੰਮ ਕਰ ਰਹੇ ਹਨ, ਪ੍ਰਸ਼ਾਸਨ ਨੇ ਉਨ੍ਹਾਂ ਦੀਆਂ ਸੇਵਾਵਾਂ ਨਿਯਮਿਤ ਕਰਨ ਦੀ ਬਜਾਇ ਸਗੋਂ ਅਸਥਾਈ ਮਿਲਦੇ ਰੁਜ਼ਗਾਰ 'ਤੇ ਕੱਟ ਲਾ ਦਿੱਤਾ ਹੈ। ਜਿਸ ਤੋਂ ਖ਼ਫ਼ਾ ਡੇਲੀ ਵੇਜ਼ ਕਾਮਿਆਂ ਨੇ ਡੈਮ 'ਤੇ ਜਾਣ ਵਾਲੀਆਂ ਮੁਲਾਜ਼ਮ ਬਸਾਂ ਰੋਕ ਕੇ ਆਪਣਾ ਰੋਸ ਪ੍ਰਗਟ ਕੀਤਾ ਹੈ।



# ਐੱਲ ਪੀ ਯੂ 'ਚ 'ਵਨ ਵਰਲਡ' ਪ੍ਰੋਗਰਾਮ 'ਚ ਵਿਸ਼ਵ ਦੇ 4 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਇੱਕ ਸ਼ਾਨਦਾਰ ਗਲੋਬਲ ਇਕੱਠ ਹੋਇਆ, ਜਿੱਥੇ 'ਵਨ ਵਰਲਡ 2026' ਨੇ ਸੱਭਿਆਚਾਰਾਂ, ਪਰੰਪਰਾਵਾਂ ਅਤੇ ਗਲੋਬਲ ਦ੍ਰਿਸ਼ਟੀਕੋਣਾਂ ਦੇ ਇੱਕ ਜੀਵੰਤ ਮਿਸ਼ਰਣ ਨੂੰ ਪ੍ਰਦਰਸ਼ਿਤ ਕੀਤਾ। 4,000 ਤੋਂ ਵੱਧ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜਿਸ ਵਿੱਚ ਸਪੇਨ, ਮਿਆਂਮਾਰ, ਮੈਕਸੀਕੋ, ਨੇਪਾਲ, ਦੱਖਣੀ ਅਫਰੀਕਾ, ਕੈਮਰੂਨ, ਭੂਟਾਨ ਅਤੇ ਕੀਨੀਆ ਸਮੇਤ 33 ਦੇਸ਼ਾਂ ਦੀਆਂ ਅਮੀਰ ਪਰੰਪਰਾਵਾਂ, ਕਲਾ ਅਤੇ ਸੱਭਿਆਚਾਰ ਨੂੰ 35,000 ਤੋਂ ਵੱਧ ਦਰਸ਼ਕਾਂ ਦੇ ਸਾਹਮਣੇ ਪ੍ਰਦਰਸ਼ਿਤ ਕੀਤਾ ਗਿਆ।ਹੁਣ ਆਪਣੇ 14ਵੇਂ ਸਾਲ ਵਿੱਚ, ਇਸ ਸਾਲ ਦਾ 'ਵਨ ਵਰਲਡ' ਐਲਪੀਯੂ ਦੀ ਐਡੂ ਰੈਵੋਲਿਊਸ਼ਨ ਪਹਿਲਕਦਮੀ ਦੇ ਤਹਿਤ 'ਦਿ ਈਵੋਲੂਸ਼ਨ ਆਫ ਐਜੂਕੇਸ਼ਨ: ਫਰਾਮ ਟ੍ਰੈਡੀਸ਼ਨਲ ਨੋਲੇਜ ਟੂ ਆਰਟੀਫੀਸ਼ੀਅਲ ਇੰਟੈਲੀਜੈਂਸ' ਦੇ ਦੂਰਦਰਸ਼ੀ ਥੀਮ ਨਾਲ ਜੁੜਿਆ ਹੋਇਆ ਸੀ।ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ ਕਿ ਉੱਚ ਸਿੱਖਿਆ ਸੰਸਥਾਵਾਂ ਨੂੰ ਰਵਾਇਤੀ ਸੀਮਾਵਾਂ ਨੂੰ ਪਾਰ ਕਰਨਾ ਚਾਹੀਦਾ ਹੈ ਅਤੇ ਈਕੋਸਿਸਟਮ ਬਣਾਉਣਾ ਚਾਹੀਦਾ ਹੈ ਜਿੱਥੇ ਵਿਸ਼ਵਵਿਆਪੀ ਦ੍ਰਿਸ਼ਟੀਕੋਣ, ਨਵੀਨਤਾ ਅਤੇ ਮਨੁੱਖੀ ਮੁੱਲ ਸਹਿਜੇ ਹੀ ਸਹਿ-ਮੌਜੂਦ ਹੋਣ। ਡਾ. ਮਿੱਤਲ ਨੇ ਕਿਹਾ ਕਿ ਐਲਪੀਯੂ ਲਗਾਤਾਰ ਇੱਕ ਗਤੀਸ਼ੀਲ ਅਕਾਦਮਿਕ ਵਾਤਾਵਰਣ ਨੂੰ ਉਤਸ਼ਾਹਿਤ ਕਰ ਰਿਹਾ ਹੈ ਜੋ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦਾ ਹੈ, ਅੰਤਰ-ਅਨੁਸ਼ਾਸਨੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ। ਇਸ ਸਮਾਗਮ ਵਿੱਚ ਅੰਤਰਰਾਸ਼ਟਰੀ ਵਫ਼ਦ ਨੇ ਸ਼ਿਰਕਤ ਕੀਤੀ, ਜਿਸ ਵਿੱਚ ਭਾਰਤ ਵਿੱਚ ਬੁਰਕੀਨਾ ਫਾਸੋ ਦੇ ਰਾਜਦੂਤ ਐੱਚ.ਈ. ਡਾ. ਡਿਜ਼ਾਇਰ ਬੋਨੀਫੇਸ ਸੋਮੇ, ਅੰਗੋਲਾ ਗਣਰਾਜ ਦੇ ਦੂਤਾਵਾਸ ਦੇ ਡਿਪਟੀ ਹੈੱਡ ਆਫ਼ ਮਿਸ਼ਨ ਅਬੇਲ ਡੁੰਗੁਈ ਮਾਵੁੰਗੋ, ਸੁਡਾਨ ਗਣਰਾਜ ਦੇ ਦੂਤਾਵਾਸ ਦੇ ਐਜੂਕੇਸ਼ਨ ਕੌਂਸਲਰ ਮੁਹੰਮਦ ਅਲੀ ਮੁਹੰਮਦ ਫਜ਼ਰੀ, ਤਨਜ਼ਾਨੀਆ ਦੇ ਸਿੱਖਿਆ, ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੇ ਸਿੱਖਿਆ ਕਮਿਸ਼ਨਰ ਡਾ. ਲਿਆਬਵੇਨ ਮਤਾਹਾਬਵਾ, ਪ੍ਰਧਾਨ ਮੰਤਰੀ, ਖੇਤਰੀ ਪ੍ਰਸ਼ਾਸਨ ਅਤੇ ਸਥਾਨਕ ਅਧਿਕਾਰੀਆਂ ਦੇ ਦਫਤਰ ਵਿਖੇ ਸਿੱਖਿਆ ਪ੍ਰਸ਼ਾਸਨ ਤਨਜ਼ਾਨੀਆ ਦੇ ਡਾਇਰੈਕਟਰ, ਡਾ. ਇਮੈਨੁਅਲ ਸ਼ਿੰਦਿਕਾ, ਅਤੇ ਪ੍ਰਧਾਨ ਮੰਤਰੀ, ਖੇਤਰੀ ਪ੍ਰਸ਼ਾਸਨ ਅਤੇ ਤਨਜ਼ਾਨੀਆ ਦੇ ਸਥਾਨਕ ਅਧਿਕਾਰੀਆਂ ਦੇ ਦਫਤਰ ਵਿਖੇ ਵੋਕੇਸ਼ਨਲ ਐਜੂਕੇਸ਼ਨ ਕੋਆਰਡੀਨੇਟਰ ਜੋਇਸ ਬਾਰਾਵੁਗਾ ਅਤੇ ਤਨਜ਼ਾਨੀਆ ਤੋਂ 13 ਮੈਂਬਰੀ ਵਫ਼ਦ ਸ਼ਾਮਲ ਸੀ।



# ਮਨਵੀਰ ਕੌਰ ਚੇਅਰਮੈਨ ਤੇ ਦਲਜੀਤ ਕੌਰ ਉਪ ਚੇਅਰਮੈਨ ਚੁਣੇ ਗਏ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਅਧੀਨ ਆਉਂਦੀ ਬਲਾਕ ਸੰਮਤੀ ਫੱਤੂਢਿੰਗਾ ਦੀ ਚੇਅਰਮੈਨ ਅਤੇ ਉਪ ਚੇਅਰਮੈਨ ਚੋਣ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੜੀ ਸੁਰੱਖਿਆ ਹੇਠ ਸੰਪੰਨ ਹੋਈ।ਇਸ ਚੋਣ 'ਚ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦੇ ਧੜੇ ਨੇ ਵੱਡੀ ਜਿੱਤ ਦਰਜ ਕਰਦੇ ਹੋਏ ਮਨਵੀਰ ਕੌਰ ਨੂੰ ਚੇਅਰਮੈਨ ਅਤੇ ਦਲਜੀਤ ਕੌਰ ਨੂੰ ਉਪ ਚੇਅਰਮੈਨ ਚੁਣਵਾ ਲਿਆ।ਚੋਣ ਪ੍ਰਕਿਰਿਆ ਡਿਪਟੀ ਕਮਿਸ਼ਨਰ ਦੀ ਸਖ਼ਤ ਨਿਗਰਾਨੀ ਹੇਠ ਸਵੇਰੇ 11 ਵਜੇ ਸ਼ੁਰੂ ਹੋਈ, ਜਿੱਥੇ ਦੋਹਾਂ ਧੜਿਆਂ ਵਿਚ ਤਿੱਖੀ ਟੱਕਰ ਵੇਖਣ ਨੂੰ ਮਿਲੀ।ਹਾਲਾਂਕਿ ਅੰਤ ਵਿੱਚ ਰਾਣਾ ਧੜਾ ਭਾਰੀ ਰਹਿੰਦਾ ਨਜ਼ਰ ਆਇਆ ਅਤੇ ਜਿੱਤ ਆਪਣੇ ਨਾਂਅ ਕੀਤੀ।ਇਲਾਕੇ ਦੀ ਸਿਆਸਤ 'ਚ ਨਵਾਂ ਮੋੜ ਆ ਗਿਆ ਹੈ।ਖਾਸ ਗੱਲ ਇਹ ਹੈ ਕਿ ਕੁਝ ਦਿਨ ਪਹਿਲਾਂ ਹੋਈ ਗੋਲੀਬਾਰੀ ਦੇ ਬਾਵਜੂਦ ਮਾਹੌਲ ਤਣਾਅ ਭਰਿਆ ਸੀ, ਪਰ ਰਾਣਾ ਧੜੇ ਨੇ ਆਪਣੀ ਪਕੜ ਮਜ਼ਬੂਤ ਰੱਖਦਿਆਂ ਜਿੱਤ ਦਰਜ ਕੀਤੀ।ਚੋਣ ਨਤੀਜਿਆਂ ਮਗਰੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਆਪਣੇ ਸਮਰਥਕਾਂ ਨਾਲ ਜਸ਼ਨ ਮਨਾਉਂਦੇ ਨਜ਼ਰ ਆਏ।ਵਰਕਰਾਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ ਅਤੇ ਖੁਸ਼ੀ ਦਾ ਮਾਹੌਲ ਬਣ ਗਿਆ।ਇਸ ਮੌਕੇ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਜਿੱਤ ਲੋਕਾਂ ਦੇ ਭਰੋਸੇ ਦੀ ਜਿੱਤ ਹੈ ਅਤੇ ਉਹ ਹਮੇਸ਼ਾ ਇਲਾਕੇ ਦੇ ਵਿਕਾਸ ਲਈ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਦਾ ਜਵਾਬ ਲੋਕਾਂ ਨੇ ਵੋਟਾਂ ਰਾਹੀਂ ਦੇ ਦਿੱਤਾ ਹੈ।ਜ਼ਿਕਰਯੋਗ ਹੈ ਕਿ ਇਹ ਚੋਣ ਹਾਈਕੋਰਟ ਦੇ ਹੁਕਮਾਂ ਮਗਰੋਂ ਕਰਵਾਈ ਗਈ, ਜਿਸ ਨੇ ਇਲਾਕੇ ਦੀ ਸਿਆਸੀ ਤਸਵੀਰ ਨੂੰ ਸਪੱਸ਼ਟ ਕਰ ਦਿੱਤਾ ਹੈ।ਫੱਤੂਢਿੰਗਾ 'ਚ ਇਸ ਜਿੱਤ ਨੂੰ ਆਉਣ ਵਾਲੇ ਸਮੇਂ ਦੀ ਸਿਆਸਤ ਲਈ ਅਹਿਮ ਮੰਨਿਆ ਜਾ ਰਿਹਾ ਹੈ।



## ਐੱਨ ਆਰ ਆਈ ਪਰਵਾਰ ਵੱਲੋਂ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਸ਼ਹੀਦ ਬੰਤਾ ਸਿੰਘ ਸਰਕਾਰੀ ਮਿਡਲ ਸਕੂਲ ਅਤੇ ਪ੍ਰਾਇਮਰੀ ਸਕੂਲ ਸੰਘਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਐਨ ਆਰ ਆਈ ਪਰਵਾਰ ਹਰਜਿੰਦਰ ਸਿੰਘ ਚਾਹਲ ਪੁੱਤਰ ਸਵ. ਗੁਰਬਚਨ ਸਿੰਘ ਚਾਹਲ ਅਤੇ ਉਹਨਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਅਤੇ ਸਮੂਹ ਪਰਵਾਰ ਵੱਲੋਂ ਆਂਗਣਵਾੜੀ, ਮਿਡਲ ਸਕੂਲ ਅਤੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਐਨ ਆਰ ਆਈ ਹਰਜਿੰਦਰ ਸਿੰਘ ਚਾਹਲ ਨੇ ਕਿਹਾ ਕਿ ਉਹ ਵੀ ਇਸ ਸਕੂਲ ਵਿੱਚ ਪੜ੍ਹ ਕੇ ਗਏ ਹਨ ਅਤੇ ਕੈਨੇਡਾ 'ਚ ਜਾ ਕੇ ਵਸ ਗਏ ਹਨ। ਉਸ ਦਾ ਆਪਣੇ ਪਿੰਡ ਅਤੇ ਸਕੂਲ ਨਾਲ ਲਗਾਵ ਪਹਿਲੇ ਵਾਂਗ ਹੀ ਹੈ। ਇਸ ਲਈ ਉਹ ਬੱਚਿਆਂ ਨੂੰ ਹਰ ਸਾਲ ਸਟੇਸ਼ਨਰੀ ਅਤੇ ਕਾਪੀਆਂ ਦੇਣ ਆਉਂਦੇ ਹਨ। ਇਸ ਮੌਕੇ ਸਰਪੰਚ ਪਰਵੀਨ ਕੁਮਾਰੀ, ਸਾਬਕਾ ਸਰਪੰਚ ਭਾਗ ਰਾਮ, ਐਨ ਆਰ ਆਈ ਸੁਰਿੰਦਰ ਕੌਰ ਚਾਹਲ, ਐਨ ਆਰ ਆਈ ਰੇਸ਼ਮ ਸਿੰਘ ਚਾਹਲ, ਜਸਪ੍ਰੀਤ ਸਿੰਘ ਚਾਹਲ, ਪੰਚ ਹਰਜਿੰਦਰ ਸਿੰਘ ਚਾਹਲ, ਐਨ ਆਰ ਆਈ ਤਰਲੋਚਨ ਸਿੰਘ, ਭਾਈ ਗੁਰਮੇਲ ਸਿੰਘ, ਅਮਨ ਕੁਮਾਰ ਚੌਹਾਨ ਸੌਰਵ ਕੁਮਾਰ ਤੋਂ ਇਲਾਵਾ ਮਿਡਲ ਸਕੂਲ ਦੀ ਪ੍ਰਿੰਸੀਪਲ ਨੀਲਮ ਰਾਣੀ, ਪ੍ਰਾਇਮਰੀ ਹੈਡ ਟੀਚਰ ਸੰਜੀਵ ਸ਼ਰਮਾ ਅਤੇ ਅਧਿਆਪਕ ਕਰਨ ਕੁਮਾਰ ਹਾਜ਼ਰ ਸਨ।



## ਸੇਵਾਦਾਰਾਂ ਦੀ ਮੀਟਿੰਗ ਅੱਜ

**ਪੋਜੇਵਾਲ (ਰਾਮ ਲਾਲ)**- ਸ਼੍ਰੀ ਸਤਿਗੁਰੂ ਬ੍ਰਹਮਸਾਗਰ ਭੂਰੀਵਾਲੇ ਗੁਰਗੱਦੀ ਪਰੰਪਰਾ ਗਰੀਬਦਾਸੀਯ ਸੰਪਰਦਾਇ ਦੀ ਤੀਸਰੀ ਜੋਤ ਸ਼੍ਰੀ ਸਤਿਗੁਰੂ ਬ੍ਰਹਮਲੀਨ ਬ੍ਰਹਮਾ ਨੰਦ ਗਊਆਂ ਵਾਲਿਆਂ (ਭੂਰੀਵਾਲਿਆਂ) ਦੇ ਨਿਰਮਾਣ ਦਿਵਸ (ਬਰਸੀ) ਪਹਿਲੀ ਮਈ ਦੇ ਸੰਬੰਧ ਵਿੱਚ ਇਕ ਜ਼ਰੂਰੀ ਸੇਵਾਦਾਰਾਂ ਦੀ ਮੀਟਿੰਗ 5 ਅਪ੍ਰੈਲ ਨੂੰ ਬੰਦੀਛੋੜ ਸ਼੍ਰੀ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਸਵੇਰੇ 10.00 ਵਜੇ ਹੋਵੇਗੀ। ਜਿਸ ਵਿਚ ਸਾਲਾਨਾ ਨਿਰਮਾਣ ਦਿਵਸ (ਬਰਸੀ) ਗਊਆਂ ਵਾਲਿਆਂ ਦੇ 29 ਅਪ੍ਰੈਲ, 30 ਅਪ੍ਰੈਲ ਅਤੇ 1 ਮਈ ਦੇ ਸਮਾਗਮ ਲਈ ਸੇਵਾਦਾਰਾਂ, ਪ੍ਰਬੰਧਕਾਂ ਨਾਲ ਵਿਚਾਰ-ਵਟਾਂਦਰੇ ਕੀਤੇ ਜਾਣਗੇ।



# ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਦਿੱਲੀ ਵਿਖੇ ਟੀ ਈ ਟੀ ਖ਼ਿਲਾਫ਼ ਹੋਏ ਰੋਸ ਪ੍ਰਦਰਸ਼ਨ 'ਚ ਕੀਤੀ ਸ਼ਮੂਲੀਅਤ



ਚੰਡੀਗੜ੍ਹ (ਗੁਰਜੀਤ ਬਿੱਲਾ)-ਪਹਿਲੀ ਸਤੰਬਰ 2025 ਦੇ ਸੁਪਰੀਮ ਕੋਰਟ ਦੇ ਟੀ ਈ ਟੀ ਨੂੰ ਪਿਛਲੇ ਸਮੇਂ ਤੋਂ ਲਾਗੂ ਕਰਨ ਦੇ ਫੈਸਲੇ ਦੇ ਵਿਰੋਧ ਵਿੱਚ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਦਿੱਤੇ ਸੱਦੇ ਅਨੁਸਾਰ ਰਾਮ ਲੀਲ੍ਹਾ ਮੈਦਾਨ ਦਿੱਲੀ ਵਿਖੇ ਦੇਸ਼ ਭਰ ਤੋਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਟੀ ਈ ਟੀ ਦੀ ਬੇਲੋੜੀ ਸ਼ਰਤ ਹਟਾਉਣ ਲਈ ਦੇਸ਼ ਦੀ ਸੰਸਦ ਵਿੱਚ ਸਿੱਖਿਆ ਦੇ ਅਧਿਕਾਰ ਕਾਨੂੰਨ-2009 ਵਿੱਚ ਲੋੜੀਂਦੀ ਸੋਧ ਦਾ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ।

ਉਨ੍ਹਾਂ ਕੇਂਦਰ ਸਰਕਾਰ ਵੱਲੋਂ ਕੌਮੀ ਸਿੱਖਿਆ ਨੀਤੀ 2020 ਤਹਿਤ ਲਿਆਂਦੇ ਜਾ ਰਹੇ 'ਟੈਨਿਓਰ ਟਰੈਕ ਸਿਸਟਮ' ਨੂੰ ਅਧਿਆਪਕਾਂ ਦੀ ਸੇਵਾ ਸੁਰੱਖਿਆ ਨੂੰ ਕਮਜ਼ੋਰ ਕਰਨ ਸੰਦ ਐਲਾਨਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਉਠਾਈ। ਇਸ ਮੌਕੇ ਡੀ ਟੀ ਐੱਫ ਪੰਜਾਬ ਨਾਲ ਤਾਲਮੇਲਵੇਂ ਸੰਘਰਸ਼ ਵਿੱਚ ਸ਼ਾਮਲ ਡੈਮੋਕ੍ਰੇਟਿਕ ਸਕੂਲ ਟੀਚਰ ਐਸੋਸੀਏਸ਼ਨ ਹਰਿਆਣਾ ਦੇ ਚੇਅਰਮੈਨ ਧਰਮਿੰਦਰ ਢਾਂਡਾ ਨੇ ਨਿੱਜੀਕਰਨ ਪੱਖੀ ਕੌਮੀ ਸਿੱਖਿਆ ਨੀਤੀ ਨੂੰ ਰੱਦ ਕਰਨ ਦੀ ਮੰਗ ਉਭਾਰੀ। ਦੋਵੇਂ ਆਗੂਆਂ ਨੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਟੀ ਈ ਟੀ ਦੀ ਗੈਰ ਵਾਜਿਬ ਸ਼ਰਤ ਵਾਪਸ ਲੈਣ ਦੀ ਥਾਂ ਸਿੱਖਿਆ ਖੇਤਰ ਵਿੱਚ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਦੀ ਆਲੋਚਨਾ ਕਰਦੇ ਹੋਏ ਪੰਜਾਬ ਅਤੇ ਹਰਿਆਣਾ ਦੇ ਅਧਿਆਪਕਾਂ ਵੱਲੋਂ ਬਾਕੀ ਸੂਬਿਆਂ ਨਾਲ ਸਿੱਖਿਆ ਅਤੇ ਅਧਿਆਪਕ ਹਿੱਤਾਂ ਲਈ ਕੀਤੇ ਜਾ ਰਹੇ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਕੇਸ਼ ਕੁਮਾਰ, ਸੁਖਦੇਵ ਡਾਨਸੀਵਾਲ, ਡਾ. ਰਾਮਸ਼ਰਨ, ਸੁਖਵਿੰਦਰ ਗਿਰ, ਮੇਘ ਰਾਜ, ਅਮਨ ਵਸ਼ਿਸ਼ਟ, ਰਾਜ ਸੈਣੀ, ਮਨਜੀਤ ਲਹਿਰਾ, ਪਵਨ ਕੁਮਾਰ ਨਾਭਾ, ਰਵਿੰਦਰ ਰਾਜਨ, ਹਰਬੰਸ ਸਿੰਘ, ਜਰਨੈਲ ਸਿੰਘ, ਰਮੇਸ਼ ਮਲਕੋਵਾਲ ਨੇ ਵੀ ਸ਼ਮੂਲੀਅਤ ਕੀਤੀ। ਆਗੂਆਂ ਨੇ ਦੱਸਿਆ ਕਿ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸੰਗਰੂਰ ਵਿਖੇ 11 ਅਪ੍ਰੈਲ ਨੂੰ ਪੰਜਾਬ ਸਰਕਾਰ ਵੱਲੋਂ ਕੀਤੀਆਂ ਵਾਅਦਾ ਖਿਲਾਫੀਆਂ, ਸੁਪਰੀਮ ਕੋਰਟ ਦੇ ਟੀ ਈ ਟੀ ਸਬੰਧੀ ਫੈਸਲੇ ਖਿਲਾਫ ਰੀਵਿਊ ਪਟੀਸ਼ਨ ਦਾਇਰ ਨਾ ਕਰਨ, ਇਸ ਖਿਲਾਫ ਵਿਧਾਨ ਸਭਾ ਵਿੱਚ ਮਤਾ ਨਾ ਪਾਸ ਕਰਨ, ਪੰਜਾਬ ਦੀ ਸਥਾਨਕ ਹਾਲਤਾਂ ਅਨੁਸਾਰ ਸਿੱਖਿਆ ਨੀਤੀ ਨਾ ਬਣਾਉਣ ਅਤੇ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਲਾਗੂ ਨਾ ਕਰਨ ਦੇ ਵਿਰੋਧ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਵੱਲ 'ਵਾਅਦਾ ਖਿਲਾਫੀ ਮਾਰਚ' ਕੀਤਾ ਜਾ ਰਿਹਾ ਹੈ। ਆਗੂਆਂ ਨੇ ਪੰਜਾਬ ਦੇ ਸਮੁੱਚੇ ਅਧਿਆਪਕ ਵਰਗ ਨੂੰ ਇਸ ਮਾਰਚ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਮਾਨ ਵੱਲੋਂ ਐਡਵਾਂਸਡ ਕੈਂਸਰ ਇੰਸਟੀਚਿਊਟ ਦਾ ਦੌਰਾ



ਬਠਿੰਡਾ : ਪੰਜਾਬ ਵਿੱਚ ਕੈਂਸਰ ਦੇਖਭਾਲ ਨੂੰ ਅਪਗ੍ਰੇਡ ਕਰਨ ਲਈ ਫੈਸਲਾਕੁੰਨ ਯਤਨ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ ਐੱਫ ਯੂ ਐੱਚ ਐੱਸ) ਵਿਖੇ ਐਡਵਾਂਸਡ ਕੈਂਸਰ ਇੰਸਟੀਚਿਊਟ ਦਾ ਅਚਨਚੇਤ ਨਿਰੀਖਣ ਕੀਤਾ।

ਉਨ੍ਹਾਂ ਬੁਨਿਆਦੀ ਢਾਂਚੇ, ਤਕਨਾਲੋਜੀ ਤੇ ਮਨੁੱਖੀ ਸ਼ਕਤੀ ਦੇ ਵਿਆਪਕ ਸੁਧਾਰ ਦੇ ਆਦੇਸ਼ ਦਿੱਤੇ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਇਲਾਜ ਦੇ ਮਿਆਰਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੰਸਥਾ ਨੂੰ ਵਿਸ਼ਵ ਪੱਧਰੀ ਸਿਹਤ ਸੰਭਾਲ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ, ਜਿਸ ਵਿੱਚ ਰੋਬੋਟਿਕ ਸਰਜਰੀ ਸਮੇਤ ਉੱਨਤ ਸਹੂਲਤਾਂ ਦੀ ਸ਼ੁਰੂਆਤ ਕੀਤੀ ਜਾਵੇਗੀ ਅਤੇ ਸਟਾਫ ਦੀ ਭਰਤੀ ਨੂੰ ਮਜ਼ਬੂਤ ਕਰਨ ਲਈ ਤੁਰੰਤ ਕਦਮ ਚੁੱਕੇ ਜਾਣਗੇ, ਜਿਸ ਦਾ ਮੰਤਵ ਮਾਲਵਾ ਖੇਤਰ ਵਿੱਚ ਮਰੀਜ਼ਾਂ ਦੀ ਦੇਖਭਾਲ ਨੂੰ ਮਹੱਤਵਪੂਰਨ ਢੰਗ ਨਾਲ ਵਧਾਉਣਾ ਹੈ।

ਉਨ੍ਹਾਂ ਪੁਸ਼ਟੀ ਕੀਤੀ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ ਐੱਫ ਯੂ ਐੱਚ ਐੱਸ) ਵਿਖੇ ਐਡਵਾਂਸਡ ਕੈਂਸਰ ਇੰਸਟੀਚਿਊਟ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਹੋਵੇਗਾ।

ਇਹ ਹਸਪਤਾਲ ਪਹਿਲਾਂ ਹੀ ਮਾਲਵਾ ਖੇਤਰ ਦੇ ਮਰੀਜ਼ਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰ ਰਿਹਾ ਹੈ। ਸਟਾਫ ਦੀਆਂ ਚਿੰਤਾਵਾਂ ਬਾਰੇ ਮਾਨ ਨੇ ਕਿਹਾ ਕਿ ਹਸਪਤਾਲ ਇਸ ਸਮੇਂ ਸਟਾਫ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ।

# ਬੀ ਕੇ ਯੂ ਰਾਜੇਵਾਲ ਵੱਲੋਂ ਭਲਕ ਦੇ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਣ ਦਾ ਸੱਦਾ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿਨੀ ਗਰਗ)-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਬਲਾਕ ਧੂਰੀ ਤੇ ਸ਼ੇਰਪੁਰ ਦੀ ਬਲਾਕ ਸ਼ੇਰਪੁਰ ਦੇ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ ਤੇ ਬਲਾਕ ਧੂਰੀ ਦੇ ਖਜ਼ਾਨਚੀ ਮਲਕੀਤ ਸਿੰਘ ਜੱਖਲਾਂ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਕਿਸਾਨੀ ਮਸਲਿਆਂ ਤੇ ਜਥੇਬੰਦਕ ਰਣਨੀਤੀ 'ਤੇ ਡੂੰਘੀ ਵਿਚਾਰ-ਚਰਚਾ ਕੀਤੀ ਗਈ।ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 6 ਅਪ੍ਰੈਲ ਨੂੰ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਦਿੱਤੇ ਜਾਣ ਵਾਲੇ ਰੋਸ ਧਰਨਿਆਂ ਦੀ ਸਫ਼ਲਤਾ ਲਈ ਰੂਪ-ਰੇਖਾ ਉਲੀਕੀ ਤੇ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਹੋਕਾ ਦਿੱਤਾ।ਇਸ ਮੌਕੇ ਸੂਬਾ ਸਕੱਤਰ ਰਛਪਾਲ ਸਿੰਘ ਦੋਹਲਾ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ, ਜਗਦੇਵ ਸਿੰਘ ਭੁੱਲਰਹੇੜੀ, ਰਾਜ ਸਿੰਘ ਮੂਲੋਵਾਲ, ਸੁਨਜੀਤ ਸਿੰਘ ਕਾਂਝਲਾ, ਕਾਕਾ ਸਿੰਘ ਬਟੂਹਾ, ਜਗਰੂਪ ਸਿੰਘ ਦੋਹਲਾ, ਹਰਜਿੰਦਰ ਸਿੰਘ ਬਟੂਹਾ, ਕੌਰ ਸਿੰਘ ਕੰਡੇਰਵਾਲ, ਮਲਕੀਤ ਸਿੰਘ ਕੰਧਾਰਗੜ੍ਹ ਤੇ ਜੀਤ ਸਿੰਘ ਬਾਦਸ਼ਾਹਪੁਰ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਐਗਰੋ ਇਨਪੁਟਸ ਡੀਲਰ ਐਸੋਸੀਏਸ਼ਨ ਦੀ ਸਰਬ-ਸੰਮਤੀ ਨਾਲ ਚੋਣ



ਪਾਤੜਾਂ (ਭੂਪਿੰਦਰਜੀਤ ਮੌਲਵੀਵਾਲਾ)-ਸ਼ਹਿਰ ਦੇ ਖਾਦ ਤੇ ਬੀਜ ਵਿਕਰੇਤਾਵਾਂ ਦੀ ਜਥੇਬੰਦੀ ਐਗਰੋ ਇਨਪੁੱਟ ਡੀਲਰ ਐਸੋਸੀਏਸ਼ਨ ਦੀ ਮੀਟਿੰਗ ਪ੍ਰਧਾਨ ਜਸਵਿੰਦਰ ਸਿੰਘ ਪਾਰਸ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਪਿਛਲੇ ਦਸ ਸਾਲਾਂ ਤੋਂ ਲਗਾਤਾਰ ਪ੍ਰਧਾਨ ਚੱਲੇ ਆ ਰਹੇ ਜਸਵਿੰਦਰ ਸਿੰਘ ਪਾਰਸ ਨੇ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਗਈਆਂ ਸਰਗਰਮੀਆਂ ਤੇ ਖਾਦ ਤੇ ਬੀਜ ਡੀਲਰਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਲਈ ਕੀਤੇ ਗਏ ਕੰਮਾਂ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦੇਣ ਉਪਰੰਤ ਆਪਣੇ ਘਰੇਲੂ ਰੁਝੇਵਿਆਂ ਕਰਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।ਉਪਰੰਤ ਐਸੋਸੀਏਸ਼ਨ ਦੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਗੁਰਪਿਆਰ ਸਿੰਘ ਹਰਿਆਊ ਨੂੰ ਪ੍ਰਧਾਨ ਤੇ ਜਸਵਿੰਦਰ ਸਿੰਘ ਪਾਰਸ ਨੂੰ ਸਰਪ੍ਰਸਤ ਚੁਣ ਲਿਆ ਗਿਆ।ਇਸ ਦੇ ਨਾਲ ਹੀ ਸਰਬ ਸੰਮਤੀ ਨਾਲ ਹੋਈ ਚੋਣ ਵਿੱਚ ਕੈਸ਼ੀਅਰ ਸੰਜੀਵ ਕੁਮਾਰ, ਮੀਤ ਪ੍ਰਧਾਨ ਹਰਪ੍ਰੀਤ ਸਿੰਘ, ਪ੍ਰੈਸ ਸਕੱਤਰ ਕੁਲਵੰਤ ਸਿੰਘ ਲਾਡੀ ਤੋਂ ਇਲਾਵਾ ਜੰਗਾ ਸਿੰਘ ਕੰਗੇਸ, ਮੱਖਣ ਸਿੰਘ, ਗੱਜਣ ਸਿੰਘ ਕੰਗੇਸ, ਦਲੇਰ ਸਿੰਘ ਜੋਗੇਵਾਲਾ, ਜਸਵੀਰ ਸਿੰਘ ਰੋੜ, ਬਲਜੀਤ ਸਿੰਘ, ਪਵਨ ਕੁਮਾਰ, ਰਾਕੇਸ਼ ਕੁਮਾਰ ਤੇ ਓਮ ਪ੍ਰਕਾਸ਼ ਨੂੰ ਸਰਬ ਸੰਮਤੀ ਨਾਲ ਕਾਰਜਕਾਰਨੀ ਕਮੇਟੀ ਮੈਂਬਰ ਚੁਣਿਆ ਗਿਆ।ਇਸ ਦੌਰਾਨ ਨਵ-ਨਿਯੁਕਤ ਪ੍ਰਧਾਨ ਗੁਰਪਿਆਰ ਸਿੰਘ ਹਰਿਆਊ ਨੇ ਐਸੋਸੀਏਸ਼ਨ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਜਥੇਬੰਦੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।ਇਸ ਦੇ ਨਾਲ ਨਾਲ ਖਾਦ ਤੇ ਬੀਜ ਡੀਲਰਾਂ ਦੀਆਂ ਸਮੱਸਿਆਵਾਂ ਦੇ ਹੱਲ ਤੋਂ ਇਲਾਵਾ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਗੇ।

# ਐਡਵੋਕੇਟ ਰਾਏ ਕਾਰਜਕਾਰੀ ਕਮੇਟੀ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ



ਨਿਹਾਲ ਸਿੰਘ ਵਾਲਾ (ਲਵਲੀ ਮਾਣੂਕੇ)-ਪਾਰਟੀ ਨੇ ਕਾਨੂੰਨੀ ਸੈੱਲ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਵਿੱਚ ਤਜਰਬੇਕਾਰ ਤੇ ਨੌਜਵਾਨ ਲੋਕਾਂ ਦੇ ਮਿਸ਼ਰਣ 'ਤੇ ਭਰੋਸਾ ਪ੍ਰਗਟ ਕੀਤਾ ਹੈ।ਐਡਵੋਕੇਟ ਹਰਵਿੰਦਰ ਸਿੰਘ ਰਾਏ ਨੂੰ ਜ਼ਿਲ੍ਹਾ ਪ੍ਰਧਾਨ, ਐਡਵੋਕੇਟ ਸ਼ੁਭਮ ਜੈਸਵਾਲ ਨੂੰ ਜ਼ਿਲ੍ਹਾ ਸਕੱਤਰ ਤੇ ਐਡਵੋਕੇਟ ਮੀਨਾ ਸ਼ਰਮਾ, ਗੁਰਮੇਲ ਸਿੰਘ ਭੁੱਲਰ ਤੇ ਕਿਰਨਦੀਪ ਕੌਰ ਗਿੱਲ ਨੂੰ ਉਪ ਪ੍ਰਧਾਨ ਅਤੇ ਐਡਵੋਕੇਟ ਪ੍ਰਦੀਪ ਸਿੰਘ ਤੇ ਰੁਪਿੰਦਰ ਕੌਰ ਨੂੰ ਸੰਯੁਕਤ ਸਕੱਤਰ, ਕਾਰਜਕਾਰਨੀ ਮੈਂਬਰ ਚਰਨਜੀਤ ਕੌਰ ਤੇ ਰਣਜੀਤ ਕੌਰ ਨੂੰ ਨਿਯੁਕਤ ਕੀਤਾ ਗਿਆ ਹੈ।ਮੀਟਿੰਗ ਵਿੱਚ ਸੰਗਠਨ ਦੇ ਵਿਸਥਾਰ ਦੇ ਨਾਲ-ਨਾਲ ਪਾਰਟੀ ਦੀ ਸੂਬਾ ਪੱਧਰੀ ਲੈਗਲ ਦੀਆਂ ਤਰਜੀਹਾਂ 'ਤੇ ਚਰਚਾ ਕੀਤੀ ਗਈ।ਕਾਰਜਕਾਰਨੀ ਕਮੇਟੀ ਦੇ ਐਲਾਨ ਤੋਂ ਬਾਅਦ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਕਾਨੂੰਨੀ ਸੈੱਲ ਕਿਸੇ ਵੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਇਹ ਟੀਮ ਨਾ ਸਿਰਫ਼ ਪਾਰਟੀ ਦੇ ਕਾਨੂੰਨੀ ਮਾਮਲਿਆਂ ਨੂੰ ਸੰਭਾਲੇਗੀ ਸਗੋਂ ਵਿਰੋਧੀ ਧਿਰ ਦੇ ਗੁੰਮਰਾਹਕੁਨ ਪ੍ਰਚਾਰ ਦਾ ਸਖ਼ਤੀ ਨਾਲ ਮੁਕਾਬਲਾ ਕਰਕੇ ਜਨਤਕ ਜਾਗਰੂਕਤਾ ਵੀ ਵਧਾਏਗੀ। ਮੀਟਿੰਗ ਦੇ ਅੰਤ ਵਿੱਚ ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੇ ਆਪਣੇ ਹੱਥ ਖੜ੍ਹੇ ਕਰਕੇ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਨੂੰ ਯਕੀਨੀ ਬਣਾਉਣ ਲਈ ਦਿਨ-ਰਾਤ ਕੰਮ ਕਰਨ ਦਾ ਪ੍ਰਣ ਕੀਤਾ।ਐਡਵੋਕੇਟ ਹਰਵਿੰਦਰ ਸਿੰਘ ਰਾਏ ਨੇ ਇਸ ਜ਼ਿੰਮੇਵਾਰੀ ਲਈ ਉੱਚ ਲੀਡਰਸ਼ਿਪ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੋਗਾ ਜ਼ਿਲ੍ਹਾ ਕਾਨੂੰਨੀ ਸੈੱਲ ਪਾਰਟੀ ਦੀ ਮਜ਼ਬੂਤੀ ਲਈ ਢਾਲ ਵਜੋਂ ਕੰਮ ਕਰੇਗਾ।

# ਅੰਤਰਰਾਸ਼ਟਰੀ ਦਸਤਾਰ ਮੁਕਾਬਲੇ 'ਚ ਪ੍ਰਭਮੀਤ ਸਿੰਘ ਨੇ ਪਹਿਲਾ ਸਥਾਨ ਜਿੱਤਿਆ



ਮੋਗਾ (ਇਕਬਾਲ ਸਿੰਘ ਖਹਿਰਾ)-ਬੀਤੇ ਦਿਨੀਂ ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿੱਚ ਅੰਤਰਰਾਸ਼ਟਰੀ ਦਸਤਾਰ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵੱਡੀ ਗਿਣਤੀ 'ਚ ਨੌਜਵਾਨਾਂ ਨੇ ਭਾਗ ਲਿਆ ਤੇ ਦਸਤਾਰਾਂ ਸਜਾਈਆਂ। ਦਸਤਾਰ ਮੁਕਾਬਲੇ ਵਿੱਚ ਮੈਲਬਰਨ ਦੇ ਗੱਭਰੂ ਦੇ ਹੋਣਹਾਰ ਨੌਜਵਾਨ ਪ੍ਰਭਮੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਪਹਿਲਾ ਸਥਾਨ ਹਾਸਲ ਕਰਦੇ ਹੋਏ ਪ੍ਰਭਮੀਤ ਸਿੰਘ ਨੇ ਸਿਰਫ਼ ਆਪਣਾ, ਸਗੋਂ ਆਸਟਰੇਲੀਆ ਦੀ ਪੰਜਾਬੀ ਕਮਿਊਨਿਟੀ ਦਾ ਵੀ ਨਾਮ ਰੌਸ਼ਨ ਕੀਤਾ।ਇਸ ਮੌਕੇ ਪ੍ਰਭਮੀਤ ਸਿੰਘ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਮਸਕੀਨ ਟਰਬਨ ਅਕੈਡਮੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਦਾ, ਜਿਨ੍ਹਾਂ ਵੱਲੋਂ ਨਿਊਜ਼ੀਲੈਂਡ ਵਿੱਚ ਇਹ ਸ਼ਾਨਦਾਰ ਦਸਤਾਰ ਮੁਕਾਬਲੇ ਕਰਵਾਏ ਗਏ।ਉਨ੍ਹਾਂ ਕਿਹਾ ਕਿ ਦਸਤਾਰ ਮੁਕਾਬਲੇ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨਾਂ ਨੇ ਹਿੱਸਾ ਲਿਆ।ਇਸ ਮੌਕੇ ਤੇ ਪ੍ਰਭਮੀਤ ਸਿੰਘ ਨੇ ਕਿਹਾ ਕਿ ਅੱਜ ਸਾਡੇ ਨੌਜਵਾਨ ਦਸਤਾਰਾਂ ਸਜਾਉਣ ਤੋਂ ਦੂਰ ਹੋ ਰਹੇ ਹਨ ਤੇ ਭਵਿੱਖ ਵਿੱਚ ਅਜਿਹੇ ਮੁਕਾਬਲੇ ਸਾਡੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣ ਕੇ ਸਾਹਮਣੇ ਆਉਣਗੇ।ਅਖੀਰ ਵਿੱਚ ਮਸਕੀਨ ਟਰਬਨ ਅਕੈਡਮੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੇ ਦਸਤਾਰ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਮੂਹ ਨੌਜਵਾਨਾਂ ਨੂੰ ਵਧਾਈ ਦਿੱਤੀ ਤੇ ਜੇਤੂ ਨੌਜਵਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਤੇ ਨਗਦ ਰਾਸ਼ੀ ਦੇ ਇਨਾਮ ਦੇ ਕੇ ਸਨਮਾਨਤ ਕੀਤਾ।

# ਵਿੱਤੀ ਸਾਖ਼ਰਤਾ ਸਿਖਲਾਈ ਕੇਂਦਰ ਵੱਲੋਂ ਜਾਗਰੂਕਤਾ ਕੈਂਪ



ਨਿਹਾਲ ਸਿੰਘ ਵਾਲਾ (ਲਵਲੀ ਮਾਣੂਕੇ)-ਭਾਰਤੀ ਰਿਜ਼ਰਵ ਬੈਂਕ ਤੇ ਲੀਡ ਬੈਂਕ ਵੱਲੋਂ ਪਿਛਲੇ ਦਿਨੀਂ ਪਿੰਡ ਚੋਟੀਆਂ ਕਲਾਂ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਵਿੱਚ ਭਾਰਤ ਸਰਕਾਰ ਤੇ ਬੈਂਕ ਵੱਲੋਂ ਚੱਲ ਰਹੀਆਂ ਸਕੀਮਾਂ ਜਿਵੇਂ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ, ਸੁਕੰਨਿਆ ਸਮਰਿਧੀ ਯੋਜਨਾ ਤੇ ਆਰ ਸੈੱਟੀ ਵਿੱਚ ਚੱਲ ਰਹੇ ਸਰਕਾਰੀ ਸਿਖਲਾਈ ਕੋਰਸ, ਡੇਅਰੀ ਫਾਰਮਿੰਗ ਤੇ ਹੋਰ ਕਈ ਪ੍ਰਕਾਰ ਦੇ ਕਿੱਤਾ ਮੁਖੀ ਕੋਰਸ ਦੀ ਜਾਣਕਾਰੀ ਦਿੱਤੀ ਗਈ।ਇਸ ਕੈਂਪ ਵਿੱਚ ਪਹੁੰਚੇ ਮੁੱਖ ਮਹਿਮਾਨ ਸਰਪੰਚ ਕੁਲਜੀਤ ਸਿੰਘ ਤੇ ਗੁਰਜੀਤ ਸਿੰਘ ਸਿੱਧੂ ਚੇਅਰਮੈਨ, ਹਰਨੇਕ ਸਿੰਘ ਮੈਂਬਰ, ਹਰਪ੍ਰੀਤ ਸਿੰਘ ਮੈਂਬਰ ਤੇ ਸਮੂਹ ਗ੍ਰਾਮ ਪੰਚਾਇਤ, ਆਰ ਸੈੱਟੀ ਤੋਂ ਜਗਦੀਪ ਸਿੰਘ, ਪੰਜਾਬ ਸਿੰਧ ਬੈਂਕ ਤੋਂ ਬੀਸੀਏ ਗੁਰਤੇਜ ਸਿੰਘ, ਸੀ ਐੱਫ ਐੱਲ ਸੈਂਟਰ ਤੋਂ ਗੀਤਾ ਮੈਨੇਜਰ ਤੇ ਅਮਨਦੀਪ ਸਿੰਘ ਐੱਫ ਐੱਲ ਸੀ ਵੀ ਪਹੁੰਚੇ।

# ਪੰਡੋਰੀ ਵੱਲੋਂ ਸਰਪੰਚ ਗੁਰਦੀਪ ਸਿੰਘ ਛਾਪਾ ਮੁੱਖ ਸਲਾਹਕਾਰ ਨਿਯੁਕਤ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਪੰਜਾਬ ਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਰਪੰਚ ਗੁਰਦੀਪ ਸਿੰਘ ਬਾਬਾ ਛਾਪਾ ਨੂੰ ਆਪਣਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਹੈ।ਇਸ ਮੌਕੇ ਵਿਧਾਇਕ ਪੰਡੋਰੀ ਨੇ ਨਵੇਂ ਮੁੱਖ ਸਲਾਹਕਾਰ ਦਾ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪਾਰਟੀ ਲਈ ਵਧੀਆ ਲਗਨ, ਮਿਹਨਤ, ਈਮਾਨਦਾਰੀ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਵਿਧਾਇਕ ਪੰਡੋਰੀ ਨੇ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਪੁਰਾਣੇ ਵਰਕਰਾਂ ਨੂੰ ਅੱਗੇ ਲਿਆਂਦਾ ਜਾ ਰਿਹਾ ਹੈ, ਤਾਂ ਜੋ ਪਾਰਟੀ ਸੰਗਠਨ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਨਵ-ਨਿਯੁਕਤ ਮੁੱਖ ਸਲਾਹਕਾਰ ਸਰਪੰਚ ਗੁਰਦੀਪ ਸਿੰਘ ਬਾਬਾ ਨੇ ਹਲਕਾ ਵਿਧਾਇਕ ਤੇ ਪਾਰਟੀ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਨਿਸ਼ਕਾਮ ਭਾਵਨਾ ਨਾਲ ਨਿਭਾਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।ਉਨ੍ਹਾਂ ਕਿਹਾ ਕਿ ਪਾਰਟੀ ਦੀ ਲੀਡਰਸ਼ਿਪ ਤੇ ਵਿਧਾਇਕ ਪੰਡੋਰੀ ਦੀ ਅਗਵਾਈ ਹੇਠ ਵਰਕਰ ਨੂੰ ਜੋੜ ਕੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ 2027 'ਚ ਸ਼ਾਨਦਾਰ ਸਫਲਤਾ ਲਈ ਵਿਉਂਤਬੰਦੀ ਉਲੀਕ ਕੇ ਵੱਖ-ਵੱਖ ਟੀਮਾਂ ਦੇ ਰੂਪ ਵਿੱਚ ਇਲਾਕਾ ਵਾਰ ਕੰਮ ਕੀਤਾ ਜਾਵੇਗਾ।


AXIS BANK LTD. Axis Bank Ltd., Retail Asset Centre, 2nd Floor, Property #7-E, Municipal 3903/1142/16, Malhar Road, Sarabha Nagar, Ludhiana -141001

Registered Office: "Trishul" – 3rd Floor Opp. Samartheswar Temple, Near Law Garden, Ellisbridge, Ahmedabad – 380006.

**ਅੰਤਿਕਾ-IV[ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਲਾਗਾਹ ਵਰਲਡ ਵਾਈਡ ਆਈ ਐੱਨ ਸੀ ਰਾਹੀਂ ਇਸ ਦੇ ਮਾਲਕ ਸ੍ਰੀ ਸੁਨੀਲ ਕੁਮਾਰ ਪੁੱਤਰ ਅਸ਼ੋਕ ਕੁਮਾਰ ਨੂੰ 19,96,837.31 (ਉੱਨੀ ਲੱਖ ਛਿਆਨਵੇਂ ਹਜ਼ਾਰ ਅੱਠ ਸੌ ਸੈਂਤੀ ਰੁਪਏ ਅਤੇ ਇਕੱਤੀ ਪੈਸੇ ਕੇਵਲ) ਮਿਤੀ 11 ਮਈ 2025 ਨੂੰ ਇਸ ਉੱਪਰ ਹੋਰ ਅਣਲਾਗੂਯੋਗ ਵਿਆਜ ਅਤੇ ਲਾਗਤਾਂ ਦੇ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 30 ਮਾਰਚ 2026 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਲੈਣ ਦੇਣ ਐਕਸਿਸ ਬੈਂਕ ਲਿਮਟਿਡ ਨੂੰ ਰਕਮ ਰੁਪਏ 19,96,837.31 (ਉੱਨੀ ਲੱਖ ਛਿਆਨਵੇਂ ਹਜ਼ਾਰ ਅੱਠ ਸੌ ਸੈਂਤੀ ਰੁਪਏ ਅਤੇ ਇਕੱਤੀ ਪੈਸੇ ਕੇਵਲ) ਇਸ ਰਕਮ 'ਤੇ 11 ਮਈ 2025 ਨੂੰ ਹੋਰ ਵਿਆਜ ਅਦਾਇਗੀ ਦੀ ਮਿਤੀ ਤੱਕ ਹੋਰ ਵਿਆਜ, ਵਿਆਜ ਦੀ ਠੇਕਾ ਦਰ ਅਤੇ ਇਸ 'ਤੇ ਖਰਚੇ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਦਾ ਧਿਆਨ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਵਸੀਕਾ ਨੰ. 14732 ਮਿਤੀ 23-09-2019 ਅਨੁਸਾਰ ਜਸਬੀਰ ਕੌਰ ਪਤਨੀ ਅਸ਼ੋਕ ਕੁਮਾਰ ਦੇ ਨਾਂਅ ਰਿਹਾਇਸ਼ੀ ਜਾਇਦਾਦ ਰਕਬਾ 82.5 ਵਰਗ ਗਜ਼, ਖਸਰਾ ਨੰ. 3029/2948/846, ਖੱਤਾ ਨੰ. 2736/3307, ਸ਼ਸ਼ੀ ਮੁਹੱਲਾ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ 30 ਫੁੱਟ, ਪੱਛਮ : ਜ਼ੋਰਾ ਸਿੰਘ 30 ਫੁੱਟ, ਉੱਤਰ : ਵਿਨੋਦ 24×9 ਫੁੱਟ, ਦੱਖਣ : ਗਲੀ 24×9 ਫੁੱਟ।

ਮਿਤੀ : 05.04.2026, ਸਥਾਨ ਲੁਧਿਆਣਾ ਸਹੀ/-, ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



**Capital Small Finance Bank Ltd.**

MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 19.03.2026 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਕਰਜ਼ਦਾਰ) : ਸ੍ਰੀ ਸਪਰਸ਼ ਸਹਿਗਲ ਪੁੱਤਰ ਸ੍ਰੀ ਸੰਜੀਵ ਕੁਮਾਰ ਸਹਿਗਲ ਵਾਸੀ ਮਾਨਵ ਨਗਰ ਹਦੀਆਬਾਦ, ਫਗਵਾੜਾ, ਕਪੂਰਥਲਾ, ਪੰਜਾਬ-144401

2. (ਗਰੰਟਰ) : ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਸੋਹਨ ਸਿੰਘ ਵਾਸੀ ਚਾਹਲ ਨਗਰ, ਨੇੜੇ ਜਗਦੇਵ ਪੈਟਰੋਲ ਪੰਪ, ਫਗਵਾੜਾ, ਕਪੂਰਥਲਾ, ਪੰਜਾਬ-144401

3. (ਗਰੰਟਰ) : ਸ੍ਰੀ ਰਤਨ ਤਲਵਾੜ ਪੁੱਤਰ ਸ੍ਰੀ ਗੋਪਾਲ ਕ੍ਰਿਸ਼ਨ ਤਲਵਾੜ ਵਾਸੀ ਮਕਾਨ ਨੰ. 67, ਜਰਮਨੀ ਦਾਸ ਪਾਰਕ, ਕਪੂਰਥਲਾ, ਪੰਜਾਬ-144601

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.03.2026 ਤੋਂ ਬਿਨਾਂ ਵਿਆਜ) |
|---|---|---|
| AL/080607000068 | Rs. 9,00,000/- | Rs. 4,30,265.21 |

ਪ੍ਰਾਇਮਰੀ ਸਕਿਉਰਿਟੀ : ਸ੍ਰੀ ਸਪਰਸ਼ ਸਹਿਗਲ ਪੁੱਤਰ ਸੰਜੀਵ ਕੁਮਾਰ ਸਹਿਗਲ ਦੇ ਨਾਂਅ ਨਿਊ ਹੁੰਡਈ ਕਰੇਟਾ 1.5 ਐੱਮ ਪੀ ਟੀ ਐੱਮ ਟੀ ਈ ਰਜਿਸਟਰੇਸ਼ਨ ਨੰ. ਪੀ ਬੀ 08-ਈ ਟੀ-0083, ਇੰਜਣ ਨੰ. ਜੀ 4 ਐੱਫ ਐੱਲ ਐੱਮ ਵੀ 161813, ਚੇਸੀਜ਼ ਨੰ. ਐੱਮ ਏ ਐੱਲ ਪੀ ਏ 812 ਐੱਲ ਐੱਮ ਐੱਮ 171390

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਚੱਕ ਹਕੀਮ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ

(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ

(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ

(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 04.03.2026 ਸਥਾਨ : ਜਲੰਧਰ ਸਹੀ/- (ਅਧਿਕਾਰਤ ਅਫਸਰ)



AXIS BANK LTD. ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡਰੰਗ ਬੁਧਕਰ ਮਾਰਗ ਵਰਲੀ, ਮੁੰਬਈ-400025
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

[illegible]

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 1,97,28,022/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 19,72,802/- [illegible] |
| ਬੋਲੀ ਵਾਧਾ ਰਕਮ | 50,000/- [illegible] |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 11 ਮਈ 2026 ਨੂੰ [illegible] |

[illegible]

ਮਿਤੀ : 05 ਅਪ੍ਰੈਲ 2026, ਸਥਾਨ : ਲੁਧਿਆਣਾ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



AXIS BANK LTD. ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡਰੰਗ ਬੁਧਕਰ ਮਾਰਗ ਵਰਲੀ, ਮੁੰਬਈ-400025
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ**

[illegible]

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 25,32,132/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,53,213/- [illegible] |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 11 ਮਈ 2026 ਨੂੰ [illegible] |

[illegible]

ਮਿਤੀ : 05 ਅਪ੍ਰੈਲ 2026, ਸਥਾਨ : ਲੁਧਿਆਣਾ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



**ਬਾ-ਅਦਾਲਤ ਸ੍ਰੀ ਜਸਬੀਰ ਸਿੰਘ ਸਬ-ਰਜਿਸਟਰਾਰ ਅੰਮ੍ਰਿਤਸਰ-1**

**ਵਿਸ਼ਾ : ਵਸੀਅਤ ਜੇਰ ਧਾਰਾ 40 ਇੰਡੀਅਨ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ।**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਂ ਯਾਦਵਿੰਦਰ ਸਿੰਘ ਪੁੱਤਰ ਲੇਟ ਸ੍ਰ. ਮਹਿੰਦਰ ਸਿੰਘ ਪੁੱਤਰ ਸ੍ਰ. ਵਸਾਵਾ ਸਿੰਘ ਵਾਸੀ ਏ-1/628, ਰਜਿੰਦਰ ਨਗਰ, ਜੀ.ਟੀ. ਰੋਡ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਨੇ ਇੱਕ ਦਸਤਖਤ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਕੀਤੀ ਅਣਰਜਿਸਟਰਡ ਵਸੀਅਤ ਨਾਲ ਨੱਥੀ ਕੀਤੀ ਅਤੇ ਆਪਣੀ ਦਰਖਾਸਤ ਵਿੱਚ ਲਿਖਿਆ ਹੈ ਮੇਰੀ ਮਾਤਾ ਸ੍ਰੀਮਤੀ ਰਤਨਜੀਤ ਕੌਰ ਪਤਨੀ ਲੇਟ ਸ੍ਰ. ਮਹਿੰਦਰ ਸਿੰਘ ਦੀ ਮੌਤ ਮਿਤੀ 04-01-2026 ਨੂੰ ਹੋ ਚੁੱਕੀ ਹੈ ਅਤੇ ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਇੱਕ ਅਣਰਜਿਸਟਰਡ ਵਸੀਅਤ ਮਿਤੀ 13-11-2024 ਨੂੰ ਆਪਣੇ (ਪੁੱਤਰ) ਯਾਦਵਿੰਦਰ ਸਿੰਘ ਪੁੱਤਰ ਲੇਟ ਸ੍ਰ. ਮਹਿੰਦਰ ਸਿੰਘ ਦੇ ਹੱਕ ਵਿੱਚ ਲਿਖਾਈ ਸੀ, ਜੋ ਕਿ ਕਿਸੇ ਕਾਰਨ ਉਹ ਰਜਿਸਟਰਡ ਨਹੀਂ ਕਰਵਾ ਸਕੇ। ਉਹ ਸ੍ਰੀਮਤੀ ਰਤਨਜੀਤ ਕੌਰ ਵੱਲੋਂ ਕਰਵਾਈ ਗਈ ਅਣਰਜਿਸਟਰਡ ਵਸੀਅਤ ਨੂੰ ਇੰਡੀਅਨ ਰਜਿਸਟਰੇਸ਼ਨ ਐਕਟ ਦਫਾ-40 ਤਹਿਤ ਰਜਿਸਟਰੇਸ਼ਨ ਕਰਵਾਉਣਾ ਚਾਹੁੰਦਾ ਹੈ। ਸ੍ਰੀਮਤੀ ਰਤਨਜੀਤ ਕੌਰ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਇਹ ਮੁਸ਼ਤਰੀ ਮੁਨਿਆਦੀ ਕਰਵਾਈ ਜਾਵੇ ਕਿ ਇਹ ਵਸੀਅਤ ਜੇਰ ਧਾਰਾ-40 ਭਾਰਤੀ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ ਤਾਂ ਨਹੀਂ ਹੈ, ਜੇਕਰ ਕਿਸੇ ਧਿਰ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਇਸ਼ਤਿਹਾਰ ਜਾਰੀ ਹੋਣ ਤੋਂ 15 ਦਿਨ ਦੇ ਅੰਦਰ ਹਾਜ਼ਰ ਹੋ ਕੇ ਉਜਰ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਕੋਈ ਇਤਰਾਜ ਨਹੀਂ ਸੁਣਿਆ ਜਾਵੇਗਾ ਅਤੇ ਬਾਅਦ ਗੁਜ਼ਰਦੇ ਮਿਆਦ ਵਸੀਅਤ ਤਸਦੀਕ ਕਰ ਦਿੱਤੀ ਜਾਵੇਗੀ। ਇਹ ਮੁਸ਼ਤਰੀ ਮੁਨਿਆਦੀ ਅੱਜ ਮਿਤੀ 01-04-2026 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ। ਸਹੀ/-

ਸਬ-ਰਜਿਸਟਰਾਰ, ਅੰਮ੍ਰਿਤਸਰ-1



AXIS BANK LTD. ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡਰੰਗ ਬੁਧਕਰ ਮਾਰਗ ਵਰਲੀ, ਮੁੰਬਈ-400025
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1. ਮੈਸ. ਧਨਵਾਨ ਕਮਿਸ਼ਨ ਏਜੰਟ (ਰਾਹੀਂ ਇਸ ਦੇ ਮਾਲਕ) 2. ਰਜਿੰਦਰ ਕੁਮਾਰ ਪੁੱਤਰ ਸਤਪਾਲ (ਮਾਲਕ ਅਤੇ ਰਹਿਣਕਾਰ) 3. ਕ੍ਰਿਸ਼ਨ ਕੁਮਾਰ ਚੰਡੋਕ ਪੁੱਤਰ ਸਤਪਾਲ (ਗਰੰਟਰ) ਸਕਿਉਰਡ ਕ੍ਰੈਡਿਟਰ ਦੀ 19 ਅਗਸਤ 24 ਨੂੰ ਬਕਾਇਆ ਰਕਮ ਰੁਪਏ 27,99,053/- (ਸਤਾਈ ਲੱਖ ਨੜਿੰਨਵੇਂ ਹਜ਼ਾਰ ਤਿਰਵੰਜਾ ਰੁਪਏ ਕੇਵਲ) ਸਮੇਤ ਅਸਲ ਅਦਾਇਗੀ ਦੀ ਮਿਤੀ ਤੱਕ ਅਣਲਾਗੂਯੋਗ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 11 ਮਈ 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 25,32,750/- (ਪੱਚੀ ਲੱਖ ਬੱਤੀ ਹਜ਼ਾਰ ਸੱਤ ਸੌ ਪੰਜਾਹ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,53,275/- (ਦੋ ਲੱਖ ਤਰਵੰਜਾ ਹਜ਼ਾਰ ਦੋ ਸੌ ਪੰਝੱਤਰ ਰੁਪਏ ਕੇਵਲ) ਐਕਸਿਸ ਬੈਂਕ ਦੇ ਹੱਕ 'ਚ ਡੀ ਡੀ/ਪੀ ਓ ਰਾਹੀਂ |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰੀਟੇਲ ਐੱਸਟਸ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 08 ਮਈ 2026 ਨੂੰ 05.00 ਵਜੇ ਸ਼ਾਮ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 11 ਮਈ 2026 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ ਜਾਇਦਾਦ ਦਾ ਵੇਰਵਾ :- ਬੈਨਾਮਾ ਨੰ. 2019-20/96/1/226 ਮਿਤੀ 12.06.2019 ਅਨੁਸਾਰ ਰਜਿੰਦਰ ਕੁਮਾਰ ਪੁੱਤਰ ਸਤਪਾਲ ਦੇ ਨਾਂਅ ਜਾਇਦਾਦ/ਦੁਕਾਨ ਨੰ. 44, ਕੁੱਲ ਖੇਤਰ ਰਕਬਾ 91.66 ਵਰਗ ਗਜ਼, ਜਿਸ ਦੀਆਂ ਦਿਸ਼ਾਵਾਂ ਲੰਬਾਈ 50 ਫੁੱਟ ਚੌੜਾਈ 16.6 ਫੁੱਟ ਮੰਡੀ ਅਟਾਰੀ ਵਿਖੇ ਸਥਿਤ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਸਾਈਟ ਅਨੁਸਾਰ) ਪੂਰਬ : ਦੁਕਾਨ ਨੰ. 45 ਮੈਸ. ਗਿੱਲ ਟਰੇਡਿੰਗ ਕੰਪਨੀ, ਪੱਛਮ : ਦੁਕਾਨ ਨੰ. 43 ਮੈਸ. ਸੋਨੀ ਟ੍ਰੇਡਿੰਗ ਕੰਪਨੀ, ਉੱਤਰ : ਹੋਰ ਦਾ ਖਾਲੀ ਪਲਾਟ, ਦੱਖਣ : ਮੇਨ ਮੰਡੀ ਰੋਡ

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮਿਤ ਕੁਮਾਰ (ਮੋਬਾਈਲ ਨੰ. 96462-23355) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10.00 ਵਜੇ ਤੋਂ ਸ਼ਾਮ ਦੇ 04.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 05 ਅਪ੍ਰੈਲ 2026, ਸਥਾਨ : ਲੁਧਿਆਣਾ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



AXIS BANK LTD. ਰਿਟੇਲ ਐੱਸਟ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ [illegible]

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 13,17,900/- (ਤੇਰਾਂ ਲੱਖ ਸਤਾਰਾਂ ਹਜ਼ਾਰ ਨੌਂ ਸੌ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,31,790/- [illegible] |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 24 ਮਈ 2026 ਨੂੰ [illegible] |

[illegible]

ਮਿਤੀ : 05 ਅਪ੍ਰੈਲ 2026, ਸਥਾਨ : ਲੁਧਿਆਣਾ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



AXIS BANK LTD. ਰਿਟੇਲ ਐੱਸਟ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ**

[illegible]

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 13,82,040/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | [illegible] |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 24 ਮਈ 2026 ਨੂੰ [illegible] |

[illegible]

ਮਿਤੀ : 05 ਅਪ੍ਰੈਲ 2026, ਸਥਾਨ : ਲੁਧਿਆਣਾ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



ਦਿੱਲੀ ਇੰਟਰਨੈਸ਼ਨਲ ਆਰਬੀਟ੍ਰੇਸ਼ਨ ਸੈਂਟਰ (DIAC) ਦਿੱਲੀ ਹਾਈ ਕੋਰਟ ਕੰਪਲੈਕਸ, ਐਸ-ਬਲਾਕ, ਪਾਰਕਿੰਗ ਸ਼ੇਰ ਸ਼ਾਹ ਮਾਰਗ, ਨਵੀਂ ਦਿੱਲੀ- 110503 (ਫ਼ੋਨ: 011-23386492, ਫੈਕਸ-011-23386493, ਵੈੱਬਸਾਈਟ: http://dhcdiac.nic.in/)

ਨੂੰ,
ਸਤ ਪ੍ਰਕਾਸ਼ ਸਭਰਵਾਲ (ਕਰਜ਼ਦਾਰ/ਬਿਨੈਕਾਰ)
ਏਟੀ : 777 ਦੇ ਦਸ਼ਮੇਸ਼ ਨਗਰ, ਇਆਲੀ ਖੁਰਦ ਹੰਬੜਾਂ ਰੋਡ, ਨੇੜੇ ਗੁਰਦੁਆਰਾ ਵਾਲੀ ਗਲੀ ਪੱਛੀ ਸਾਊਥ, ਲੁਧਿਆਣਾ, ਪੰਜਾਬ 142027 ਮੋਬ: 828388-6107
ਈਮੇਲ: satu481979@gmail.com
ਉੱਤਰਦਾਤਾ ਨੰ. 1
ਐੱਸ.ਐੱਸ. ਬਲਜਿੰਦਰ ਸੱਭਰਵਾਲ (ਸਹਿ-ਕਰਜ਼ਦਾਰ)
777 ਦੇ ਦਸ਼ਮੇਸ਼ ਨਗਰ, ਇਆਲੀ ਖੁਰਦ ਹੰਬੜਾਂ ਰੋਡ, ਗੁਰਦੁਆਰਾ ਵਾਲੀ ਗਲੀ ਦੇ ਨੇੜੇ ਪੱਛੀ ਸਾਊਥ ਨੇੜੇ, ਲੁਧਿਆਣਾ, ਪੰਜਾਬ 142027 ਮੋਬ. 828388-6107
ਈਮੇਲ: satu481979@gmail.com
ਉੱਤਰਦਾਤਾ ਨੰ. 2

ਵਿਚਕਾਰ ਸਾਲਸੀ ਦੇ ਮਾਮਲੇ ਵਿੱਚ: ਐਕਸਿਸ ਫਾਈਨੈਂਸ ਲਿਮਟਿਡ ਬਨਾਮ ਸਤ ਪ੍ਰਕਾਸ਼ ਸੱਭਰਵਾਲ ਅਤੇ ਹੋਰ
ਆਰਬੀ. ਨੰ. ARB.P./684/2025
ਕੇਸ ਹਵਾਲਾ ਨੰ.: 4913/11320/08-25 (DIAC ਨਾਲ ਰਜਿਸਟਰਡ ਵਿੱਚ ਸੰਚਾਰ ਲਈ ਇਸ ਹਵਾਲਾ ਨੰ. ਦਾ ਹਵਾਲਾ ਦਿਓ)
ਸਰ/ਮੈਡਮ,
10.03.2026 ਨੂੰ [illegible] ਤੁਹਾਡੀ ਤਰਫੋਂ ਪੇਸ਼ ਨਹੀਂ ਹੋਇਆ ਸੀ।
ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ, ਤਰਵੀਨ ਸਿੰਘ ਨੰਦਾ, ਇਕਲੌਤੇ ਆਰਬੀਟਰੇਟਰ ਦੇ ਨਿਰਦੇਸ਼ਾਂ ਅਨੁਸਾਰ
ਇਸ ਮਾਮਲੇ ਵਿੱਚ ਅਗਲੀ ਸੁਣਵਾਈ ਦੀ ਮਿਤੀ 06.04.2026 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ ਹਾਈਬ੍ਰਿਡ ਮੋਡ ਰਾਹੀਂ ਅਗਲੀ ਕਾਰਵਾਈ ਲਈ ਨਿਰਧਾਰਤ ਕੀਤੀ ਗਈ ਹੈ।
ਧਿਰਾਂ/ਵਕੀਲਾਂ ਨੂੰ ਨਿਰਧਾਰਤ ਮਿਤੀ ਅਤੇ ਸਮੇਂ 'ਤੇ ਆਪਣੀ ਮੌਜੂਦਗੀ ਯਕੀਨੀ ਬਣਾਉਣੀ ਹੋਵੇਗੀ।
(ਕਿਰਪਾ ਕਰਕੇ ਕੈਪਸ਼ਨ ਵਾਲੇ ਆਰਬੀਟਰੇਸ਼ਨ ਕੇਸ ਵਿੱਚ ਲੈਡ. ਸੋਲ ਆਰਬੀਟਰੇਟਰ ਦੁਆਰਾ ਪਾਸ ਕੀਤੇ ਗਏ 10.03.2026 ਦੇ ਆਰਡਰ ਦੀ ਇੱਕ ਕਾਪੀ ਨੱਥੀ ਕਰੋ।)
- ਹੇਠਾਂ ਦਿੱਤਾ ਵੀ ਸੀ ਲਿੰਕ ਇਸ ਪ੍ਰਕਾਰ ਹੈ-
DIAC/11320/08-25 (AXIS FINANCE LIMITED VS SAT PARKASH SABHARWAL & ANR.)
ਸੋਮਵਾਰ, 6 ਅਪ੍ਰੈਲ ਸਵੇਰੇ 11:00 ਵਜੇ - ਦੁਪਹਿਰ 12:00 ਵਜੇ
ਸਮਾਂ ਖੇਤਰ: ਏਸ਼ੀਆ/ਕੋਲਕਾਤਾ
Google Meet ਵਿੱਚ ਸ਼ਾਮਲ ਹੋਣ ਦੀ ਜਾਣਕਾਰੀ
ਵੀਡੀਓ ਕਾਲ ਲਿੰਕ: https://meet.google.com/osm-gfhw-ncs
ਜਾਂ ਡਾਇਲ ਕਰੋ: ? (US) +1 307-228-1528 ? ਪਿੰਨ : ? 218 858 841 ? #
ਹੋਰ ਫ਼ੋਨ ਨੰਬਰ: https://tel.meet/osm-gfhw-ncs?pin=8123878185824
ਸ੍ਰੀਮਤੀ ਸਾਧਿਕਾ ਜਾਲਾਨ
(ਸੰਯੁਕਤ ਰਜਿਸਟਰਾਰ-1)
ਆਰਬੀਟਰੇਟਰਾਂ ਨੂੰ ਕਾਪੀ ਕਰੋ:
1. ਤਰਵੀਨ ਸਿੰਘ ਨੰਦਾ
adv.t.s.nanda@gmail.com



## Change of Name

I, Dushant S/o Ramesh R/o VPO Khusropur, Jalandhar, Punjab-144024, have changed my name from Dushant to Given Name Dushant & Surname as Sahota. All concerned please note.

## ਜਨਤਕ ਸੂਚਨਾ

ਮੈਂ, ਨਿਸ਼ਾਂਤ ਗੁਪਤਾ ਪੁੱਤਰ ਅਨਿਲ ਗੁਪਤਾ ਮੇਰਾ ਬੈਨਾਮਾ ਨੰ. 7246 ਮਿਤੀ 20/11/1991, ਮਾਡਲ ਟਾਊਨ ਮਾਰਕਿਟ ਜਲੰਧਰ 'ਚ ਕਿਧਰੇ ਗੁਆਚ ਗਿਆ ਹੈ। ਜੇਕਰ ਕਿਸੇ ਨੂੰ ਉਕਤ ਬੈਨਾਮਾ ਮਿਲਦਾ ਹੈ ਜਾਂ ਕਿਸੇ ਨੂੰ ਉਕਤ ਬੈਨਾਮੇ ਸੰਬੰਧੀ ਕੋਈ ਇਤਰਾਜ਼ ਹੈ ਤਾਂ ਕਿਰਪਾ ਕਰਕੇ ਐਡਵੋਕੇਟ ਸ੍ਰੀ ਵਿਕਾਸ ਸੂਦ ਮੋਬਾਇਲ ਨੰ. 98140-94356, ਜ਼ਿਲ੍ਹਾ ਕਚਹਿਰੀਆਂ ਜਲੰਧਰ ਵਿਖੇ ਇਹ ਇਸ਼ਤਿਹਾਰ ਛਪਣ ਦੇ 14 ਦਿਨਾਂ ਦੇ ਅੰਦਰ-ਅੰਦਰ ਸੰਪਰਕ ਕਰ ਸਕਦਾ ਹੈ।

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਅਸੀਂ, ਤਰਲੋਚਨ ਸਿੰਘ ਪੁੱਤਰ ਕੁਲਵੰਤ ਸਿੰਘ ਵਾ ਦਲਜੀਤ ਕੌਰ ਪਤਨੀ ਤਰਲੋਚਨ ਸਿੰਘ ਦੋਨੋਂ ਵਾਸੀਆਨ 19-ਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜਲੰਧਰ ਸੂਚਿਤ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਰਣਜੀਤ ਸੰਧੂ ਉਰਫ ਬੱਬੂ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ ਨੂੰ ਦੈਨਿਕ ਭਾਸਕਰ ਅਤੇ 'ਨਵਾਂ ਜ਼ਮਾਨਾ' ਰਾਹੀਂ ਮਿਤੀ 30-12-2016 ਨੂੰ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਰਣਜੀਤ ਸੰਧੂ ਉਰਫ ਬੱਬੂ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ ਸਾਡੇ ਕਹਿਣੇ ਵਿੱਚ ਹਨ। ਅਸੀਂ ਆਪਣਾ ਪਹਿਲਾਂ ਦਿੱਤਾ ਬੇਦਖਲੀ ਨੋਟਿਸ ਵਾਪਸ ਲੈਂਦੇ ਹਾਂ। ਇਸ ਲਈ ਹੁਣ ਉਹ ਸਾਡੀ ਚੱਲ-ਅਚੱਲ ਜਾਇਦਾਦ ਵਿੱਚ ਪਹਿਲਾਂ ਵਾਂਗ ਹੀ ਕਾਨੂੰਨੀ ਵਾਰਸ ਹੋਣਗੇ। ਸੰਬੰਧਤ ਨੋਟ ਕਰਨ।

ਅਸੀਂ ਵਿਕਾਸ ਗੁਪਤਾ ਪੁੱਤਰ ਲੇਟ ਕਾਂਤੀ ਕੁਮਾਰ ਵਾਸੀ 34/7, ਪਿੰਡ ਚਾਟੀਵਿੰਡ ਤਾਰਨ ਤਾਰਨ ਰੋਡ, ਤਹਿਸੀਲ ਤੇ ਜਿਲਾ ਅੰਮ੍ਰਿਤਸਰ ਅਤੇ ਸ਼ੈਲੀ ਅਗਰਵਾਲ ਪਤਨੀ ਪਰਦੀਪ ਅਗਰਵਾਲ ਵਾ ਪੁਤਰੀ ਲੇਟ ਕਾਂਤੀ ਕੁਮਾਰ ਵਾਸੀ ਗਲੀ ਤਹਿਸੀਲਦਾਰ ਨਿਊ ਸ਼ਾਸਤਰੀ ਨਗਰ ਪਠਾਨਕੋਟ ਅੰਮ੍ਰਿਤਸਰ ਦੇ ਹਾਂ ਤੇ ਬਿਆਨ ਕਰਦੇ ਹਾਂ ਕਿ ਲੇਟ ਸ਼੍ਰੀਮਤੀ ਸੁਨੀਤਾ ਗੁਪਤਾ ਪਤਨੀ ਲੇਟ ਕਾਂਤੀ ਕੁਮਾਰ ਸਾਡੀ ਮਾਤਾ ਸੀ ਜਿਨ੍ਹਾਂ ਦੀ ਮੌਤ 21/03/2025 ਨੂੰ ਹੋਈ ਸੀ ਅਤੇ ਅਸੀਂ ਦੋਨੋ ਭੈਣ ਤੇ ਭਰਾ ਹੀ ਉਕਤ ਸੁਨੀਤਾ ਗੁਪਤਾ ਦੇ ਵਾਰਸ ਹਾਂ।

## ਬੇਦਖਲੀ ਨੋਟਿਸ

ਅਸੀਂ, ਅਵਤਾਰ ਸਿੰਘ ਪੁੱਤਰ ਕੱਥਾ ਸਿੰਘ ਅਤੇ ਜਸਪਾਲ ਕੌਰ ਪਤਨੀ ਅਵਤਾਰ ਸਿੰਘ ਦੋਨੋਂ ਵਾਸੀਆਨ ਮਕਾਨ ਨੰ. 218, ਗਲੀ ਨੰ. 6, ਨੈਸ਼ਨਲ ਐਵੇਨਿਊ, ਦਕੋਹਾ, ਨੇੜੇ ਗੀਤਾਂਜਲੀ ਕਲੀਨਿਕ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ, ਜੋ ਨਿਊਜ਼ੀਲੈਂਡ ਵਿੱਚ ਰਹਿ ਰਹੀ ਹੈ, ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਉਮਾ ਦੇਵੀ ਪਤਨੀ ਲੇਟ ਫੂਲ ਚੰਦ ਵਾਸੀ ਦੱਤ ਰੋਡ, ਮਕਾਨ ਨੰ. 1080, ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਮੇਸ਼ ਕੁਮਾਰ ਅਤੇ ਮੇਰੀ ਪਹਿਲੀ ਨੂੰਹ ਰੇਨੂੰ ਦੇ ਬੱਚੇ ਅਤੇ ਨੂੰਹ ਮੋਨਿਕਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਣਦੀਪ ਕੌਰ ਪਤਨੀ ਲੇਟ ਮਨਜੀਤ ਸਿੰਘ ਵਾਸੀ ਮਕਾਨ ਨੰ. 409, ਗਲੀ ਨੰ. 4, ਗੁਰੂ ਰਾਮਦਾਸ ਨਗਰ, ਕੋਟ ਖਾਲਸਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜੋਬਨਜੀਤ ਸਿੰਘ ਅਤੇ ਅਤੇ ਉਸ ਦੀ ਪਤਨੀ ਰੀਮਾ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੇ ਤੋਂ ਅਲੱਗ ਰਹਿ ਰਹੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

ਅਸੀਂ ਸ਼ਾਮ ਲਾਲ ਪੁੱਤਰ ਖੁਸ਼ੀ ਰਾਮ ਅਤੇ ਸੰਧਿਆ ਪਤਨੀ ਸ਼ਾਮ ਲਾਲ ਦੋਵੇਂ ਵਾਸੀ ਮਕਾਨ ਨੰਬਰ 754 ਗਲੀ ਨੰ. 6 ਕਮਲ ਵਿਹਾਰ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪੰਕਜ ਅਤੇ ਉਸਦੀ ਪਤਨੀ ਮਾਨਸੀ ਦੋਵੇਂ ਸਾਡੇ ਕਹਿਣੇ ਵਿੱਚ ਨਹੀਂ ਹਨ। ਅਸੀਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## Change of Name

I, Sandeep Singh S/o Avtar Singh R/o H.No. B-18/231, Govt. College Road, Anand Nagar, Pale Da Bagh, Distt. Hoshiarpur 146001 Punjab, India. Declare that my minor son name Aarav Singh. Surname is Singh and given name Aarav. Concerned note.

I, Promila W/o Vir Pal Salhan R/o Village and PO Dagana Kalan Distt. Hoshiarpur 146022 Punjab have changed my name from Promila to Promila Salhan. Concerned note.

I, Bir Pal S/o Mohinder Pal R/o Village and PO Dagana Kalan Distt. Hoshiarpur 146022 Punjab have changed my name from Bir Pal to Vir Pal Salhan. Concerned note.

I, Bhupinder Pal S/o Harbhajan Singh R/o L2/757, Plot No. 97, New Gurnam Nagar, Sultanwind Road, Near Gurdeep Singh Bricks Wale, Amritsar have changed my name from Bhupinder Pal to Bhupinder Pal Singh. All concerns please note.

I, Baldev Singh S/o Mohinder Singh R/o Vill. Barsal, P.O. Udhopur, Distt. Jalandhar, have changed my name from Baldev Singh to Singh Baldev (Singh as Surname). All concerned please note.

I, Baldev Singh S/o Mohinder Singh R/o Vill. Barsal, P.O. Udhopur, Distt. Jalandhar, have changed my minor daughter's name from Dayadeep Kaur to Kaur Dayadeep (Kaur as Surname). All concerned please note.

I, Baldev Singh S/o Mohinder Singh R/o Vill. Barsal, P.O. Udhopur, Distt. Jalandhar, have changed my minor Son's name from Wahenoor Singh to Singh Wahenoor (Singh as Surname). All concerned please note.

I, Narinder Pal Kaur W/o Jagjit Singh R/o Bhikhiwind Road, Adda Chabhal Tehsil and District Tarn Taran have changed my name from Narinder Pal Kaur to Narinder Kaur

I, Manbir Singh S/o Ajit Singh R/o H.No.139/2, Ram Tirath Road, Near Lakehead Public School, Golden Avenue, Amritsar have declare that Manbir is my Given name and Singh is my Surname

I, Sanjeev Kumar Bansal son of Sh. Diwan Chand Bansal resident of H.No. 1529, W.No. 24, Nai Abadi, Samrala Road, Khanna, Tehsil Khanna, Distt. Ludhiana-141401, Punjab have changed my name from Sanjeev Kumar to Sanjeev Kumar Bansal. All concerned please note.



## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਡੇਰਾ ਬੱਸੀ 'ਚ ਨਵੇਂ ਪਾਰਕਾਂ ਦਾ ਉਦਘਾਟਨ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਰੰਗਲਾ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜ ਲਗਾਤਾਰ ਤੇਜ਼ੀ ਨਾਲ ਅੱਗੇ ਵਧ ਰਹੇ ਹਨ।ਇਸੇ ਤਹਿਤ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਨਗਰ ਕੌਂਸਲ ਡੇਰਾਬੱਸੀ ਦੇ ਸਹਿਯੋਗ ਨਾਲ ਵਾਰਡ ਨੰਬਰ 13 ਦੇ ਸਾਧੂ ਨਗਰ ਵਿੱਚ 50 ਲੱਖ ਅਤੇ ਆਦਰਸ਼ ਨਗਰ ਵਿੱਚ 30 ਲੱਖ ਦੀ ਲਾਗਤ ਨਾਲ ਤਿਆਰ ਕੀਤੇ ਗਏ



ਆਧੁਨਿਕ ਪਾਰਕਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸ੍ਰੀਮਤੀ ਆਸ਼ੂ ਉਪਨੇਜਾ, ਜੋ ਵਾਰਡ ਦੇ ਐਮ.ਸੀ. ਵੀ ਹਨ, ਸਮੇਤ ਸਥਾਨਕ ਵਾਰਡ ਵਾਸੀਆਂ ਦੀ ਵੱਡੀ ਗਿਣਤੀ ਵਿੱਚ ਮੌਜੂਦਗੀ ਰਹੀ।ਉਦਘਾਟਨ ਸਮੇਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ਼ ਐਲਾਨਾਂ ਤੱਕ ਸੀਮਿਤ ਨਹੀਂ, ਸਗੋਂ ਹਰ ਵਾਅਦੇ ਨੂੰ ਜ਼ਮੀਨ 'ਤੇ ਲਾਗੂ ਕਰਕੇ ਲੋਕਾਂ ਦੀ ਜ਼ਿੰਦਗੀ ਵਿੱਚ ਅਸਲ ਬਦਲਾਅ ਲਿਆ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਡੇਰਾਬੱਸੀ ਵਿੱਚ ਸੜਕਾਂ ਦੀ ਮੁਰੰਮਤ ਤੇ ਨਿਰਮਾਣ, ਗਲੀਆਂ-ਨਾਲੀਆਂ ਦੀ ਸੁਧਾਰ, ਸਾਫ਼ ਪੀਣ ਵਾਲੇ ਪਾਣੀ ਦੀ ਵਿਵਸਥਾ, ਐਲਈਡੀ ਸਟਰੀਟ ਲਾਈਟਾਂ, ਆਮ ਆਦਮੀ ਕਲੀਨਿਕ, ਸਰਕਾਰੀ ਸਕੂਲਾਂ ਦੀ ਅਪਗ੍ਰੇਡੇਸ਼ਨ ਅਤੇ ਖੇਡ ਮੈਦਾਨਾਂ ਦੀ ਤਿਆਰੀ ਵਰਗੇ ਕਈ ਵੱਡੇ ਵਿਕਾਸ ਪ੍ਰਾਜੈਕਟ ਤੇਜ਼ੀ ਨਾਲ ਅਮਲ ਵਿੱਚ ਲਿਆਂਦੇ ਜਾ ਰਹੇ ਹਨ।ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਖੇਤਰ ਵਿੱਚ ਇਤਿਹਾਸਕ ਸੁਧਾਰ ਕੀਤੇ ਗਏ ਹਨ।ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਇਲਾਜ ਅਤੇ ਟੈਸਟ ਦੀ ਸੁਵਿਧਾ ਮਿਲ ਰਹੀ ਹੈ, ਜਦਕਿ ਸਕੂਲ ਆਫ਼ ਐਮੀਨੈਂਸ ਅਤੇ ਸਕੂਲ ਆਫ਼ ਹੈਪੀਨੈੱਸ ਰਾਹੀਂ ਵਿਦਿਆਰਥੀਆਂ ਨੂੰ ਉੱਚ ਦਰਜੇ ਦੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ।ਨਵੇਂ ਤਿਆਰ ਕੀਤੇ ਪਾਰਕਾਂ ਬਾਰੇ ਉਨ੍ਹਾਂ ਕਿਹਾ ਕਿ ਇਹ ਪਾਰਕ ਸਿਰਫ਼ ਮਨੋਰੰਜਨ ਦੇ ਕੇਂਦਰ ਨਹੀਂ, ਸਗੋਂ ਲੋਕਾਂ ਨੂੰ ਸਿਹਤਮੰਦ ਅਤੇ ਸਰਗਰਮ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨ ਦਾ ਮਹੱਤਵਪੂਰਨ ਸਾਧਨ ਹਨ। ਇਨ੍ਹਾਂ ਪਾਰਕਾਂ ਵਿੱਚ ਬੱਚਿਆਂ ਲਈ ਆਧੁਨਿਕ ਖੇਡ ਸਾਜ਼-ਸਾਮਾਨ, ਬੈਠਣ ਲਈ ਸੁਵਿਧਾਜਨਕ ਪ੍ਰਬੰਧ ਅਤੇ ਹਰੇ-ਭਰੇ ਵਾਤਾਵਰਣ ਦੀ ਸੁੰਦਰ ਵਿਵਸਥਾ ਕੀਤੀ ਗਈ ਹੈ।ਇਸ ਮੌਕੇ ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਰੰਧਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਗਾਤਾਰ ਹੋ ਰਹੇ ਵਿਕਾਸ ਕਾਰਜਾਂ ਨਾਲ ਇਲਾਕੇ ਦੀ ਸੂਰਤ ਬਦਲ ਰਹੀ ਹੈ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ।

# ਐੱਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨੇ ਸੁਖਬੀਰ ਬਾਦਲ ਨਾਲ ਕੀਤੀ ਮੁਲਾਕਾਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਹੁਸ਼ਿਆਰਪੁਰ ਦੇ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ।ਇਸ ਮੌਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪਣ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਵਾਸਤੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵਿਸ਼ੇਸ਼ ਮੁਹਿੰਮ ਦੀ ਆਰੰਭਤਾ ਕੀਤੀ ਜਾਵੇਗੀ।ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ ਨੂੰ ਪਾਰਟੀ ਦੀ ਚੜ੍ਹਦੀ ਕਲਾ ਤੇ ਮਜ਼ਬੂਤੀ ਵਾਸਤੇ ਅੱਗੇ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਖਾਲਸਾ ਏਡ ਦੇ ਸੰਸਥਾਪਕ ਮੁਖੀ ਰਵੀ ਸਿੰਘ ਦੀ ਅਗਵਾਈ ਹੇਠ 27 ਸਾਲਾਂ ਦੀ ਮਨੁੱਖਤਾ ਭਰੀ ਸੇਵਾ ਦਾ ਗੌਰਵਮਈ ਸਫ਼ਰ

4 ਅਪ੍ਰੈਲ ਦਾ ਦਿਨ ਦੁਨੀਆ ਭਰ ਵਿੱਚ ਮਨੁੱਖਤਾ ਦੀ ਨਿਸ਼ਕਾਮ ਸੇਵਾ ਲਈ ਸਮਰਪਿਤ ਇਸ ਸੰਸਥਾ ਲਈ ਇੱਕ ਇਤਿਹਾਸਕ ਮੌਕਾ ਹੈ, ਕਿਉਂਕਿ ਇਸ ਦਿਨ ਇਸ ਨੇ ਆਪਣੇ ਸੇਵਾਮਈ ਸਫ਼ਰ ਦੇ 27 ਸਾਲ ਸਫਲਤਾਪੂਰਵਕ ਪੂਰੇ ਕਰ ਲਏ ਹਨ।ਇਹ ਸਿਰਫ਼ ਇੱਕ ਵਰ੍ਹੇਗੰਢ ਨਹੀਂ, ਸਗੋਂ ਮਨੁੱਖਤਾ ਦੀ ਭਲਾਈ ਲਈ ਕੀਤੀ ਗਈ ਲਗਾਤਾਰ ਨਿਸ਼ਕਾਮ ਸੇਵਾ ਦਾ ਪ੍ਰਤੀਕ ਹੈ।1999 ਵਿੱਚ ਰਵੀ ਸਿੰਘ ਦੀ ਅਗਵਾਈ ਹੇਠ ਸਥਾਪਤ ਹੋਈ ਇਸ ਸੰਸਥਾ ਨੇ ਸਰਬੱਤ ਦਾ ਭਲਾ ਦੇ ਉੱਚੇ ਸਿਧਾਂਤ ਨੂੰ ਆਪਣੇ ਕਾਰਜਾਂ ਦਾ ਕੇਂਦਰ ਬਣਾਇਆ।ਸ਼ੁਰੂਆਤ ਤੋਂ ਹੀ ਇਸ ਨੇ ਇਹ ਦਰਸਾਇਆ ਕਿ ਸੇਵਾ ਕਿਸੇ ਇੱਕ ਧਰਮ ਜਾਂ ਵਰਗ ਤੱਕ ਸੀਮਿਤ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਹੈ।ਇਨ੍ਹਾਂ 27 ਸਾਲਾਂ ਦੌਰਾਨ ਸੰਸਥਾ ਨੇ ਦੁਨੀਆ ਦੇ ਕਈ ਦੇਸ਼ਾਂ ਵਿੱਚ ਆਈਆਂ ਕੁਦਰਤੀ ਆਫ਼ਤਾਂ ਜਿਵੇਂ ਭੂਚਾਲ, ਹੜ੍ਹ ਅਤੇ ਤੂਫ਼ਾਨਾਂ ਦੇ ਸਮੇਂ ਅੱਗੇ ਵੱਧ ਕੇ ਮਦਦ ਪਹੁੰਚਾਈ।ਇਸ ਤੋਂ ਇਲਾਵਾ ਜੰਗੀ ਹਾਲਾਤਾਂ ਵਿੱਚ ਫਸੇ ਬੇਗੁਨਾਹ ਲੋਕਾਂ, ਸ਼ਰਨਾਰਥੀਆਂ ਅਤੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਲਈ ਇਹ ਸੰਸਥਾ ਹਮੇਸ਼ਾ ਇੱਕ ਮਜ਼ਬੂਤ ਸਹਾਰਾ ਬਣੀ ਰਹੀ ਹੈ।ਸੰਸਥਾ ਦੀ ਟੀਮ ਨੇ ਸਿਰਫ਼ ਤੁਰੰਤ ਰਾਹਤ ਤੱਕ ਹੀ ਆਪਣੀ ਸੇਵਾ ਸੀਮਿਤ ਨਹੀਂ ਰੱਖੀ, ਸਗੋਂ ਲੰਬੇ ਸਮੇਂ ਲਈ ਲੋਕਾਂ ਦੀ ਜ਼ਿੰਦਗੀ ਨੂੰ ਮੁੜ ਖੜ੍ਹਾ ਕਰਨ ਵੱਲ ਵੀ ਵੱਡੇ ਕਦਮ ਚੁੱਕੇ ਹਨ।ਸਾਫ਼ ਪੀਣਯੋਗ ਪਾਣੀ, ਸਿਹਤ ਸੇਵਾਵਾਂ, ਖਾਣ-ਪੀਣ ਅਤੇ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਕਰਦੇ ਹੋਏ ਲੱਖਾਂ ਲੋਕਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਬਦਲਾਅ ਲਿਆਂਦਾ ਗਿਆ ਹੈ।

ਖਾਸ ਕਰਕੇ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰ ਰਹੇ ਪ੍ਰਭਾਵਿਤ ਇਲਾਕਿਆਂ ਵਿੱਚ ਵੀ ਇਸ ਸੰਸਥਾ ਵੱਲੋਂ ਵੱਡੇ ਪੱਧਰ 'ਤੇ ਸੇਵਾ ਕਾਰਜ ਕੀਤੇ ਜਾ ਰਹੇ ਹਨ।ਹਜ਼ਾਰਾਂ ਲੋੜਵੰਦ ਪਰਿਵਾਰਾਂ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਮਕਾਨ ਤਿਆਰ ਕਰਕੇ ਦਿੱਤੇ ਜਾ ਰਹੇ ਹਨ, ਜਿਸ ਨਾਲ ਬੇਘਰ ਹੋ ਚੁੱਕੇ ਪਰਿਵਾਰਾਂ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦਾ ਮੌਕਾ ਮਿਲ ਰਿਹਾ ਹੈ।ਇਹ ਉਪਰਾਲਾ ਮਨੁੱਖਤਾ ਦੀ ਸੇਵਾ ਦਾ ਇੱਕ ਬੇਮਿਸਾਲ ਉਦਾਹਰਨ ਬਣ ਕੇ ਸਾਹਮਣੇ ਆਇਆ ਹੈ।

ਰਵੀ ਸਿੰਘ ਦੀ ਦੂਰਦਰਸ਼ੀ ਸੋਚ ਅਤੇ ਅਟੱਲ ਸਮਰਪਣ ਨੇ ਇਸ ਸੰਸਥਾ ਨੂੰ ਅੱਜ ਵਿਸ਼ਵ ਪੱਧਰ 'ਤੇ ਮਨੁੱਖੀ ਸੇਵਾ ਦੀ ਇੱਕ ਮਜ਼ਬੂਤ ਪਹਿਚਾਣ ਬਣਾਇਆ ਹੈ।ਉਨ੍ਹਾਂ ਦੀ ਅਗਵਾਈ ਹੇਠ ਹਜ਼ਾਰਾਂ ਸੇਵਾਦਾਰ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਨਿਸ਼ਕਾਮ ਸੇਵਾ ਕਰਦੇ ਹੋਏ ਮਨੁੱਖਤਾ ਲਈ ਪ੍ਰੇਰਣਾ ਬਣ ਰਹੇ ਹਨ।ਅੱਜ ਇਹ ਸੰਸਥਾ ਸਿਰਫ਼ ਇੱਕ ਨਾਂਅ ਨਹੀਂ ਰਹੀ, ਸਗੋਂ ਸੇਵਾ, ਨਿਮਰਤਾ, ਦਇਆ ਅਤੇ ਇਨਸਾਨੀਅਤ ਦੀ ਜਿਉਂਦੀ ਜਾਗਦੀ ਮਿਸਾਲ ਬਣ ਚੁੱਕੀ ਹੈ, ਜੋ ਹਰ ਕਿਸੇ ਨੂੰ ਭਲਾਈ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ। ਇਸ ਤੋਂ ਇਲਾਵਾ, ਸੰਸਥਾ ਵੱਲੋਂ ਨੌਜਵਾਨਾਂ ਨੂੰ ਸੇਵਾ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਨ ਲਈ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਅਤੇ ਸਮਾਜਿਕ ਉਪਰਾਲੇ ਵੀ ਕੀਤੇ ਜਾ ਰਹੇ ਹਨ। ਭਵਿੱਖ ਵਿੱਚ ਵੀ ਇਹ ਸੰਸਥਾ ਮਨੁੱਖਤਾ ਦੀ ਸੇਵਾ ਦੇ ਆਪਣੇ ਮਿਸ਼ਨ ਨੂੰ ਹਰ ਵਧਾਉਣ ਲਈ ਵਚਨਬੱਧ ਹੈ ਅਤੇ ਦੁਨੀਆ ਦੇ ਹਰ ਕੋਨੇ ਵਿੱਚ ਲੋੜਵੰਦਾਂ ਤੱਕ ਮਦਦ ਪਹੁੰਚਾਉਣ ਲਈ ਆਪਣੀ ਭੂਮਿਕਾ ਨਿਭਾਉਂਦੀ ਰਹੇਗੀ।27 ਸਾਲਾਂ ਦਾ ਸਫ਼ਰ ਮਨੁੱਖਤਾ ਲਈ ਸਮਰਪਣ, ਸੇਵਾ ਅਤੇ ਭਲਾਈ ਦਾ ਪ੍ਰਤੀਕ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਇੱਕ ਰਾਹ ਦਰਸਾਉਂਦਾ ਰਹੇਗਾ।

- ਤਰੁਨ

# ਲਾਇਲਪੁਰ ਖ਼ਾਲਸਾ ਕਾਲਜ ਲੜਕੀਆਂ ਵਿਖੇ ਸੈਮੀਨਾਰ

**ਜਲੰਧਰ (ਇਕਬਾਲ ਸਿੰਘ ਉੱਭੀ)** ਸਥਾਨਕ ਲਾਇਲਪੁਰ ਖ਼ਾਲਸਾ ਕਾਲਜ ਲੜਕੀਆਂ ਦੇ ਕਾਮਰਸ ਵਿਭਾਗ ਨੇ ਵਿਦਿਆਰਥੀਆਂ ਨੂੰ ਕਰੀਅਰ ਮੌਕਿਆਂ ਵੱਲ ਸੇਧਿਤ ਕਰਨ ਦੇ ਉਦੇਸ਼ ਨਾਲ ਇੱਕ ਕਰੀਅਰ ਕਾਉਂਸਲਿੰਗ ਸੈਮੀਨਾਰ ਦਾ ਆਯੋਜਨ ਕੀਤਾ।ਇਸ ਮੌਕੇ ਸਤਪਾਲ ਕਲਸੀ, ਸਾਫਟ ਸਕਿੱਲ ਟ੍ਰੇਨਰ ਅਤੇ ਗਾਹਕ ਸੇਵਾ ਪੇਸ਼ੇਵਰ, ਰਿਸੋਰਸ ਪਰਸਨ ਸਨ।ਉਨ੍ਹਾਂ ਨੇ ਨੰਦੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਾਮਰਸ ਵਿਦਿਆਰਥੀਆਂ ਲਈ ਉਪਲੱਬਧ ਵੱਖ-ਵੱਖ ਕਰੀਅਰ ਮੌਕਿਆਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ।ਆਪਣੇ ਇੰਟਰਐਕਟਿਵ ਸੈਸ਼ਨ ਦੌਰਾਨ ਕਲਸੀ ਨੇ ਈ-ਕਾਮਰਸ ਵਿੱਚ ਕਰੀਅਰ ਮੌਕਿਆਂ ਅਤੇ ਸੰਬੰਧਿਤ ਪ੍ਰੋਗਰਾਮਾਂ ਸਮੇਤ ਕਈ ਵਿਸ਼ਿਆਂ 'ਤੇ ਚਰਚਾ ਕੀਤੀ, ਜੋ ਅੱਜ ਦੀ ਡਿਜੀਟਲ ਅਰਥਵਿਵਸਥਾ ਵਿੱਚ ਤੇਜ਼ੀ ਨਾਲ ਮਹੱਤਵ ਪ੍ਰਾਪਤ ਕਰ ਰਹੇ ਹਨ।ਉਨ੍ਹਾਂ ਨੇ ਆਮਦਨ ਟੈਕਸ ਸੇਵਾਵਾਂ, ਚਾਰਟਰਡ ਅਕਾਊਂਟੈਂਸੀ (ਸੀ.ਏ.) ਅਤੇ ਹੋਰ ਪੇਸ਼ੇਵਰ ਖੇਤਰਾਂ ਵਰਗੇ ਰਵਾਇਤੀ ਪਰ ਵਾਅਦਾ ਕਰਨ ਵਾਲੇ ਕਰੀਅਰ ਮਾਰਗਾਂ ਬਾਰੇ ਵੀ ਵਿਸਥਾਰ ਨਾਲ ਦੱਸਿਆ।ਉਨ੍ਹਾਂ ਦੇ ਸੈਸ਼ਨ ਦਾ ਉਦੇਸ਼ ਵਿਦਿਆਰਥੀਆਂ ਵਿੱਚ ਹੁਨਰ ਵਿਕਾਸ, ਰੁਜ਼ਗਾਰਯੋਗਤਾ ਅਤੇ ਵਿਅਕਤੀਗਤ ਰੁਚੀਆਂ ਅਤੇ ਮਾਰਕੀਟ ਰੁਝਾਨਾਂ ਦੇ ਅਧਾਰ 'ਤੇ ਸਹੀ ਕਰੀਅਰ ਮਾਰਗ ਚੁਣਨ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣਾ ਸੀ। ਇਸ ਮੌਕੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਵੱਖ-ਵੱਖ ਕਰੀਅਰ ਸੰਭਾਵਨਾਵਾਂ ਬਾਰੇ ਆਪਣੇ ਸਵਾਲਾਂ ਦੇ ਜਵਾਬ ਦਿੱਤੇ।ਪ੍ਰਿੰਸੀਪਲ ਮੈਡਮ ਡਾ. ਸਰਬਜੀਤ ਕੌਰ ਰਾਏ ਨੇ ਸੈਮੀਨਾਰ ਨੂੰ ਸਫ਼ਲਤਾਪੂਰਵਕ ਆਯੋਜਿਤ ਕਰਨ ਅਤੇ ਵਿਦਿਆਰਥੀਆਂ ਨੂੰ ਵਿਹਾਰਕ ਕਰੀਅਰ ਮਾਰਗਦਰਸ਼ਨ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਕਾਮਰਸ ਵਿਭਾਗ ਦੇ ਮੁਖੀ ਡਾ. ਜਸਵਿੰਦਰ ਕੌਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਢੀ ਇਲਾਕੇ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਲਾਗੂ ਹੋਵੇਗਾ : ਸੁਖਬੀਰ ਬਾਦਲ

**ਹੁਸ਼ਿਆਰਪੁਰ (ਓ ਪੀ ਰਾਣਾ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ 2027 ਵਿੱਚ ਅਗਲੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਢੀ ਇਲਾਕੇ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਲਾਗੂ ਕਰੇਗੀ ਅਤੇ ਨਾਲ ਹੀ ਕੰਢੀ ਏਰੀਆ ਡਵੈਲਪਮੈਂਟ ਮੰਤਰਾਲਾ ਸਥਾਪਿਤ ਕਰੇਗੀ।ਇਥੇ ਇਕ ਸੀਨੀਅਰ ਆਗੂ ਹਰਮਿੰਦਰ ਸਿੰਘ ਸੰਧੂ ਦੇ ਨਾਲ ਰਲ ਕੇ ਵਿਸ਼ਾਲ ਰੈਲੀ ਜਿਸ ਵਿਚ ਭਾਰੀ ਬਰਸਾਤ ਦੇ ਬਾਵਜੂਦ ਲੋਕ ਡਟੇ ਰਹੇ, ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਕੰਢੀ ਪੱਟੀ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਲਾਗੂ ਕਰਨ ਵਾਸਤੇ ਵਚਨਬੱਧ ਹੈ ਜਿਸ ਵਿਚ ਬਿਜਲੀ ਤੇ ਟੈਕਸ ਸਬਸਿਡੀਆਂ ਵੀ ਹੋਣਗੀਆਂ ਤੇ ਅਸੀਂ ਪਠਾਨਕੋਟ ਤੋਂ ਚੰਡੀਗੜ੍ਹ ਤੇ ਅੰਮ੍ਰਿਤਸਰ ਤੋਂ ਸ੍ਰੀ ਆਨੰਦਪੁਰ ਸਾਹਿਬ ਤੱਕ ਹਾਈਵੇ ਵੀ ਬਣਾਵਾਂਗੇ ਤਾਂ ਜੋ ਖੇਤਰ ਵਿਚ ਸੜਕੀ ਆਵਾਜਾਈ ਸੁਖਾਲੀ ਹੋਵੇ। ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਢੀ ਏਰੀਆ ਡਵੈਲਪਮੈਂਟ ਮੰਤਰਾਲਾ ਵੀ ਬਣਾਇਆ ਜਾਵੇਗਾ।ਉਹਨਾਂ ਕਿਹਾ ਕਿ ਇਹ ਮੰਤਰਾਲਾ ਕੰਢੀ ਇਲਾਕੇ ਦੇ ਵਿਕਾਸ 'ਤੇ ਧਿਆਨ ਕੇਂਦਰਤ ਕਰੇਗਾ ਅਤੇ ਸਰਕਾਰੀ ਟਿਊਬਵੈਲ ਲਗਾ ਕੇ ਤੁਪਕਾ ਸਿੰਜਾਈ ਪ੍ਰਣਾਲੀ ਤੇ ਜ਼ਮੀਨਦੋਜ਼ ਪਾਈਪਾਂ ਪਾ ਕੇ ਕਿਸਾਨਾਂ ਨੂੰ ਸਹੂਲਤ ਦਿੱਤੀ ਜਾਵੇਗੀ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਲਗਾਤਾਰ ਇਹ ਕਹਿੰਦਾ ਆ ਰਿਹਾ ਹੈ ਕਿ ਪੰਜਾਬ ਵਿਚ ਫਿਰੌਤੀਆਂ ਤੇ ਗੈਂਗਸਟਰ ਰਾਜ ਕਾਰਨ ਨਿਵੇਸ਼ਕ ਨਿਵੇਸ਼ ਕਰਨ ਤੋਂ ਡਰ ਰਹੇ ਹਨ। ਉਹਨਾਂ ਕਿਹਾ ਕਿ ਅਸੀਂ 2027



ਵਿਚ ਅਕਾਲੀ ਸਰਕਾਰ ਬਣਨ 'ਤੇ ਕਾਨੂੰਨ ਦਾ ਰਾਜ ਸਥਾਪਿਤ ਕਰਨ ਵਾਸਤੇ ਅਤੇ ਉਦਯੋਗਾਂ ਨੂੰ ਰਿਆਇਤਾਂ ਦੇ ਕੇ ਨਿਵੇਸ਼ ਆਕਰਸ਼ਤ ਕਰਨ ਵਾਸਤੇ ਵਚਨਬੱਧ ਹਾਂ ਅਤੇ ਅਸੀਂ ਯਕੀਨੀ ਬਣਾਵਾਂਗੇ ਕਿ ਉਦਯੋਗਾਂ ਵਿਚ 75 ਫੀਸਦੀ ਨੌਕਰੀਆਂ ਪੰਜਾਬੀਆਂ ਨੂੰ ਮਿਲਣ।ਅਕਾਲੀ ਦਲ ਦੀ ਸਰਕਾਰ ਬਣਨ 'ਤੇ ਪੰਜਾਬ ਲਈ ਆਪਣੀ ਸੋਚ ਦੀ ਗੱਲ ਕਰਦਿਆਂ ਸਰਦਾਰ ਬਾਦਲ ਨੇ ਐਲਾਨ ਕੀਤਾ ਕਿ ਇਕ ਵਿਸ਼ਵ ਸਕਿੱਲ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ ਜਿਸਦੇ ਸੈਂਟਰ ਹਰ ਜ਼ਿਲ੍ਹੇ ਵਿਚ ਸਥਾਪਿਤ ਕੀਤੇ ਜਾਣਗੇ।ਉਹਨਾਂ ਕਿਹਾ ਕਿ ਹਰ ਜ਼ਿਲ੍ਹੇ ਵਿਚ ਮੈਡੀਕਲ ਤੇ ਵੈਟਨਰੀ ਕਾਲਜ ਸਥਾਪਿਤ ਕੀਤੇ ਜਾਣਗੇ।ਉਹਨਾਂ ਇਹ ਵੀ ਐਲਾਨ ਕੀਤਾ ਕਿ ਨੌਜਵਾਨਾਂ ਨੂੰ ਵਿਆਜ਼ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਵੇਗਾ, ਆਟਾ ਦਾਲ ਸਕੀਮ ਦਾ ਵਿਸਥਾਰ ਕੀਤਾ ਜਾਵੇਗਾ ਅਤੇ ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਹੀ ਦਿੱਤੀਆਂ ਜਾਣਗੀਆਂ ਅਤੇ ਡੇਅਰੀ ਤੇ ਪਸ਼ੂ ਪਾਲਣ ਦਾ ਧੰਦਾ ਕਰਨ ਵਾਲਿਆਂ ਨੂੰ 75 ਫੀਸਦੀ ਸਬਸਿਡੀ ਦਿੱਤੀ ਜਾਵੇਗੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸੰਬੋਧਨ ਕੀਤਾ ਜਿਹਨਾਂ ਦੱਸਿਆ ਕਿ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ ਜਿਹਨਾਂ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਸੌਂਪੀ ਗਈ ਸੀ, ਨੇ ਦੱਸਿਆ ਸੀ ਕਿ ਸੂਬੇ ਵਿਚ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਅਰਵਿੰਦ ਕੇਜਰੀਵਾਲ ਦਾ ਹੱਥ ਹੈ।ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ ਤੇ ਹੀਰਾ ਸਿੰਘ ਗਾਬੜੀਆ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਸੋਹਣ ਸਿੰਘ ਠੰਢਲ, ਵਰਿੰਦਰ ਸਿੰਘ ਬਾਜਵਾ, ਲਾਲੀ ਬਾਜਵਾ, ਲੱਖੀ ਉੜਮੁੜ ਟਾਂਡਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਅਰਵਿੰਦਰ ਸਿੰਘ ਰਸੂਲਪੁਰ, ਅਮਰੀਕ ਸਿੰਘ ਬੱਲੋਵਾਲ ਤੇ ਕੇ ਐਸ ਮੱਖਣ ਵੀ ਹਾਜ਼ਰ ਸਨ।

# ਐੱਨ ਸੀ ਸੀ ਟ੍ਰੇਨਿੰਗ ਕੈਂਪ ਲਈ ਕੈਡਿਟਸ ਰਵਾਨਾ



**ਅੱਡਾ ਸਰਾਂ (ਜਸਵੀਰ ਕਾਜਲ)** ਬੀ ਐਨ ਡੀ ਸਕੂਲ ਹੁਸ਼ਿਆਰਪੁਰ ਵੱਲੋਂ 10 ਰੋਜ਼ਾ ਐਨ.ਸੀ.ਸੀ. ਟ੍ਰੇਨਿੰਗ ਲਈ ਸੈਨਾ ਮੈਡਲ ਕਰਨਲ ਲਵਦੀਪ ਸਿੰਘ ਸੈਣੀ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਐਨ.ਸੀ.ਸੀ. ਕੈਡਿਟਸ ਰੋਪੜ ਟ੍ਰੇਨਿੰਗ ਸੈਂਟਰ ਲਈ ਰਵਾਨਾ ਹੋਏ ਇਸ ਮੌਕੇ ਪ੍ਰਿੰਸੀਪਲ ਜੈ ਕ੍ਰਿਸ਼ਨ ਮਹਿਤਾ ਨੇ ਸਮੂਹ ਕੈਡਿਟਸ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਟ੍ਰੇਨਿੰਗ ਲੈ ਕੇ ਦੇਸ਼ ਭਗਤੀ ਅਤੇ ਭਵਿੱਖ ਲਈ ਸੇਨਾ ਵਿੱਚ ਆਪਣੀਆਂ ਸੇਵਾਵਾਂ ਦੇਣ ਲਈ ਪ੍ਰੇਰਣਾ ਦਿੱਤੀ। ਇਸ ਮੌਕੇ ਐਨ ਸੀ ਸੀ ਕੈਡੀਟਸ ਕ੍ਰਿਸ਼ਨ ਗੁਪਤਾ, ਨੀਰਜ ਕੌਸ਼ਲ, ਦਮਨਪ੍ਰੀਤ ਸਿੰਘ, ਜਸ਼ਨਦੀਪ ਸਿੰਘ, ਜਸਕਰਨ ਸਿੰਘ, ਅਮਿਤ ਸਿੰਘ, ਹਰਜੋਤ ਕੌਰ, ਅਕਸ਼ਰਾ ਰਾਣੀ, ਸ਼ੁਭਪ੍ਰੀਤ ਕੌਰ, ਏਕਮ ਪ੍ਰੀਤ ਕੌਰ, ਅਰਪਿਤਾ ਡੋਗਰਾ, ਸੁਖਮਨ ਕੌਰ ਅਤੇ ਤਨਵੀਰ ਕੌਰ ਐਨ.ਸੀ.ਸੀ. ਟ੍ਰੇਨਿੰਗ ਲਈ ਰਵਾਨਾ ਹੋਏ।ਇਸ ਮੌਕੇ ਇੰਜੀ: ਅਨਿਲ ਮਹਿਤਾ, ਅਮਿਤ ਕੁਮਾਰ, ਜਤਿੰਦਰ ਸਿੰਘ, ਗੁਰਦੀਪ ਸਿੰਘ, ਮੋਹਿਤ ਕੁਮਾਰ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ ।

# 'ਪੰਥ ਬਚਾਓ, ਪੰਜਾਬ ਬਚਾਓ' ਕਾਨਫਰੰਸ 11 ਨੂੰ

**ਮੋਰਿੰਡਾ (ਨਿਹਾਲ ਸਿੰਘ ਕਲਸੀ)** ਅਕਾਲੀ ਦਲ ਵਾਰਿਸ ਪੰਜਾਬ ਦੀ ਅਹਿਮ ਮੀਟਿੰਗ ਡਾ ਦਲਜੀਤ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਰੂਪਨਗਰ ਵਿਖੇ 11



ਅਪ੍ਰੈਲ ਨੂੰ ਹੋਣ ਜਾ ਰਹੀ ਪੰਥ ਬਚਾਓ, ਪੰਜਾਬ ਬਚਾਓ ਕਾਂਨਫਰੰਸ ਬਾਰੇ ਪਾਰਟੀ ਦੇ ਮੈਂਬਰਾਂ ਨਾਲ ਵਿੱਚਾਰ ਵਟਾਂਦਰਾ ਕੀਤਾ ਗਿਆ।ਇਸ ਮੀਟਿੰਗ ਵਿੱਚ ਅਹਿਮ ਮੁੱਦੇ ਵਿਚਾਰੇ ਗਏ। ਇਸ ਮੀਟਿੰਗ ਵਿੱਚ ਡਾ ਰਵੀ ਸਿੰਘ ਅਤੇ ਗੁਰਸਿਮਰਨ ਸਿੰਘ ਬਸਰਾ ਨੇ ਅੰਨਦਪੁਰ ਸਾਹਿਬ ਦੇ ਮੱਤੇ ਨੂੰ ਪੰਜਾਬ ਦੇ ਘਰ ਘਰ ਵਿੱਚ ਪੁਚਾਣ ਦੀ ਗਲ ਕਹੀ ਗਈ।ਇਸ ਮੀਟਿੰਗ ਵਿੱਚ ਡਾ ਹੀਰਾ ਸਿੰਘ, ਹਰਜੀਤ ਸਿੰਘ ਧਾਰਨੀ, ਅਮਨ ਸਿੰਘ ਮੋਰਿੰਡਾ, ਸਤਨਾਮ ਸਿੰਘ ਸੱਲ, ਨਿਤਿਨ ਕੁਮਾਰ, ਬਚਿੱਤਰ ਸਿੰਘ ਜਟਾਣਾਂ, ਪਿਸਿੰਪਲ ਸੈਣੀ, ਜਸਵੀਰ ਸਿੰਘ, ਸੁਖਜਿੰਦਰ ਸਿੰਘ ਗੋਲਡੀ, ਗੁਰਵੰਤ ਸਿੰਘ, ਨਿਰਭੈਅ ਸਿੰਘ ਆਦਿ ਹਾਜ਼ਰ ਸਨ।

# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕੇਂਦਰ ਸਰਕਾਰ ਦੇ ਚਿਹਰੇ ਨੂੰ ਨੰਗਾ ਕਰਦੀ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਤੇ ਕੌਮੀ ਪ੍ਰਧਾਨ ਧਰਮ ਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੀ ਇੱਕ ਹੰਗਾਮੀ ਮੀਟਿੰਗ ਫੋਰਸ ਦੇ ਮੁੱਖ ਦਫਤਰ ਵਿਖ਼ੇ ਹੋਈ। ਮੀਟਿੰਗ ਵਿੱਚ ਬੰਟੀ ਹਰਿਆਣਾ



ਪ੍ਰਧਾਨ ਹਲਕਾ ਸ਼ਾਮ ਚੁਰਾਸੀ ਤੇ ਗੁਰਦੀਪ ਸਿੰਘ ਬਲਾਕ ਪ੍ਰਧਾਨ ਮੇਹਟੀਆਣਾ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਸੰਵਿਧਾਨ ਨਿਰਮਾਤਾ ਡਾਕਟਰ ਬੀ.ਆਰ. ਅੰਬੇਡਕਰ ਦੇ ਬੁੱਤ ਦੀ ਹੋਈ ਬੇਅਦਬੀ ਕੇਂਦਰ ਸਰਕਾਰ ਦੇ ਚਿਹਰੇ ਨੂੰ ਨੰਗਾ ਕਰਦੀ ਹੈ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਅਖੌਤੀ ਅੱਤਵਾਦੀ ਅਤੇ ਏਜੰਸੀਆਂ ਦੇ ਏਜੰਟ ਗੁਰਪਤਵੰਤ ਸਿੰਘ ਪੰਨੂੰ ਅਤੇ ਉਸ ਦੀ ਸ਼ਹਿ ਤੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦਾ ਨਿਰਾਦਰ ਕਰਨ ਵਾਲਿਆ ਦੇ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਜੇਲ੍ਹ ਵਿੱਚ ਸੁੱਟਿਆ ਜਾਵੇ। ਫੋਰਸ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਜਲਦੀ ਤੋਂ ਜਲਦੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਤਾਂ ਬੇਗਮਪੁਰਾ ਟਾਈਗਰ ਫੋਰਸ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਇੱਕ ਤਿੱਖੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰੇਗੀ। ਅੰਤ ਵਿੱਚ ਉਹਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਵਿੱਚੋਂ ਪਿਛਲੇ ਕਾਫੀ ਸਮੇਂ ਤੋਂ ਕੱਢੇ ਹੋਏ ਕੁਝ ਸ਼ਰਾਰਤੀ ਅਨਸਰ ਅਜੇ ਵੀ ਬੇਗਮਪੁਰਾ ਟਾਈਗਰ ਫੋਰਸ ਦਾ ਨਾਂਅ ਅਣਅਧਿਕਾਰਤ ਤੌਰ 'ਤੇ ਵਰਤ ਰਹੇ ਹਨ। ਉਹਨਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਹਨਾਂ ਸ਼ਰਾਰਤੀ ਅਨਸਰਾਂ ਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ।

# ਕੂਕੋਵਾਲ ਵਿਖੇ ਸਰਬੱਤ ਦੇ ਭਲੇ ਲਈ ਸ਼ੁਕਰਾਨਾ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਭੁੰਗਰਨੀ)**- ਪਿੰਡ ਕੂਕੋਵਾਲ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਰਬੱਤ ਦੇ ਭੱਲੇ ਲਈ ਸ਼ੁਕਰਾਨਾ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਅਵਤਾਰ ਸਿੰਘ ਕੂਕੋਵਾਲ, ਨੰਬਰਦਾਰ ਤਰਸੇਮ ਸਿੰਘ ਹੈਪੀ ਕੂਕੋਵਾਲ ਨੇ ਪੱਤਰਕਾਰਾਂ



ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਬੱਤ ਦੇ ਭਲੇ ਲਈ ਸ਼ੁਕਰਾਨਾ ਸਮਾਗਮ ਦੌਰਾਨ ਪੰਜ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਭਾਈ ਸੁਖਦੇਵ ਸਿੰਘ ਨਡਾਲੋ ਨੇ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਜਗਦੇਵ ਸਿੰਘ ਜੰਜੂਆ, ਨੰਬਰਦਾਰ ਤਰਸੇਮ ਸਿੰਘ ਹੈਪੀ ਕੂਕੋਵਾਲ, ਮਨਜੀਤ ਸਿੰਘ, ਕਮਲਜੀਤ ਸਿੰਘ, ਅਮਰਜੀਤ ਸਿੰਘ, ਦਿਲਬਾਗ ਸਿੰਘ, ਚਮਕੌਰ ਸਿੰਘ, ਅਜੈਬ ਸਿੰਘ, ਕਰਨ, ਪਰਮਜੀਤ ਕੌਰ, ਗੁਰਮੇਲ ਸਿੰਘ ਦਿਹਾਣਾ, ਸੋਹਣ ਸਿੰਘ, ਗੁਰਮੀਤ ਸਿੰਘ, ਪੱਤਰਕਾਰ ਜਗਤਾਰ ਸਿੰਘ ਭੁੰਗਰਨੀ, ਸੁਰਿੰਦਰ ਕੌਰ, ਜਸਵੀਰ ਕੌਰ, ਵਰਿੰਦਰ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ, ਬਲਵੀਰ ਕੌਰ, ਸ਼ਰਨਜੀਤ ਕੌਰ, ਹਰਪਾਲ ਸਿੰਘ ਦਿਹਾਣਾ, ਰਵਿੰਦਰ ਸਿੰਘ ਬਘਾਣਾ, ਆਦਿ ਹਾਜ਼ਰ ਸਨ। ਇਸ ਮੌਕੇ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਦਵਿੰਦਰ ਸਿੰਘ ਲੋਕ ਸੇਵਾ ਦਲ ਫਗਵਾੜਾ ਦੇ ਪ੍ਰਧਾਨ ਨਿਯੁਕਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਪਿਛਲੇ 51 ਸਾਲਾਂ ਤੋਂ ਜਨਤਾ ਦੀ ਸੇਵਾ ਕਰ ਰਹੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਦਲ ਦੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਦਵਿੰਦਰ ਸਿੰਘ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਸਾਰੇ ਮੈਂਬਰਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ।ਨਵ-ਨਿਯੁਕਤ ਪ੍ਰਧਾਨ ਦਵਿੰਦਰ ਸਿੰਘ ਨੇ ਉਨ੍ਹਾਂ ਦੀ ਨਿਯੁਕਤੀ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਲਗਨ ਨਾਲ ਨਿਭਾਉਣਗੇ, ਹਮੇਸ਼ਾ ਸਮਾਜ ਸੇਵਾ ਦੇ ਕੰਮ ਵਿੱਚ ਰੁੱਝੇ ਰਹਿਣਗੇ ਅਤੇ ਸਾਰੇ ਮੈਂਬਰਾਂ ਦੇ



ਸਹਿਯੋਗ ਨਾਲ ਲੋਕ ਸੇਵਾ ਦਲ ਦੇ ਨਾਮ ਅਨੁਸਾਰ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਲੋਕ ਸੇਵਾ ਦਲ ਵੱਲੋਂ ਕੀਤੇ ਜਾ ਰਹੇ ਸਥਾਈ ਪ੍ਰੋਜੈਕਟ ਜਾਰੀ ਰਹਿਣਗੇ, ਅਤੇ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਲਈ ਇੱਕ ਢਾਂਚਾ ਜਲਦੀ ਹੀ ਤਿਆਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਸਮਾਜ ਸੇਵਾ ਦੇ ਕੰਮ ਨੂੰ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਲਈ ਆਪਣੀ ਕਾਰਜਕਾਰੀ ਕਮੇਟੀ ਦਾ ਐਲਾਨ ਕਰਨਗੇ।ਇਸ ਮੌਕੇ ਪਵਨ ਕੁਮਾਰ ਕਾਲੜਾ, ਨਿਰਵੈਰ ਸਿੰਘ ਨੱਡਾ, ਵਰਿੰਦਰ ਸ਼ਰਮਾ, ਮਨਮੋਹਨ ਸਿੰਘ ਵਾਲੀਆ, ਸੰਜੀਵ ਲਾਂਬਾ, ਪਵਨ ਕਸ਼ਯਪ, ਅਮਰਜੀਤ ਸਿੰਘ ਢਿੱਲੋਂ, ਦੀਪਕ ਗੁਪਤਾ, ਮੋਹਨ ਲਾਲ ਕਾਲੜਾ ਆਦਿ ਵੀ ਮੌਜੂਦ ਸਨ।

# ਭਾਜਪਾ ਦਫਤਰ ਚੰਡੀਗੜ੍ਹ ਦੇ ਬਾਹਰ ਧਮਾਕਾ ਨਿੰਦਣਯੋਗ : ਅਜੈ ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)** ਹਲਕਾ ਬਲਾਚੌਰ ਤੋਂ ਭਾਰਤੀ ਜਨਤਾ ਪਾਰਟੀ ਦੇ ਹਲਕਾ ਸਹਿ ਇੰਚਾਰਜ ਅਜੈ ਕਟਾਰੀਆ ਨੇ ਚੰਡੀਗੜ੍ਹ ਵਿੱਚ ਭਾਜਪਾ ਦਫਤਰ ਦੇ ਬਾਹਰ ਹੋਏ ਧਮਾਕੇ ਦੀ ਘਟਨਾ ਦੀ ਨਿੰਦਾ ਕਰਦਿਆ ਇਸ ਨੂੰ ਲੋਕਤੰਤਰ ਤੇ ਅਮਨ-ਕਾਨੂੰਨ 'ਤੇ ਹਮਲਾ ਕਰਾਰ ਦਿੱਤਾ ਹੈ।ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਡਰਾਉਣੀਆਂ ਅਤੇ ਨਿੰਦਣਯੋਗ ਘਟਨਾਵਾਂ ਨਾਲ ਭਾਜਪਾ ਦੇ ਕਾਰਕੁਨਾਂ ਦਾ ਹੌਸਲਾ ਕਦੇ ਵੀ ਡੋਲਣ ਵਾਲਾ ਨਹੀਂ।ਕਟਾਰੀਆ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਉੱਚ-ਪੱਧਰੀ ਜਾਂਚ ਕਰਵਾਈ ਜਾਵੇ ਅਤੇ ਦੋਸੀਆਂ ਨੂੰ ਜਲਦੀ ਤੋਂ ਜਲਦੀ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।ਕਟਾਰੀਆ ਨੇ ਕਿਹਾ ਕਿ ਪੰਜਾਬ ਅੰਦਰ ਭਾਜਪਾ ਦਾ ਜਨ ਆਧਾਰ ਲਗਾਤਾਰ ਵੱਧ ਰਿਹਾ ਹੈ।

# ਪੰਜਾਬ ਬਚਾਓ ਰੈਲੀ ਵਿੱਚ ਸ਼ਾਮਲ ਹੋਣ ਲਈ ਜਥਾ ਰਵਾਨਾ



**ਮੇਹਟੀਆਣਾ (ਜਗਤਾਰ ਭੁੰਗਰਨੀ)**- ਪਿੰਡ ਭੁੰਗਰਨੀ ਤੋਂ ਹਲਕਾ ਚੱਬੇਵਾਲ ਵਿਖੇ ਪੰਜਾਬ ਬਚਾਓ ਰੈਲੀ ਵਿੱਚ ਸ਼ਾਮਲ ਹੋਣ ਲਈ ਜੈਕਾਰਿਆਂ ਦੀ ਗੂੰਜ ਵਿੱਚ ਜਥਾ ਰਵਾਨਾ ਹੋਇਆ। ਇਸ ਮੌਕੇ ਪੰਜਾਬ ਬਚਾਓ ਰੈਲੀ ਵਿੱਚ ਨੰਬਰਦਾਰ ਰਾਜ ਕੁਮਾਰ ਭੁੰਗਰਨੀ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਕਾਫ਼ਲਾ ਰਵਾਨਾ ਹੋਇਆ। ਇਸ ਮੌਕੇ ਨੰਬਰਦਾਰ ਰਾਜ ਕੁਮਾਰ ਭੁੰਗਰਨੀ, ਬੀਬੀ ਸੰਤੋਸ਼ ਕੁਮਾਰੀ, ਜਥੇਦਾਰ ਅਵਤਾਰ ਸਿੰਘ ਭੁੰਗਰਨੀ ਸੀਨੀਅਰ ਅਕਾਲੀ ਆਗੂ ਫਗਵਾੜਾ, ਰਣਜੀਤ ਸਿੰਘ ਸੰਦਲ, ਠੇਕੇਦਾਰ ਬਲਜਿੰਦਰ ਸਿੰਘ ਫਗਵਾੜਾ, ਸਰਵਣ ਸਿੰਘ ਖਲਵਾੜਾ ਐਸ ਸੀ ਵਿੰਗ ਪ੍ਰਧਾਨ, ਪਿਆਰਾ ਸਿੰਘ, ਜੋਗਾ ਸਿੰਘ, ਹਰਭਜਨ ਸਿੰਘ, ਹਰਭਜਨ ਸਿੰਘ, ਅਮਰੀਕ ਸਿੰਘ, ਮਿਸਤਰੀ ਜੋਗਿੰਦਰ ਸਿੰਘ, ਸੁਖਵਿੰਦਰ ਸਿੰਘ, ਕੁਲਵੰਤ ਸਿੰਘ, ਹਰਭਜਨ ਸਿੰਘ, ਦਵਿੰਦਰ ਸਿੰਘ ਖਾਲਸਾ, ਬੀਬੀ ਜਸਵੀਰ ਕੌਰ ਭੁੰਗਰਨੀ, ਅਮਰੀਕ ਸਿੰਘ ਮੀਕਾ, ਪਰਮਿੰਦਰ ਸਿੰਘ, ਲਾਡੀ ਭੁੰਗਰਨੀ ਆਦਿ ਹਾਜ਼ਰ ਸਨ।

# ਭੋਲੇਵਾਲ ਕਲੱਬ ਨੇ ਯੂਵਾ ਬ੍ਰਦਰਸ ਕਲੱਬ ਨੂੰ ਹਰਾ ਕੇ ਕਬੱਡੀ ਕੱਪ ਜਿੱਤਿਆ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੋਆਬਾ ਦੇ ਨਜਦੀਕੀ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿਖੇ ਸਮੂਹ ਨਗਰ ਨਿਵਾਸੀਆਂ ਅਤੇ ਐਨ. ਆਰ.ਆਰ ਵੀਰਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਜੀ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਕਰਵਾਏ ਗਏ ਕਬੱਡੀ ਕੱਪ ਸਫਤਾਪੂਰਨ ਸਮਾਪਤ ਹੋਏ।ਇਸ ਮੌਕੇ ਹੋਏ ਫਸਵੇਂ ਕਬੱਡੀ ਮੁਕਾਬਲਿਆਂ ਦੌਰਾਨ ਭੋਲੇਵਾਲ ਕਬੱਡੀ ਕਲੱਬ ਵੱਲੋਂ ਯੁਵਾ ਬ੍ਰਦਰਸ ਕਬੱਡੀ ਕਲੱਬ ਕੈਲੀਫੋਰਨੀਆ ਨੂੰ ਕਰਾਰੀ ਹਾਰ ਦਿੰਦਿਆਂ ਕਰੀਬ 28 ਅੰਕਾਂ ਦੇ ਫਰਕ ਨਾਲ ਹਰਾ ਕੇ ਪਹਿਲਾ ਇਨਾਮ ਪ੍ਰਾਪਤ ਕੀਤਾ।ਪ੍ਰਬੰਧਕਾਂ ਵੱਲੋਂ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੀ ਕਬੱਡੀ ਕਲੱਬ ਨੂੰ ਇੱਕ ਲੱਖ ਨਗਦ ਅਤੇ ਵੱਡੀ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਦੂਜੇ ਸਥਾਨ 'ਤੇ ਰਹੀ ਟੀਮ ਨੂੰ ਭਜੱਤਰ ਹਜਾਰ ਨਗਦ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਬੁੱਗਾ ਮੱਲੀਆਂ ਵਾਲਾ ਨੂੰ ਬੈਸਟ ਸਟਾਪਰ ਅਤੇ ਗੌਰਵ ਕਰੀਮਪੁਰ ਚਾਹਲ ਵਾਲਾ ਨੂੰ ਵੈਸਟ ਰੇਡਰ ਐਲਾਨਿਆ ਗਿਆ ਅਤੇ ਇਹਨਾਂ ਦੋਨਾਂ ਨੂੰ ਪ੍ਰਬੰਧਕਾਂ ਵੱਲੋਂ ਮੋਟਰਸਾਈਕਲ ਇਨਾਮ ਵਜੋਂ ਦਿੱਤੇ ਗਏ।ਇਹਨਾਂ ਸਾਰੇ ਮੈਚਾਂ ਦਾ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਆਨੰਦ ਮਾਣਿਆ ਗਿਆ ਅਤੇ ਸੰਗਤਾਂ ਵੱਲੋਂ ਪ੍ਰਬੰਧਕਾਂ ਨੂੰ ਵਧਾਈ ਵੀ ਦਿੱਤੀ ਗਈ।



ਇਸ ਮੌਕੇ ਪ੍ਰਬੰਧਕ ਮੈਂਬਰ ਟੂਰਨਾਮੈਂਟ ਕਮੇਟੀ ਪ੍ਰਧਾਨ ਦਵਿੰਦਰ ਸਿੰਘ (ਬਿੰਦਰ), ਅਮਨਦੀਪ ਸਿੰਘ ਢਿੱਲੋਂ ਨੰਬਰਦਾਰ ਸਲਾਲਾ, ਗੁਰਪਾਲ ਸਿੰਘ ਪਾਲਾ ਸਿੱਧੂ (ਕੈਨਾਡਾ) ਦਵਿੰਦਰ ਸਿੰਘ ਢਿਲੋਂ(ਇਟਲੀ), ਮਨਦੀਪ ਸਿੰਘ ਢਿੱਲੋਂ( ਕੈਨਾਡਾ), ਦਲਬੀਰ ਸਿੰਘ ਖੋਜਕੀਪੁਰ, ਹੈੱਡ ਗ੍ਰੰਥੀ ਸਰਵਣ ਸਿੰਘ, ਪਰਮਜੀਤ ਸਿੰਘ ਢਿੱਲੋ( ਕੈਨਾਡਾ), ਸਾਬਕਾ ਸਰਪੰਚ ਤੁਲਸੀ ਰਾਮ, ਕਰਮਬੀਰ ਸਿੰਘ ਨੰਬਰਦਾਰ, ਇਕਬਾਲ ਸਿੰਘ ਮੰਡੇਰ, ਏਕਮਜੋਤ ਸਿੰਘ ਢਿੱਲੋਂ , ਰਾਕੇਸ਼ ਕੁਮਾਰ ਸਰਪੰਚ ਸਲਾਲਾ, ਅਮਰੀਕ ਸਿੰਘ ਨਿੱਝਰ ਨਿਊਜ਼ੀਲੈਂਡ, ਹੈਪੀ ਸਰਪੰਚ ਨੰਗਲ ਫੀਦਾ, ਜਸਬੀਰ ਧਾਮੀ, ਕੁਲਦੀਪ ਸਿੰਘ ਅਟਵਾਲ, ਕੁਲਵਿੰਦਰ ਸਿੰਘ ਪੰਚ ਇੱਟਾ ਬੱਧੀ, ਬਰਿੰਦਰ ਸਿੰਘ ਬਿੰਦਾ, ਰਾਜਿੰਦਰ ਸਿੰਘ ਮੰਗੀ, ਰਾਜਨ, ਅਰਸ਼, ਜੱਸਾ ਟੂਰ, ਕਲਜੀਤ ਸਿੰਘ, ਵਿੱਕੀ, ਰਵੀ, ਜੱਗੀ, ਰਾਜਾ, ਰਣਜੀਤ ਘੰਟੀ, ਹਰਮਨ, ਹਰਦੀਪ, ਅਰਸ਼ਪ੍ਰੀਤ ਸਿੱਧੂ, ਗੈਵੀ, ਗੋਪੀ, ਸੋਨੂੰ, ਇਕਬਾਲ ਸਿੰਘ ਮੰਡੇਰ, ਬਿੰਦਾ ਅਤੇ ਨਗਰ ਨਿਵਾਸੀ ਇਲਾਕਾ ਨਿਵਾਸੀ ਹਾਜ਼ਰ ਸਨ।

# ਹਲਕਾ ਭੁਲੱਥ ਦੀ ਸਿਆਸਤ 'ਚੋਂ ਹਲਕੇ ਦੇ ਮੁੱਦੇ ਗਾਇਬ : ਨਛੱਤਰ, ਭੰਡਾਲ

**ਕਪੂਰਥਲਾ (ਮਨਜੀਤ ਮਾਨ)** ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਭੁਲੱਥ ਤੋਂ ਸੇਵਾਦਾਰ ਨਛੱਤਰ ਸਿੰਘ ਦੁਸਾਂਝ ਅਤੇ ਜਿਲਾ ਕਪੂਰਥਲਾ ਪ੍ਰਧਾਨ ਗੁਰਦੀਪ ਸਿੰਘ ਭੰਡਾਲ ਵੱਲੋਂ ਨਡਾਲਾ ਵਿਖੇ ਪਲੇਠੀ ਕਾਨਫਰੰਸ ਕਰ ਸੱਤਾ ਧਿਰ ਦੇ ਹਲਕਾ ਇੰਚਾਰਜ ਤੇ ਮੌਜੂਦਾ ਐਮ ਐਲ ਏ ਤੇ ਨਿਸ਼ਾਨੇ ਸਾਧੇ ਤੇ ਗੁਰਦੀਪ ਸਿੰਘ ਭੰਡਾਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਐਮ ਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਪੈਰੋਲ ਅਰਜ਼ੀ ਰੱਦ ਕਰਨ ਦੀ ਟੀਮ ਕਪੂਰਥਲਾ ਵੱਲੋ



ਨਿਖੇਧੀ ਕੀਤੀ ਤੇ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੇ ਤਾਬੂਤ ਵਿੱਚ ਆਖਰੀ ਕਿੱਲ ਸਾਬਤ ਹੋਵੇਗਾ ਤੇ ਪੰਜਾਬ ਦੇ ਲੋਕ 2027 ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਸਰਕਾਰ ਏ ਖਾਲਸਾ ਬਣਾਉਣਗੇ।ਉਨ੍ਹਾਂ ਕਿਹਾ ਕਿ ਭੁਲੱਥ ਹਲਕੇ ਦੀ ਸਿਆਸਤ ਵਿਚੋਂ ਹਲਕੇ ਦੇ ਮੁੱਦੇ ਗਾਇਬ ਹਨ।ਹਲਕੇ ਦਾ ਪਿੰਡ ਹਮੀਰਾ ਮੌਜੂਦਾ ਸਮੇਂ ਚਿੱਟੇ ਵਰਗੇ ਨਸ਼ੇ ਦੀ ਹੋਲਸੇਲ ਮਾਰਕੀਟ ਬਣ ਚੁੱਕਾ ਹੈ। ਜਿੱਥੇ ਪਠਾਨਕੋਟ ਤੋਂ ਲੈ ਜਲੰਧਰ ਤੱਕ ਦੇ ਮੁੰਡੇ ਕੁੜੀਆਂ ਲਾਈਨਾਂ ਲਾ ਚਿੱਟਾ ਲੈਣ ਆਉਂਦੇ ਹਨ।ਹਰਸਿਮਰਤ ਸਿੰਘ ਘੁੰਮਣ ਤੇ ਸੁਖਪਾਲ ਸਿੰਘ ਖਹਿਰਾ ਨੇ ਕਦੀ ਵੀ ਇਸ ਵਿਸੇ ਨੂੰ ਆਪਣਾਂ ਸਿਆਸੀ ਮੁੱਦਾ ਨਹੀਂ ਬਣਾਇਆ।ਦੂਸਰਾ ਸੁਖਪਾਲ ਸਿੰਘ ਖਹਿਰਾ ਬਠਿੰਡਾ ਜਾ ਦੂਸ਼ਿਤ ਪਾਣੀ ਦੀਆਂ ਬੋਤਲਾਂ ਭਰ ਦਿਖਾਉਂਦਾ ਹੈ ਪ੍ਰੰਤੂ ਉਸ ਨੂੰ ਆਪਣੇ ਹਲਕੇ ਵਿੱਚ ਪਿੰਡ ਹਮੀਰਾ ਵਿਚੋਂ 480 ਫੁੱਟ ਤੋ ਸ਼ਰਾਬ ਨਿਕਲਦੀ ਦਿਖਾਈ ਨਹੀ ਦਿੰਦੀ। ਜਿਸ ਨਾਲ ਹਲਕੇ ਨੂੰ ਭਿਆਨਕ ਬਿਮਾਰੀਆ ਨੇ ਘੇਰ ਲਿਆ ਹੈ।ਹਲਕਾ ਸੇਵਾਦਾਰ ਨਛੱਤਰ ਸਿੰਘ ਦੁਸਾਂਝ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਪੰਥ ਤੇ ਪੰਜਾਬ ਦੇ ਮੁੱਦਿਆਂ ਨੂੰ ਮੁੱਖ ਰੱਖ ਅਗਾਮੀ ਵਿਧਾਨ ਸਭਾ ਚੋਣਾਂ ਲੜੇਗੀ।ਨੌਜਵਾਨਾਂ ਨੂੰ ਅਪੀਲ ਹੈ ਵੱਧ ਚੜ੍ਹ ਕੇ ਬਾਈ ਦੀਪ ਸਿੱਧੂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵਿੱਚ ਸ਼ਮੂਲੀਅਤ ਕਰੀਏ। ਇਸ ਸਮੇਂ ਮਨਪ੍ਰੀਤ ਸਿੰਘ ਮੰਨਾ, ਦਵਿੰਦਰ ਸਿੰਘ ਚੀਮਾ, ਲਵਪ੍ਰੀਤ ਸਿੰਘ, ਮਨਵੀਰ ਸਿੰਘ ਮੱਲ੍ਹੀ, ਅੰਮ੍ਰਿਤ ਸਿੰਘ, ਜਤਿੰਦਰ ਪਾਲ ਸਿੰਘ, ਗੁਰਵਿੰਦਰ ਸਿੰਘ ਇਬਰਾਹਿਮਵਾਲ ਆਦਿ ਹਾਜ਼ਰ ਰਹੇ।

# ਭਲਕ ਦੇ ਧਰਨਿਆਂ ਦੀ ਤਿਆਰੀ 'ਚ ਜੁਟੀ ਜਮਹੂਰੀ ਕਿਸਾਨ ਸਭਾ

**ਜਲੰਧਰ (ਰਾਜੇਸ਼ ਥਾਪਾ)** ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਕਮੇਟੀ ਦੀ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਸਭਾ ਦੇ ਸੂਬਾਈ ਦਫ਼ਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਅਪ੍ਰੈਲ ਨੂੰ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਧਰਨੇ ਮਾਰੇ ਜਾ ਰਹੇ ਧਰਨਿਆਂ ਦੀ ਤਿਆਰੀ



ਕਰਕੇ ਵੱਡੇ ਜਥਿਆਂ ਨਾਲ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਆਖਿਆ ਕਿ ਸੂਬਾ ਤੇ ਕੇਂਦਰ ਸਰਕਾਰ ਦੇ ਲੋਕ ਤੇ ਕਿਸਾਨ ਵਿਰੋਧੀ ਫੈਸਲਿਆ ਬੀਜ ਬਿੱਲ ਤੇ ਬਿਜਲੀ ਸੋਧ ਬਿੱਲ ਖ਼ਿਲਾਫ਼, ਮੁਕਤ ਵਪਾਰ ਲਾਗੂ ਕਰਨ, ਮਨਰੇਗਾ ਕਾਨੂੰਨ ਬਹਾਲ ਕਰਨ, ਚਾਰ ਲੇਬਰ ਕੋਡ ਵਾਪਸ ਕਰਵਾਉਣ ਲਈ 6 ਅਪ੍ਰੈਲ ਨੂੰ ਸਾਰੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਧਰਨੇ ਮਾਰੇ ਜਾਣਗੇ।ਇਸ ਮੌਕੇ ਰਘਵੀਰ ਸਿੰਘ ਬੈਨੀਪਾਲ, ਹਰਪ੍ਰੀਤ ਸਿੰਘ ਬੁਟਾਰੀ, ਰਤਨ ਸਿੰਘ ਰੰਧਾਵਾ, ਮੋਹਣ ਸਿੰਘ ਧਮਾਣਾ, ਰੇਸ਼ਮ ਸਿੰਘ ਫੈਰੋਕੇ, ਅਮਰੀਕ ਸਿੰਘ ਮਾਨਸਾ, ਸ. ਸ. ਧਾਲ਼ੀਵਾਲ, ਵਰਿੰਦਰਜੀਤ ਸਿੰਘ ਪੁਰੀ, ਸੰਤੋਖ ਸਿੰਘ ਬਿਲਗਾ, ਮਨਜੀਤ ਸਿੰਘ ਬੱਗੂ, ਕੁਲਦੀਪ ਸਿੰਘ ਫਿਲੌਰ, ਉੱਧਮ ਸਿੰਘ ਸੰਤੋਖਪੁਰ, ਮੇਜਰ ਸਿੰਘ ਖੁਰਲਾਪੁਰ, ਦਰਬਾਰਾ ਸਿੰਘ ਆਦਿ ਹਾਜ਼ਰ ਸਨ।

# ਹਰਿਦੁਆਰ 'ਚ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ 'ਚ ਉਮੜਿਆ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ

**ਹੁਸ਼ਿਆਰਪੁਰ/ਹਰਿਦੁਆਰ (ਓ ਪੀ ਰਾਣਾ)** ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਤੋਂ ਹਰਿ ਕੀ ਪਉੜੀ ਗੰਗਾਘਾਟ ਤੱਕ ਵਿਸ਼ਾਲ ਸ਼ੋਭਾ ਯਾਤਰਾ ਬੜੀ ਜੋਸ਼ੋ ਖਰੋਸ਼ ਨਾਲ ਆਰੰਭ ਹੋਈ।ਯਾਤਰਾ ਦੀ ਅਗਵਾਈ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੈ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਸਤਨਾਮ ਦਾਸ ਮਹਿਦੂਦ ਆਦਿ ਸੰਤਾਂ ਮਹਾਂਪੁਰਸ਼ਾਂ ਨੇ ਕੀਤੀ।ਹਰਿਦੁਆਰ ਦੇ ਬਜਾਰਾਂ ਵਿਚ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਦੇ ਜੈਕਾਰਿਆਂ ਨਾਲ ਅਕਾਸ਼ ਗੂੰਜ ਉੱਠਿਆ।ਸੁਸਾਇਟੀ ਦੇ ਸੰਤਾਂ ਨੂੰ ਸੁੰਦਰ ਰੱਥਾਂ 'ਤੇ ਬਿਠਾਇਆ ਗਿਆ, ਸੈਂਕੜੇ ਸਾਧੂ ਮਹਾਂਪੁਰਸ਼ ਯਾਤਰਾ ਦੇ ਅੱਗੇ ਅੱਗੇ ਚੱਲ ਰਹੇ ਸਨ, ਸੰਗਤਾਂ ਵਲੋਂ ਥਾਂ ਥਾਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ।ਉਤਰਾਖੰਡ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਗੂਆਂ ਅਤੇ ਸੰਗਤਾਂ ਵੱਲੋਂ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ ਦੇ ਸੰਤਾਂ ਦਾ ਸਿਰਪਾਓ ਭੇਟ ਕਰਕੇ ਸਨਮਾਨ ਕੀਤਾ।ਹਰਿ ਕੀ ਪਉੜੀ ਸ੍ਰੀ ਗੁਰੂ ਰਵਿਦਾਸ ਘਾਟ 'ਤੇ ਆਰਤੀ ਕੀਰਤਨ ਤੋਂ ਉਪਰੰਤ ਸਮੂਹ ਸੰਤਾਂ ਅਤੇ ਸੰਗਤਾਂ ਵਲੋਂ ਬੜੀ ਸ਼ਰਧਾ ਨਾਲ ਦਮੜੀ ਭੇਟ ਕੀਤੀ।ਇਸ ਸਮੇਂ ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਵਿਨੈ ਮੁਨੀ ਜੰਮੂ, ਸੰਤ ਬਲਵੰਤ ਦਾਸ ਡੀਗਿਰੀਆਂ, ਸੰਤ ਕਿਰਪਾਲ ਦਾਸ ਭਾਰਟਾ, ਸੰਤ ਰਾਮ ਸੇਵਕ ਹਰੀਪੁਰ ਖਾਲਸਾ, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਧਰਮਪਾਲ ਸ਼ੇਰਗੜ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਮਨਜੀਤ ਦਾਸ ਚਲੇਟ (ਹਿਮਾਚਲ), ਸੰਤ ਬੀਬੀ ਕੁਲਦੀਪ ਕੌਰ ਮੇਹਨਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਪ੍ਰਗਟ ਨਾਥ,ਸੰਤ ਜਗੀਰ ਸਿੰਘ ਨੰਦਾਚੌਰ, ਸੰਤੋਖ ਦਾਸ ਭਾਰਟਾ, ਭੈਣ ਸੰਤੋਸ਼ ਕੁਮਾਰੀ, ਸੰਤ ਜਗਿੰਦਰ ਦਾਸ ਵਡਾਲਾ ਮਾਹੀ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ,ਸੰਤ ਗੁਰਮੀਤ ਦਾਸ ਆਦਿ ਵੀ ਹਾਜਰ ਸਨ।ਇਸ ਮੌਕੇ ਦੇਸ਼ ਰਾਜ ਕਰਨਵਾਲ ਮੰਤਰੀ ਉਤਰਾਖੰਡ ਸਰਕਾਰ, ਰਾਜਵੀਰ ਕਟਾਰੀਆ, ਐਡਵੋਕੇਟ ਸੁਸ਼ੀਲ ਕੁਮਾਰ, ਮਨਜੀਤ ਨੌਟੀਆਲ, ਸੋਨੂੰ ਲਾਠੀ ਭੀਮ ਆਰਮੀ, ਰਾਹੁਲ ਭਾਰਤੀ ਅਜਾਦ ਸਮਾਜ ਪਾਰਟੀ, ਸੰਤ ਸੂਰਜ ਦਾਸ, ਪ੍ਰੀਤ ਬੇਗ਼ਮਪੁਰੀਆ, ਗੁਰਪਾਲ ਪਾਲੀ, ਸੰਤ ਰਾਜ ਕੁਮਾਰ ਚਮਾਰੀ ਖੇੜੀ, ਮੇਹਰ ਚੰਦ, ਪਾਟਿਲ ਆਦਿ ਹਾਜ਼ਰ ਸਨ।



# ਪ੍ਰਾਚੀਨ ਸ਼ਿਵ ਮੰਦਰ 'ਚ ਹਨੂੰਮਾਨ ਜਨਮ ਉਤਸਵ ਮਨਾਇਆ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** ਬ੍ਰਹਮਲੀਨ ਮਹੰਤ ਸ੍ਰੀ ਸ਼ੇਰ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਪ੍ਰੇਮਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਗਣਪਤੀ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਪ੍ਰਯਾਗਨਾਨੰਦ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ਼੍ਰੀ ਸ਼ਾਂਤੀ ਗਿਰੀ ਜੀ ਤੇ ਬ੍ਰਹਮਲੀਨ ਮਹੰਤ ਸ਼੍ਰੀ ਰਵਿੰਦਰਾ ਗਿਰੀ ਜੀ ਦੀ ਅਪਾਰ ਕਿਰਪਾ ਸਦਕਾ ਨਾਲ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਤੇ ਮਹੰਤ ਸ਼੍ਰੀ ਜੈ ਰਾਮ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਪ੍ਰਾਚੀਨ ਸ਼ਿਵ ਮੰਦਰ ਵਿੱਚ ਸ਼੍ਰੀ ਹਨੂੰਮਾਨ ਜਨਮ ਉਤਸਵ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਮਹੰਤ ਸ਼੍ਰੀ ਜੈ ਰਾਮ ਗਿਰੀ ਜੀ ਮਹਾਰਾਜ ਵੱਲੋਂ ਤੇ ਪੂਰੀ ਮੰਦਰ ਦੀ ਸੰਗਤ ਵੱਲੋਂ 1100 ਵਾਰ ਸ਼੍ਰੀ ਹਨੂੰਮਾਨ ਚਾਲੀਸਾ ਪਾਠ ਦਾ ਸੰਕਲਪ ਲਿਆ ਗਿਆ ਸੀ ਪਰ ਮੰਦਿਰ ਵਿੱਚ ਸੰਗਤਾਂ ਦੀ ਗਿਣਤੀ ਜਿਆਦਾ ਹੋਣ ਕਰਕੇ ਅਤੇ ਸੰਗਤਾਂ ਦੇ ਵਿੱਚ ਸ਼੍ਰੀ ਹਨੂੰਮਾਨ ਜਨਮ ਉਤਸਵ ਦਾ ਉਤਸ਼ਾਹ ਵੇਖ ਕੇ 2100 ਵਾਰ ਸ੍ਰੀ ਹਨੂੰਮਾਨ ਚਾਲੀਸਾ



ਦਾ ਪਾਠ ਕੀਤਾ ਗਿਆ ਤੇ ਕੀਰਤਨ ਵੀ ਕੀਤਾ ਗਿਆ।

ਇਸ ਮੌਕੇ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਵੱਲੋਂ (ਪਾਲਨਪੁਰ) ਗੁਜਰਾਤ ਤੋਂ ਵੀਡੀਓ ਕਾਲ ਰਾਹੀਂ ਸ੍ਰੀ ਹਨੂੰਮਾਨ ਜਨਮ ਉਤਸਵ ਦੀ ਵਧਾਈ ਅਤੇ ਸਾਰੀਆਂ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ।ਇਸ ਮੌਕੇ ਮਹੰਤ ਜੈ ਰਾਮ ਗਿਰੀ ਜੀ ਮਹਾਰਾਜ ਵੱਲੋਂ ਸੰਦੇਸ਼ ਦਿੰਦੇ ਦੱਸਿਆ ਗਿਆ ਕਿ ਸਾਰੇ ਹੀ ਤਿਉਹਾਰ ਇਕੱਠੇ ਮਨਾਉਣੇ ਚਾਹੀਦੇ ਹਨ ਤੇ ਮੰਦਰਾਂ ਨੂੰ ਇੰਨਾ ਪ੍ਰੇਮ ਕਰੋ ਤੇ ਮੰਦਰ ਨਾਲ ਜੁੜੋ ਕੀਰਤਨ ਤੇ ਪਾਠ ਜ਼ਰੂਰ ਕਰੋ, ਇਸ ਤਰਾ ਸਭ ਤਿਉਹਾਰ ਮਿਲ ਕੇ ਪਿਆਰ ਨਾਲ, ਸ਼ਰਧਾ ਨਾਲ, ਆਸਥਾ ਨਾਲ ਅਤੇ ਮਰਿਆਦਾ ਨਾਲ ਮਨਾਉਣੇ ਚਾਹੀਦੇ ਹਨ। ਮਹਾਰਾਜ ਵੱਲੋਂ ਕਿਹਾ ਗਿਆ ਕਿ ਇਹ ਮੰਦਰ ਸਭ ਦਾ ਹੈ ਇਹ ਮੰਦਿਰ ਸਭ ਦਾ ਰਹੇਗਾ ਇਸ ਮੰਦਰ ਵਿੱਚ ਕੋਈ ਵੀ ਪ੍ਰਧਾਨ ਨਹੀਂ ਹੈ, ਇਸ ਮੰਦਰ ਵਿੱਚ ਸਭ ਸੇਵਾਦਾਰ ਹੀ ਹਨ। ਇਸ ਮੌਕੇ ਮੰਦਿਰ ਵਿੱਚ ਰੋਜ਼ਾਨਾ ਆਉਣ ਵਾਲੀ ਸੰਗਤ ਅਤੇ ਹੋਰ ਸੰਗਤਾਂ ਵੱਡੀ ਗਿਣਤੀ ਵਿੱਚ ਹਜ਼ਾਰ ਸਨ। ਇਸ ਉਪਰੰਤ ਲੰਗਰ ਪ੍ਰਸ਼ਾਦ ਅਟੁੱਟ ਵਰਤਾਇਆ ਗਿਆ।

ਜਨਮ ਦਿਨ ਮੁਬਾਰਕ



ਨਵਰੀਤੀ

ਵਰ੍ਹੇਗੰਢ ਮੁਬਾਰਕ



ਗੁਰਪ੍ਰੀਤ ਸਿੰਘ ਅਤੇ ਦਿਲਜੀਤ ਕੌਰ ਵਾਸੀ ਫਰੀਦਕੋਟ ਨੇ ਆਪਣੇ ਵਿਆਹ ਦੀ 16ਵੀਂ ਵਰ੍ਹੇਗੰਢ ਮਨਾਈ।



ਮੱਖਣ ਮਾਨ ਦੀਆਂ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

*ਬੇਗ਼ੈਰਤ ਸੀ ਖ਼ੂਨ ਅਸਾਡਾ*
*ਡੁੱਲ੍ਹ ਜਾਣਾ ਹੀ ਬਣਦਾ ਸੀ।*
*ਭੇਤ ਚਿਰਾਂ ਦਾ ਭਰੇ ਬਾਜ਼ਾਰੀਂ*
*ਖੁੱਲ੍ਹ ਜਾਣ ਹੀ ਬਣਦਾ ਸੀ।*
*- ਮਨਜੀਤ ਪੁਰੀ*

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 5 ਅਪ੍ਰੈਲ 2026 | www.nawanzamana.in | ਕੀਮਤ 5.00 ਰੁਪਏ


# ਗਰੀਨ ਟ੍ਰਿਬਿਊਨਲ ਦੇ ਵਿਹੜੇ 'ਚ ਪੱਤਝੜ


ਜੈ ਮਜੂਮਦਾਰ

ਅਨੁ. : ਡਾ. ਜਸਬੀਰ ਸਿੰਘ ਔਲਖ


ਸਾਲ 2021 ਵਿੱਚ ਆਏ ਸੁਪਰੀਮ ਕੋਰਟ ਦੇ ਫੈਸਲੇ ਵਿੱਚ ਕਿਹਾ ਗਿਆ ਸੀ ਕਿ ਕੌਮੀ ਗਰੀਨ ਟ੍ਰਿਬਿਊਨਲ ਸਿਰਫ਼ ਫੈਸਲਾ ਕਰਨ ਵਾਲੀ ਇੱਕ ਸੰਸਥਾ ਹੀ ਨਹੀਂ, ਬਲਕਿ ਵਾਤਾਵਰਨ ਦੀ ਰਾਖੀ ਕਰਨ ਵਾਲਾ ਇੱਕ ਹਿੱਸੇਦਾਰ ਅਦਾਰਾ ਹੈ। ਟ੍ਰਿਬਿਊਨਲ ਦੀਆਂ ਤਾਕਤਾਂ 'ਤੇ ਮੋਹਰ ਲਗਾਉਂਦਿਆਂ ਸੁਪਰੀਮ ਕੋਰਟ ਨੇ ਲਿਖਿਆ ਸੀ ਕਿ ਇਸ ਦੀ ਬਣਤਰ ਵਿੱਚ ਬਹੁਤ ਹੀ ਮਹੱਤਵਪੂਰਨ ਕੜੀਆਂ ਜੁੜੀਆਂ ਹੋਈਆਂ ਹਨ, ਜਿਹਨਾਂ ਰਾਹੀਂ ਇਸ ਨੇ ਵਾਤਾਵਰਨ ਵਿੱਚ ਪੈਣ ਵਾਲੇ ਕਿਸੇ ਵੀ ਵਿਗਾੜ ਨੂੰ ਰੋਕ ਕੇ ਜਨਤਕ ਹਿੱਤਾਂ ਦੀ ਪਹਿਰੇਦਾਰੀ ਕਰਨੀ ਹੈ, ਪਰ ਹੁਣ ਸੁਪਰੀਮ ਕੋਰਟ ਵੱਲੋਂ ਦਰਸਾਈ ਭਾਵਨਾ ਦੇ ਉਲਟ ਜਾ ਕੇ ਗਰੀਨ ਟ੍ਰਿਬਿਊਨਲ ਦੇ ਦ੍ਰਿਸ਼ਟੀਕੋਣ ਵਿੱਚ ਸਿਫਤੀ ਤਬਦੀਲੀ ਆ ਗਈ ਹੈ। ਸਾਲ 2000 ਤੋਂ ਲੈ ਕੇ 2025 ਤੱਕ ਗਰੀਨ ਟ੍ਰਿਬਿਊਨਲ ਵੱਲੋਂ ਸੁਣਾਏ ਤਕਰੀਬਨ ਇੱਕ ਲੱਖ ਤੋਂ ਉੱਪਰ ਹੁਕਮਾਂ ਦਾ 'ਇੰਡੀਅਨ ਐਕਸਪ੍ਰੈੱਸ' ਨੇ ਵਿਸ਼ਲੇਸ਼ਣ ਅਤੇ ਖੋਜ ਕਰਕੇ ਪਾਇਆ ਹੈ ਕਿ ਗਰੀਨ ਟ੍ਰਿਬਿਊਨਲ ਦੇ ਦ੍ਰਿਸ਼ਟੀਕੋਣ ਵਿੱਚ ਟੀਰ ਪੈ ਰਿਹਾ ਹੈ ਅਤੇ ਗੜਬੜੀ ਵੱਡੇ ਪੱਧਰ 'ਤੇ ਹੈ।

ਵਾਤਾਵਰਨ ਅਤੇ ਜੰਗਲਾਤ ਮਨਜ਼ੂਰੀ ਦੇ ਮਾਮਲਿਆਂ ਵਿੱਚ ਟ੍ਰਿਬਿਊਨਲ ਨੇ ਪੰਜ ਵਿੱਚੋਂ ਚਾਰ ਮਾਮਲਿਆਂ ਵਿੱਚ ਪ੍ਰੋਜੈਕਟ ਡਿਵੈੱਲਪਰ ਦੇ ਹੱਕ ਵਿੱਚ ਫੈਸਲਾ ਕੀਤਾ ਹੈ। ਇਹ ਫੈਸਲਾ ਜਾਂ ਤਾਂ ਕਿਸੇ ਵਿਵਾਦਮਈ ਮਨਜ਼ੂਰੀ ਦੇ ਹੱਕ ਵਿੱਚ ਸੀ ਜਾਂ ਫਿਰ ਹੇਠਲੇ ਅਦਾਰੇ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਨੂੰ ਸਟੇਅ ਕੀਤੇ ਜਾਣ ਦੇ ਰੂਪ ਵਿੱਚ ਸੀ।

ਉਪਰੋਕਤ ਪੰਜਾਂ ਸਾਲਾਂ ਦੌਰਾਨ ਨਾਗਰਿਕਾਂ ਅਤੇ ਸਮਾਜਿਕ ਕਾਰਕੁੰਨਾਂ ਨੇ ਸਰਕਾਰ ਵੱਲੋਂ ਦਿੱਤੀਆਂ ਮਨਜ਼ੂਰੀਆਂ ਦੇ ਖਿਲਾਫ਼ ਕੁੱਲ 329 ਅਪੀਲਾਂ ਕੀਤੀਆਂ, ਜਿਨ੍ਹਾਂ ਵਿੱਚੋਂ ਸਿਰਫ 65 ਅਪੀਲਾਂ ਹੀ ਮਨਜ਼ੂਰ ਕੀਤੀਆਂ ਗਈਆਂ, ਜੋ ਕਿ 20 ਪ੍ਰਤੀਸ਼ਤ ਹੀ ਬਣਦੀਆਂ ਹਨ। ਇਸ ਦੇ ਉਲਟ ਜਦੋਂ ਪ੍ਰੋਜੈਕਟ ਡਿਵੈਲਪਰਾਂ ਨੇ ਸਰਕਾਰ ਵੱਲੋਂ ਵਾਤਾਵਰਨ ਮਨਜ਼ੂਰੀ ਨਾ ਦਿੱਤੇ ਜਾਣ ਦੇ ਵਿਰੁੱਧ ਪਾਈਆਂ 160 ਅਪੀਲਾਂ ਵਿੱਚੋਂ 126 ਅਪੀਲਾਂ ਦੇ ਹੱਕ ਵਿੱਚ ਫੈਸਲਾ ਦਿੱਤਾ, ਜੋ ਤਕਰੀਬਨ 80 ਪ੍ਰਤੀਸ਼ਤ ਬਣਦਾ ਹੈ, ਪਰ ਸਦਾ ਅਜਿਹਾ ਨਹੀਂ ਸੀ। ਸਾਲ 2016-19 ਦੇ ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਗਰੀਨ ਟ੍ਰਿਬਿਊਨਲ ਦੇ ਫੈਸਲਿਆਂ ਵਿੱਚ ਇੱਕ ਸੰਤੁਲਨ ਕਾਇਮ ਸੀ। ਇਹਨਾਂ ਸਾਲਾਂ ਵਿੱਚ ਨਾਗਰਿਕਾਂ ਜਾਂ ਸਮਾਜਕ ਕਾਰਕੁਨਾਂ ਦੇ ਹੱਕ ਵਿੱਚ ਅਤੇ ਡਿਵੈਲਪਰਾਂ ਦੇ ਹੱਕ ਵਿੱਚ ਕ੍ਰਮਵਾਰ 18 ਅਤੇ 31 ਪ੍ਰਤੀਸ਼ਤ ਫੈਸਲੇ ਆਏ।

ਇਹਨਾਂ ਕਾਰਪੋਰੇਟ ਡਿਵੈਲਪਰਾਂ ਦੇ ਹੱਕ ਵਿੱਚ ਪਿਛਲੇ ਦੋ ਸਾਲਾਂ ਵਿੱਚ ਫੈਸਲੇ ਹੋਰ ਵੀ ਵੱਧ ਹੋਏ ਹਨ। 2024 ਅਤੇ 2025 ਦੇ ਦੋ ਸਾਲਾਂ ਵਿੱਚ ਦਿੱਤੀਆਂ ਸਰਕਾਰੀ ਮਨਜ਼ੂਰੀਆਂ ਦੇ ਖਿਲਾਫ਼ ਸਿਰਫ਼ ਸੱਤ ਪ੍ਰਤੀਸ਼ਤ ਹੀ ਅਪੀਲਾਂ ਕਾਮਯਾਬ ਰਹੀਆਂ, ਜਦਕਿ ਡਿਵੈਲਪਰਾਂ ਦੀਆਂ 88 ਪ੍ਰਤੀਸ਼ਤ ਅਪੀਲਾਂ ਗਰੀਨ ਟ੍ਰਿਬਿਊਨਲ ਵੱਲੋਂ ਮਨਜ਼ੂਰ ਕੀਤੀਆਂ ਗਈਆਂ।

ਇਹਨਾਂ ਅੰਕੜਿਆਂ ਅਨੁਸਾਰ ਵਾਤਾਵਰਨ ਦੀ ਰਾਖੀ ਵਿੱਚ ਕੌਮੀ ਗਰੀਨ ਟ੍ਰਿਬਿਊਨਲ ਦਾ ਬਤੌਰ ਇੱਕ ਸੰਵਿਧਾਨਕ ਸੰਸਥਾ ਕੀ ਯੋਗਦਾਨ ਰਹਿ ਜਾਂਦਾ ਹੈ?

ਨੈਸ਼ਨਲ ਗਰੀਨ ਟ੍ਰਿਬਿਊਨਲ ਐਕਟ 2010 ਰਾਹੀਂ ਹੋਂਦ ਵਿੱਚ ਆਏ ਟ੍ਰਿਬਿਊਨਲ ਕੇਂਦਰ ਸਰਕਾਰ ਦੇ ਵਾਤਾਵਰਨ, ਜੰਗਲਾਤ ਅਤੇ ਕਲਾਈਮੇਟ ਚੇਂਜ ਮੰਤਰਾਲੇ ਜਾਂ ਸੂਬਾਈ ਸਰਕਾਰਾਂ ਵੱਲੋਂ ਦਿੱਤੀਆਂ ਜਾਂਦੀਆਂ ਵਾਤਾਵਰਨ ਮਨਜ਼ੂਰੀਆਂ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਜਾਂ ਸੰਸਥਾ ਵੱਲੋਂ ਚੁਣੌਤੀ ਦੇਣ ਲਈ ਸਭ ਤੋਂ ਪਹਿਲੀ ਅਥਾਰਟੀ ਹੈ। ਕੌਮੀ ਗਰੀਨ ਟ੍ਰਿਬਿਊਨਲ ਦੀ ਇਹ ਸੰਵਿਧਾਨਕ ਜ਼ਿੰਮੇਵਾਰੀ ਹੈ ਕਿ ਉਹ ਵਾਤਾਵਰਨ ਨਾਲ ਸੰਬੰਧਤ ਸਵਾਲਾਂ ਨੂੰ ਸੰਬੋਧਤ ਹੋਵੇ। ਗਰੀਨ ਟ੍ਰਿਬਿਊਨਲ ਦੇ ਮੁਲਕ ਪੱਧਰ 'ਤੇ ਪੰਜ ਬੈਂਚ ਹਨ-ਦਿੱਲੀ (ਮੁੱਖ ਬੈਂਚ), ਭੋਪਾਲ (ਕੇਂਦਰੀ ਬੈਂਚ), ਪੂਨਾ (ਪੱਛਮੀ ਬੈਂਚ), ਕਲਕੱਤਾ (ਪੂਰਬੀ ਬੈਂਚ) ਅਤੇ ਚੇਨਈ (ਦੱਖਣੀ ਬੈਂਚ)। ਇਹਨਾਂ ਸਾਰੇ ਬੈਂਚਾਂ ਕੋਲ ਸਭ ਤੋਂ ਵੱਧ ਪਾਣੀ, ਹਵਾ ਪ੍ਰਦੂਸ਼ਣ ਅਤੇ ਕੋਸਟਲ ਜ਼ੋਨ ਰੈਗੂਲੇਸ਼ਨ ਦੇ ਕੇਸ ਆਉਂਦੇ ਹਨ। ਟ੍ਰਿਬਿਊਨਲ ਦੇ ਅਪੀਲੀ ਤਾਕਤਾਂ ਤਹਿਤ ਸਰਕਾਰ ਵੱਲੋਂ ਸਾਰੀਆਂ ਸਰਕਾਰੀ ਮਨਜ਼ੂਰੀਆਂ ਆਉਂਦੀਆਂ ਹਨ, ਜਿਹੜੀਆਂ ਵਾਤਾਵਰਣ ਰੱਖਿਆ ਐਕਟ 1986 ਅਤੇ ਜੰਗਲਾਤ ਰੱਖਿਆ ਐਕਟ 1980 ਦੇ ਤਹਿਤ ਦਿੱਤੀਆਂ ਜਾਂਦੀਆਂ ਹਨ। ਭਾਵੇਂ ਸੁਪਰੀਮ ਕੋਰਟ ਨੇ ਇਸ ਨੂੰ ਵਾਤਾਵਰਨ ਦੇ ਇੱਕ ਰੱਖਿਅਕ ਦਾ ਦਰਜਾ ਦਿੱਤਾ ਸੀ, ਪਰ ਆਲੋਚਕ ਕਹਿੰਦੇ ਹਨ ਕਿ ਇਹ ਕੋਲ ਅਪੀਲ ਪਾਉਣਾ ਤੇ ਆਉਂਦੇ ਫੈਸਲੇ ਆਪਣੇ ਆਪ ਵਿੱਚ ਆਮ ਪਬਲਿਕ ਲਈ ਇੱਕ ਮੁਸੀਬਤ ਹੀ ਹਨ। ਮੁੰਬਈ ਆਧਾਰਤ ਕੰਜ਼ਰਵੇਟਿਵ ਐਕਸ਼ਨ ਟਰੱਸਟ ਦੇ ਪ੍ਰਧਾਨ ਦੇਬ ਗੋਇਨਿਕਾ ਕਹਿੰਦੇ ਹਨ, 'ਬਹੁਤ ਸਾਰੀਆਂ ਅਪੀਲਾਂ ਤਾਂ ਸਿਰਫ਼ ਇਸ ਆਧਾਰ 'ਤੇ ਰੱਦ ਕਰ ਦਿੱਤੀਆਂ ਜਾਂਦੀਆਂ ਹਨ ਕਿ ਅਪੀਲ ਪਾਉਣ ਲਈ ਨਿਰਧਾਰਤ ਸਮਾਂ ਗੁਜ਼ਰ ਚੁੱਕਾ ਹੈ, ਭਾਵੇਂ ਅਪੀਲ ਮੈਰਿਟ ਦੇ ਆਧਾਰ 'ਤੇ ਸੁਣਵਾਈ ਯੋਗ ਹੁੰਦੀ ਹੈ।' ਉਹਨਾਂ ਮੁਤਾਬਿਕ ਡਿਵੈਲਪਰ ਕੋਲ ਤਾਂ ਵਕੀਲਾਂ ਦੀ ਇੱਕ ਫੌਜ ਹੁੰਦੀ ਹੈ, ਪਰ ਆਮ ਪਬਲਿਕ ਖਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਲੋਕ ਅਕਸਰ ਨੱਬੇ ਦਿਨ ਦਾ ਅਪੀਲੀ ਸਮਾਂ ਕੱਢ ਲੈਂਦੇ ਹਨ, ਕਿਉਂਕਿ ਅਕਸਰ ਸਰਕਾਰ ਵੱਲੋਂ ਦਿੱਤੀ ਵਾਤਾਵਰਨ ਮਨਜ਼ੂਰੀ ਕਦੇ ਵੀ ਪ੍ਰਭਾਵਿਤ ਪਰਵਾਰਾਂ ਜਾਂ ਲੋਕਾਂ ਨੂੰ ਸਮੇਂ ਸਿਰ ਮੁਹੱਈਆ ਹੀ ਨਹੀਂ ਕਰਵਾਈ ਜਾਂਦੀ।

ਬਿਨਾਂ ਸ਼ੱਕ ਨਾਗਰਿਕਾਂ ਜਾਂ ਸਮਾਜਿਕ ਕਾਰਕੁਨਾਂ ਦੀਆਂ 329 ਅਪੀਲਾਂ ਵਿੱਚੋਂ ਜਿਹੜੀਆਂ 264 ਅਪੀਲਾਂ ਖਾਰਜ ਕੀਤੀਆਂ ਗਈਆਂ, ਉਹਨਾਂ ਵਿੱਚ ਬਹੁਤੀਆਂ ਨੂੰ ਨੱਬੇ ਦਿਨ ਦਾ ਅਪੀਲੀ ਸਮਾਂ ਬਤੀਤ ਹੋਣ ਦੇ ਆਧਾਰ ( Time Barred ) 'ਤੇ ਖਾਰਜ ਕੀਤਾ ਗਿਆ। ਬਾਕੀਆਂ ਨੂੰ 'ਨਾ-ਮੰਨਣਯੋਗ' (Not tenable) ਜਾਂ ਕਿਸੇ 'ਸਬੂਤ ਦੀ ਘਾਟ' (Lacking any merit) ਕਹਿ ਕੇ ਰੱਦ ਕੀਤਾ ਗਿਆ। ਜਦੋਂ ਜੰਗਲਾਤ ਵਿਭਾਗ ਦੇ ਇੱਕ ਸੀਨੀਅਰ ਅਫ਼ਸਰ ਨੂੰ ਸਵਾਲ ਕੀਤਾ ਗਿਆ ਕਿ ਕੀ ਇਹ ਵਪਾਰ ਸੌਖਾ (Ease of Doing Business) ਕਰਨ ਦੀ ਨੀਤੀ ਤਾਂ ਨਹੀਂ ਤਾਂ ਉਸ ਦਾ ਜਵਾਬ ਸੀ ਕਿ ਜੋ ਪ੍ਰਭਾਵਿਤ ਵਿਅਕਤੀਆਂ ਨੂੰ ਕਾਨੂੰਨੀ ਹੱਕ ਹੈ, ਉਹ ਪ੍ਰੋਜੈਕਟ ਡਿਵੈਲਪਰਾਂ ਨੂੰ ਵੀ ਤਾਂ ਹੈ ਅਤੇ ਇਹਨਾਂ ਅੰਕੜਿਆਂ 'ਤੇ ਜ਼ਿਆਦਾ ਤਵੱਜੋ ਦੇਣ ਦੀ 'ਲੋੜ' ਨਹੀਂ!

ਰਿਟਾਇਰ ਆਈ ਏ ਐੱਸ ਅਫ਼ਸਰ ਈ ਏ ਐੱਸ ਸ਼ਰਮਾ ਵੀ ਜੰਗਲਾਤ ਵਿਭਾਗ ਦੇ ਅਫ਼ਸਰ ਦੇ ਤਰਕ ਨਾਲ ਸਹਿਮਤ ਸੀ। ਉਸ ਅਨੁਸਾਰ, 'ਅਪੀਲ ਦਾ ਨਤੀਜਾ ਦਸਤਾਵੇਜ਼ੀ ਸਬੂਤਾਂ ਅਤੇ ਦਿੱਤੀਆਂ ਦਲੀਲਾਂ 'ਤੇ ਨਿਰਭਰ ਕਰਦਾ ਹੈ।'

ਪਰ ਵਾਤਾਵਰਨ ਵਕੀਲ ਰਿਤਵਿਕ ਦੱਤਾ ਮੁਤਾਬਿਕ ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਰੱਦ ਕੀਤੀ ਅਪੀਲ ਬਹੁਤਿਆਂ ਲਈ ਅਕਸਰ ਬੂਹੇ ਹੀ ਬੰਦ ਕਰ ਦਿੰਦੀ ਹੈ। ਉਹ ਕਹਿੰਦੇ ਹਨ, 'ਕੌਮੀ ਗਰੀਨ ਟ੍ਰਿਬਿਊਨਲ ਦੇ ਫੈਸਲਿਆਂ ਨੂੰ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ, ਪਰ ਬਹੁਤੇ ਵਿਅਕਤੀ ਸਾਧਨ ਹੋਣ ਦੇ ਬਾਵਜੂਦ ਇਹ ਲੰਮਾ ਕਾਨੂੰਨੀ ਰਾਹ ਅਖਤਿਆਰ ਕਰਨ ਤੋਂ ਡਰਦੇ ਹਨ।'

ਇੱਕ ਹੋਰ ਪਹਿਲੂ ਵੀ ਕਾਬਲੇ.ਗੌਰ ਹੈ। ਜਿਹੜੀਆਂ ਵਾਤਾਵਰਨ ਮਨਜ਼ੂਰੀਆਂ ਸੰਬੰਧੀ 329 ਅਪੀਲਾਂ ਦੇ ਫੈਸਲੇ ਸਾਲ 2020-25 ਦੌਰਾਨ ਕੌਮੀ ਗਰੀਨ ਟ੍ਰਿਬਿਊਨਲ ਨੇ ਕੀਤੇ, ਉਹਨਾਂ ਕੰਪਨੀਆਂ ਜਾਂ ਪ੍ਰੋਜੈਕਟ ਡਿਵੈਲਪਰਾਂ ਵਿੱਚ ਅਡਾਨੀ ਪੈਟਰੋਨੈੱਟ ਪੋਰਟ, ਵੇਦਾਂਤਾ, ਜਿੰਦਲ ਪਾਵਰ, ਗੁਜਰਾਤ ਪੀਪਾਵੇਵ ਪੋਰਟ, ਲਿਮਟਿਡ, ਹੋਨੋਵਰ ਪੋਰਟ ਪ੍ਰਾਈਵੇਟ ਲਿਮਟਿਡ, ਆਇਲ ਇੰਡੀਆ, ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ, ਐੱਨ ਬੀ ਬੀ ਸੀ, ਅਵਾਂਗ ਸ਼ਿਪਯਾਰਡ, ਅਲਟਰਾਟੈੱਕ ਸੀਮਿੰਟ, ਨੀਵੇਲੀ ਲਿਗਨਾਈਟ ਕਾਰਪੋਰੇਸ਼ਨ ਇੰਡੀਆ ਲਿਮਟਿਡ, ਵੱਡੀਆਂ ਖਾਣ ਕੰਪਨੀਆਂ ਜਿਵੇਂ ਸਿੰਗਰੌਲੀ, ਦਿਪਕਾ, ਪਾਰਸਾ ਈਸਟ ਅਤੇ ਵੱਡੀਆਂ ਬਿਜਲੀ ਕੰਪਨੀਆਂ ਜਿਵੇਂ ਖੁਰਜਾ ਸੁਪਰ ਥਰਮਲ, ਵਿਸਨਗਾਡ-ਪਿੱਪਲ ਕੋਟੀ ਹਾਈਡਲ ਪ੍ਰੋਜੈਕਟ ਸ਼ਾਮਲ ਹਨ।

ਵਾਤਾਵਰਨ ਮਨਜ਼ੂਰੀ ਵਿਰੁੱਧ ਜਿਹੜੀਆਂ ਅਪੀਲਾਂ ਸਵੀਕਾਰ ਹੋਈਆਂ, ਉਹਨਾਂ ਵਿੱਚ ਤਾਜ ਮਹੱਲ ਦੇ ਨਜ਼ਦੀਕ ਖਣਨ ਮਨਜ਼ੂਰੀ, ਗੋਦਰਾਜ ਦਾ ਬੈਂਗਲੁਰੂ ਵਿੱਚ ਹਾਊਸਿੰਗ ਪ੍ਰੋਜੈਕਟ, ਕਰਨਾਟਕ ਵਿੱਚ ਨਿਊਕਲਰ ਪਾਵਰ ਕਾਰਪੋਰੇਸ਼ਨ ਆਫ ਇੰਡੀਆ ਦਾ ਪ੍ਰੋਜੈਕਟ, ਰਾਜਸਥਾਨ ਵਿੱਚ ਬੰਧ-ਬਰੇਠਾ ਸੈਂਚੇਅਰੀ ਦੇ ਨਜ਼ਦੀਕ ਮਾਰਬਲ ਖਾਣ ਅਤੇ ਉੜੀਸਾ ਵਿੱਚ ਪ੍ਰਾਇਦੀਪ ਬੰਦਰਗਾਹ ਦੇ ਨੇੜੇ ਗਰੀਨਫੀਲਡ ਜੈਟੀ ਪ੍ਰੋਜੈਕਟ ਸ਼ਾਮਲ ਹਨ।

ਜਿਹੜੀਆਂ ਅਪੀਲਾਂ ਵਾਤਾਵਰਨ ਮਨਜ਼ੂਰੀ ਨਾ ਮਿਲਣ ਦੇ ਖਿਲਾਫ਼ ਪਾਈਆਂ ਗਈਆਂ ਸਨ ਅਤੇ 126 ਕਾਮਯਾਬ ਰਹੀਆਂ, ਉਹਨਾਂ ਵਿੱਚ ਪੱਕੜੀ ਬਰਵਾਦਿਹ ਕੋਲ ਮਾਈਨਿੰਗ ਪ੍ਰੋਜੈਕਟ, ਐੱਸ ਟੀ ਪੀ ਲਿਮਟਿਡ, ਇੰਡੋਟੈੱਕ ਵੇਸਟ ਸਲਿਊਸ਼ਨ ਅਤੇ ਖਣਿਜ ਦੇ ਧੰਦੇ ਵਿੱਚ ਲੱਗੀਆਂ ਅਨੇਕਾਂ ਕੰਪਨੀਆਂ ਸ਼ਾਮਲ ਹਨ।

**ਪੇਸ਼ੇਵਰ ਬਨਾਮ ਅਫ਼ਸਰਸ਼ਾਹੀ**

ਕੌਮੀ ਗਰੀਨ ਟ੍ਰਿਬਿਊਨਲ ਐਕਟ ਤਹਿਤ 10-20 ਪੂਰੇ ਸਮੇਂ (Full-time) ਜੁਡੀਸ਼ਲ ਮੈਂਬਰ ਅਤੇ 10-20 ਪੂਰੇ ਸਮੇਂ ਲਈ ਮਾਹਿਰ ਪੇਸ਼ੇਵਰ ਵਿਅਕਤੀ ਬਤੌਰ ਮੈਂਬਰ ਚਾਹੀਦੇ ਹਨ। ਮਾਹਿਰ ਪੇਸ਼ੇਵਰ ਵਿਅਕਤੀ ਦੇਸ਼ ਦੀਆਂ ਪ੍ਰਸਿੱਧ ਸੰਸਥਾਵਾਂ ਜਾਂ ਵਾਤਾਵਰਣ ਨਾਲ ਜੁੜੇ ਹੋਰ ਸਰਕਾਰੀ ਅਦਾਰਿਆਂ ਤੋਂ ਹੋਣੇ ਚਾਹੀਦੇ ਹਨ, ਜਿਹੜੇ ਗਰੀਨ ਟ੍ਰਿਬਿਊਨਲ ਨੂੰ ਵਾਤਾਵਰਨ ਦੀ ਰੱਖਿਆ ਕਰਨ ਵਿੱਚ ਮਦਦਗਾਰ ਸਾਬਤ ਹੋਣ।




ਪਰ ਹੁਣ ਕੌਮੀ ਗਰੀਨ ਟ੍ਰਿਬਿਊਨਲ ਸਟਾਫ਼ ਦੀ ਘਾਟ ਨਾਲ ਜੂਝ ਰਿਹਾ ਹੈ, ਪ੍ਰਮਾਣਿਤ ਵੀਹ ਪੋਸਟਾਂ 'ਤੇ ਸਿਰਫ਼ ਚਾਰ ਜੁਡੀਸ਼ੀਅਲ ਅਤੇ ਛੇ ਪੇਸ਼ੇਵਰ ਮਾਹਿਰ ਮੈਂਬਰ ਹੀ ਕੰਮ ਕਰ ਰਹੇ ਹਨ। ਇੰਨਾ ਹੀ ਕਾਫੀ ਨਹੀਂ, ਸਾਲ 2016 ਤੋਂ ਬਾਅਦ ਨਿਯੁਕਤ ਕੀਤੇ ਤੇਰਾਂ ਮਾਹਿਰ ਪੇਸ਼ੇਵਰਾਂ ਵਿੱਚ ਨੌਂ ਅਜਿਹੇ ਮੈਂਬਰ ਨਿਯੁਕਤ ਕੀਤੇ ਗਏ, ਜਿਹੜੇ ਪਹਿਲਾਂ ਅਜਿਹੇ ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਸਨ, ਜਿਹਨਾਂ ਨੇ ਵਾਤਾਵਰਨ ਮਨਜ਼ੂਰੀਆਂ ਦਿੱਤੀਆਂ ਅਤੇ ਉਹਨਾਂ ਮਨਜ਼ੂਰੀਆਂ ਨੂੰ ਹੀ ਗਰੀਨ ਟ੍ਰਿਬਿਊਨਲ ਵਿੱਚ ਚੁਣੌਤੀਆਂ ਦਿੱਤੀਆਂ ਗਈਆਂ। ਇਸ ਦੇ ਉਲਟ 2016 ਤੋਂ ਪਹਿਲਾਂ ਸਿਰਫ਼ ਦੋ ਅਜਿਹੇ ਵਿਅਕਤੀ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਨਿਯੁਕਤ ਕੀਤੇ ਗਏ ਸਨ। ਅਜਿਹੇ ਵਿੱਚ ਤਾਂ ਇਹ ਹਿੱਤਾਂ ਦੇ ਟਕਰਾਅ ਦਾ ਮਾਮਲਾ ਬਣਦਾ ਹੈ ਕਿਉਂਕਿ ਗਰੀਨ ਟ੍ਰਿਬਿਊਨਲ ਨੇ ਬਤੌਰ ਅਪੀਲੀ ਅਥਾਰਟੀ ਇਹਨਾਂ ਸਰਕਾਰੀ ਅਫਸਰਾਂ ਵੱਲੋਂ ਦਿੱਤੀਆਂ ਮਨਜ਼ੂਰੀਆਂ (ਜਿਸ ਵਿੱਚ ਵਾਤਾਵਰਨ ਰੱਖਿਆ ਐਕਟ 1986 ਅਤੇ ਫਾਰੈਸਟ ਕੰਜ਼ਰਵੇਟਿਵ ਐਕਟ 1980 ਤਹਿਤ ਦਿੱਤੀਆਂ ਮਨਜ਼ੂਰੀਆਂ ਵੀ ਸ਼ਾਮਲ ਹੁੰਦੀਆਂ ਹਨ) ਨੂੰ ਹੀ ਵਾਤਾਵਰਨ ਰੱਖਿਆ ਦੇ ਨਜ਼ਰੀਏ ਤੋਂ ਘੋਖਣਾ ਹੁੰਦਾ ਹੈ।

ਸਾਲ 2016 ਤੋਂ ਬਾਅਦ ਨਿਯੁਕਤ ਇਹਨਾਂ ਤੇਰਾਂ ਸਰਕਾਰੀ ਪੇਸ਼ੇਵਰ ਮਾਹਿਰਾਂ ਵਿੱਚ ਸੱਤ ਅਫ਼ਸਰ ਤਾਂ ਅਜਿਹੇ ਹਨ, ਜਿਹੜੇ ਇੰਡੀਅਨ ਫਾਰੈਸਟ ਸਰਵਿਸ ਤਹਿਤ ਕੰਮ ਕਰਦੇ ਸਨ ਅਤੇ ਇਹਨਾਂ ਸੱਤਾਂ ਵਿੱਚੋਂ ਤਿੰਨ ਤਾਂ ਕੇਂਦਰੀ ਵਾਤਾਵਰਨ ਮੰਤਰਾਲੇ ਵਿੱਚ ਟੌਪ ਦੀਆਂ ਪੁਜ਼ੀਸ਼ਨਾਂ 'ਤੇ ਰਹੇ ਅਤੇ ਬਾਕੀ ਤਿੰਨ ਸੂਬਾਈ ਜੰਗਲਾਤ ਵਿਭਾਗਾਂ ਦੇ ਮੁਖੀਆਂ ਦੇ ਤੌਰ 'ਤੇ ਰਿਟਾਇਰ ਹੋਏ।

ਇਹਨਾਂ ਵਿੱਚ

1) ਡਾ ਐੱਸ ਐੱਸ ਗਰਬਾਇਲ (ਇਹ ਜਨਵਰੀ 2016 ਤੋਂ ਜਨਵਰੀ 2021 ਤੱਕ ਮੈਂਬਰ ਰਹੇ ਅਤੇ ਇਸ ਤੋਂ ਪਹਿਲਾਂ ਬਤੌਰ ਸਪੈਸ਼ਲ ਸੈਕਟਰੀ ਅਤੇ ਵਾਤਾਵਰਨ ਮਹਿਕਮੇ ਦੇ ਡਾਇਰੈਕਟਰ ਜਨਰਲ ਦੇ ਤੌਰ 'ਤੇ 2015 ਵਿੱਚ ਰਿਟਾਇਰ ਹੋਏ)

2) ਸਿਧਾਂਤਾ ਦਾਸ (ਇਹ ਜਨਵਰੀ ਤੋਂ ਜੁਲਾਈ 2020 ਤੱਕ ਬਤੌਰ ਮਾਹਿਰ ਮੈਂਬਰ ਰਹੇ ਅਤੇ ਇਸ ਤੋਂ ਪਹਿਲਾਂ ਦਸੰਬਰ 2019 ਵਿੱਚ ਬਤੌਰ ਡਾਇਰੈਕਟਰ ਜਨਰਲ ਆਫ਼ ਫਾਰੈਸਟ ਅਤੇ ਸਪੈਸ਼ਲ ਸੈਕਟਰੀ ਵਾਤਾਵਰਨ ਵਿਭਾਗ ਰਿਟਾਇਰ ਹੋਏ)

3) ਸਲਬਲ ਦਾਸ ਗੁਪਤਾ (ਇਹਨਾਂ ਮਾਹਿਰ ਮੈਂਬਰ ਦੇ ਤੌਰ 'ਤੇ ਗਰੀਨ ਟ੍ਰਿਬਿਊਨਲ ਵਿੱਚ ਨਵੰਬਰ 2019 ਤੋਂ ਅਕਤੂਬਰ 2022 ਕੰਮ ਕੀਤਾ, ਪਰ ਇਸ ਤੋਂ ਪਹਿਲਾਂ ਬਤੌਰ ਡਾਇਰੈਕਟਰ ਜਨਰਲ ਆਫ਼ ਫਾਰੈਸਟ ਸਰਵੇ ਆਫ਼ ਇੰਡੀਆ ਅਤੇ ਵਾਤਾਵਰਨ ਮਹਿਕਮੇ ਦੀ ਫਾਰੈਸਟ ਕੰਜ਼ਰਵੇਟਿਵ ਸ਼ਾਖਾ ਵਿੱਚੋਂ ਬਤੌਰ ਐਡੀਸ਼ਨਲ ਡਾਇਰੈਕਟਰ ਜਨਰਲ 2019 ਵਿੱਚ ਹੀ ਰਿਟਾਇਰ ਹੋਏ ਸਨ)

4) ਡਾ. ਅਰੁਨ ਕੁਮਾਰ ਵਰਮਾ (ਇਹ ਅਪ੍ਰੈਲ 2021 ਤੋਂ ਅਗਸਤ 2025 ਤੱਕ ਬਤੌਰ ਮਾਹਿਰ ਮੈਂਬਰ ਗਰੀਨ ਟ੍ਰਿਬਿਊਨਲ ਵਿੱਚ ਰਹੇ ਅਤੇ ਇਸ ਤੋਂ ਪਹਿਲਾਂ ਇਹ ਗੁਜਰਾਤ ਦੇ ਪ੍ਰਿੰਸੀਪਲ ਚੀਫ਼ ਕੰਜ਼ਰਵੇਟਰ ਆਫ਼ ਫਾਰੈਸਟ ਸਨ)

5) ਸੁਧੀਰ ਕੁਮਾਰ ਚਤੁਰਵੇਦੀ (ਇਹਨਾਂ ਦੀ ਬਤੌਰ ਮਾਹਿਰ ਮੈਂਬਰ ਨਿਯੁਕਤੀ ਅਗਸਤ 2025 ਨੂੰ ਹੋਈ ਹੈ। ਇਸ ਤੋਂ ਪਹਿਲਾਂ ਇਹ ਗੁਜਰਾਤ ਦੇ ਪ੍ਰਿੰਸੀਪਲ ਚੀਫ਼ ਕੰਜ਼ਰਵੇਟਰ ਆਫ਼ ਫਾਰੈਸਟ ਸਨ)

6) ਈਸ਼ਵਰ ਸਿੰਘ (ਬਤੌਰ ਮਾਹਿਰ ਮੈਂਬਰ ਇਹਨਾਂ ਦੀ ਨਿਯੁਕਤੀ ਵੀ ਅਗਸਤ 2025 ਵਿੱਚ ਹੋਈ ਹੈ, ਜਿਸ ਤੋਂ ਪਹਿਲਾਂ ਇਹ ਨੈਸ਼ਨਲ ਕੈਪੀਟਲ ਟੈਰੀਟਰੀ ਦਿੱਲੀ ਦੇ ਪ੍ਰਿੰਸੀਪਲ ਚੀਫ਼ ਕੰਜ਼ਰਵੇਟਰ ਆਫ਼ ਫਾਰੈਸਟ ਸਨ)

ਬਾਕੀ ਛੇਆਂ ਵਿੱਚੋਂ ਪੰਜ ਆਪੋ-ਆਪਣੇ ਵਿਸ਼ਿਆਂ ਦੇ ਮਾਹਿਰ ਸਨ। ਇਹਨਾਂ ਵਿੱਚ ਉਹ ਤਿੰਨ ਜਣੇ ਵੀ ਸ਼ਾਮਲ ਹਨ, ਜਿਹੜੇ ਵਾਤਾਵਰਨ ਮਨਜ਼ੂਰੀਆਂ ਨਾਲ ਵਾਤਾਵਰਨ ਮੰਤਰਾਲੇ ਵਿੱਚ ਬਤੌਰ ਐਕਸਪਰਟ ਐਪਰਾਈਜਲ ਕਮੇਟੀ ਮੈਂਬਰ ਸਿੱਧੇ ਤੌਰ 'ਤੇ ਜੁੜੇ ਹੋਏ ਸਨ। ਇਹ ਤਿੰਨ ਜਣੇ ਸਨ :

1) ਡਾ. ਵਿਜੇ ਕੁਲਕਰਨੀ (ਇਹ ਦਸੰਬਰ 2021 ਤੋਂ ਅਕਤੂਬਰ 2025 ਤੱਕ ਬਤੌਰ ਮਾਹਿਰ ਰਹੇ ਹਨ। ਇਹ ਸੱਜਣ ਵਾਤਾਵਰਨ ਮੰਤਰਾਲੇ ਦੀ ਉਸਾਰੀ ਪ੍ਰੋਜੈਕਟਾਂ ਤੇ ਐਕਸਪਰਟ ਐਪਰਾਈਜਲ ਕਮੇਟੀ ਦੇ 2006 ਤੋਂ 2008 ਤੱਕ ਅਤੇ 2009 ਤੋਂ 2010 ਤੱਕ ਖਣਨ ਪ੍ਰੋਜੈਕਟਾਂ ਨਾਲ ਜੁੜੇ ਹੋਏ ਸਨ। ਦਸੰਬਰ 2021 ਵਿੱਚ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਆਉਣ ਤੋਂ ਪਹਿਲਾਂ ਉਹ ਮਹਾਂਰਾਸ਼ਟਰ ਦੇ ਸਨਅਤੀ, ਖਣਿਜ ਖੁਦਾਈ ਅਤੇ ਇਨਫਰਾਸਟਰੱਕਚਰ ਪ੍ਰੋਜੈਕਟਾਂ ਲਈ ਵਾਤਾਵਰਨ ਮਨਜ਼ੂਰੀਆਂ ਦੇਣ ਵਾਲੀ ਸੂਬਾਈ ਐਪਰਾਈਜਲ ਕਮੇਟੀ ਮੈਂਬਰ ਸਨ।

2) ਡਾ. ਏ ਸੰਥਿਲ ਵੇਲ (ਇਹਨਾਂ ਨੇ ਜਨਵਰੀ 2022 ਤੋਂ ਲੈ ਕੇ ਵਾਤਾਵਰਨ ਮੰਤਰਾਲੇ ਦੀਆਂ ਵੱਖਰੀਆਂ-ਵੱਖਰੀਆਂ ਡਵੀਜ਼ਨਾਂ ਵਿੱਚ ਵਾਤਾਵਰਨ ਇੰਪੈਕਟ ਅਸੈੱਸਮੈਂਟ ਵਿੱਚ ਕੰਮ ਕੀਤਾ ਹੈ।

3) ਡਾ. ਸੁਜੀਤ ਕੁਮਾਰ ਵਾਜਪਾਈ (ਇਹ ਸਤੰਬਰ 2025 ਤੋਂ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਬਤੌਰ ਪੇਸ਼ੇਵਰ ਮਾਹਿਰ ਨਿਯੁਕਤ ਕੀਤੇ ਗਏ ਹਨ। ਇਸ ਤੋਂ ਪਹਿਲਾਂ ਇਹ ਵਿਅਕਤੀ ਐੱਨ ਐੱਚ ਪੀ ਸੀ ਲਿਮਟਿਡ ਵਿੱਚ ਦਾ ਸਾਬਕਾ ਵਾਤਾਵਰਨ ਅਫ਼ਸਰ ਹੈ। ਉਸ ਤੋਂ ਬਾਅਦ ਇਸ ਨੂੰ ਸਰਕਾਰ ਦੀ ਲੇਟਰਲ ਐਂਟਰੀ ਸਕੀਮ ਤਹਿਤ ਵਾਤਾਵਰਨ ਮੰਤਰਾਲੇ ਵਿੱਚ ਬਤੌਰ ਜੁਆਇੰਟ ਸਕੱਤਰ ਲਿਆ ਗਿਆ। ਇਸ ਨੇ ਮੰਤਰਾਲੇ ਵਿੱਚ ਸਿੰਗਲ ਵਿੰਡੋ ਸਿਸਟਮ 'ਪ੍ਰਵੇਸ਼ 2.0' ਲਾਗੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ, ਜਿਸ ਰਾਹੀਂ ਡਿਵੈਲਪਰਾਂ ਨੂੰ ਵਾਤਾਵਰਨ ਮਨਜ਼ੂਰੀਆਂ ਮਿਲਣ ਵਿੱਚ 'ਸੌਖ' ਹੋ ਸਕੇ।

ਸਾਲ 2016 ਤੋਂ ਬਾਅਦ ਜਿਹੜੇ ਹੋਰ ਚਾਰ ਮੈਂਬਰ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਨਿਯੁਕਤ ਕੀਤੇ ਗਏ, ਉਹ ਵਾਤਾਵਰਨ ਮਨਜ਼ੂਰੀਆਂ ਵਿੱਚ ਤਾਂ ਸ਼ਾਮਲ ਨਹੀਂ ਸਨ, ਪਰ ਉਹਨਾਂ ਵਿੱਚ ਸਾਬਕਾ ਆਈ ਏ ਐੱਸ ਅਫ਼ਸਰ ਸੱਤਿਆ ਗੋਪਾਲ ਕੋਰਲਾਪੱਟੀ, ਸਾਬਕਾ ਆਈ ਐੱਫ ਐੱਸ ਅਫ਼ਸਰ ਡਾ. ਨਾਗਿਨ ਨੰਦਾ, ਵਾਤਾਵਰਨ ਵਿਗਿਆਨੀ ਡਾ. ਅਫਰੋਜ਼ ਅਹਿਮਦ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਾਬਕਾ ਮੈਂਬਰ ਸੈਕਟਰੀ ਡਾ. ਪ੍ਰਸ਼ਾਂਤ ਗਰਗਵਾ ਸ਼ਾਮਲ ਹਨ। ਇਸ ਦੇ ਮੁਕਾਬਲੇ 2011-15 ਸਮੇਂ ਦੌਰਾਨ ਜਿਹੜੇ ਗਿਆਰਾਂ ਮਾਹਿਰ ਮੈਂਬਰ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਨਿਯੁਕਤ ਹੋਏ, ਉਹਨਾਂ ਵਿੱਚ ਸਿਰਫ਼ ਦੋ ਮੈਂਬਰ ਬਿਕਰਮ ਸਿੰਘ ਸਾਜਵਾਨ ਅਤੇ ਵਿਜੇ ਸ਼ਰਮਾ ਸਨ। ਬਿਕਰਮ ਸਿੰਘ ਸਾਜਵਾਨ ਅਰੁਨਾਚਲ ਪ੍ਰਦੇਸ਼ ਦੇ ਸਾਬਕਾ ਫਾਰੈਸਟ ਮੁਖੀ ਸਨ ਅਤੇ ਉਹਨਾਂ ਜਨਵਰੀ 2013 ਤੋਂ ਦਸੰਬਰ 2017 ਤੱਕ ਗਰੀਨ ਟ੍ਰਿਬਿਊਨਲ ਵਿੱਚ ਕੰਮ ਕੀਤਾ। ਵਿਜੇ ਸ਼ਰਮਾ ਵਾਤਾਵਰਨ ਮੰਤਰਾਲੇ ਦੇ ਸਾਬਕਾ ਸਕੱਤਰ ਸਨ ਅਤੇ ਕੋਇਟੋ ਪ੍ਰੋਟੋਕੋਲ ਤਿਆਰ ਕਰਨ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਉਹਨਾਂ ਨੂੰ ਮਈ 2011 ਵਿੱਚ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਨਿਯੁਕਤ ਕੀਤਾ ਗਿਆ ਸੀ, ਪਰ ਉਹਨਾਂ ਹਿੱਤਾਂ ਦੇ ਟਕਰਾਅ ਦਾ ਮਸਲਾ ਉਜਾਗਰ ਹੋਣ 'ਤੇ ਸਮੇਂ ਤੋਂ ਪਹਿਲਾਂ ਹੀ ਮਾਰਚ 2012 ਵਿੱਚ ਅਸਤੀਫ਼ਾ ਦੇ ਦਿੱਤਾ ਸੀ।

ਸਿਧਾਂਤਾ ਦਾਸ, ਸਲਬਲ ਦਾਸ ਗੁਪਤਾ ਅਤੇ ਡਾ. ਸੈਂਥਿਲ ਵੇਲ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਡਾ. ਅਰੁਨ ਕੁਮਾਰ ਵਰਮਾ ਨੇ ਕਿਹਾ, 'ਸਰਕਾਰੀ ਤੰਤਰ ਦਾ ਹਿੱਸਾ ਹੋਣਾ, ਤੁਹਾਨੂੰ ਗਰੀਨ ਟ੍ਰਿਬਿਊਨਲ ਵਿੱਚ ਆਉਣ ਲਈ ਕੋਈ ਅਯੋਗ ਨਹੀਂ ਬਣਾ ਦਿੰਦਾ। ਹਾਂ ਜੇਕਰ ਕੋਈ ਅਜਿਹਾ ਕੇਸ ਆ ਜਾਵੇ, ਜਿਸ ਵਿੱਚ ਤੁਸੀਂ ਵਾਤਾਵਰਨ ਮਨਜ਼ੂਰੀ ਦੇਣ ਵਿੱਚ ਸ਼ਾਮਲ ਸੀ ਤਾਂ ਉਸ ਕੇਸ ਨਾਲੋਂ ਆਪਣੇ-ਆਪ ਨੂੰ ਵੱਖ ਕੀਤਾ ਜਾ ਸਕਦਾ ਹੈ।'

ਇੱਕ ਹੋਰ ਸਾਬਕਾ ਮੈਂਬਰ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਕਿਹਾ, 'ਬਤੌਰ ਸਰਕਾਰੀ ਅਫ਼ਸਰ ਅਸੀਂ ਕੋਈ ਨਿੱਜੀ ਫੈਸਲੇ ਨਹੀਂ ਲੈਂਦੇ ਅਤੇ ਕੋਸ਼ਿਸ਼ ਕਰਦੇ ਹਾਂ ਕਿ ਵੱਖਰੇ ਰੋਲ ਵਿੱਚ ਅਸੀਂ ਉਦਾਸੀਨਤਾ ਨਾਲ ਕੰਮ ਕਰਦੇ ਹਾਂ। ਜੇਕਰ ਪਹਿਲਾਂ ਕਿਸੇ ਕੇਸ ਵਿੱਚ ਤੁਹਾਡੀ ਸ਼ਮੂਲੀਅਤ ਰਹੀ ਹੈ ਤਾਂ ਤੁਸੀਂ ਉਸ ਕੇਸ ਵਿੱਚੋਂ ਵੱਖ ਹੋ ਸਕਦੇ ਹੋ।' ਵਿਜੇ ਸ਼ਰਮਾ ਪਿਛਲੇ ਸਾਲ ਚੱਲ ਵਸੇ, ਪਰ ਉਪਰ ਵਰਨਣ ਕੀਤੇ ਮੈਂਬਰਾਂ ਨੇ ਉਹਨਾਂ ਦੀ ਰਾਇ ਲੈਣ ਲਈ ਕੀਤੀਆਂ ਬੇਨਤੀਆਂ 'ਤੇ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕੀਤੀ।

ਸੀਨੀਅਰ ਐਡਵੋਕੇਟ ਰਾਜੀਵ ਧਵਨ ਕਹਿੰਦੇ ਹਨ, 'ਸਰਕਾਰੀ ਅਫਸਰਾਂ ਦਾ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਕੋਈ ਸਥਾਨ ਨਹੀਂ ਹੈ। ਪੇਸ਼ੇਵਰ ਮਾਹਿਰ ਵੀ ਸਿਵਲ ਸੁਸਾਇਟੀ ਵਿੱਚੋਂ ਲਏ ਜਾਣ। ਸਰਕਾਰੀ ਅਫਸਰਾਂ ਨੂੰ ਕੌਮੀ ਗਰੀਨ ਟ੍ਰਿਬਿਊਨਲ ਵਿੱਚ ਨਿਯੁਕਤ ਕਰਨਾ ਸਿੱਧਾ ਹਿੱਤਾਂ ਦਾ ਟਕਰਾਅ ਹੈ ਅਤੇ ਇਹ ਕੁਦਰਤੀ ਇਨਸਾਫ਼ ਦੇ ਖਿਲਾਫ਼ ਹੈ।'

ਇੱਕ ਹੋਰ ਸੀਨੀਅਰ ਐਡਵੋਕੇਟ ਰਾਜ ਪੰਜਵਾਨੀ ਦੀ ਰਾਇ ਹੈ, 'ਪੇਸ਼ੇਵਰ ਮਾਹਿਰਾਂ ਦਾ ਸਾਰੇ ਖੇਤਰੀ ਵਿਸ਼ਿਆਂ 'ਤੇ ਕੰਟਰੋਲ ਹੋਣਾ ਚਾਹੀਦਾ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਿਸੇ ਅਫ਼ਸਰ ਕੋਲ ਜੰਗਲ ਨੂੰ ਮਾਪਣ ਦੀ ਜਾਂ ਕੋਸਟਲ ਰੈਗੂਲੇਸ਼ਨ ਜ਼ੋਨ ਦੀ ਮਨਜ਼ੂਰੀ ਦੇਣ ਦੀ ਯੋਗਤਾ ਨਹੀਂ ਹੋ ਸਕਦੀ। ਇਸੇ ਤਰ੍ਹਾਂ ਇੱਕ ਜੰਗਲਾਤ ਅਫ਼ਸਰ ਹਵਾ ਪ੍ਰਦੂਸ਼ਣ ਦੇ ਮਾਮਲੇ ਵਿੱਚ ਕੋਰਾ ਹੁੰਦਾ ਹੈ। ਕੌਮੀ ਗਰੀਨ ਟ੍ਰਿਬਿਊਨਲ ਕੋਲ ਵੱਖਰੇ-ਵੱਖਰੇ ਪੇਸ਼ੇਵਰ ਮਾਹਿਰਾਂ ਦਾ ਪੂਰਾ ਹੋਣਾ ਚਾਹੀਦਾ ਹੈ ਅਤੇ ਇਹਨਾਂ ਮਾਹਿਰਾਂ ਦੇ ਆਧਾਰ 'ਤੇ ਹੀ ਅਪੀਲਾਂ ਸੁਣੀਆਂ ਜਾਣੀਆਂ ਚਾਹੀਦੀਆਂ ਹਨ।'

ਭਾਰਤ ਸਰਕਾਰ ਸੁਪਰੀਮ ਕੋਰਟ ਨਾਲ ਸਲਾਹ ਕਰਕੇ ਕੌਮੀ ਗਰੀਨ ਟ੍ਰਿਬਿਊਨਲ ਦਾ ਚੇਅਰਮੈਨ ਲਗਾਉਂਦੀ ਹੈ, ਪਰ ਜੁਡੀਸ਼ਲ ਅਤੇ ਮਾਹਿਰ ਮੈਂਬਰ ਇੱਕ ਸਿਲੈਕਸ਼ਨ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਨਿਯੁਕਤ ਕੀਤੇ ਜਾਂਦੇ ਹਨ। ਸਾਲ 2011 ਵਿੱਚ ਬਣੀ ਪਹਿਲੀ ਸਿਲੈਕਸ਼ਨ ਕਮੇਟੀ ਵਿੱਚ ਚੀਫ਼ ਜਸਟਿਸ ਵੱਲੋਂ ਨਿਰਧਾਰਤ ਇੱਕ ਸੁਪਰੀਮ ਕੋਰਟ ਦਾ ਜੱਜ, ਕੌਮੀ ਗਰੀਨ ਟ੍ਰਿਬਿਊਨਲ ਦਾ ਚੇਅਰਮੈਨ, ਵਾਤਾਵਰਨ ਮੰਤਰਾਲੇ ਦਾ ਸੈਕਟਰੀ, ਆਈ ਆਈ ਟੀ ਕਾਨਪੁਰ ਅਤੇ ਆਈ ਆਈ ਐੱਮ ਅਹਿਮਦਾਬਾਦ ਦੇ ਡਾਇਰੈਕਟਰ ਅਤੇ ਸੈਂਟਰ ਫਾਰ ਪਾਲਿਸੀ ਰਿਸਰਚ, ਨਵੀਂ ਦਿੱਲੀ ਦੇ ਪ੍ਰਧਾਨ ਸ਼ਾਮਲ ਸਨ, ਪਰ ਸਾਲ 2021 ਵਿੱਚ ਟ੍ਰਿਬਿਊਨਲ ਰਿਫਾਰਮਜ਼ ਐਕਟ ਰਾਹੀਂ ਸਿਲੈਕਸ਼ਨ ਕਮੇਟੀ ਵਿੱਚ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜਾਂ ਉਹਨਾਂ ਵੱਲੋਂ ਮਨੋਨੀਤ ਜੱਜ, ਭਾਰਤ ਸਰਕਾਰ ਦੇ ਦੋ ਸਕੱਤਰ ਪੱਧਰ ਦੇ ਅਧਿਕਾਰੀ, ਕੌਮੀ ਗਰੀਨ ਟ੍ਰਿਬਿਊਨਲ ਦੇ ਚੇਅਰਮੈਨ ਅਤੇ ਵਾਤਾਵਰਨ ਮਹਿਕਮੇ ਦੇ ਸਕੱਤਰ ਸ਼ਾਮਲ ਹਨ।

***(ਇਸ ਤਰ੍ਹਾਂ ਇਸ ਸਿਲੈਕਸ਼ਨ ਕਮੇਟੀ ਵਿੱਚ ਸਰਕਾਰੀ ਨੁਮਾਇੰਦੇ ਭਾਰੂ ਹੈਸੀਅਤ ਰੱਖਦੇ ਹਨ-ਅਨੁਵਾਦਕ)***


***ਸੰਪਰਕ-98728-44163***


# ਨਿਆਂਪਸੰਦ ਕਾਰਕੁਨਾਂ ਦੀ ਜ਼ੁਬਾਨਬੰਦੀ ਦਾ ਸੰਦ ਕਰੂਰ ਤਸੀਹੇ


ਬੂਟਾ ਸਿੰਘ ਮਹਿਮੂਦਪੁਰ


*ਸਾਡੇ ਤਾਂ ਡੀ ਐੱਨ ਏ ਵਿਚ ਲੋਕਤੰਤਰ ਹੈ', ਭਾਰਤੀ ਹਾਕਮਾਂ ਦਾ ਇਹ ਦਾਅਵਾ ਕਿੰਨਾ ਕੁ ਸੱਚ ਹੈ? ਕੀ ਉਹ ਰਾਜ ਲੋਕਤੰਤਰ ਕਹਾ ਸਕਦਾ ਹੈ, ਜੋ ਮਹਿਜ਼ ਸੱਤਾ ਨੂੰ ਸਵਾਲ ਕਰਨ ਦੇ ਮੁੱਢਲੇ ਜਮਹੂਰੀ ਹੱਕ ਨੂੰ ਕਰੂਰ ਤਸੀਹਿਆਂ ਰਾਹੀਂ ਕੁਚਲਣ ਵਾਲਾ ਗੁਨਾਹ ਸਮਝਦਾ ਹੋਵੇ? ਇਹ ਟਿੱਪਣੀ ਅਜਿਹੇ ਕੁਝ ਮਹੱਤਵਪੂਰਨ ਸਵਾਲ ਉਠਾਉਂਦੀ ਹੈ।*

ਦਿੱਲੀ ਪੁਲਸ ਦਾ ਸਪੈਸ਼ਲ ਸੈੱਲ ਹਕੂਮਤ ਦੇ ਇਸ਼ਾਰੇ 'ਤੇ ਬੇਕਸੂਰ ਮੁਸਲਮਾਨਾਂ ਅਤੇ ਲੋਕਪੱਖੀ ਸੋਚ ਵਾਲੇ ਇਨਸਾਫ਼ਪਸੰਦ ਕਾਰਕੁਨਾਂ ਨੂੰ ਗ਼ੈਰਕਾਨੂੰਨੀ ਤੌਰ 'ਤੇ ਅਗਵਾ ਕਰਕੇ ਤਸੀਹੇ ਦੇਣ ਅਤੇ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹੀਂ ਡੱਕਣ ਲਈ ਬੇਹੱਦ ਬਦਨਾਮ ਹੈ। ਇਸ ਵੱਲੋਂ ਇਕ ਵਾਰ ਫਿਰ ਨੌਜਵਾਨ ਲੜਕੇ-ਲੜਕੀਆਂ ਨੂੰ ਤਸੀਹੇ ਦਿੰਦਿਆਂ ਜ਼ੁਲਮ ਦੀਆਂ ਸਭ ਹੱਦਾਂ ਪਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਨੂੰ ਜੁਲਾਈ 2025 'ਚ ਵੀ ਇਸੇ ਤਰ੍ਹਾਂ ਅਗਵਾ ਕਰਕੇ 'ਨਿਊ ਫਰੈਂਡਜ਼ ਕਾਲੋਨੀ' ਨਾਂਅ ਦੇ ਗੁਪਤ ਤਸੀਹਾ ਕੇਂਦਰ ਵਿਚ ਰੱਖ ਕੇ ਤਸੀਹੇ ਦਿੱਤੇ ਗਏ ਸਨ ਅਤੇ ਦਿੱਲੀ ਛੱਡ ਦੇਣ ਦੀ ਧਮਕੀ ਦਿੱਤੀ ਗਈ ਸੀ। ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਜ਼ਹੀਨ ਮੁੰਡੇ-ਕੁੜੀਆਂ ਨੂੰ ਸਿਰਫ਼ ਇਸ ਲਈ ਅਗਵਾ ਕਰਕੇ ਖ਼ਤਰਨਾਕ ਮੁਜਰਿਮਾਂ ਵਾਂਗ ਤਸੀਹੇ ਦਿੱਤੇ ਗਏ ਹੋਣ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਹਿਸ਼ਤਜ਼ਦਾ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਛੱਡ ਕੇ ਘਰ ਬਿਠਾ ਲੈਣ ਲਈ ਮਜਬੂਰ ਕਰ ਦਿੱਤਾ ਗਿਆ ਹੋਵੇ, ਕਿਉਂਕਿ ਉਹ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਉਸ ਭਿਆਨਕਤਾ ਦੇ ਡੂੰਘੇ ਸਦਮੇ 'ਚੋਂ ਬਾਹਰ ਆਉਣ ਲਈ ਕਿੰਨਾ ਵਕਤ ਲੱਗਿਆ ਹੋਵੇਗਾ।

ਦਿੱਲੀ ਪੁਲਸ ਸਪੈਸ਼ਲ ਸੈੱਲ ਦਾ ਮੁੱਖ ਦਫ਼ਤਰ ਲੋਧੀ ਰੋਡ 'ਤੇ ਹੈ, ਜਿੱਥੋਂ ਪੁਲਸ ਦੀ ਇਹ ਵਿਸ਼ੇਸ਼ ਸ਼ਾਖਾ 'ਕਾਨੂੰਨੀ' ਤਰੀਕੇ ਨਾਲ ਕੰਮ ਕਰਦੀ ਹੈ ਜਾਂ ਆਮ ਪੁੱਛ-ਗਿੱਛ ਲਈ ਬੁਲਾਉਂਦੀ ਹੈ। ਦਿੱਲੀ ਪੁਲਸ ਦੁਆਰਾ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਏ ਜਾਂ ਗ੍ਰਿਫ਼ਤਾਰ ਕੀਤੇ ਲੋਕਾਂ ਨੂੰ ਜ਼ਿਬਾਹ ਕਰਕੇ ਮਨਮਰਜ਼ੀ ਦੇ ਇਕਬਾਲ ਕਰਾਉਣ, ਗ਼ੈਰਕਾਨੂੰਨੀ ਹਿਰਾਸਤ ਨੂੰ ਗੁਪਤ ਰੱਖ ਕੇ ਨਾਗਰਿਕਾਂ ਨੂੰ ਆਪਣੀ ਕਾਨੂੰਨੀ ਡਿਫੈਂਸ ਦੇ ਸੰਵਿਧਾਨਕ ਹੱਕਾਂ ਤੋਂ ਵਾਂਝਾ ਕਰਨ ਲਈ 'ਨਿਊ ਫਰੈਂਡਜ਼ ਕਾਲੋਨੀ' ਵਰਗੇ ਅਣਅਧਿਕਾਰਕ ਅੱਡੇ ਹਨ। ਇਹ ਭਾਰਤੀ ਰਾਜ ਵੱਲੋਂ ਬਣਾਏ ਉਹ ਗੁਪਤ ਤਸੀਹਾ ਕੇਂਦਰ ਹਨ, ਜਿੱਥੇ ਪੁਲਸ ਤੇ ਹੋਰ ਜਾਂਚ ਏਜੰਸੀਆਂ ਹਿਰਾਸਤ 'ਚ ਲਏ ਵਿਅਕਤੀ ਉੱਪਰ ਬੇਖ਼ੌਫ਼ ਹੋ ਕੇ ਜ਼ੁਲਮ ਕਰ ਸਕਦੀਆਂ ਹਨ। ਅਜਿਹੇ ਮਾਮਲਿਆਂ ਦੀ ਸੂਚੀ ਬਹੁਤ ਲੰਮੀ ਹੈ।

ਪਿਛਲੇ ਦਿਨੀਂ ਸਪੈਸ਼ਲ ਸੈੱਲ ਵੱਲੋਂ ਜਿਨ੍ਹਾਂ 10 ਨੌਜਵਾਨ ਮੁੰਡੇ-ਕੁੜੀਆਂ ਨੂੰ ਵੱਖ-ਵੱਖ ਥਾਵਾਂ ਤੋਂ ਅਗਵਾ ਕਰਨ ਤੋਂ ਬਾਅਦ 'ਨਿਊ ਫਰੈਂਡਜ਼ ਕਾਲੋਨੀ' ਵਾਲੇ ਤਸੀਹਾ ਕੇਂਦਰ ਵਿਚ ਰੱਖ ਕੇ ਬੇਕਿਰਕੀ ਨਾਲ ਸਰੀਰਕ, ਮਾਨਸਿਕ ਅਤੇ ਜਿਨਸੀ ਤਸੀਹੇ ਦਿੱਤੇ ਗਏ, ਉਹ ਸਾਰੇ ਜਨਤਕ ਜਮਹੂਰੀ ਜਥੇਬੰਦੀਆਂ, ਮਜ਼ਦੂਰ ਅਧਿਕਾਰ ਸੰਗਠਨ ਤੇ ਭਗਤ ਸਿੰਘ ਛਾਤਰ ਏਕਤਾ ਮੰਚ ਵਿਚ ਸਰਗਰਮ ਹਨ ਅਤੇ ਭਗਵਾਂ ਹਕੂਮਤ ਦੇ ਫਿਰਕੂ ਫਾਸ਼ੀਵਾਦ ਅਤੇ ਕਾਰਪੋਰੇਟ ਹਿਤੈਸ਼ੀ ਨੀਤੀਆਂ ਵਿਰੁੱਧ ਬੇਬਾਕੀ ਨਾਲ ਆਵਾਜ਼ ਉਠਾਉਂਦੇ ਹਨ। ਹਿਰਾਸਤ ਦੌਰਾਨ ਝੱਲੇ ਭਿਆਨਕ ਤਸੀਹਿਆਂ ਦੇ ਵਿਸਤਾਰੀ ਵੇਰਵੇ ਉਨ੍ਹਾਂ ਨੇ 23 ਮਾਰਚ ਨੂੰ ਸ਼ਾਮ ਨੂੰ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ) ਵੱਲੋਂ ਆਯੋਜਤ ਆਨਲਾਈਨ ਪਬਲਿਕ ਮੀਟਿੰਗ ਵਿਚ ਸ਼ਾਮਲ ਹੋ ਕੇ ਦਿੱਤੇ ਹਨ, ਜੋ ਸੰਖੇਪ ਵਿਚ ਇਸ ਤਰ੍ਹਾਂ ਹਨ :



ਪਿਛਲੇ ਸਾਲ ਜਦੋਂ ਜੂਨ ਜਾਂ ਜੁਲਾਈ ਮਹੀਨੇ ਦਿੱਲੀ ਤੋਂ ਪ੍ਰਕਾਸ਼ਤ ਕੀਤੇ ਜਾਂਦੇ ਆਨਲਾਈਨ ਇਨਕਲਾਬੀ ਰਸਾਲੇ 'ਨਜ਼ਰੀਆ' ਦੀ ਸੰਪਾਦਕ ਵੱਲਿਕਾ ਨਾਂਅ ਦੀ ਕਾਰਕੁਨ ਕੁੜੀ ਆਪਣੀ ਮਾਂ ਅਰਚਨਾ ਵਰਮਾ ਨਾਲ, ਜੋ ਕਿ ਦਿੱਲੀ ਸਰਕਾਰ ਵਿਚ ਉੱਚ ਅਹੁਦੇ 'ਤੇ ਕੰਮ ਕਰਦੀ ਨੌਕਰਸ਼ਾਹ ਹੈ, ਵਿਚਾਰਧਾਰਕ ਮੱਤਭੇਦਾਂ ਕਾਰਨ ਸੰਪਰਕ ਤੋੜ ਕੇ ਕਿਸੇ ਅਗਿਆਤ ਜਗ੍ਹਾ ਰਹਿਣ ਲੱਗੀ ਤਾਂ ਉਸ ਰਸੂਖ਼ਵਾਨ ਅਧਿਕਾਰੀ ਦੇ ਕਹਿਣ 'ਤੇ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ 8 ਮੁੰਡੇ-ਕੁੜੀਆਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਲੈ ਕੇ ਵੱਲਿਕਾ ਬਾਰੇ ਪੁੱਛਗਿੱਛ ਕਰਦਿਆਂ ਬੇਹੱਦ ਜਾਬਰ ਤਰੀਕੇ ਵਰਤੇ ਸਨ, ਹਾਲਾਂਕਿ ਉਨ੍ਹਾਂ ਵਿਰੁੱਧ ਕੋਈ ਕੇਸ ਨਹੀਂ ਸੀ, ਫਿਰ ਵੀ ਉਨ੍ਹਾਂ ਨੂੰ ਵੱਖ-ਵੱਖ ਸਮੇਂ 'ਤੇ ਚੁੱਕੇ ਜਾਣ ਕਾਰਨ 5 ਤੋਂ 10 ਦਿਨ ਤੱਕ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖ ਕੇ ਤਸੀਹੇ ਦਿੱਤੇ ਗਏ। ਮੁਸਲਮਾਨ ਪਿਛੋਕੜ ਵਾਲੇ ਐਡਵੋਕੇਟ ਏਹਤਮਾਮ ਨੂੰ ਫਿਰਕੂ ਗਾਲੀਗਲੋਚ ਕਰਕੇ ਅਪਮਾਨਿਤ ਕੀਤਾ ਗਿਆ ਅਤੇ ਉਸ ਦੇ ਚਿਹਰੇ 'ਤੇ ਕਾਲਾ ਕੱਪੜਾ ਬੰਨ੍ਹ ਕੇ ਨੰਗਾ ਕਰਕੇ ਬੁਰੀ ਤਰ੍ਹਾਂ ਕੁੱਟਿਆ ਗਿਆ। ਇੱਕ ਲੜਕੇ ਦਾ ਸਿਰ ਮਨੁੱਖੀ ਗੰਦ ਨਾਲ ਭਰੀ ਟਾਇਲਟ ਵਿੱਚ ਘੁਸੇੜ ਦਿੱਤਾ ਗਿਆ। ਕੁੜੀਆਂ ਦੇ ਚਿਹਰੇ 'ਤੇ ਵੀ ਕਾਲਾ ਕੱਪੜਾ ਬੰਨ੍ਹ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ। ਮਹਾਂਵਾਰੀ ਪੀਰੀਅਡ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੈਡ ਨਹੀਂ ਬਦਲਣ ਦਿੱਤਾ ਗਿਆ। ਮੁੰਡਿਆਂ ਨੂੰ ਉਨ੍ਹਾਂ ਦੀਆਂ ਔਰਤ ਸਾਥੀਆਂ ਦੇ ਸਾਹਮਣੇ ਨੰਗਾ ਕਰਕੇ ਲਿਆਂਦਾ ਗਿਆ। ਹਿਰਾਸਤ ਦੌਰਾਨ ਉਨ੍ਹਾਂ ਨੂੰ ਸੌਣ ਨਹੀਂ ਦਿੱਤਾ ਗਿਆ, ਸਾਰਿਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਧਮਕਾਅ ਕੇ ਇਹ ਮੰਨਣ ਲਈ ਮਜਬੂਰ ਕੀਤਾ ਗਿਆ ਕਿ ਉਹ 'ਦਿੱਲੀ ਦੇ ਅੰਦਰ ਕਦਮ ਨਹੀਂ ਰੱਖਣਗੇ'। ਇਸ ਤੋਂ ਬਾਅਦ ਜਦੋਂ ਵੱਲਿਕਾ ਨੇ ਖੁੱਲ੍ਹੀ ਚਿੱਠੀ ਲਿਖ ਕੇ ਆਪਣੀ ਨੌਕਰਸ਼ਾਹ ਮਾਂ ਦੀ ਜ਼ਿਹਨੀਅਤ ਅਤੇ ਪਿਛਾਖੜੀ ਵਿਚਾਰਾਂ ਦਾ ਪਰਦਾਫਾਸ਼ ਕਰਕੇ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਪਿੱਛੇ ਉਸ ਦੀ ਭੂਮਿਕਾ ਜੱਗ ਜ਼ਾਹਰ ਕੀਤੀ ਤਾਂ ਉਸ ਨੇ ਦਰਸਾਇਆ ਕਿ ਸੱਤਾ ਵਿਚ ਆਪਣੇ ਰਸੂਖ਼ ਦੇ ਜ਼ੋਰ ਨੌਕਰਸ਼ਾਹ ਕਿੰਨੇ ਜ਼ੁਲਮ ਕਰਵਾ ਸਕਦੇ ਹਨ।

ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਹੋਰ ਨਿਆਂਪਸੰਦਾਂ ਵੱਲੋਂ ਇਹ ਵਹਿਸ਼ੀਆਨਾ ਤਸ਼ੱਦਦ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਦੇ ਬਾਵਜੂਦ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਅਦਾਲਤਾਂ ਵੱਲੋਂ ਇਸ ਦਾ ਕੋਈ ਨੋਟਿਸ ਨਹੀਂ ਲਿਆ ਗਿਆ। ਸਰਕਾਰ ਅਤੇ ਸਟੇਟ ਦੀਆਂ ਹੋਰ ਸੰਸਥਾਵਾਂ ਵੱਲੋਂ ਅਜਿਹੀਆਂ ਲਾਕਾਨੂੰਨੀਆਂ ਕਰਨ ਵਾਲਿਆਂ ਨੂੰ ਸਜ਼ਾ ਤੋਂ ਛੋਟ ਅਤੇ ਹੋਰ ਤਰੀਕਿਆਂ ਨਾਲ ਰਾਜਕੀ ਪੁਸ਼ਤਪਨਾਹੀ ਹਿਰਾਸਤ ਵਿਚ ਤਸ਼ੱਦਦ ਨੂੰ ਹਕੂਮਤੀ ਦਹਿਸ਼ਤਵਾਦ ਦੇ ਸੰਦ ਵਜੋਂ ਵਰਤਣਾ ਬਾਕਾਇਦਾ ਨੀਤੀ ਤਹਿਤ ਹਨ।

ਅਸਹਿਮਤੀ ਨੂੰ ਕੁਚਲਣਾ ਮੌਜੂਦਾ ਫਾਸ਼ੀਵਾਦੀ ਸਰਕਾਰ ਦਾ ਸਾਫ਼-ਸਪੱਸ਼ਟ ਏਜੰਡਾ ਹੋਣ ਕਾਰਨ ਭਲਾ ਮੁਲਕ ਦੀ ਰਾਜਧਾਨੀ ਵਿਚ ਸੱਤਾ ਦੀਆਂ ਨੀਤੀਆਂ ਉੱਪਰ ਸਵਾਲ ਕਰਨ ਦਾ ਹੱਕ ਕਿਵੇਂ ਸੁਰੱਖਿਅਤ ਰਹਿ ਸਕਦਾ ਹੈ। ਜਿਹੜੀ ਹਕੂਮਤ ਜੇ ਐੱਨ ਯੂ ਸਮੇਤ ਮੁਲਕ ਦੀਆਂ ਕੇਂਦਰੀ ਯੂਨੀਵਰਸਿਟੀਆਂ ਵਿਚ ਸੱਤਾ ਨੂੰ ਸਵਾਲ ਕਰਨ ਵਾਲੇ ਵਿਦਿਆਰਥੀਆਂ ਨੂੰ ਬੇਕਿਰਕੀ ਨਾਲ ਕੁਚਲਣ ਦੇ ਰਾਹ 'ਤੇ ਚੱਲ ਰਹੀ ਹੋਵੇ, ਉਹ ਅਗਾਂਹਵਧੂ ਵਿਚਾਰਾਂ ਵਾਲੇ ਵਿਦਿਆਰਥੀ ਕਾਰਕੁਨਾਂ, ਖਾਸ ਕਰਕੇ ਮੁਸਲਮਾਨਾਂ, ਦਲਿਤਾਂ ਅਤੇ ਕੁੜੀਆਂ ਵੱਲੋਂ ਸਰਕਾਰ ਵਿਰੁੱਧ ਮੁੱਦੇ ਉਠਾਉਣ ਨੂੰ ਕਿਵੇਂ ਸਹਿਣ ਕਰ ਲਵੇਗੀ। ਇਹ ਕਾਰਕੁਨ 12 ਮਾਰਚ ਨੂੰ ਐਡਵੋਕੇਟ ਸੁਰਿੰਦਰ ਗਾਰਡਿੰਗ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ ਵੱਲੋਂ ਆਯੋਜਤ ਕੀਤੀ ਜਨਤਕ ਇਕੱਤਰਤਾ ਵਿਚ ਸ਼ਾਮਲ ਹੋਏ ਸਨ, ਜਿਸ ਨੂੰ ਪਿਛਲੇ 7 ਸਾਲ ਤੋਂ ਭੀਮਾ-ਕੋਰੇਗਾਓਂ ਦੇ ਝੂਠੇ ਸਾਜ਼ਿਸ਼ ਕੇਸ ਤਹਿਤ ਬਿਨਾਂ ਜ਼ਮਾਨਤ ਜੇਲ੍ਹ ਵਿਚ ਡੱਕਿਆ ਹੋਇਆ ਹੈ। 12 ਮਾਰਚ ਨੂੰ ਦੁਪਹਿਰ ਸਮੇਂ ਮਜ਼ਦੂਰ ਅਧਿਕਾਰ ਸੰਗਠਨ ਦੇ ਕਾਰਕੁਨ ਸ਼ਿਵ ਕੁਮਾਰ ਅਤੇ ਭਗਤ ਸਿੰਘ ਛਾਤਰ ਏਕਤਾ ਮੰਚ ਦੀ ਕਾਰਕੁਨ ਇਲਕੀਆ ਨੂੰ ਉਸ ਵਕਤ ਸਾਦੇ ਕੱਪੜਿਆਂ ਵਿੱਚ ਪੁਲਸ ਨੇ ਚੁੱਕ ਲਿਆ, ਜਦੋਂ ਉਹ ਦਿਆਲ ਸਿੰਘ ਕਾਲਜ ਤੋਂ ਵਾਪਸ ਆ ਰਹੇ ਸਨ, ਜਿੱਥੇ ਉਹ 23 ਮਾਰਚ ਤੋਂ 31 ਮਾਰਚ ਤੱਕ ਚਲਾਈ ਜਾਣ ਵਾਲੀ ਸਾਮਰਾਜਵਾਦ ਵਿਰੋਧੀ ਮੁਹਿੰਮ ਸੰਬੰਧੀ ਕੁਝ ਅਧਿਆਪਕਾਂ ਨਾਲ ਗੱਲ ਕਰਨ ਗਏ ਸਨ। ਸ਼ਿਵ ਕੁਮਾਰ ਅਤੇ ਉਸ ਦੀ ਸਾਥੀ ਕਾਰਕੁਨ ਨੌਦੀਪ ਕੌਰ ਨੂੰ 2020 ਦੇ ਕਿਸਾਨ ਅੰਦੋਲਨ ਦੌਰਾਨ ਵੀ ਕੁੰਡਲੀ-ਮਾਨੇਸਰ ਪੁਲਸ ਵੱਲੋਂ ਅਗਵਾ ਕਰਕੇ ਹਿਰਾਸਤ ਵਿਚ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ ਸਨ। ਹੁਣ ਜਦੋਂ ਉਨ੍ਹਾਂ ਦੇ ਲਾਪਤਾ ਹੋਣ ਦੀ ਜਾਣਕਾਰੀ ਉਨ੍ਹਾਂ ਦੇ ਦੋਸਤਾਂ ਨੂੰ ਮਿਲੀ, ਜੋ ਅਜਿਹੇ ਸੰਤਾਪ ਵਿੱਚੋਂ ਪਹਿਲਾਂ ਹੀ ਗੁਜ਼ਰ ਚੁੱਕੇ ਹਨ ਤਾਂ ਇਲਕੀਆ ਦੇ ਨਾਲ ਰਹਿ ਰਹੀ ਕੁੜੀ ਦ੍ਰਿਸ਼ਟੀ ਅਤੇ ਹੋਰ ਕਾਰਕੁਨ ਇਹ ਵਿਚਾਰ ਕਰਨ ਲਈ ਉਸ ਦੇ ਕਮਰੇ ਵਿਚ ਇਕੱਠੇ ਹੋਏ ਕਿ ਉਨ੍ਹਾਂ ਨੂੰ ਆਪਣੇ ਸਾਥੀਆਂ ਦਾ ਪਤਾ ਲਾਉਣ ਲਈ ਕੀ ਕਾਨੂੰਨੀ ਚਾਰਾਜੋਈ ਕਰਨੀ ਚਾਹੀਦੀ ਹੈ। ਇੱਥੇ ਸ਼ਾਮ ਦੇ 7 ਵਜੇ ਫਿਰ ਸਾਦੇ ਕੱਪੜਿਆਂ ਵਿੱਚ ਕਈ ਵਿਅਕਤੀ ਜ਼ਬਰਦਸਤੀ ਕਮਰੇ ਵਿੱਚ ਘੁਸ ਗਏ। ਸਭ ਤੋਂ ਪਹਿਲਾਂ ਉੱਥੇ ਬੈਠੇ ਸਾਰਿਆਂ ਦੇ ਸਾਰੇ ਫ਼ੋਨ, ਆਈਪੈਡ, ਲੈਪਟਾਪ ਖੋਹ ਲਏ ਗਏ। ਫਿਰ ਉੱਥੇ ਮੌਜੂਦ ਐਡਵੋਕੇਟ ਏਹਤਮਾਮ ਉਲ ਹੱਕ, ਰੁਦਰ ਵਿਕਰਮ ਰਾਏ, ਗੌਰਵ, ਅਕਸ਼ੈ ਅਤੇ ਅਵਿਨਾਸ਼ ਯਾਨੀ ਸਾਰੇ ਮੁੰਡਿਆਂ ਨੂੰ ਕੁੱਟਣ ਲੱਗੇ। ਇੱਥੇ ਵੀ ਏਹਤਮਾਮ ਨੂੰ ਉਨ੍ਹਾਂ ਨੇ 'ਮੁੱਲਾ' ਕਹਿ ਕੇ ਫਿਰਕੂ ਗਾਲ੍ਹਾਂ ਦਿੱਤੀਆਂ। ਫਿਰ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਗੱਡੀ ਵਿੱਚ ਭਰ ਕੇ ਨਿਊ ਫਰੈਂਡਜ਼ ਕਾਲੋਨੀ ਵਾਲੇ ਤਸੀਹਾ ਘਰ ਵਿੱਚ ਲੈ ਗਏ। ਲਕਸ਼ਿਤਾ ਅਤੇ ਇਲਕੀਆ ਦੀ ਰੂਮ ਪਾਰਟਨਰ ਦ੍ਰਿਸ਼ਟੀ ਨੂੰ ਪੁਲਸ ਟੀਮ ਨੇ ਕਮਰੇ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਘਪਲਿਆਂ-ਘੁਟਾਲਿਆਂ ਦੀ ਮਾਰ ਹੇਠ ਦੱਬਿਆ ਪਿਆ ਹੈ ਭਾਰਤ ਵਿਚਲਾ ਲੋਕਤੰਤਰ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਅਤੇ ਭ੍ਰਿਸ਼ਟਾਚਾਰ ਦਾ ਰਿਸ਼ਤਾ ਪਤਾ ਨਹੀਂ ਕਿੰਨੀਆਂ ਸਦੀਆਂ ਪੁਰਾਣਾ ਹੋਵੇਗਾ, ਪਰ ਸਾਡੇ ਸਮੇਂ ਵਿੱਚ ਇਹ ਏਦਾਂ ਦੀ ਬੁਲੰਦੀ ਅਤੇ ਲਗਾਤਾਰਤਾ ਦਾ ਨਮੂਨਾ ਪੇਸ਼ ਕਰਨ ਲੱਗ ਪਿਆ ਹੈ ਕਿ ਇਤਿਹਾਸ ਦੇ ਸਾਰੇ ਪ੍ਰਮਾਣ ਅਤੇ ਮਿਸਾਲਾਂ ਇਸ ਅੱਗੇ ਆਪਣੀ ਹਸਤੀ ਭੁੱਲ ਸਕਦੇ ਹਨ। ਕੋਈ ਦਿਨ ਇਹੋ ਜਿਹਾ ਨਹੀਂ ਲੰਘਦਾ, ਜਦੋਂ ਭਾਰਤ ਵਿੱਚ ਕਿਸੇ ਰਾਜ ਵੱਲੋਂ ਏਦਾਂ ਦੀ ਖਬਰ ਨਾ ਆਉਂਦੀ ਹੋਵੇ। ਬੀਤੇ ਕੁਝ ਦਿਨਾਂ ਵਿੱਚ ਹੀ ਚੰਡੀਗੜ੍ਹ, ਇਸ ਦੇ ਨਾਲ ਲੱਗਦੇ ਮੁਹਾਲੀ ਤੇ ਪੰਚਕੂਲਾ ਦੋ ਸ਼ਹਿਰਾਂ ਅਤੇ ਦੋਵੇਂ ਪਾਸੇ ਨਾਲ ਲੱਗਦੇ ਪੰਜਾਬ ਅਤੇ ਹਰਿਆਣਾ ਦੇ ਰਾਜਾਂ ਵਿੱਚ ਏਹੋ ਜਿਹੇ ਬਹੁਤ ਸਾਰੇ ਅਪਰਾਧਕ ਕੇਸ ਪਤਾ ਲੱਗੇ ਹਨ, ਜਿਨ੍ਹਾਂ ਨੂੰ ਵੇਖਿਆਂ ਜਾਪਦਾ ਹੈ ਕਿ ਚੰਡੀਗੜ੍ਹ, ਮੁਹਾਲੀ ਤੇ ਪੰਚਕੂਲਾ ਦੇ ਤਿੰਨੇ ਸ਼ਹਿਰ, ਜਿਨ੍ਹਾਂ ਨੂੰ 'ਟਰਾਈ ਸਿਟੀ' ਕਹਿ ਦਿੱਤਾ ਜਾਂਦਾ ਹੈ, ਅਪਰਾਧਾਂ ਦਾ ਗੜ੍ਹ ਬਣ ਗਏ ਹਨ। ਹਰਿਆਣੇ ਦੀ ਸਰਕਾਰ ਵੀ ਏਥੇ ਹੋਏ ਘਪਲਿਆਂ ਨਾਲ ਵਲੂੰਧਰੀ ਪਈ ਹੈ, ਚੰਡੀਗੜ੍ਹ ਦਾ ਪ੍ਰਸ਼ਾਸਨ ਵੀ ਅਤੇ ਬਚਿਆ ਪੰਜਾਬ ਰਾਜ ਵੀ ਨਹੀਂ ਰਹਿ ਸਕਿਆ, ਇਨ੍ਹਾਂ ਅਪਰਾਧਾਂ ਦੀ ਮਾਰ ਏਧਰ ਵੀ ਪਈ ਅਤੇ ਹਾਲੇ ਤੱਕ ਪੈਂਦੀ ਪਈ ਸੁਣੀ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਜਿੰਨੇ ਤੇ ਜਿੱਡੇ ਵੱਡੇ ਘਪਲੇ ਬਾਹਰ ਆਏ ਹਨ, ਉਹ ਵੱਖ-ਵੱਖ ਰੰਗ ਦੀਆਂ ਸਰਕਾਰਾਂ ਅਧੀਨ ਕਈ ਚਿਰਾਂ ਤੋਂ ਚੱਲਦੇ ਆਏ ਸੁਣੀਂਦੇ ਹਨ।

ਪਹਿਲਾਂ ਆਰਥਿਕ ਅਪਰਾਧਾਂ ਦੀ ਕਹਾਣੀ ਹੀ ਫੋਲਣ ਲੱਗੋ ਤਾਂ ਸਭ ਤੋਂ ਵੱਡਾ ਕਾਂਡ ਹਰਿਆਣਾ ਸਰਕਾਰ ਦੇ ਪੰਜ ਸੌ ਇਕਾਨਵੇਂ ਕਰੋੜ ਰੁਪਏ ਦਾ ਘਪਲਾ ਹੀ ਇੱਕ ਬੈਂਕ ਦੇ ਅਧਿਕਾਰੀਆਂ, ਸਾਬਕਾ ਅਧਿਕਾਰੀਆਂ ਤੇ ਉਨ੍ਹਾਂ ਨਾਲ ਮਿਲੇ ਹੋਏ ਠੱਗਾਂ ਦੀ ਲੰਮੀ ਧਾੜ ਤੱਕ ਜਾਂਦਾ ਹੈ। ਪਤਾ ਲੱਗਾ ਹੈ ਕਿ ਬੈਂਕ ਦੇ ਇੱਕ ਵੱਡੇ ਅਫਸਰ ਨੇ ਨੌਕਰੀ ਛੱਡ ਕੇ ਆਪਣਾ ਵੱਖਰਾ ਕਾਰੋਬਾਰ ਸ਼ੁਰੂ ਕੀਤਾ, ਜਿਹੜਾ ਅਸਲ ਵਿੱਚ ਸਿਰਫ ਠੱਗੀ ਦਾ ਧੰਦਾ ਸੀ ਅਤੇ ਇਸ ਵਿੱਚ ਉਸ ਬੈਂਕ ਦੇ ਮੌਜੂਦਾ ਅਫਸਰ ਵੀ ਉਸ ਨਾਲ ਮਿਲੇ ਹੋਏ ਸਨ ਤੇ ਬਾਹਰਲੇ ਕੁਝ ਕਾਰੋਬਾਰੀ ਵੀ। ਹਰਿਆਣੇ ਦੇ ਇੱਕ ਵੱਡੇ ਅਧਿਕਾਰੀ ਨੇ ਜਦੋਂ ਸਰਕਾਰ ਨੂੰ ਘਪਲੇ ਦਾ ਸੰਕੇਤ ਦੇ ਦਿੱਤਾ, ਇਹ ਕੁਝ ਓਦੋਂ ਪਿੱਛੋਂ ਵੀ ਹੁੰਦਾ ਰਿਹਾ ਤੇ ਕਿਸੇ ਨੇ ਰੋਕਿਆ ਨਹੀਂ। ਸਰਕਾਰ ਵੱਲੋਂ ਜਿਨ੍ਹਾਂ ਅਧਿਕਾਰੀਆਂ ਨੂੰ ਇਹ ਧੰਦਾ ਰੋਕਣਾ ਚਾਹੀਦਾ ਸੀ, ਉਹ ਆਪੋ ਵਿੱਚ ਅੱਖ ਮਿਲਾ ਕੇ ਆਪਣਾ ਹਿੱਸਾ ਖਰਾ ਕਰਨ ਲੱਗੇ ਰਹੇ ਤੇ ਸਰਕਾਰੀ ਪੈਸੇ ਨੂੰ ਸੰਨ੍ਹ ਲੱਗਦੀ ਰਹੀ ਸੀ। ਜਦੋਂ ਇਹ ਸਾਰਾ ਭੇਦ ਖੁੱਲ੍ਹਾ ਤਾਂ ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਨੇ ਆ ਕੇ ਫੜੋ-ਫੜਾਈ ਸ਼ੁਰੂ ਕੀਤੀ ਤੇ ਜਾਂਚ ਦੌਰਾਨ ਇਹ ਖੁਲਾਸਾ ਹੋ ਗਿਆ ਕਿ ਏਦਾਂ ਦਾ ਡੇਢ ਸੌ ਕਰੋੜ ਰੁਪਏ ਦਾ ਇੱਕ ਹੋਰ ਘੁਟਾਲਾ ਚੰਡੀਗੜ੍ਹ ਨਾਲ ਲੱਗਦੇ ਹਰਿਆਣਾ ਦੇ ਪ੍ਰਮੁੱਖ ਸ਼ਹਿਰ ਪੰਚਕੂਲਾ ਵਿੱਚ ਵੀ ਹੋਇਆ ਹੈ, ਜਿਸ ਵਿੱਚ ਬੈਂਕ ਭਾਵੇਂ ਕੋਈ ਹੋਰ ਵਰਤਿਆ ਗਿਆ ਹੈ, ਪਰ ਢੰਗ ਸਾਰਾ ਉਹੋ ਚੱਲਿਆ ਹੈ। ਅਜੇ ਇਸ ਮਾਮਲੇ ਦੀ ਗੂੰਜ ਪੈ ਰਹੀ ਸੀ ਕਿ ਚੰਡੀਗੜ੍ਹ ਪ੍ਰਸ਼ਾਸਨ ਦੀ ਡੇਢ ਸੌ ਕਰੋੜ ਰੁਪਏ ਤੋਂ ਵੱਧ ਦੇ ਘਪਲੇ ਦੀ ਗੱਲ ਨਿਕਲ ਆਈ, ਜਿਸ ਦੀ ਤੰਦ ਫਿਰ ਉਸੇ ਬੈਂਕ ਨਾਲ ਜੁੜ ਗਈ, ਜਿਸ ਵਿੱਚ ਹਰਿਆਣੇ ਵਾਲੀ ਸਰਕਾਰ ਦਾ ਪੰਜ ਸੌ ਇਕਾਨਵੇਂ ਕਰੋੜ ਰੁਪਏ ਦਾ ਘਪਲਾ ਇਸ ਤੋਂ ਪਹਿਲਾਂ ਜ਼ਾਹਰ ਹੋ ਚੁੱਕਾ ਸੀ। ਇਹਦੇ ਬਾਅਦ ਏਦਾਂ ਦੇ ਘਪਲੇ ਜ਼ਾਹਰ ਹੋਣ ਦੀ ਇੱਕ ਲੰਮੀ ਲੜੀ ਲੱਗ ਗਈ।

ਏਸੇ ਦੌਰਾਨ ਸਾਬਕਾ ਫੌਜੀਆਂ ਦੀ ਸਿਹਤ ਸਕੀਮ ਦਾ ਘਪਲਾ ਵੀ ਚੰਡੀਗੜ੍ਹ ਵਿੱਚ ਨਿਕਲ ਪਿਆ, ਜਿਸ ਵਿੱਚ ਕਈ ਏਦਾਂ ਦੇ ਲੋਕਾਂ ਦਾ ਇਲਾਜ ਕੀਤਾ ਦੱਸ ਕੇ ਪੈਸੇ ਡਕਾਰੇ ਜਾਂਦੇ ਰਹੇ, ਜਿਹੜੇ ਕਦੀ ਸੱਚਮੁੱਚ ਬਿਮਾਰ ਨਹੀਂ ਸਨ ਹੋਏ ਅਤੇ ਸਿਰਫ ਕਾਗਜ਼ਾਂ ਵਿੱਚ ਉਨ੍ਹਾਂ ਨੂੰ ਮਰੀਜ਼ ਬਣਾਇਆ ਗਿਆ ਸੀ। ਇੱਕ ਡਾਕਟਰ ਦੀ ਗ੍ਰਿਫਤਾਰੀ ਨਾਲ ਜਦੋਂ ਘਪਲਾ ਜ਼ਾਹਰ ਹੋਣਾ ਸ਼ੁਰੂ ਹੋਇਆ ਤਾਂ ਕੇਂਦਰੀ ਜਾਂਚ ਏਜੰਸੀ ਦੇ ਅਧਿਕਾਰੀ ਇਹ ਜਾਣ ਕੇ ਹੈਰਾਨ ਹੋਏ ਕਿ ਚੰਡੀਗੜ੍ਹ ਤੇ ਇਸ ਦੇ ਨਾਲ ਲੱਗਦੇ ਮੁਹਾਲੀ ਤੇ ਪੰਚਕੂਲਾ ਦੇ ਕਈ ਹਸਪਤਾਲਾਂ ਨੂੰ ਵੀਹ ਲੱਖ ਰੁਪਏ ਤੱਕ ਕਮਿਸ਼ਨ ਹਰ ਮਹੀਨੇ ਮਿਲਿਆ ਸੀ। ਸਿੱਧੀ ਜਿਹੀ ਗੱਲ ਇਹ ਹੈ ਕਿ ਵੀਹ ਲੱਖ ਰੁਪਏ ਕਮਿਸ਼ਨ ਕਿਸੇ ਹਸਪਤਾਲ ਨੂੰ ਸਿਰਫ ਉਹ ਲੋਕ ਦੇ ਸਕਦੇ ਸਨ, ਜਿਹੜੇ ਖੁਦ ਵੀ ਘੱਟੋ-ਘੱਟ ਵੀਹ ਲੱਖ ਰੁਪਏ ਖੁਦ ਹਰ ਹਸਪਤਾਲ ਦੇ ਨਕਲੀ ਮਰੀਜ਼ ਵਿਖਾ ਕੇ ਕਮਾਉਂਦੇ ਹੋਣਗੇ ਅਤੇ ਤਿੰਨਾਂ ਸ਼ਹਿਰਾਂ ਦੇ ਕੁੱਲ ਮਿਲਾ ਕੇ ਜੇ ਸੱਠ ਹਸਪਤਾਲ ਵੀ ਏਦਾਂ ਦੇ ਹੋਏ ਤਾਂ ਘਪਲਾ ਕਰਨ ਵਾਲੇ ਇਸ ਵਿੱਚੋਂ ਹਰ ਮਹੀਨੇ ਬਾਰਾਂ ਕਰੋੜ ਰੁਪਏ ਖੁਦ ਕਮਾ ਕੇ ਏਨੇ ਕੁ ਨੋਟ ਅੱਗੇ ਵੰਡਦੇ ਰਹੇ ਹੋਣਗੇ। ਇਹੋ ਜਿਹਾ ਇੱਕ ਘਪਲਾ ਕਈ ਸਾਲ ਪਹਿਲਾਂ ਪੰਜਾਬ ਵਿੱਚ ਨੰਗਾ ਹੋਇਆ ਤਾਂ ਓਦੋਂ ਇਹ ਭੇਦ ਖੁੱਲ੍ਹਾ ਸੀ ਕਿ ਫੌਜ ਦੇ ਕੁਝ ਅਫਸਰ ਵੀ ਇਸ ਘਪਲੇ ਵਿੱਚ ਮਿਲੇ ਹੋਏ ਸਨ ਅਤੇ ਕਈ ਨਿੱਜੀ ਹਸਪਤਾਲ ਚਲਾਉਣ ਵਾਲੇ ਡਾਕਟਰ ਵੀ ਗ੍ਰਿਫਤਾਰ ਕਰਨੇ ਪਏ ਸਨ। ਬਾਅਦ ਵਿੱਚ ਇਹ ਸਾਰੀ ਗੱਲ ਆਈ-ਗਈ ਹੋ ਗਈ ਤੇ ਨਤੀਜਾ ਕੀ ਨਿਕਲਿਆ, ਕਿਸੇ ਨੂੰ ਪਤਾ ਨਹੀਂ ਸੀ ਲੱਗਾ। ਇਸ ਦੌਰਾਨ ਜਦੋਂ ਇੱਕ ਲੈਬਾਰਟਰੀ ਦੀ ਜਾਂਚ ਵਿੱਚ ਓਥੇ ਏਦਾਂ ਦੇ ਕੇਸਾਂ ਦੀਆਂ ਬਹੁਤ ਸਾਰੀਆਂ ਫਾਈਲਾਂ ਮਿਲ ਗਈਆਂ ਤਾਂ ਜਾਂਚ ਕਰਨ ਵਾਲੇ ਵੀ ਇਹ ਜਾਣ ਕੇ ਹੈਰਾਨ ਹੋਏ ਕਿ ਗੱਲ ਇਕੱਲੇ ਚੰਡੀਗੜ੍ਹ ਜਾਂ ਹਰਿਆਣਾ ਅਤੇ ਪੰਜਾਬ ਤੱਕ ਸੀਮਤ ਨਹੀਂ, ਸਗੋਂ ਹਿਮਾਚਲ ਪ੍ਰਦੇਸ਼ ਅਤੇ ਕਈ ਹੋਰ ਰਾਜਾਂ ਤੱਕ ਇਹ ਗੰਦ ਫੈਲਿਆ ਪਿਆ ਹੈ। ਜਿਨ੍ਹਾਂ ਹਸਪਤਾਲਾਂ ਵਿੱਚ ਏਦਾਂ ਦੇ ਕੇਸਾਂ ਦੇ ਇਲਾਜ ਹੁੰਦਾ ਕਹਿ ਕੇ ਸਕੀਮਾਂ ਦੇ ਪੈਸੇ ਲਏ ਜਾਂਦੇ ਰਹੇ, ਉਨ੍ਹਾਂ ਵਿੱਚੋਂ ਕੁਝ ਏਹੋ ਜਿਹੇ ਸਨ, ਜਿਨ੍ਹਾਂ ਵਿੱਚ ਅਪਰੇਸ਼ਨ ਥੀਏਟਰ ਗਰੀਬ ਦੀ ਰਸੋਈ ਤੋਂ ਵੱਡਾ ਨਹੀਂ ਸੀ ਅਤੇ ਹਸਪਤਾਲਾਂ ਦੇ ਕਮਰੇ ਮੁਨਿਆਰੀ ਦੀਆਂ ਦੁਕਾਨਾਂ ਤੋਂ ਵੱਧ ਨਹੀਂ ਸੀ ਜਾਪਦੇ। ਮਸਾਂ ਇੱਕ ਜਾਂ ਦੋ ਕਮਰੇ ਪ੍ਰਬੰਧਕੀ ਜਾਂ ਦਫਤਰੀ ਕੰਮਾਂ ਲਈ ਅਤੇ ਤਿੰਨ-ਚਾਰ ਕਮਰੇ ਮਰੀਜ਼ਾਂ ਲਈ ਬਣਾ ਕੇ ਕਮਾਈ ਕਰਦੇ ਰਹੇ ਸਨ।

ਜਦੋਂ ਚੰਡੀਗੜ੍ਹ ਅਤੇ ਇਸ ਨਾਲ ਜੁੜੇ ਹੋਏ ਮੁਹਾਲੀ ਅਤੇ ਪੰਚਕੂਲਾ ਦੇ ਸ਼ਹਿਰਾਂ ਵਿੱਚ ਉੱਤੋੜਿੱਤੀ ਹੁੰਦੇ ਏਦਾਂ ਦੇ ਘਪਲਿਆਂ ਦੀ ਗੱਲ ਹਰ ਪਾਸੇ ਚੱਲ ਰਹੀ ਸੀ, ਰਾਜਸਥਾਨ ਤੋਂ ਇਹਦੇ ਤੋਂ ਥੋੜ੍ਹੀ ਵੱਖਰੀ ਤਰ੍ਹਾਂ ਦੇ ਘਪਲੇ ਬਾਰੇ ਖਬਰ ਆ ਗਈ। ਦੱਸਿਆ ਗਿਆ ਕਿ ਓਥੇ ਵੀ ਡਾਕਟਰਾਂ ਦੇ ਇੱਕ ਗਰੁੱਪ ਨੇ ਮਿਲ ਕੇ 'ਸਿਲੀਕੋਸਿਸ' ਨਾਂਅ ਦੀ ਬਿਮਾਰੀ ਦੇ ਇਲਾਜ ਬਹਾਨੇ ਉਸ ਰਾਜ ਦੀ ਸਰਕਾਰ ਤੋਂ ਕਰੋੜਾਂ ਰੁਪਏ ਕਮਾ ਲਏ ਤੇ ਪੈਸਾ ਉਨ੍ਹਾਂ ਮਰੀਜ਼ਾਂ ਦੇ ਨਾਂਅ ਉੱਤੇ ਸਰਕਾਰ ਤੋਂ ਲਿਆ, ਜਿਨ੍ਹਾਂ ਨੂੰ ਏਦਾਂ ਦੀ ਬਿਮਾਰੀ ਹੀ ਨਹੀਂ ਸੀ। ਪਤਾ ਲੱਗਾ ਕਿ ਸਿਲੀਕੋਸਿਸ ਨਾਂਅ ਦੀ ਇੱਕ ਗੰਭੀਰ ਬਿਮਾਰੀ ਹੁੰਦੀ ਹੈ, ਜਿਸ ਨਾਲ ਮਰੀਜ਼ ਦੇ ਫੇਫੜੇ ਪ੍ਰਭਾਵਤ ਹੁੰਦੇ ਹਨ। ਰਾਜਸਥਾਨ ਸਰਕਾਰ ਦੀ ਇੱਕ ਸਕੀਮ ਸੀ ਕਿ ਏਦਾਂ ਦੀ ਗੰਭੀਰ ਬਿਮਾਰੀ ਦੇ ਇਲਾਜ ਲਈ ਜਿਹੜਾ ਵੀ ਮਰੀਜ਼ ਆਵੇਗਾ, ਉਸ ਨੂੰ ਤਿੰਨ ਲੱਖ ਰੁਪਏ ਤੱਕ ਮਦਦ ਮਿਲ ਸਕਦੀ ਹੈ। ਡਾਕਟਰਾਂ ਦੇ ਇੱਕ ਗਰੁੱਪ ਨੇ ਨਕਲੀ ਮਰੀਜ਼ਾਂ ਦੇ ਨਾਂਅ ਉੱਤੇ ਬਿਮਾਰੀ ਦੀਆਂ ਫਾਈਲਾਂ ਬਣਾਈਆਂ ਤੇ ਰਾਜ ਸਰਕਾਰ ਦੇ ਅਧਿਕਾਰੀਆਂ ਨਾਲ ਮਿਲ ਕੇ ਉਨ੍ਹਾਂ ਪਿੱਛੇ ਤਿੰਨ-ਤਿੰਨ ਲੱਖ ਰੁਪਏ ਕਮਾ ਲਏ ਤੇ ਏਦਾਂ ਦੀਆਂ ਜਾਲ੍ਹੀ ਫਾਈਲਾਂ ਦੀ ਗਿਣਤੀ ਪੰਦਰਾਂ ਸੌ ਤੱਕ ਪਹੁੰਚ ਗਈ ਹੈ। ਇੱਕ ਕੇਸ ਲਈ ਤਿੰਨ ਲੱਖ ਰੁਪਏ ਮਿਲਦੇ ਹੋਣ ਤਾਂ ਇੱਕ ਸੌ ਕੇਸਾਂ ਦੇ ਤਿੰਨ ਕਰੋੜ ਬਣਨਗੇ ਤੇ ਪੰਦਰਾਂ ਸੌ ਕੇਸਾਂ ਦੇ ਪੰਜਤਾਲੀ ਕਰੋੜ ਰੁਪਏ ਬਣ ਜਾਣਗੇ। ਇਹ ਵੀ ਗੱਲ ਨਹੀਂ ਕਿ ਏਦਾਂ ਦੀ ਗੰਭੀਰ ਬਿਮਾਰੀ ਦੇ ਕੋਈ ਮਰੀਜ਼ ਇਨ੍ਹਾਂ ਡਾਕਟਰਾਂ ਕੋਲ ਨਹੀਂ ਸਨ ਆਏ, ਦੱਸਿਆ ਗਿਆ ਹੈ ਕਿ ਅਸਲੀ ਮਰੀਜ਼ ਵੀ ਬਹੁਤ ਸਾਰੇ ਆਉਂਦੇ ਰਹੇ, ਪਰ ਉਨ੍ਹਾਂ ਲਈ ਮਿਲੇ ਪੈਸੇ ਵਿੱਚੋਂ ਕਿਉਂਕਿ ਇਨ੍ਹਾਂ ਡਾਕਟਰਾਂ ਨੂੰ ਖੁਦ ਕਮਾਈ ਨਹੀਂ ਸੀ ਹੋ ਸਕਣੀ, ਇਸ ਕਾਰਨ ਉਨ੍ਹਾਂ ਨੂੰ ਇਲਾਜ ਤੋਂ ਨਾਂਹ ਕੀਤੀ ਜਾਂਦੀ ਰਹੀ ਅਤੇ ਨਕਲੀ ਨਾਵਾਂ ਨਾਲ ਸਰਕਾਰ ਤੋਂ ਰੁਪਏ ਕਮਾਉਣ ਦਾ ਗੰਦਾ ਧੰਦਾ ਬੇਸ਼ਰਮੀ ਨਾਲ ਪਤਾ ਨਹੀਂ ਕਿੰਨੇ ਚਿਰ ਤੋਂ ਚੱਲਦਾ ਰਿਹਾ ਸੀ, ਜਿਸ ਦਾ ਭੇਦ ਮਾਰਚ ਦੇ ਆਖਰੀ ਹਫਤੇ ਖੁੱਲ੍ਹਾ ਹੈ।

ਚੰਡੀਗੜ੍ਹ ਤੋਂ ਚੱਲੀ ਕਹਾਣੀ ਅੱਗੇ ਵਧਦੀ ਹੈ ਤਾਂ ਪਤਾ ਲੱਗਦਾ ਹੈ ਕਿ ਬੀਤੇ ਮਾਰਚ ਮਹੀਨੇ ਦਿੱਲੀ ਦੇ ਨਾਲ ਜੁੜਦੇ ਹਰਿਆਣੇ ਦੇ ਸ਼ਹਿਰ ਗੁਰੂਗ੍ਰਾਮ, ਜਿਸ ਦਾ ਪਹਿਲਾ ਨਾਂਅ ਗੁੜਗਾਉਂ ਹੁੰਦਾ ਸੀ, ਵਿੱਚ ਇੱਕ ਹਸਪਤਾਲ ਬਾਰੇ ਭੇਦ ਜ਼ਾਹਰ ਹੋਇਆ ਹੈ, ਜਿਹੜਾ ਹਸਪਤਾਲ ਹੀ ਨਹੀਂ ਸੀ, ਬਾਹਰ ਸਿਰਫ ਬੋਰਡ ਲਾਇਆ ਪਿਆ ਸੀ। ਉਸ ਵਿੱਚ ਨਕਲੀ ਡਾਕਟਰੀ ਸਰਟੀਫਿਕੇਟ ਜਾਰੀ ਕੀਤੇ ਜਾਂਦੇ ਸਨ, ਜਿਨ੍ਹਾਂ ਦੀ ਵਰਤੋਂ ਹਥਿਆਰਾਂ ਤੇ ਡਰਾਈਵਿੰਗ ਲਾਇਸੈਂਸ ਬਣਾਉਣ ਵਾਲੇ ਲੋੜਵੰਦ ਕਰਦੇ ਰਹੇ ਸਨ। ਅੱਜਕੱਲ੍ਹ ਕਾਨੂੰਨ ਵਿੱਚ ਇਹ ਮੱਦ ਜੋੜ ਦਿੱਤੀ ਗਈ ਹੈ ਕਿ ਹਥਿਆਰਾਂ ਦਾ ਲਾਇਸੈਂਸ ਨਵਾਂ ਜਾਰੀ ਕਰਨ ਜਾਂ ਪੁਰਾਣਾ ਰੀਨਿਊ ਕਰਾਉਣ ਲਈ ਇਹ ਸਰਟੀਫਿਕੇਟ ਚਾਹੀਦਾ ਹੈ ਕਿ ਸੰਬੰਧਤ ਵਿਅਕਤੀ ਕਿਸੇ ਤਰ੍ਹਾਂ ਦਾ ਕੋਈ ਨਸ਼ਾ ਨਾ ਕਰਦਾ ਹੋਵੇ। ਕਈ ਵਾਰ ਕੁਝ ਲੋਕਾਂ ਨੇ ਅਦਾਲਤ ਦੀ ਕਿਸੇ ਪੇਸ਼ੀ ਉੱਤੇ ਜਾਣ ਤੋਂ ਪਾਸਾ ਵੱਟਣਾ ਹੋਵੇ ਤਾਂ ਇਹੋ ਜਿਹਾ ਡਾਕਟਰੀ ਸਰਟੀਫਿਕੇਟ ਓਥੇ ਵੀ ਵਰਤਿਆ ਜਾਣਾ ਆਮ ਜਿਹੀ ਗੱਲ ਬਣ ਗਈ ਹੈ। ਇਹ ਧੰਦਾ ਵੀ ਏਥੇ ਚੱਲਦਾ ਸੀ।

ਗੁੜਗਾਉਂ ਤਾਂ ਗੁਆਂਢ ਹਰਿਆਣੇ ਦਾ ਸ਼ਹਿਰ ਹੋਇਆ, ਛੱਤੀਸਗੜ੍ਹ ਰਾਜ ਵਿੱਚ ਚਾਲੀ ਏਦਾਂ ਦੇ ਮੈਡੀਕਲ ਕਾਲਜਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਡਾਕਟਰੀ ਕੋਰਸ ਕਰਾਏ ਤੋਂ ਬਗੈਰ ਹੀ ਪੈਸੇ ਲੈ ਕੇ ਡਾਕਟਰੀ ਦੀ ਡਿਗਰੀ ਵੇਚੀ ਜਾਂਦੀ ਸੀ। ਇਸ ਸਾਰੇ ਘਪਲੇ ਦਾ ਮੁੱਖ ਸਾਜ਼ਿਸ਼ ਕਰਤਾ ਇੱਕ ਧਾਰਮਿਕ ਪੁਰਸ਼ ਦੱਸਿਆ ਗਿਆ ਹੈ ਅਤੇ ਇਸ ਦੀ ਲਪੇਟ ਵਿੱਚ ਰਾਜ ਦੇ ਸਿਹਤ ਮੰਤਰਾਲੇ ਤੱਕ ਦੇ ਕੁਝ ਅਧਿਕਾਰੀ ਵੀ ਫਸਦੇ ਦੱਸੇ ਜਾ ਰਹੇ ਹਨ।

ਓਧਰ ਗੁਜਰਾਤ ਦੀ ਗੱਲ ਇਸ ਕਹਾਣੀ ਨੂੰ ਹੋਰ ਚੋਖਾ ਅੱਗੇ ਵਧਾ ਦੇਂਦੀ ਹੈ, ਜਿੱਥੇ ਇੱਕ ਸਕੀਮ ਹੈ ਕਿ ਦਿਲ ਦੀ ਬਿਮਾਰੀ ਦੇ ਮਰੀਜ਼ ਨੂੰ ਸਟੰਟ ਪਾਉਣਾ ਹੋਵੇ ਤਾਂ ਰਾਜ ਸਰਕਾਰ ਉਸ ਦਾ ਖਰਚ ਦੇਂਦੀ ਹੈ। ਪਤਾ ਲੱਗਾ ਹੈ ਕਿ ਜਾਮਨਗਰ ਦੇ ਇੱਕ ਡਾਕਟਰ ਨੇ ਇਸ ਦਾ ਪੈਸਾ ਕਮਾਉਣ ਵਾਸਤੇ ਇੱਕ ਸੌ ਪੰਜ ਚੰਗੇ-ਭਲੇ ਲੋਕਾਂ ਨੂੰ ਦਿਲ ਦੀ ਬਿਮਾਰੀ ਵਾਲੇ ਆਖ ਕੇ ਉਨ੍ਹਾਂ ਦੇ ਸਟੰਟ ਪਾ ਦਿੱਤਾ ਅਤੇ ਇਸ ਵਿੱਚੋਂ ਪੈਸਾ ਕਮਾ ਲਿਆ, ਜਿਹੜਾ ਛੇ ਕਰੋੜ ਰੁਪਏ ਤੋਂ ਵੱਧ ਬਣਿਆ ਹੈ।

ਉੱਤਰ ਪ੍ਰਦੇਸ਼ ਵਿੱਚ ਯੋਗੀ ਬਾਬਾ ਮੁੱਖ ਮੰਤਰੀ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਉਹ ਭ੍ਰਿਸ਼ਟਾਚਾਰ ਖਤਮ ਕਰਨ ਲਈ ਪੂਰੇ ਜ਼ੋਰ ਨਾਲ ਲੱਗਾ ਪਿਆ ਹੈ। ਓਥੇ ਵੀ ਹਰਿਆਣੇ, ਰਾਜਸਥਾਨ, ਚੰਡੀਗੜ੍ਹ, ਗੁਜਰਾਤ ਜਾਂ ਕਿਸੇ ਹੋਰ ਰਾਜ ਨਾਲ ਠੱਗੀ-ਠੋਰੀ ਵਿੱਚ ਮੁਕਾਬਲੇ ਪੱਖੋਂ ਕੋਈ ਕਸਰ ਨਹੀਂ ਰਹੀ ਲੱਗਦੀ। ਖਬਰ ਆਈ ਹੈ ਕਿ ਓਥੇ ਮਰੀਜ਼ਾਂ ਦਾ ਮੁਫਤ ਇਲਾਜ ਕਰਨ ਬਹਾਨੇ ਕਈ ਕਰੋੜ ਰੁਪਏ ਤੱਕ ਦਾ ਘਪਲਾ ਹੋ ਗਿਆ ਹੈ। ਇਸ ਘਪਲੇ ਵਿੱਚ ਉਨਤਾਲੀ ਹਸਪਤਾਲਾਂ ਦੇ ਪ੍ਰਬੰਧਕ ਸ਼ਾਮਲ ਸਨ ਤੇ ਜਿਨ੍ਹਾਂ ਬਿਨਾਂ ਬਿਮਾਰ ਹੋਏ ਜਾਲ੍ਹੀ ਮਰੀਜ਼ਾਂ ਦਾ ਇਲਾਜ ਕੀਤਾ ਦੱਸਿਆ ਹੈ, ਉਨ੍ਹਾਂ ਦੀ ਗਿਣਤੀ ਛੇ ਹਜ਼ਾਰ ਤੋਂ ਟੱਪਦੀ ਹੈ। ਏਦਾਂ ਦੇ ਘਪਲੇ ਓਥੋਂ ਦੇ ਸਿਹਤ ਮੰਤਰਾਲੇ ਦੇ ਉੱਚ ਅਫਸਰਾਂ ਨੂੰ ਨਾਲ ਮਿਲੇ ਬਿਨਾਂ ਕੋਈ ਨਹੀਂ ਕਰ ਸਕਦਾ ਅਤੇ ਮੰਤਰਾਲਾ ਕੋਈ ਵੀ ਹੋਵੇ, ਰਾਜ ਸਰਕਾਰ ਦੀ ਸਿੱਧੀ ਨਿਗਰਾਨੀ ਹੇਠ ਚੱਲਦਾ ਹੈ ਤੇ ਉਸ ਮੰਤਰਾਲੇ ਦਾ ਮੁਖੀ ਬਿਨਾਂ ਪੂਰੀ ਸੋਚ-ਵਿਚਾਰ ਤੋਂ ਨਿਯੁਕਤ ਨਹੀਂ ਕੀਤਾ ਜਾ ਸਕਦਾ। ਫਿਰ ਵੀ ਠੱਗੀ ਚੱਲਦੀ ਰਹਿੰਦੀ ਹੈ।

ਕੀ ਇਸ ਤੋਂ ਇਹ ਨਹੀਂ ਜਾਪਦਾ ਕਿ ਭਾਰਤ ਦੀ ਕੋਈ ਵੀ ਨੁੱਕਰ ਕਦੇ ਫੋਲ ਲਈ ਜਾਵੇ, ਸਮੁੱਚੇ ਦੇਸ਼ ਵਿੱਚ ਇਹੋ ਜਿਹੇ ਘਪਲੇਬਾਜ਼ਾਂ ਦਾ ਦਬਦਬਾ ਹੈ ਅਤੇ ਸਰਕਾਰੀ ਏਜੰਸੀਆਂ ਉਨ੍ਹਾਂ ਮੂਹਰੇ ਨਿਤਾਣੀਆਂ ਸਾਬਤ ਹੁੰਦੀਆਂ ਹਨ! ਜਿਸ ਦੇਸ਼ ਵਿੱਚ ਕੌਮੀ ਪੱਧਰ ਉੱਤੇ ਵੀ ਅਤੇ ਰਾਜਾਂ ਦੇ ਪੱਧਰ ਉੱਤੇ ਵੀ ਇੱਟ ਪੁੱਟਿਆਂ ਨਹੀਂ, ਇੱਟ ਪੁੱਟਣ ਬਗੈਰ ਏਡੇ ਘਪਲੇ ਅਤੇ ਘੁਟਾਲੇ ਨਿਕਲਦੇ ਰਹਿੰਦੇ ਹੋਣ, ਉਸ ਦੇ ਲੋਕਾਂ ਦਾ ਭਵਿੱਖ ਕਿੱਦਾਂ ਦਾ ਹੋਵੇਗਾ ਅਤੇ ਉਸ ਲੋਕਤੰਤਰ ਦਾ ਕਿੱਦਾਂ ਦਾ!

# ਅਹੀਰਾਂ ਦਾ ਪੁਰ : ਪੁਰ ਹੀਰਾਂ

ਪਿੰਡ ਵਸਿਆ-71

ਵਿਜੇ ਬੰਬੇਲੀ

ਪਿੰਡ ਪੁਰ ਹੀਰਾਂ ਕਦੇ ਹੁਸ਼ਿਆਰਪੁਰ ਦੀ ਧੁਰੀ ਤੋਂ 3 ਮੀਲ ਪਰ੍ਹਾਂ ਦੱਖਣੀ-ਪੱਛਮੀ ਗੁੱਠ ਵਿੱਚ ਵਸਦਾ ਸੀ, ਉਦੋਂ ਤੋਂ ਜਦੋਂ ਅਜੇ ਹੁਸ਼ਿਆਰਪੁਰ ਦੀ ਨੀਂਹ ਵੀ ਨਹੀਂ ਸੀ ਰੱਖੀ ਗਈ। ਸਮਾਂ ਪਾ ਹੁਸ਼ਿਆਰਪੁਰ ਤਾਂ ਨਿੱਕੜੀ ਜਿਹੀ ਵਪਾਰਕ ਬਸਤੀ ਤੋਂ ਸ਼ਹਿਰ ਬਣ ਗਿਆ, ਪਰ ਧੜਵੈਲ ਬਜਵਾੜੇ ਦੇ ਪੈਰਾਂ ਵਿਚਲਾ ਉੱਘਾ ਪਿੰਡ ਹੋਣ ਦੇ ਬਾਵਜੂਦ ਪੁਰ ਹੀਰਾਂ ਪਿੰਡ ਹੀ ਰਿਹਾ। ਪਹਿਲਾਂ ਇਸ ਦੇ ਹੁਸ਼ਿਆਰਪੁਰ ਵੱਲ ਪਸਰੇ ਪੈਰਾਂ ਨੂੰ ਹੁਸ਼ਿਆਰਪੁਰ ਨੇ ਨਿਗਲਿਆ, ਫਿਰ ਇਸ ਦਾ ਸਿਰ ਹੁਸ਼ਿਆਰਪੁਰ ਦੇ ਵੱਜਦੇ ਚੰਡੀਗੜ੍ਹ, ਫਗਵਾੜਾ ਅਤੇ ਜਲੰਧਰ ਦੇ ਤ੍ਰੀਸਤਿਆਂ-ਚੌਰਸਤਿਆਂ ਨੂੰ ਮੇਲਦੇ ਬਾਈਪਾਸ ਨੇ ਲਾਹ ਦਿੱਤਾ, "ਮੁੱਕੇ ਦੂਰ-ਦੁਰੇਡੇ ਪੈਂਡੇ, ਹੁਣ ਨਾ ਪੈੜਾਂ ਠਹਿਰਦੀਆਂ। ਪੁਰ ਹੀਰਾਂ ਵਿੱਚੋਂ ਹੋ ਕੇ ਲੰਘਣ ਬੱਸਾਂ ਦਿੱਲੀ ਸ਼ਹਿਰ ਦੀਆਂ। (ਇੱਕਵਿੰਦਰ ਢੱਟ)"। ਹੁਸ਼ਿਆਰਪੁਰ ਨੇ ਇਸ ਨੂੰ ਆਪਣੀ ਅਗਲ-ਵੰਢੀ ਵਿੱਚ ਲੈ ਕੇ ਪੰਚਾਇਤੀ ਪਿੰਡ ਦੀ ਬਜਾਏ ਮਿਉਂਸਪਲ ਦੀ ਵਿੰਗ-ਤੜਿੰਗੀ ਬਸਤੀ ਦਾ ਰੂਪ ਧਰਾ ਦਿੱਤਾ ਹੈ। ਸਿੱਟਾ; ਇਸ ਦੇ, ਰਹਿੰਦੇ-ਖੂੰਹਦੇ ਜ਼ਰਖੇਜ਼ ਖੇਤਾਂ ਵਿੱਚ ਹਰਿਆਈ ਨ੍ਹੀਂ ਕੰਕਰੀਟ ਉੱਗਦੀ ਹੈ। ਪਿੰਡ ਅਤੇ ਅਰਧ-ਸ਼ਹਿਰੀ ਦੀ ਰਲਗੱਡ ਹੋਣੀ ਹੰਢਾਅ ਰਹੇ ਇਸ ਦੀ ਪੇਂਡੂ ਜੀਵਨ-ਜਾਚ ਤੇਜ਼ੀ ਨਾਲ ਖੁਰ ਰਹੀ ਹੈ। ਅੱਜ ਇਹ ਪਿੰਡ ਤੋਂ ਉੱਘੜ-ਦੁੱਘੜਾ ਕਸਬਾ ਜਿਹਾ ਬਣ ਗਿਆ ਹੈ, ਕੱਲ-ਕਲੋਤਰ ਨੂੰ ਘਣਾ ਸ਼ਹਿਰ ਬਣ ਜਾਵੇਗਾ। ਇਸ ਦੀਆਂ ਪੂਰਬ-ਗਾਥਾਵਾਂ ਅਤੇ ਪੁਰਾਣੀਆਂ ਪੇਂਡੂ ਪਰੰਪਰਾਵਾਂ ਵੀ ਇਤਿਹਾਸ ਵਿਚ ਦਫਨ ਹੋ ਜਾਣਗੀਆਂ। ਅਫਸੋਸ! ਇਹ ਗਾਥਾ ਪੰਜਾਬ, ਜਿਹੜਾ ਪਿੰਡਾਂ ਦਾ ਸਮੂਹ ਹੈ, ਦੀ ਭਾਵੁਕ ਹੋਣੀ ਦੀ ਕਨਸੋਅ ਹੈ।

ਇਤਿਹਾਸ-ਮਿਥਿਹਾਸ ਅਨੁਸਾਰ, "ਪੁਰ ਹੀਰਾਂ, ਜਿਹੜਾ ਦਿੱਲੀ ਵੱਲੋਂ ਹਾਲਾਤ ਦੇ ਧੱਕਿਆਂ, ਆਏ ਅਹੀਰ ਗੋਤ ਦੇ ਖੋਖਰ ਕੁਨਬੇ ਵੱਲੋਂ ਕਿਸੇ ਕਾਰਨ ਨੇਸਤੋਨਬੂਦ ਹੋ ਚੁੱਕੇ ਇੱਕ ਪੁਰਾਤਨ ਖੇੜੇ ਦੇ ਥੇਹ ਉੱਪਰ ਡੇਰਾ ਲਾ ਬੈਠਣ ਬਦੌਲਤ 14ਵੀਂ ਸਦੀ ਵਿੱਚ ਮੁੜ ਆਬਾਦ ਹੋਇਆ ਸੀ।" ਜਿਹੜਾ ਵਸਦਾ-ਉੱਜੜਦਾ-ਮੁੜ ਵੱਸਦਾ ਰਿਹਾ। "ਅਹੀਰਾਂ ਦੇ ਪੁਰ" ਤੋਂ ਹੀ ਵਿਗੜਦਾ-ਸੰਵਰਦਾ ਇਸ ਦਾ ਨਾਂਅ "ਪੁਰ ਹੀਰਾਂ" ਪੱਕ-ਪਕਾਅ ਗਿਆ। ਕਈ ਇਸ ਨੂੰ "ਹੀਰਾਂ ਦਾ ਪੁਰ" ਵੀ ਆਖ ਦਿੰਦੇ ਸਨ/ਹਨ। ਸਰਕਾਰੀ ਦਸਤਾਵੇਜ਼ਾਂ ਵਿੱਚ ਇਸ ਦਾ ਨਾਂਅ "ਪੁਰ ਹੀਰਾਂ" ਹੀ ਹੈ। ਇੱਕ ਮਿੱਥ ਇਹ ਵੀ ਹੈ ਕਿ ਇੱਥੇ ਵਾਕਿਆ ਥੇਹ ਉੱਤੇ ਇਸ ਦੀ ਮੁੜ ਮੋੜ੍ਹੀ "ਹੀਰ ਜੱਟਾਂ" ਨੇ ਗੱਡੀ ਸੀ। ਹੀਰ ਗੋਤਰ ਬਾਰੇ ਪੁਖਤਾ ਜਾਣਕਾਰੀ ਮੈਨੂੰ ਨਹੀਂ ਥਿਆਈ। ਹੋ ਸਕਦਾ "ਅਹੀਰ ਕੁਨਬਾ", ਜਿਹੜਾ ਇੱਕ ਮਥਰਾ-ਬਿੰਦਰਾਬਨ ਤਰਫ ਦਾ ਹਿੰਦੂ ਜਾਤੀ ਪਸ਼ੂ ਪਾਲਕ ਜਾਤ ਸਮੂਹ ਸੀ/ਹੈ ਦਾ ਕੋਈ ਜੁੱਟ, ਕਿਸੇ ਕਾਰਨ, ਇੱਥੇ ਆ ਟਿਕਿਆ ਹੋਵੇ ਤੇ ਮਗਰੋਂ ਉਹੀ "ਹੀਰ" ਆਖਿਆ ਜਾਣ ਲੱਗ ਪਿਆ ਹੋਵੇ। ਪ੍ਰਵਾਸ ਦਾ ਇਹ ਕਥਨ ਇਸ ਲਈ ਵੀ ਸੱਚ ਜਾਪਦਾ ਹੈ ਕਿ ਕਰੀਬ ਉਦੋਂ ਕੁ ਹੀ ਇਥੇ ਆਉਣ ਵਾਲੇ ਪੁਰਾਤਨ ਬ੍ਰਾਹਮਣਾਂ, ਖਾਸ ਕਰਕੇ ਵਿਸ਼ਸ਼ਟ ਗੋਤਰੀਆਂ ਨੂੰ ਅਜੇ ਤੱਕ ਪੂਰਬੀਏ ਬ੍ਰਾਹਮਣ ਆਖਿਆ ਜਾਂਦਾ ਹੈ। ਅਹੀਰਾਂ (ਹੀਰਾਂ) ਦੀ ਉਧਰਲੀ ਪਿੱਠਭੂਮੀ ਹੋਣ ਕਾਰਨ "ਪੁਰ ਹੀਰੀਏ" ਹੁਣ ਤੱਕ ਹਿੰਦੂ ਸਰੋਕਾਰਾਂ ਨਾਲ ਮੋਹਮੱਤਾ ਰਿਸ਼ਤਾ ਰੱਖਦੇ ਹਨ। ਪੰਜਾਬ ਦੇ ਦਲਿਤ ਭਾਈਚਾਰੇ ਵਿੱਚ ਵੀ ਹੀਰ ਗੋਤੀਏ ਹਨ। ਹੁਸ਼ਿਆਰਪੁਰ ਦੇ ਹੀਰ ਦਲਿਤਾਂ ਦੇ ਜਠੇਰੇ ਨੇੜਲੇ ਬਾਹੋਵਾਲ ਵਿੱਚ ਅਤੇ ਹੀਰ ਜੱਟਾਂ ਦੇ ਬਠੁੱਲਾ (ਬੜੀ ਬਸੀ) ਵਿਖੇ ਹਨ। ਹੀਰ ਜੱਟ ਆਪਣੇ-ਆਪ ਨੂੰ ਭੁੱਲਰ, ਮਾਨ ਅਤੇ ਹੇਰ (ਹੈਅਰ) ਜੱਟਾਂ, ਜੋ ਆਪਣੀ ਪਿੱਠਭੂਮੀ ਸ਼ਿਵ ਅਤੇ ਕ੍ਰਿਸ਼ਨ ਭਗਵਾਨ ਨਾਲ ਜੋੜਦੇ ਹਨ, ਦੇ ਨੇੜੂ ਦੱਸਦੇ ਹਨ। ਕਿਤੇ ਇਹ ਹੇਰ (ਅਹੀਰ) ਹੀ "ਹੀਰ", ਜੋ ਸਮੇਂ ਨੇਤ ਇਥੇ ਆ ਵਸੇ, ਤਾਂ ਨਹੀਂ?

ਬਜ਼ੁਰਗ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਗਵਾਲੇ ਪੁਰਖੇ ਜਲਗਾਹਾਂ-ਚਰਾਂਦਾਂ ਦੀ ਭਾਲ 'ਚ ਖੋਖਰ ਦੀ ਅਗਵਾਈ ਵਿੱਚ ਇਥੇ ਆਏ ਸਨ। ਅਖੇ! "ਖੋਖਰ ਦੇ ਸੱਤ ਪੁੱਤਰ ਸਨ, ਜਿਹਨਾਂ ਵਿੱਚੋਂ ਤਾਰਾ ਬੇਹੱਦ ਉੱਘਾ ਹੋਇਆ। ਮਗਰੋਂ; ਇਹਨਾਂ ਸੱਤਾਂ ਨੂੰ ਪਿੰਡ ਦੁਆਲੇ ਸੱਤ ਕੁਰੇ, ਭੌਂਇ ਟੁਕੜੇ ਵੰਡੇ ਗਏ। ਸੱਤਾਂ ਨੇ ਹੀ ਜਲ-ਲੋੜਾਂ ਲਈ ਆਪੋ-ਆਪਣੇ ਟੋਭੇ ਪੁੱਟੇ। ਮਸ਼ਹੂਰ ਤੇ ਵੱਡਾ ਟੋਭਾ ਚੜ੍ਹਦੀ ਬਾਹੀਂ ਬਜਵਾੜਾ-ਸ਼ੇਰਪੁਰ ਦੀ ਹੱਦਬੰਦੀ 'ਤੇ ਸੀ। ਟੋਭੇ ਦੀ ਖੁਦਾਈ-ਮਿੱਟੀ ਨਾਲ ਅਟਾਰੀ ਬੰਨ੍ਹੀ ਗਈ।" ਅਟਾਰੀ ਮਿੱਟੀ ਦੇ ਮਸਨੂਈ ਟਿੱਲੇ, ਜਿਸ ਨੂੰ ਉਦੋਂ ਨਿਗਰਾਨ ਚੌਂਕੀ ਕਿਹਾ ਜਾਂਦਾ ਸੀ, ਨੂੰ ਆਖਦੇ ਸਨ। ਜਿਸ ਉੱਤੇ ਹਾਲਤਾਂ ਮੁਜਬ ਕੱਚੀ-ਪੱਕਾ ਮੋਰਚਾ ਵੀ ਬੰਨ੍ਹਿਆ ਜਾਂਦਾ। ਫਿਰ ਇਸ ਅਟਾਰੀ ਲਾਗੇ ਮੁਸਲਿਮ ਜੁਲਾਹਿਆਂ ਦੀ ਘਣੀ ਵਸੋਂ ਹੋ ਗਈ, ਜੋ "ਸੱਦੋਵਾਲ" ਅਖਵਾਈ। ਇਧਰਲੇ ਖੇਤ ਸਮੂਹਾਂ ਨੂੰ ਜਿੱਥੇ ਅੰਜੀਰਾਂ ਦਾ, ਮਸ਼ਹੂਰ, ਘਣਾ ਬੇਲਾ ਸੀ ਅਜੇ ਵੀ "ਸੱਦੋਵਾਲ" ਤਰਫ ਦਾ ਹਾਰ ਕਿਹਾ ਜਾਂਦਾ ਹੈ। ਵੈਸੇ ਪੁਰ ਹੀਰਾਂ ਪੌਨਾਂ ਗੰਨੇ ਦੀ ਖੇਤੀ ਵਜੋਂ ਵੀ ਉੱਘਾ ਸੀ, "ਪੁਰ ਹੀਰਾਂ ਦੀਆਂ ਤਿੰਨ ਅਕਸੀਰਾਂ: ਗੁੜ-ਸ਼ੱਕਰ ਅਤੇ ਅੰਜੀਰਾਂ।"

ਇਸ ਵਸੇਬ 'ਤੇ ਕਦੇ ਮੁਗਲਾਂ ਕਬਜ਼ਾ ਕੀਤਾ, ਫੇਰ ਬਜਵਾੜਾ ਗਿਰਦ ਦੇ ਪਠਾਣਾਂ ਨੇ, ਮਗਰੋਂ ਸਿੱਖ ਮਿਸਲਚੀਆਂ ਨੇ। ਇਸ ਦੇ ਪੱਕੇ ਪੈਰ ਮਾ. ਰਣਜੀਤ ਸਿੰਘ ਦੇ ਰਾਜ ਵੇਲੇ ਲੱਗੇ, ਜਦ ਇੱਥੇ ਉਸ ਦੇ ਇੱਕ ਸਿਪਾਹਸਲਾਰ ਗੁਰਮੁੱਖ ਸਿੰਘ ਖੱਤਰੀ ਨੇ ਕੱਚੀ-ਪੱਕੀ ਗੜ੍ਹੀ ਤਾਮੀਰ ਕਰਾ ਕੇ ਆਪਣਾ ਸਦਰ ਮੁਕੱਰਰ ਕੀਤਾ। ਇਸ ਕਿਲ੍ਹੇ ਦੇ ਨਿਸ਼ਾਨ ਅੱਜ ਵੀ ਕਿਸੇ-ਨਾ-ਕਿਸੇ ਰੂਪ ਵਿੱਚ ਨਜ਼ਰੀਂ ਪੈਂਦੇ ਹਨ। ਦੱਸਿਆ ਗਿਆ, "ਇਹ ਵਸੇਬ ਬਜਵਾੜੇ ਦਾ ਹੀ ਇੱਕ ਹਿੱਸਾ ਸੀ। ਪ੍ਰਾਚੀਨ ਨਗਰ ਬਜਵਾੜੇ ਵਾਂਗ ਇਸ ਪਿੰਡ ਦੇ ਵੱਡ-ਅਕਾਰੀ ਖੋਲਿਆਂ ਵਿੱਚ ਪੁਰਾਤਨ ਮੂਰਤੀਆਂ ਅਤੇ ਗੁੰਮਟ-ਮੱਟ ਵਗੈਰਾ ਨਿਕਲਦੇ ਰਹੇ ਸਨ/ਹਨ।" ਹੁਣ ਵੀ ਪਿੰਡ ਵਿੱਚ ਕੁੱਝ ਹਿੰਦੂ-ਮੁਸਲਿਮਾਂ ਦੀਆਂ ਪ੍ਰਾਚੀਨ ਮਜ਼ਾਰ/ਸਮਾਧਾਂ ਹਨ, ਪਰ ਜ਼ਿਆਦਾ ਤਾਮੀਰ ਅਤੇ ਮਾਨਤਾ ਸਥਾਨ ਜ਼ਾਹਰ ਪੀਰ (ਗੁਰਦੁਆਰਾ ਜ਼ਾਹਰਾ ਹਜ਼ੂਰ) ਦੀ ਹੋਈ, ਜਿਸ ਬਾਰੇ ਪ੍ਰਚੱਲਤ ਹੈ ਕਿ ਕਰਤਾਰਪੁਰ/ਗਰਨਾ ਸਾਹਿਬ-ਕੀਰਤਪੁਰ ਦੀ ਫੇਰੀ ਦੌਰਾਨ ਗੁਰੂ ਹਰਗੋਬਿੰਦ ਜੀ ਦੀ ਇਸ ਸਥਾਨ 'ਤੇ ਸੰਵਾਦ-ਫੇਰੀ ਪਈ ਸੀ। ਬਜ਼ੁਰਗਵਾਰ ਦੱਸਦੇ ਹਨ ਕਿ ਇੱਥੇ ਅੰਬਾਂ ਦੀ ਬੇਹੱਦ ਘਣੀ ਅਤੇ ਮਕਬੂਲ ਝਿੜੀ ਸੀ। ਹੁਣ ਦੇਸੀ ਅੰਬਾਂ ਦੀ ਬਜਾਏ ਇਧਰ ਦੁਸਹਿਰੀ ਹਨ, "ਅੰਬ ਦੁਸਹਿਰੀ ਚੂਪਣ ਆਇਓ ਪੁਰ ਹੀਰਾਂ। ਇਕਵਿੰਦਰ ਘਰ ਹੀ ਹੋਵੇਗਾ, ਬਰਸਾਤਾਂ ਵਿੱਚ।"

ਇੱਥੇ ਇੱਕ ਸਦੀਆਂ ਪੁਰਾਣਾ ਠਾਕਰ ਦੁਆਰਾ, ਵੈਸ਼ਨਵ ਮੱਤ ਹੈ। ਜਿਸ ਨੂੰ ਸੰਤ ਧੰਨਾ ਰਾਮ, ਅਹੀਰ ਜੱਟ ਦਾ ਠਾਕਰ ਦੁਆਰਾ ਵੀ ਆਖਿਆ ਜਾਂਦਾ ਸੀ ਅਤੇ ਹੁਣ ਲਕਸ਼ਮੀ ਨਰਾਇਣ ਮੰਦਰ। ਪੁਸਤਕ "ਮੁਗਲ ਰਾਜ ਦੇ ਪਤਨ ਉਪਰੰਤ ਪੰਜਾਬ" ਵਿੱਚ ਇਸ ਦੁਆਰੇ ਅਤੇ ਖੇੜੇ ਦਾ ਜ਼ਿਕਰ ਇਉਂ ਹੈ, "ਕੁੱਝ ਹੋਰ ਵੈਸ਼ਨਵ ਕੇਂਦਰ ਜਿਹਨਾਂ ਨੂੰ ਕਰ ਮੁਕਤ (ਧਰਮ ਅਰਥ) ਜ਼ਮੀਨ ਦਿੱਤੀ ਗਈ, ਉਹ ਹਨ : ਅੰਮ੍ਰਿਤਸਰ ਵਿੱਚ ਛਤਰ ਦਾਸ ਬੈਰਾਗੀ ਤੇ ਆਤਮਾ ਰਾਮ ਦਾ ਦੁਆਰਾ, ਤਲਵੰਡੀ ਵਿੱਚ ਸਹਿਜ ਰਾਮ ਵੱਲੋਂ ਸਥਾਪਤ ਸਥੱਲ, ਕਸੂਰ ਦਾ ਠਾਕਰ ਦੁਆਰਾ ਹਰੀਹਰ, ਸਿਆਲਕੋਟ ਵਿੱਚ ਬਦੋਕੇ ਅਤੇ ਹੁਸ਼ਿਆਰਪੁਰ ਵਿੱਚ ਪਰੀਹਰਨ (ਪੁਰ ਹੀਰਾਂ)।" ਗੌਲਣਯੋਗ ਗੱਲ ਇਹ ਕਿ ਹੋਰਾਂ ਵਾਂਗ ਪੁਰ ਹੀਰਾਂ ਦੇ ਠਾਕਰ ਦੁਆਰੇ ਨੂੰ ਵੀ ਮੁਸਲਿਮਾਂ, ਮੁਗਲਾਂ, ਬਜਵਾੜੀਏ ਪਠਾਣਾਂ ਅਤੇ ਮਗਰੋਂ ਸਿੱਖਾਂ ਨੇ ਧਰਮ-ਅਰਥ ਇਮਦਾਦ ਜਾਂ ਟੈਕਸ ਰਿਆਇਤਾਂ ਜਾਰੀ ਰੱਖੀਆਂ। ਹਾਂ; ਬਜਵਾੜਾ, ਜੋ ਇਧਰਲੇ ਪਠਾਣਾਂ ਦਾ ਸਦਰ-ਮੁਕਾਮ ਅਤੇ ਉੱਘੀ ਪਹਾੜੀ ਤੇ ਮੈਦਾਨੀ ਮੰਡੀ ਸੀ ਤੋਂ ਲਾਹੌਰ ਨੂੰ, ਵਰਾਸਤਾ ਜਲੰਧਰ, ਜਾਂਦਾ ਘੋੜ-ਪੈਹਾ ਜਿਹੜਾ ਪੁਰ ਹੀਰਾਂ ਦੇ ਹਾਰਾਂ ਵਿੱਚੀਂ ਲੰਘਦਾ ਸੀ, ਸਮਾਂ ਪਾ ਇਹ ਮਾਰਗ ਪਸ਼ੂਆਂ ਅਤੇ ਗੱਡਿਆਂ ਦੇ ਘਾਸਿਆਂ ਨਾਲ ਨੀਵਾਂ ਹੋ ਤੇ ਰੁੜ-ਖੁਰ ਜਲ ਵਹਿਣ, ਚੋਈ, ਜਿਹੜੀ ਹੁਣ ਵੀ ਹੈ, ਦਾ ਰੂਪ ਅਖਤਿਆਰ ਕਰ ਗਿਆ। ਇਸ ਕਿਨਾਰੇ ਕਿਸਾਨਾਂ ਅਤੇ ਵਪਾਰੀਆਂ ਨੇ ਆਪੋ-ਆਪਣੀਆਂ ਜਲ-ਲੋੜਾਂ ਲਈ ਬਾਉਲੀਆਂ-ਖੂਹ ਵਗੈਰਾ ਤਾਮੀਰ ਕਰ ਲਏ ਸਨ, ਜਿਹਨਾਂ ਦੇ ਚਿੰਨ੍ਹ-ਖੰਡਰਾਤ ਅਜੇ ਵੀ, ਕਿਤੇ-ਕਿਤੇ, ਕਿਸੇ ਨਾ ਕਿਸੇ ਰੂਪ ਵਿੱਚ ਮਿਲਦੇ ਹਨ।

ਜੰਗਿ-ਏ-ਆਜ਼ਾਦੀ ਦੀ ਤਵਾਰੀਖ ਵਿੱਚ ਵੀ ਪੁਰ ਹੀਰਾਂ ਦਾ ਨਾਂਅ ਬੋਲਦਾ ਹੈ। ਜਿੱਥੇ ਇੱਥੋਂ ਦੇ ਖੱਤਰੀਆਂ ਦਾ ਜਾਇਆ ਦਾ ਕੂਕਾ ਮਾਨ ਸਿੰਘ ਪੁੱਤਰ ਭਾਗੂ ਖੱਤਰੀ ਨਾਮਧਾਰੀ ਲਹਿਰ (1960-62) ਦਾ ਵਿਸ਼ੇਸ਼ ਕਾਰਕੁੰਨ ਬਣ ਬ੍ਰਿਟਿਸ਼ ਸਾਮਰਾਜ ਵਿਰੁੱਧ ਬੁਲੰਦ ਜੂਝਿਆ, ਉਥੇ ਸਵਦੇਸ਼ੀ ਅਤੇ ਨਾ-ਮਿਲਵਰਤਨ ਲਹਿਰ ਵੇਲੇ ਈਸ਼ਰ ਦਾਸ ਨੇ ਪੌਣਾ ਵਰ੍ਹਾ ਸਖ਼ਤ ਕੈਦ ਕੱਟੀ। ਹਾਂ; ਸਾਨੂੰ ਪੁਰ ਹੀਰਾਂ ਦੇ ਨਿਮਨ ਕਿਸਾਨ ਸ਼ੇਰ ਸਿੰਘ ਦੇ ਫਰਜ਼ੰਦ ਜੈ ਹਿੰਦੀਏ ਭਾਗ ਸਿੰਘ ਵੱਲੋਂ ਆਜ਼ਾਦ ਹਿੰਦ ਫੌਜ ਵਿੱਚ ਆਹਲਾ ਵਤਨ ਦੀ ਬੰਦ ਖਲਾਸੀ ਲਈ ਨਿਭਾਈ ਭੂਮਿਕਾ ਕਾਰਨ ਝੱਲੇ ਤਸੀਹੇ ਅਤੇ ਕੁੱਝ ਮਹੀਨੇ ਦੀ ਤਨਹਾਈ-ਕੈਦ ਵੀ ਚੇਤੇ ਰੱਖਣੀ ਚਾਹੀਦੀ ਹੈ। 'ਆਜ਼ਾਦੀ' ਆਈ, ਪਰ ਇਸ ਦੀ ਬਹੁਤ ਹੀ ਕਰੂਰ ਕੀਮਤ ਬੰਗਾਲ ਅਤੇ ਪੰਜਾਬ ਨੂੰ ਚੁਕਾਉਣੀ ਪਈ। ਪੁਰ ਹੀਰਾਂ ਨਾਲ ਵੀ ਖਰੀ ਨਹੀਂ ਹੋਈ। ਪੁਰ ਹੀਰਾਂ ਨੂੰ ਆਪਣੇ ਵੱਖ-ਵੱਖ ਕ੍ਰਿਤ ਸਮੂਹਾਂ ਅਤੇ ਇਬਾਦਤੀ ਤੇ ਦਾਰਸ਼ਨਿਕ ਮੁਸਲਿਮ ਹਮਸਾਇਆਂ ਨੂੰ ਬੇਹੱਦ ਭਰੇ ਮਨ ਨਾਲ ਪਰਾਈ ਧਰਤੀ ਨੂੰ ਤੋਰਨਾ ਪਿਆ। ਕਹਿੰਦੇ, ਉਹਨੀਂ ਦਿਨੀਂ ਪੁਰ ਹੀਰਾਂ ਵਾਲਿਆਂ ਨੇ ਕਈ ਦਿਨ ਚੱਜ ਨਾਲ ਚੁੱਲ੍ਹਾ ਨਹੀਂ ਸੀ ਤਾਇਆ।

ਮੋਬਾ. 94634-39075

# ਕੋਈ ਅਗਲਾ ਵਰਕਾ ਫੋਲ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-60

ਸੁਰਜੀਤ ਸੁਮਨ

ਸਾਡੀ ਜੁਡੀਸ਼ਰੀ, ਸਿਵਲ ਤੇ ਪੁਲਿਸ ਪ੍ਰਸ਼ਾਸਨ ਵਿੱਚ ਵੀ ਬਹੁਤੀਆਂ ਐਸੀਆਂ ਸ਼ਖ਼ਸੀਅਤਾਂ ਹਨ, ਜੋ ਸਾਹਿਤ ਰਸੀਆ ਹਨ। ਮੈਂ ਸੁਣ ਰਿਹਾ ਹਾਂ, ਇੱਕ ਅਜਿਹੀ ਹੀ ਮਾਣਯੋਗ ਸ਼ਖ਼ਸੀਅਤ ਸਟੇਜ ਤੋਂ ਸੰਬੋਧਨ ਕਰ ਰਹੀ ਹੈ, 'ਮੁਆਫ ਕਰਨਾ, ਇੱਥੇ ਬੈਠੇ ਕੋਈ ਗੁੱਸਾ ਨਾ ਕਰਿਓ। ਮੈਂ ਬੜੀ ਜ਼ਿੰਮੇਵਾਰੀ ਨਾਲ਼ ਕਹਿ ਰਿਹਾ ਹਾਂ, ਬਹੁਤੇ ਸਾਹਿਤਕਾਰ ਸੱਚ ਦੇ ਨੇੜੇ-ਤੇੜੇ ਵੀ ਨਹੀਂ ਢੁੱਕਦੇ। ਲਿਖਦੇ ਕੁਝ ਹੋਰ ਨੇ, ਸਚਾਈ ਕੁਝ ਹੋਰ ਹੁੰਦੀ ਹੈ। ਬਹੁਤੇ ਸਾਰੀ ਉਮਰ ਕਲਪਨਾ ਵਿੱਚ ਹੀ ਜਿਉਂਦੇ ਨੇ।' ਸੋਚਦਾ ਹਾਂ, ਇਹਦੇ ਵਿੱਚ ਨਵੀਂ ਗੱਲ ਕਿਹੜੀ ਹੈ? ਮੈਂ ਇਸ ਕੰਨੋਂ ਸੁਣਦਾਂ ਤੇ ਦੂਜੇ ਕੰਨੋਂ ਕੱਢ ਦਿੰਦਾ ਹਾਂ। ਮੈਨੂੰ ਇਸ ਨਾਲ਼ ਬਹੁਤਾ ਫਰਕ ਨਹੀਂ ਪੈਂਦਾ, ਕਿਉਂਕਿ ਇਹ ਆਮ ਵਰਤਾਰਾ ਹੈ। ਮੈਂ ਬਹੁਤੇ ਮਿੱਤਰ ਜਾਂ ਅਮਿੱਤਰ ਸਾਹਿਤਕਾਰਾਂ ਦੀ ਇਸ ਸਚਾਈ ਤੋਂ ਭਲੀ-ਭਾਂਤ ਜਾਣੂੰ ਹਾਂ। ਆਪਣੀ ਜ਼ਿੰਦਗੀ ਵਿੱਚ ਨੌਕਰੀ ਦੌਰਾਨ ਮੈਂ ਸਮਾਜਿਕ, ਧਾਰਮਿਕ, ਪ੍ਰਸ਼ਾਸਨਿਕ ਤੇ ਬਹੁਤ ਸਾਰੀਆਂ ਰਾਜਨੀਤਿਕ ਸ਼ਖ਼ਸੀਅਤਾਂ ਨਾਲ਼ ਵਿਚਰਿਆ ਹਾਂ। ਹੁਣ ਮੈਂ ਸਾਹਿਤਕਾਰਾਂ ਤੇ ਸਾਹਿਤਕ ਨੇਤਾਵਾਂ ਦੀ ਨਵੀਂ-ਪੁਰਾਣੀ ਪੀੜ੍ਹੀ ਨਾਲ਼ ਵਿਚਰ ਰਿਹਾ ਹਾਂ। ਮੈਨੂੰ ਸਭ ਤੋਂ ਚਤੁਰ ਤੇ ਅੱਖ ਦੇ ਫੋਰ ਵਿੱਚ ਬਦਲ ਜਾਣ ਵਾਲ਼ੇ ਸਾਹਿਤਕ ਨੇਤਾ ਹੀ ਲੱਗੇ ਹਨ। ਉਕਤ ਜੁਡੀਸ਼ੀਅਲ ਅਧਿਕਾਰੀ ਵੱਲੋਂ ਇਨ੍ਹਾਂ ਪ੍ਰਤੀ ਆਪਣੇ ਮਨ ਦਾ ਪ੍ਰਗਟਾਵਾ, ਸ਼ਬਦ 'ਮੁਆਫ ਕਰਨਾ' ਨਾਲ਼ ਕੀਤਾ ਗਿਆ ਹੈ। ਪਰ ਮੈਂ ਇੰਝ ਨਹੀਂ ਕਰ ਰਿਹਾ।

'ਕੋਈ ਅਗਲਾ ਵਰਕਾ ਫੋਲ' ਨਾਟਕ ਖੇਡਣ ਲਈ ਨਾਟਕਕਾਰ ਡਾ. ਸਾਹਿਬ ਸਿੰਘ ਤਿਆਰ-ਬਰ-ਤਿਆਰ ਹੈ। ਚਿੱਟਾ-ਦੁੱਧ ਲਿਬਾਸ, ਹੱਥ ਵਿੱਚ ਲਾਲਟੈਣ। ਅਣਵੰਡੇ ਪੰਜਾਬ ਦੇ ਬਸ਼ੀਰੇ ਦੀ ਦਰਦ ਕਹਾਣੀ, ਸੰਤਾਲ਼ੀ ਦੇ ਉਜਾੜੇ ਤੇ ਕਤਲੋਗਾਰਤ ਨਾਲ਼ ਸ਼ੁਰੂ ਹੁੰਦੀ ਹੈ। ਗੁਰਬਤ ਹੰਢਾਉਂਦੇ ਬਸ਼ੀਰੇ ਦੇ ਜੁਆਨ ਸੁਫਨੇ ਉਦੋਂ ਟੁੱਟ ਕੇ ਬਿਖਰ ਜਾਂਦੇ ਹਨ, ਜਦੋਂ ਧੀ ਜਨਮਦਿਆਂ ਹੀ ਓਹਦੀ ਪਤਨੀ ਅੱਲਾਹ ਨੂੰ ਪਿਆਰੀ ਹੋ ਜਾਂਦੀ ਹੈ। ਚਿੱਟਾ ਲਹੂ ਨਾਵਲ ਦੇ ਪਾਤਰ ਬਾਬਾ ਰੋਡੂ ਵਾਂਗ ਆਪਣੀ ਧੀ ਨੂੰ ਹਿੱਕ ਨਾਲ਼ ਲਾਈ ਬਸ਼ੀਰਾ ਜ਼ਿੰਦਗੀ ਦਾ ਇਹ ਜ਼ਹਿਰ ਪੀ ਰਿਹਾ ਹੁੰਦੈ, ਐਨ ਓਸੇ ਵੇਲ਼ੇ ਦੇਸ਼ ਵੰਡ ਦਾ ਐਲਾਨ ਇਸ ਖਿੱਤੇ ਦੇ ਲੋਕਾਂ ਦੇ ਉਜਾੜੇ, ਕਤਲੋਗਾਰਤ ਖਾਸ ਕਰਕੇ ਔਰਤ ਦੀ ਬਰਬਾਦੀ ਦਾ ਲਹੂ ਭਿੱਜਿਆ ਪੰਨਾ ਲਿਖ ਦਿੰਦਾ ਹੈ। ਪਲਾਂ ਵਿੱਚ ਕਿੰਨੇ ਹੀ ਅਰਜਨ ਵੈਲੀ ਕਿਵੇਂ ਤੇ ਕਦੋਂ ਪੈਦਾ ਹੋ ਜਾਂਦੇ ਹਨ, ਕਿਸੇ ਨੂੰ ਕੁਝ ਪਤਾ ਨਹੀਂ ਲਗਦਾ। ਚੜ੍ਹਦੇ-ਲਹਿੰਦੇ ਪੰਜਾਬ ਵਿੱਚ ਜ਼ਿੰਦਗੀ ਜਿਉਣ ਦੀ ਲੜਾਈ ਲੜਦੀਆਂ ਧੀਆਂ, ਬਸ਼ੀਰੇ ਦੀ ਧੀ ਵਾਂਗ ਬਚਨ ਕੌਰ ਜਾਂ ਸ਼ਬੀਨਾ ਬਣਕੇ ਦਿਨ-ਕਟੀ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ। ਡਾ. ਸਾਹਿਬ ਸਿੰਘ ਦੇ ਬਸ਼ੀਰੇ ਦੀ ਇਹ ਕਹਾਣੀ ਚੁਰਾਸੀ, ਦੋ ਹਜ਼ਾਰ ਅੱਠ ਛੱਬੀ-ਗਿਆਰਾਂ ਤੇ ਹੋਰ ਬਹੁਤ ਕੁਝ ਵਿੱਚੋਂ ਲੰਘਦਿਆਂ ਵਲ਼-ਵਲ਼ੇਵੇਂ ਖਾਂਦੀ ਹਿੰਦੂ, ਮੁਸਲਮਾਨ, ਸਿੱਖ ਤੇ ਇਸਾਈ ਆਦਿ ਧਰਮਾਂ ਦੇ ਧੁਰ ਅੰਦਰ ਨੂੰ ਛੋਂਹਦੀ ਹੋਈ ਅੱਜ ਤੱਕ ਪੁੱਜਦੀ ਹੈ। ਡਾ. ਸਾਹਿਬ ਨੇ ਡੇਢ ਘੰਟੇ ਦੇ ਇਸ ਨਾਟਕ ਵਿੱਚ ਖੁਦ ਕਿੰਨੀਆਂ ਜ਼ਿੰਦਗੀਆਂ ਜੀਵੀਆਂ, ਮਹਿਸੂਸ ਕਰਕੇ ਮੇਰੇ ਲੂੰਅ ਕੰਡੇ ਹੋਣ ਲਗਦੇ ਹਨ। ਮੇਰੀਆਂ ਅੱਖਾਂ ਵਿੱਚ ਹੰਝੂ ਸਨ।

ਨਾਟਕਕਾਰ ਨਿਝੱਕ ਹੋ ਕੇ ਅੱਜ ਦੇ ਸਾਹਿਤਕਾਰ ਨੂੰ, ਲਿਖਾਰੀ ਨੂੰ ਵਿਅੰਗਾਤਮਿਕ ਲਹਿਜ਼ੇ ਵਿੱਚ ਸੰਬੋਧਿਤ ਹੁੰਦਿਆਂ ਕਹਿ ਰਿਹਾ ਹੈ, 'ਯਾਰ ! ਕੋਈ ਅਗਲਾ ਵਰਕਾ ਫੋਲ?' ਜਿਸ ਸਥਾਨ 'ਤੇ ਇਹ ਨਾਟਕ ਖੇਡਿਆ ਜਾ ਰਿਹਾ ਸੀ, ਉਸ ਥੀਏਟਰ ਦੇ ਬਾਹਰ ਸ਼ਹੀਦ ਭਗਤ ਸਿੰਘ ਦਾ ਬੁੱਤ ਹੈਰਾਨਗੀ ਤੇ ਸੁੰਨੀਆਂ-ਸੁੰਨੀਆਂ ਨਜ਼ਰਾਂ ਨਾਲ਼ ਥੀਏਟਰ ਅੰਦਰ ਜਾ ਰਹੇ ਹਰ ਸ਼ਖ਼ਸ ਵੱਲ ਦੇਖ ਰਿਹਾ ਸੀ। ਜਿਵੇਂ ਕਹਿ ਰਿਹਾ ਹੋਵੇ, 'ਮੇਰੇ ਸ਼ਹੀਦੀ ਦਿਵਸ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪੂਰੇ ਜਸ਼ਨ ਤੇ ਜਾਹੋ-ਜਲਾਲ ਨਾਲ਼ ਮਨਾ ਰਹੀ ਹੈ। ਪਰ ਮੈਂ ਹੈਰਾਨ ਹਾਂ, ਮੇਰੇ ਤੱਕ ਉਨ੍ਹਾਂ ਦੀ ਇਹ ਅਕੀਦਤ ਪਹੁੰਚ ਨਹੀਂ ਰਹੀ। ਕਿਉਂ? ਸੱਚ ਸੁਣੇਂਗਾ? ਕਿਉਂਕਿ ਇਨ੍ਹਾਂ ਸਾਰਿਆਂ ਦੀ ਜ਼ਿਹਨੀਅਤ ਸ਼ਰਾਰਤੀ ਹੋ ਗਈ ਹੈ, ਸਿਆਸੀ ਨਹੀਂ ਰਹੀ। ਸ਼ਰਾਰਤੀ ਹੋਣਾ ਹੋਰ ਤੇ ਸਿਆਸੀ ਹੋਣਾ ਹੋਰ ਹੁੰਦੈ ਭਾਅ ਜੀ।'

ਚੇਤੇ ਆਉਂਦਾ ਹੈ। ਅੱਜ ਜਿਸ ਸਿੱਖਿਆ ਸ਼ਾਸਤਰੀ ਮਾਤਾ ਦੇ ਰੂਬਰੂ ਬਾਰੇ ਗੱਲ ਹੋ ਰਹੀ ਸੀ, ਬੇਸ਼ੱਕ ਉਹ ਬਹੁਤ ਹੀ ਇਮਾਨਦਾਰ ਤੇ ਸਮਰਪਿਤ ਹੈ। ਇਸ ਗੱਲ ਦਾ ਫ਼ਖ਼ਰ ਜਾਇਜ਼ ਹੈ। ਪਰ ਮੈਂ ਓਹਦੀਆਂ ਬਹੁਤੀਆਂ ਗੱਲਾਂ ਨਾਲ਼ ਸਹਿਮਤ ਨਹੀਂ ਹਾਂ। ਇਸ ਮਾਤਾ ਵੱਲੋਂ ਨਵੀਂ ਪੀੜ੍ਹੀ ਨੂੰ ਪੂਰੀ ਤਰ੍ਹਾਂ ਰਿਜੈਕਟ ਹੀ ਕਰ ਦਿੱਤਾ ਗਿਆ ਹੈ। ਸੱਚ ਪੁੱਛੋ ਤਾਂ ਮੈਂ ਵੀ ਸਟੇਜ 'ਤੇ ਜਾ ਕੇ ਕੁਝ ਆਪਣੇ ਮਨ ਦੀਆਂ ਕਰਨੀਆਂ ਚਾਹੁੰਦਾ ਸਾਂ। ਚਲੋ ਆਪਾਂ ਉਹ ਗੱਲਾਂ ਇੱਥੇ ਕਰ ਲੈਂਦੇ ਆਂ। ਪਹਿਲੀ ਗੱਲ ਇਹ ਮਾਤਾ ਹੁਣ ਅੱਧੀ ਪੰਜਾਬਣ ਤੇ ਅੱਧੀ ਕੈਨੇਡੀਅਨ ਹੈ। ਇਹਨੂੰ ਚਾਹੁਣ ਵਾਲ਼ੇ ਵੀ ਇਸੇ ਰੰਗ ਵਿੱਚ ਰੱਤੇ ਹਨ। ਇਨ੍ਹਾਂ ਸਾਰਿਆਂ ਦਾ ਇਸ ਪੰਜਾਬ ਨਾਲ਼ ਕੋਈ ਬਹੁਤਾ ਵਾਹ-ਵਾਸਤਾ ਆਉਂਦੇ ਸਮਿਆਂ ਵਿੱਚ ਨਹੀਂ ਰਹਿਣਾ। ਕਿਉਂਕਿ ਇਨ੍ਹਾਂ ਦੇ ਧੀਅ-ਪੁੱਤ ਵਿਦੇਸ਼ੀ ਧਰਤੀ ਉੱਤੇ ਆਪਣੀ ਸਫਲਤਾ ਤੇ ਅਸਫਲਤਾ ਦੀ ਇਬਾਰਤ ਲਿਖ ਰਹੇ ਹਨ। ਮਜਬੂਰੀਵਸ ਇਨ੍ਹਾਂ ਨੇ ਆਪਣੀ ਚੁਣ-ਭੁਣ ਲਈ ਇੱਧਰ ਆਉਂਦੇ ਰਹਿਣਾ ਹੈ। ਭਾਵ ਬਜ਼ੁਰਗਾਂ ਨੇ ਛੇ ਮਹੀਨੇ ਏਧਰ ਤੇ ਛੇ ਮਹੀਨੇ ਓਧਰ। ਇਨ੍ਹਾਂ ਦੀ ਤੀਜੀ ਪੀੜ੍ਹੀ ਭਾਵ ਇਨ੍ਹਾਂ ਦੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਇਨ੍ਹਾਂ ਵਾਂਗ ਪੂਰੀ ਤਰ੍ਹਾਂ ਪੰਜਾਬ ਦੇ ਜਾਏ ਨਹੀਂ ਕਹਾ ਸਕਣਗੇ। ਇਨ੍ਹਾਂ ਦੀ ਤੀਜੀ ਪੀੜ੍ਹੀ ਪੰਜਾਬ ਨਾਲ਼ ਬਹੁਤਾ ਮੋਹ ਜਾਂ ਵਾਹ-ਵਾਸਤਾ ਰੱਖੇਗੀ ਵੀ ਨਹੀਂ। ਇਸ ਸਮਾਗਮ ਵਿੱਚ ਮੇਰੇ ਨਾਲ਼ ਹਾਜ਼ਰ ਬਾਈ ਦਲੇਰ ਸਿੰਘ ਬੋਲਿਆ ਹੈ, ਸਿਆਣੇ ਸੱਚ ਆਖ ਨੇ ਛੋਟੇ ਭਾਈ, 'ਜਿੱਧਰ ਗਏ ਬਾਣੀਏ/ ਓਧਰ ਗਏ ਬਾਜ਼ਾਰ।'

ਮੇਰਾ ਭਟਕਦਾ ਮਨ ਮਹਾਂਭਾਰਤ ਦੇ ਵਿਰਾਟ ਪਾਤਰਾਂ ਨੂੰ ਆਪਣੀ ਯਾਦ ਦੀ ਕਸਵੱਟੀ ਉੱਤੇ ਪਰਖਣ-ਤੋਲਣ ਲਗਦਾ ਹੈ। ਦੇਖਿਆ ਜਾਵੇ ਤਾਂ ਮੈਂ ਕੌਣ ਹਾਂ ਇਨ੍ਹਾਂ ਵਿਰਾਟ ਪਾਤਰਾਂ ਨੂੰ ਪਰਖਣ-ਤੋਲਣ ਵਾਲ਼ਾ? ਫਿਰ ਵੀ ਯਾਦ ਕਰੀਏ ਤਾਂ ਭੀਸ਼ਮ ਪਿਤਾਮਾ ਤੋਂ ਲੈ ਕੇ ਸ੍ਰੀ ਕ੍ਰਿਸ਼ਨ ਤੱਕ ਕੋਈ ਵੀ ਸ਼ਖ਼ਸੀਅਤ ਅਜਿਹੀ ਨਹੀਂ ਸੀ ਜੋ ਅੱਸੀਆਂ ਤੋਂ ਹੇਠਾਂ ਦੀ ਹੋਵੇ। ਐਨ ਸਿੱਖਿਆ ਸ਼ਾਸਤਰੀ ਮਾਤਾ ਦੀ ਉਮਰ ਵਾਂਗ। ਮਹਾਂਭਾਰਤ ਦੇ ਸਮੁੱਚੇ ਐਕਟ ਦੌਰਾਨ ਇਨ੍ਹਾਂ ਵੱਲੋਂ ਕੀ ਕੀ ਨਹੀਂ ਕੀਤਾ ਗਿਆ? ਕੌਣ ਨਹੀਂ ਜਾਣਦਾ। ਇਨ੍ਹਾਂ ਸਾਰਿਆਂ ਦੀ ਜ਼ਿੱਦ ਨੇ, ਖੁੰਦਕ ਨੇ, ਹਾਉਮੈ ਨੇ ਆਪਣੀ ਅਗਲੀ ਪੀੜ੍ਹੀ ਦਾ ਅਜਿਹਾ ਕੋਈ ਵੀ ਬੱਚਾ ਨਹੀਂ ਛੱਡਿਆ, ਜਿਸ ਦਾ ਜ਼ਿਕਰ ਅੱਜ ਮਾਣ ਨਾਲ਼ ਕੀਤਾ ਜਾ ਸਕੇ। ਗੁਰੂ ਦਰੋਣ ਦੇ ਲਾਡਲੇ ਅਸਵਥਾਮਾ ਨੇ ਕਰੋਧ ਵਿੱਚ ਆ ਕੇ ਸਾਰਿਆਂ ਨੂੰ ਮਾਰ ਮੁਕਾਇਆ। ਕਿਉਂ? ਕਿਉਂਕਿ ਕੌਰਵ-ਪਾਂਡਵਾਂ ਨੇ ਆਪਣੀ ਅਗਲੀ ਪੀੜ੍ਹੀ ਨੂੰ ਹਮੇਸ਼ਾ ਆਪਸੀ ਲੜਾਈਆਂ, ਵੈਰ-ਵਿਰੋਧ, ਇਸ਼ਕ-ਮੁਸ਼ਕ, ਉਧਾਲ਼ਿਆਂ ਤੇ ਈਰਖਾ ਦੇ ਹੀ ਦਰਸ਼ਨ ਕਰਵਾਏ। ਆਪਸੀ ਰੰਜ਼ਸ਼ ਕਾਰਨ ਇਨ੍ਹਾਂ ਬਜ਼ੁਰਗਾਂ ਨੇ ਆਪਣੀ ਅਗਲੀ ਪੀੜ੍ਹੀ ਨੂੰ ਕਿਸੇ ਪਾਸੇ ਜੋਗੀ ਨਈਂ ਛੱਡਿਆ।

ਬਾਈ ਦਲੇਰ ਸਿੰਘ ਬੋਲਿਆ ਤਾਂ ਮੇਰੀ ਸੁਰਤ ਪਰਤੀ। 'ਛੋਟੇ ਭਾਈ ! ਭਾਸ਼ਣ ਦੇਣਾ ਬਹੁਤ ਸੌਖਾ ਹੁੰਦੈ। ਪਰ ਜ਼ਮੀਨੀ ਹਕੀਕਤਾਂ ਕੁਝ ਹੋਰ ਕਹਿੰਦੀਆਂ ਨੇ। ਕਈ ਵਾਰੀ ਅਸੀਂ ਜਿਸ ਵਰਗ ਨਾਲ਼ ਜੁੜੇ ਹੁੰਦੇ ਹਨ, ਉਸੇ ਦਾ ਹੀ ਗੁਣਗਾਣ ਕਰਦੇ ਹਾਂ। ਭਲਾ ਵੀ ਉਸੇ ਦਾ ਈ ਸੋਚਦੇ ਆਂ। 'ਸਰਬੱਤ ਦੇ ਭਲਾ' ਉੱਕਾ ਈ ਵਿਸਾਰ ਛੱਡਦੇ ਆਂ। ਪੰਜਾਬ ਦੇ ਸਰਦੇ-ਪੁੱਜਦੇ ਕਿਸਾਨੀ ਪਰਿਵਾਰਾਂ ਤੇ ਮੁਲਾਜ਼ਮਤ ਦੀ ਬਹੁਤੀ ਔਲਾਦ ਤਾਂ ਕਦੋਂ ਦੀ ਪੱਤਰੇ ਵਾਚ ਗਈ ਹੈ। ਪੰਜਾਬ ਵਿੱਚ ਤਾਂ ਹੁਣ ਬਹੁਤੇ ਓਹੀ ਰਹਿ ਗਏ ਨੇ ਜਿਨ੍ਹਾਂ ਦਾ ਵਿਦੇਸ਼ੀ ਧਰਤੀ 'ਤੇ ਪੈਰ ਟਿਕਾਉਣ ਲਈ ਕੋਈ ਜੁਗਾੜ ਨਹੀਂ ਲੱਗ ਰਿਹਾ। ਜਾਣ ਵਾਲ਼ੇ ਬਹੁਤਿਆਂ ਨੇ ਸਟੱਡੀ ਵੀਜ਼ਾ ਜਾਂ ਰਾਜਸੀ ਸ਼ਰਣ ਦਾ ਪੱਤਾ ਖੇਡਿਆ ਹੋਇਆ, ਕੌਣ ਨਹੀਂ ਜਾਣਦਾ। ਪਿੰਡਾਂ-ਸ਼ਹਿਰਾਂ ਵਿੱਚ ਇੱਕ ਪਾਸੇ ਵੱਡੀਆਂ-ਵੱਡੀਆਂ ਕੋਠੀਆਂ ਭਾਂਅ-ਭਾਂਅ ਕਰ ਰਹੀਆਂ ਹਨ ਤੇ ਨਿੱਕੇ-ਨਿੱਕੇ ਘਰ ਜਾਂ ਫਲੈਟ ਕੁਰਬਲ਼-ਕੁਰਬਲ਼ ਕਰ ਰਹੇ ਹਨ। ਦਲਿਤਾਂ ਦੇ ਘਰਾਂ ਨੂੰ ਅੱਗ ਲਾਉਣ ਦੇ ਮਾਮਲੇ ਅੱਜ ਵੀ ਸੁਰਖੀਆਂ ਵਿੱਚ ਹਨ।ਖੁਦਕੁਸ਼ੀਆਂ ਦਾ ਵਰਤਾਰਾ ਓਵੇਂ-ਜਿਵੇਂ ਹੈ। ਜਿਸ ਵੇਲ਼ੇ ਵੱਡੇ-ਵਡੇਰੇ ਆਪਣੇ ਨਿੱਜੀ ਮੁਫਾਦ ਤੇ ਹੈਂਕੜ ਲਈ ਜੰਗਾਂ ਵਿੱਚ ਗਲਤਾਨ ਹੋਣ, ਉਸ ਵੇਲ਼ੇ ਰੁਜ਼ਗਾਰ ਦੀ ਭਾਲ਼ ਵਿੱਚ ਨੌਜਵਾਨ ਪੀੜ੍ਹੀ ਦੇ ਮੁੰਡੇ ਕੁੜੀਆਂ ਕਿੱਧਰ ਟੱਕਰਾਂ ਮਾਰਨ? ਸਾਧਨ-ਸੰਪਨ ਲੋਕਾਂ ਦੇ ਭਾਸ਼ਣ ਇਨ੍ਹਾਂ ਦਾ ਢਿੱਡ ਕਿੱਥੇ ਭਰਦੇ ਨੇ ਭਲਾਂ? ਸੁਫਨੇ ਵੇਚਣ ਵਾਲ਼ੇ ਕਦੇ ਨਾ ਕਦੇ ਇਨ੍ਹਾਂ ਨੂੰ ਵਰਗਲ਼ਾ ਲੈਣ ਵਿੱਚ ਕਾਮਯਾਬ ਹੋ ਈ ਜਾਂਦੇ ਨੇ। ਬਥੇਰੇ ਸਵਾਲ ਹਨ ਛੋਟੇ ਭਾਈ। ਪਰ ਦੇਖਦੇ ਆਂ ਕੌਣ ਇਨ੍ਹਾਂ ਦੇ ਦੁੱਖਾਂ-ਦਰਦਾਂ ਦਾ ਅਗਲੀ ਵਰਕਾ ਫੋਲੂੰ?'

ਸੰਪਰਕ : 98144-30874

# ਇੱਕ ਸੱਜਣ ਠੱਗ ਨਾਲ ਵਿਚਰਦਿਆਂ ...

ਪ੍ਰਸੰਗ

ਦਵਿੰਦਰ ਮੰਡ (ਡਾ.)

ਅਮਰੀਕਾ ਦੇ ਸੇਨਹੋਜ਼ੇ ਖੇਤਰ 'ਚ ਪਹਾੜੀ 'ਤੇ ਬਣਾਏ ਹੋਏ ਅਤਿਅੰਤ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਗੁਰਦੁਆਰਾ ਸਾਹਿਬ ਨੂੰ ਵੇਖ ਮਨ ਬਾਗ਼-ਬਾਗ਼ ਹੋ ਗਿਆ। ਸੱਜੇ ਹੱਥ ਪੀਲ਼ੇ ਪਟਕੇ, ਰੁਮਾਲ ਆਦਿ ਪਏ ਹੋਏ ਸਨ। ਇੱਕ ਪੀਲ਼ਾ ਪਟਕਾ ਸਿਰ 'ਤੇ ਬੰਨ੍ਹਦਿਆਂ ਮੈਨੂੰ ਪੰਜਾਬ ਦੀ ਘਟਨਾ ਯਾਦ ਆਈ। ਬੇਸ਼ੱਕ ਗੁਰਬਾਣੀ ਚੱਲ ਰਹੀ ਸੀ, ਪਰ ਮੇਰਾ ਧਿਆਨ ਭਾਰਤੀ ਪੰਜਾਬ 'ਚ ਸੀ........ ਉਸ ਸ਼ਾਮ ਜਿਹੜਾ ਫ਼ੋਨ ਆਇਆ, ਉਹਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ। ਮਿੱਠੀ ਅਤੇ ਨਿਮਰ ਆਵਾਜ਼ ਦਾ ਮਾਲਕ ਅਰਵਿੰਦਰ ਸਿੰਘ ਟਰੂਕਾਲਰ 'ਤੇ ਸ਼ੋਅ ਹੋ ਰਿਹਾ ਸੀ। ਗੁਰਬਾਣੀ ਦੇ ਵਾਕ ਉਹਦੇ ਮੂੰਹ ਵਿੱਚੋਂ ਫੁੱਲਾਂ ਵਾਂਗ ਕਿਰ ਰਹੇ ਸਨ।

'ਵਾਹਿਗੁਰੂ ਜੀ ਇਹ ਤੁਹਾਡਾ ਗੈੱਸਟ ਹਾਊਸ ਕਿੱਥੇ ਕੁ ਹੈ?'

ਮੈਂ ਲੋਕੇਸ਼ਨ ਸਮਝਾ ਦਿੱਤੀ।

'ਵਾਹਿਗੁਰੂ ਜੀ ਤੁਸਾਂ ਜੋ ਇਸ ਨੂੰ 'ਪਰਵਾਰ ਲਈ' ਹੀ ਰੱਖਿਆ ਹੋਇਆ ਹੈ, ਮੈਨੂੰ ਇਹ ਗੱਲ ਬਹੁਤ ਚੰਗੀ ਲੱਗੀ।'

ਅਰਵਿੰਦਰ ਸਿੰਘ ਨੇ ਮੈਨੂੰ ਦੋ-ਤਿੰਨ ਵਾਰ 'ਵਾਹਿਗੁਰੂ' ਦੇ ਨਾਂਅ ਨਾਲ ਬੁਲਾਇਆ।

'ਤੁਹਾਡਾ ਧੰਨਵਾਦ ਸਰ ਜੀ, ਤੁਸੀਂ ਕਿੱਥੋਂ ਆਉਣੈ ....?'

ਮੈਂ ਵੀ ਇੱਕ ਸਾਊ ਮਹਿਮਾਨ ਦੇ ਆਉਣ 'ਤੇ ਖ਼ੁਸ਼ ਸਾਂ।

'ਮੈਂ ਯੂਕੇ 'ਚ ਇਮੀਗ੍ਰੇਸ਼ਨ ਅਫ਼ਸਰ ਹਾਂ, ਮੇਰੀ ਧੀ ਜੱਜ ਹੈ.... ਮੈਂ ਭਾਰਤ ਦੇਰ ਬਾਅਦ ਆਇਆ ਹਾਂ....' ਉੱਧਰੋਂ ਭਿੰਨੀ-ਭਿੰਨੀ ਆਵਾਜ਼ ਆਈ।

'ਘਰ ਦਾ ਖਾਣਾ ਮਿਲ ਜੂ?'

'ਹਾਂਜੀ ਸਰ ਮੇਰੇ ਨਾਲ ਹੀ ਚਾਰ ਨੰਬਰ ਗਲੀ 'ਚ ਭੈਣਾਂ ਖਾਣਾ ਬਣਾਉਂਦੀਆਂ, ਉਨ੍ਹਾਂ ਦਾ ਟਿਫ਼ਨ ਲੈ ਲਿਆ ਕਰੋ....।'

ਮੇਰੇ ਕਾਲਜ ਦੀ ਕਈ ਸਾਲ ਆਰਜ਼ੀ ਅਧਿਆਪਕ ਦਾ ਸੰਤਾਪ ਹੰਢਾ ਕੇ ਖਾਣੇ ਦਾ ਕੰਮ ਸ਼ੁਰੂ ਕਰ ਚੁੱਕੀ ਮਿਸ ਪੂਜਾ ਬਾਰੇ ਮੈਂ ਜਾਣਕਾਰੀ ਦੇ ਦਿੱਤੀ।

ਅਰਵਿੰਦਰ ਸਿੰਘ ਖੁਸ਼ ਹੋ ਗਿਆ।

ਕਾਲਜ ਵਿੱਚੋਂ ਸੇਵਾ-ਮੁਕਤ ਹੋ ਕੇ ਮੈਂ ਇੱਕ ਛੋਟਾ ਜਿਹਾ ਗੈਸਟ ਹਾਊਸ ਸ਼ੁਰੂ ਕਰ ਲਿਆ। ਸਿਰਫ਼ ਤੇ ਸਿਰਫ਼ 'ਪਰਵਾਰ ਲਈ' ਹੀ ਰਾਖਵਾਂ ਰੱਖਿਆ ਹੈ। ਆਲੇ-ਦੁਆਲੇ ਕਾਲਜ ਹੋਣ ਕਰਕੇ ਅੱਲ੍ਹੜ ਮੁੰਡੇ-ਕੁੜੀਆਂ ਦੀ ਆਵਾਜਾਈ ਆਮ ਹੈ। ਇਹੋ ਜਿਹੇ ਜੋੜਿਆਂ ਲਈ ਵਿਵਰਜਤ ਮੇਰਾ ਗੈਸਟ ਹਾਊਸ ਚੰਗੇ ਅਤੇ ਸਾਊ ਲੋਕਾਂ ਦਾ ਠਹਿਰਾ-ਸਥਾਨ ਹੈ।

ਮੈਡਮ ਦੇ ਡਿਊਟੀ ਜਾਣ ਕਾਰਨ ਮੈਂ ਪਿੰਡ ਚਲਾ ਗਿਆ। ਸ਼ਾਮ ਗੈਸਟ ਹਾਊਸ ਦੇ ਮੂਹਰੇ ਚੰਡੀਗੜ੍ਹ ਦੇ ਨੰਬਰ ਵਾਲੀ ਕਾਰ ਖੜ੍ਹੀ ਸੀ। ਅੰਦਰ ਵੜਦਿਆਂ ਹੀ ਨਿੱਕੂ ਮੈਨੇਜਰ ਖੁਸ਼ੀ ਨਾਲ ਦੱਸ ਰਿਹਾ ਸੀ, 'ਅੰਕਲ ਜੀ, ਅਰਵਿੰਦਰ ਸਿੰਘ ਤਾਂ ਬਾਹਲਾ ਚੰਗਾ, ਤੁਹਾਡਾ ਪੁੱਛਦਾ ਸੀ, ਪੈਸੇ ਪਹਿਲੇ ਹੀ ਦੇ'ਤੇ, ਮੈਨੂੰ ਵੀ ਦੋ ਸੌ ਰੁਪਇਆ ਦੇ ਦਿੱਤਾ.... ਉੱਪਰ ਠਹਿਰੇ ਹੋਏ ਨੇ.... '

'ਤੂੰ ਆਧਾਰ ਕਾਰਡ ਲੈ ਲਿਆ?' ਮੈਨੂੰ ਵੀ ਅਜਿਹੇ ਮਹਿਮਾਨ ਦੀ ਆਮਦ 'ਤੇ ਖ਼ੁਸ਼ੀ ਸੀ।

'ਹਾਂ ਜੀ? ਆਹ ਦੇਖੋ?' ਉਹ ਆਧਾਰ ਕਾਰਡ ਦੀ ਫੋਟੋ ਕਾਪੀ ਲੈ ਆਇਆ।

ਆਧਾਰ ਕਾਰਡ ਨੋਇਡਾ ਦਾ ਸੀ ਤੇ ਪੱਗੜੀਧਾਰੀ ਅਰਵਿੰਦਰ ਸੱਚਮੁੱਚ ਧਾਰਮਿਕ ਪੁਰਸ਼ ਨਜ਼ਰ ਆ ਰਿਹਾ ਸੀ।

'ਚਲੋ ਆਰਾਮ ਕਰਨ ਦਿਓ' ਇਹ ਕਹਿ ਕੇ ਮੈਂ ਆਪਣੇ ਫਲੈਟ ਵਿੱਚ ਚਲਾ ਗਿਆ।

ਸ਼ਾਮ ਨੂੰ ਅਰਵਿੰਦਰ ਸਿੰਘ ਮੈਨੂੰ ਮਿਲਿਆ। ਉਹਦੀ ਸ਼ਖ਼ਸੀਅਤ 'ਤੇ ਮੈਂ ਕੋਈ ਵੀ ਕਿੰਤੂ-ਪਰੰਤੂ ਨਹੀਂ ਸੀ ਕਰ ਸਕਦਾ। ਮੇਰੀ ਸੌ ਪ੍ਰਤੀਸ਼ਤ ਸ਼ਰਧਾ ਉਸ ਨਾਲ ਜੁੜ ਚੁੱਕੀ ਸੀ। ਉਹਨੇ ਮੈਨੂੰ ਜੱਫ਼ੀ ਪਾਈ ਤੇ ਢੇਰ ਸਾਰੀਆਂ ਗੱਲਾਂ ਕੀਤੀਆਂ। ਗੱਲਾਂ-ਗੱਲਾਂ ਵਿੱਚ ਉਸ ਨੇ ਮਹਿੰਗੀਆਂ ਕਾਰਾਂ ਰੱਖੀਆਂ ਹੋਣ ਦਾ ਜ਼ਿਕਰ ਕਰ ਦਿੱਤਾ। ਨਾਲ ਹੀ ਆਪਣੀ ਅੰਦਰਲੀ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕਈ ਘਟਨਾਵਾਂ ਸੁਣਾ ਕੇ ਕਰ ਦਿੱਤਾ। ਇੰਗਲੈਂਡ ਦਾ ਜੰਮਪਲ ਅਤੇ ਪੰਜਾਬੀ ਲਿਖਣੀ ਨਾ ਆਉਣੀ....ਤੇ ਸਿਰਫ਼ ਬੋਲਣ ਦੀ ਗੱਲ ਵੀ ਕਰ ਗਿਆ।

'ਮੇਰੀ ਮਾਂ ਮੇਰੇ ਇੱਕ ਦਮ ਆ ਜਾਂਦੇ ਅੱਥਰੂਆਂ ਤੋਂ ਬੜੀ ਦੁਖੀ ਸੀ....?' ਅਰਵਿੰਦਰ ਦੇ ਇਸ ਵਾਕ ਨੇ ਮੈਨੂੰ ਇੱਕ ਕਲਾਕਾਰ ਅੰਦਰਲੀ ਭਾਵੁਕਤਾ ਨਾਲ ਜੋੜ ਦਿੱਤਾ।

ਅਰਵਿੰਦਰ ਦਸ ਕੁ ਦਿਨ ਮੇਰੇ ਗੈਸਟ ਹਾਊਸ ਵਿੱਚ ਰਿਹਾ। ਜਿੰਨੀ ਵਾਰ ਮੈਂ ਨਿੱਕੂ ਮੈਨੇਜਰ ਨੂੰ ਪੁੱਛਦਾ। ਉਹ ਹਰ ਵਾਰ ਅੰਕਲ ਅਰਵਿੰਦਰ ਦੀ ਸਾਖੀ ਛੋਹ ਬੈਠਦਾ'

'ਅੰਕਲ ਜੀ ਅੱਜ ਉਨ੍ਹਾਂ ਨੇ ਚੌਂਕ ਵਿੱਚ ਗ਼ਰੀਬਾਂ ਨੂੰ ਚਾਕਲੇਟ ਵੰਡੀਆਂ...'

'ਅੰਕਲ ਜੀ ਅੱਜ ਆਪਣੀਆਂ ਸਫ਼ਾਈ ਵਾਲੀਆਂ ਨੂੰ ਚਾਦਰਾਂ ਲੈ ਕੇ ਦਿੱਤੀਆਂ..'

'ਅੱਜ ਵੀ ਚੰਡੀਗੜ੍ਹ ਹਸਪਤਾਲ ਵਿੱਚ ਕਿਸੇ ਗ਼ਰੀਬ ਦਾ ਇਲਾਜ ਕਰਾਉਣ ਗਏ ਨੇ.... ਆਦਿ... ਆਦਿ ਸਾਨੂੰ ਦਸ ਦਿਨ ਦਾ ਕਿਰਾਇਆ ਹਰ ਰੋਜ਼ ਮਿਲਦਾ ਰਿਹਾ।

ਇੱਕ ਦਿਨ, ਦੋ ਦਿਨ, ਚਾਰ ਦਿਨ.... ਫਿਰ ਨਿੱਕੂ ਮੈਨੇਜਰ ਹੈਰਾਨ ਸੀ। ਕਹਿਣ ਲੱਗਾ, 'ਅੰਕਲ ਜੀ ਤਿੰਨ-ਚਾਰ ਦਿਨਾਂ ਦੇ ਟਿਫ਼ਨ ਲੈ ਅੰਕਲ ਗਏ ਸਨ.... ਹੁਣ ਫ਼ੋਨ ਨਹੀਂ ਮਿਲਦਾ। ਪੂਜਾ ਅੰਟੀ ਹੋਰਾਂ ਦੇ ਕਈ ਫ਼ੋਨ ਆ ਗਏ ਮੈਨੂੰ....'

'ਚੱਲ ਕੋਈ ਨਾ ਆਜੂ ਗੁਰਬਤ ਮਾਰਿਆਂ ਦੀ ਮਦਦ ਕਰਦਾ ਹੋਣਾ ਕਿਤੇ....।' ਮੈਂ ਨਿੱਕੂ ਦੀ ਗੱਲ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਲਿਆ।

ਰਾਤ ਅੱਠ ਕੁ ਵਜੇ ਨਿੱਕੂ ਮੈਨੇਜਰ ਦਾ ਫ਼ੋਨ ਆਇਆ, 'ਅੰਕਲ ਜੀ ਹੇਠਾਂ ਆਇਓ?'

'ਕੀ ਗੱਲ?'

'ਪੂਜਾ ਅੰਟੀ ਹੋਰੀਂ ਆਈਆਂ?'

ਮੈਂ ਹੇਠਲੇ ਫਲੈਟ 'ਤੇ ਚਲਾ ਗਿਆ। ਨਿੱਕੂ, ਪੂਜਾ ਅਤੇ ਉਸ ਦੀ ਵੱਡੀ ਭੈਣ ਨੂੰ ਉਹ ਕਮਰਾ ਦਿਖਾ ਰਿਹਾ ਸੀ, ਜਿੱਥੇ ਅਰਵਿੰਦਰ ਸਿੰਘ ਠਹਿਰਿਆ ਹੋਇਆ ਸੀ। ਆਲੇ-ਦੁਆਲੇ ਦੇਖਦਿਆਂ ਅਲਮਾਰੀ ਵਿੱਚੋਂ ਤਿੰਨ ਪੀਲ਼ੇ ਪਟਕੇ ਤੇ ਇੱਕ ਪੀਲੀ ਪਗੜੀ ਮਿਲੀ।

'ਕੀ ਗੱਲ ਤੁਹਾਡੇ ਚਿਹਰੇ 'ਤੇ ਉਦਾਸੀ?' ਮੈਂ ਪੂਜਾ ਨੂੰ ਸਵਾਲ ਕੀਤਾ।

'ਕੀ ਦੱਸੀਏ....?' ਵੱਡੀ ਭੈਣ ਦੇ ਅੱਖਾਂ 'ਚੋਂ ਅੱਥਰੂ ਵਹਿ ਤੁਰੇ।

'ਭਾਅ ਜੀ ਭਤੀਜਾ ਇੰਗਲੈਂਡ 'ਚ ਕੱਚਾ ਸੀ, ਅਸੀਂ ਅਰਵਿੰਦਰ 'ਤੇ ਬੜਾ ਵਿਸ਼ਵਾਸ ਕੀਤਾ। ਚਾਰ-ਪੰਜ ਦਿਨ ਤੋਂ ਫ਼ੋਨ ਕਰਦਾ ਸੀ ਮੁੰਡੇ ਨੂੰ ਪੱਕਾ ਕਰਾਉਣ ਦਾ ਕਹਿ ਉਹਨੇ ਸਾਰੇ ਜ਼ਰੂਰੀ ਕਾਗ਼ਜ਼ ਅਤੇ .... .... ਤਿੰਨ ਲੱਖ ਰੁਪਈਆ ਲੈ ਲਿਆ.... ....'

'ਕੀ........ਈ........? ਤਿੰਨ ਲੱਖ........?' ਜਦੋਂ ਮੈਂ ਜ਼ੋਰ ਦੇ ਕੇ ਕਿਹਾ ਤਾਂ ਪਤਾ ਲੱਗਾ ਪੈਸੇ ਹੋਰ ਵੱਧ ਸਨ........ ਹੁਣ ਭਾਅ ਜੀ ਫ਼ੋਨ ਮਿਲਦਾ ਨਹੀਂ........' ਫਿਰ ਮੈਂ ਦੇਖਿਆ ਦੋਹਾਂ ਭੈਣਾਂ ਦੇ ਵੱਡੇ-ਵੱਡੇ ਅੱਥਰੂ ਪੀਲ਼ੇ ਪਟਕਿਆਂ 'ਤੇ ਡਿੱਗ ਰਹੇ ਸਨ।

ਸੇਨਹੋਜ਼ੇ ਦੇ ਗੁਰਦੁਆਰਾ ਸਾਹਿਬ ਤੋਂ ਬਾਹਰ ਆਉਂਦਿਆਂ ਮੈਨੂੰ ਮਹਿਸੂਸ ਹੋਇਆ ਜਿਵੇਂ ਸੱਚੀ ਕਿਰਤ ਨਾਲ ਜੋੜੇ ਦੋਵੇਂ ਅਣਵਿਆਹੀਆਂ ਭੈਣਾਂ ਨੂੰ ਕੋਈ ਸੱਜਣ ਠੱਗ ਲੁੱਟ ਕੇ ਲੈ ਗਿਆ ਹੋਵੇ ਤੇ ਪਟਕਾ ਬਾਕਸ ਵਿੱਚ ਪਾਉਂਦਿਆਂ ਅੱਥਰੂਆਂ ਨਾਲ ਪੂਰੀ ਤਰ੍ਹਾਂ ਭਿੱਜਿਆ ਨਜ਼ਰ ਆਇਆ।


ਸੰਪਰਕ : +16693495638

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮਾਨਵੀ ਜੀਵਨ 'ਚ ਫੈਲੇ ਤਣਾਅ ਤੇ ਮਾਨਸਿਕ ਸੰਤਾਪ ਦਾ ਬਿਰਤਾਂਤ



ਫੋਕਸ

## ਚਰਚਾ ਇਕ ਪੁਸਤਕ ਦੀ

**ਡਾ. ਸੰਦੀਪ ਰਾਣਾ**

## ਸਭ ਤੋਂ ਉਦਾਸ ਇਬਾਰਤ

(ਕਹਾਣੀ-ਸੰਗ੍ਰਹਿ)
**ਬਲਬੀਰ ਪਰਵਾਨਾ**
**ਪੰਨੇ : 144, ਮੁੱਲ : 200 ਰੁਪਏ**
**ਪੀਪਲਜ਼ ਫ਼ੋਰਮ, ਬਰਗਾੜੀ**

ਬਲਬੀਰ ਪਰਵਾਨਾ ਪੰਜਾਬੀ ਸਾਹਿਤ ਜਗਤ ਦਾ ਨਾਮਵਰ ਹਸਤਾਖ਼ਰ ਹੈ। ਪੱਤਰਕਾਰੀ ਖੇਤਰ ਨਾਲ ਜੁੜੇ ਹੋਣ ਕਾਰਨ ਉਹ ਜਿੱਥੇ ਵੱਖੋ-ਵੱਖਰੇ ਖੇਤਰਾਂ ਦੇ ਮਸਲਿਆਂ ਬਾਰੇ ਚੇਤੰਨ ਹੈ ਅਤੇ ਉੱਥੇ ਉਸ ਕੋਲ ਵੱਖਰੇ ਬਿਰਤਾਂਤਕ ਸਮਿਆਂ ਦੇ ਆਧਾਰ 'ਤੇ ਵੱਖਰੇ ਤਸੱਵਰਾਂ ਦੀ ਮਦਦ ਨਾਲ ਆਪਣੀ ਗੱਲ ਕਹਿਣ ਦੀ ਗਲਪੀ ਸੁਹਜਤਾ ਵੀ ਹੈ। ਇਹੀ ਚੇਤਨਤਾ ਅਤੇ ਗਲਪੀ ਕਲਾ ਉਸ ਦੀਆਂ ਗਲਪੀ ਰਚਨਾਵਾਂ ਵਿੱਚ ਵੀ ਦਿਸਦੀ ਹੈ। ਇਸੇ ਕਾਰਨ ਪਿਛਲੇ ਸਾਲ ਦਾ ਢਾਹਾਂ ਪੁਰਸਕਾਰ ਵੀ ਉਸ ਦੀ ਝੋਲੀ ਪਿਆ ਹੈ। ਇਸ ਤੋਂ ਪਹਿਲਾਂ ਉਸ ਦੇ 'ਗਾਥਾ ਇੱਕ ਪਿੰਡ ਦੀ', 'ਧੂੰਆਂ', 'ਅਚਾਨਕ ਸਾਹਮਣੇ', 'ਸਾਈਨ-ਵੈਲਯੂ ਦਾ ਜਲੌਅ' ਤੇ 'ਥੈਂਕ ਯੂ ਬਾਪੂ' ਨਾਂਅ ਦੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਦੋ ਮਿੰਨੀ ਕਹਾਣੀ ਸੰਗ੍ਰਹਿ ਤੇ 8 ਅਨੁਵਾਦਿਤ ਕਥਾ ਪੁਸਤਕਾਂ ਵੀ ਉਸ ਦੇ ਨਾਂਅ ਹੇਠ ਦਰਜ ਹਨ। ਉਸ ਦਾ ਨਵਾਂ ਕਹਾਣੀ ਸੰਗ੍ਰਹਿ ਸਭ ਤੋਂ ਉਦਾਸ ਇਬਾਰਤ ਪਾਠਕਾਂ ਦੇ ਹੱਥਾਂ ਵਿੱਚ ਪਹੁੰਚ ਚੁੱਕਾ ਹੈ। ਇਹ ਪੁਸਤਕ ਸਮਾਜਿਕ ਤੇ ਆਰਥਿਕ ਸਮੀਕਰਨਾਂ ਵਿੱਚ ਬਦਲਾਅ ਦੇ ਸਿੱਟੇ ਵਜੋਂ ਵਿਅਕਤੀ ਵਿਸ਼ੇਸ਼ ਦੀ ਮਾਨਸਿਕਤਾ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਗੱਲ ਕਰਦੀ ਹੈ। ਦਰਅਸਲ ਇਹ ਪੁਸਤਕ ਵਿਸ਼ਵੀਕਰਨ ਦੇ ਦੌਰ ਵਿੱਚ ਆਧੁਨਿਕਤਾ ਦੇ ਪ੍ਰਭਾਵ ਹੇਠ ਮਨੁੱਖੀ ਕਦਰਾਂ-ਕੀਮਤਾਂ ਦੇ ਹੋ ਰਹੇ ਪਤਨ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਦੀ ਹੈ। ਖੇਤੀ ਅਧਾਰਤ ਇਸ ਅਰਥ-ਵਿਵਸਥਾ ਵਿੱਚ ਕਾਰਪੋਰੇਟ ਜਗਤ ਦੀ ਵਧ ਰਹੀ ਭਾਗੀਦਾਰੀ ਕਾਰਨ ਜਨਜੀਵਨ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਗਲਪੀ ਨਿਸ਼ਾਨਦੇਹੀ ਕਰਦੀਆਂ ਇਹ ਕਹਾਣੀਆਂ ਜੀਵਨ ਵਿਚਲੇ ਖਲਾਅ ਨੂੰ ਵੀ ਰੇਖਾਂਕਿਤ ਕਰਦੀਆਂ ਹਨ। ਯਥਾਰਥਕ ਹਾਲਤਾਂ ਵਿੱਚ ਜਕੜੇ ਪਾਤਰਾਂ ਦੇ ਮਾਨਸਿਕ ਦਵੰਦ ਅਸਲ ਵਿੱਚ ਜ਼ਿਹਨਾਂ ਦੇ ਅੰਦਰੂਨੀ ਸੰਘਰਸ਼ਾਂ, ਮਾਨਸਿਕ ਤਣਾਵਾਂ, ਆਰਥਿਕ ਮਸਲਿਆਂ ਤੇ ਸਮਾਜਿਕ ਵਰਜਨਾਵਾਂ ਕਾਰਨ ਉਤਪੰਨ ਹੁੰਦੇ ਹਨ ਅਤੇ ਪਾਤਰਾਂ ਦੀ ਸੋਚ ਵਿੱਚ ਭਿੜਦਿਆਂ, ਇਕੱਲਤਾ ਮਹਿਸੂਸਦਿਆਂ ਤੇ ਸਰੀਰਕ-ਮਾਨਸਿਕ ਸੰਕਟ ਝੱਲਦਿਆਂ ਪ੍ਰਗਟ ਹੁੰਦੇ ਹਨ। ਇਹ ਕਹਾਣੀਆਂ ਅਜਿਹੇ ਪਾਤਰਾਂ ਦੀਆਂ ਕਹਾਣੀਆਂ ਹਨ ਜਿਹੜੇ ਆਪਣੇ-ਆਪਣੇ ਧਰਾਤਲੀ ਪੱਧਰ 'ਤੇ ਮਾਨਸਿਕ ਦਵੰਦਾਂ ਵਿੱਚ ਉਲਝਦੇ ਤੇ ਲੜਦੇ ਨਜ਼ਰੀਂ ਆਉਂਦੇ ਹਨ। ਬਲਬੀਰ ਪਰਵਾਨਾ ਪਾਤਰਾਂ ਦੇ ਮਨੋਵਿਗਿਆਨਕ ਪੱਖ ਨੂੰ ਬਹੁਤ ਹੀ ਸੂਖਮ ਦ੍ਰਿਸ਼ਟੀ ਨਾਲ ਫੜਦਾ ਹੈ।

ਇਸ ਸੰਗ੍ਰਹਿ ਵਿੱਚ ਕੁਲ 13 ਕਹਾਣੀਆਂ ਹਨ। ਪਹਿਲੀ ਕਹਾਣੀ 'ਓਟ-ਆਸਰੇ' ਵਸਤੂਵਾਦੀ ਯੁੱਗ ਵਿੱਚ ਵਿਚਰ ਰਹੇ ਆਮ ਵਿਅਕਤੀ ਦੇ ਅੰਦਰਲੇ ਖਲਾਅ ਦੀ ਕਹਾਣੀ ਹੈ। ਇਸ ਵਿੱਚ ਕਹਾਣੀਕਾਰ ਨੇ ਪਹਾੜੀ ਥਾਂ ਵਿਗੜ ਰਹੇ ਮੌਸਮ ਦੇ ਮਿਜ਼ਾਜ ਜ਼ਰੀਏ ਮਨ ਦੀ ਬੇਚੈਨੀ ਜ਼ਾਹਰ ਕੀਤੀ ਹੈ। ਰੋਜ਼ਾਨਾ ਜ਼ਿੰਦਗੀ ਤੋਂ ਅੱਕ ਕੇ ਮੂਡ ਬਦਲਣ ਲਈ ਮੁੱਖ ਪਾਤਰ ਪਹਾੜੀ ਥਾਂ ਦੀ ਯਾਤਰਾ ਲਈ ਜਾਂਦਾ ਹੈ, ਪਰ ਇਸ ਦੌਰਾਨ ਮੌਸਮ ਦੀ ਖ਼ਰਾਬੀ ਉਸ ਦੀਆਂ ਮਨਚਾਹੀਆਂ ਯੋਜਨਾਵਾਂ ਪੂਰੀਆਂ ਕਰਨ 'ਚ ਰੁਕਾਵਟ ਬਣਦੀ ਹੈ। ਇਕ ਉਪ ਬਿਰਤਾਂਤ ਹੈ, ਉਹ ਵੀ ਘਰ ਦੀ ਹੁੰਮਸ ਤੋਂ ਅੱਕਿਆ ਪਿਆ ਸੀ। ਜਿਵੇਂ ਪ੍ਰੈਸ਼ਰ-ਕੁੱਕਰ 'ਚ ਗੈਸ ਭਰਦੀ ਜਾਂਦੀ ਹੈ, ਜੇ ਸੇਫ਼ਟੀ-ਵਾਲਵ ਨਾ ਰਿਸੇ ਤਾਂ ਨਿਸ਼ਚਿਤ ਹੀ ਉਸ ਨੇ ਫਟ ਜਾਣਾ ਹੁੰਦਾ। ਘਰ 'ਚ ਤਣਾਅ ਵਧਿਆ ਹੋਇਆ ਸੀ। ਸੁਨੇਹਾ ਦੇ ਮਾਂ-ਬਾਪ ਮਹੀਨੇ ਭਰ ਤੋਂ ਆਏ ਡੇਰੇ ਲਾ ਕੇ ਬੈਠੇ ਹੋਏ ਸਨ। ਉਸ ਨੂੰ ਤਾਂ ਉਨ੍ਹਾਂ ਤੋਂ ਬਿਨਾਂ ਕੁਝ ਸੁੱਝਦਾ ਹੀ ਨਾ। ਉਨ੍ਹਾਂ ਦੀ ਸਿਹਤ, ਉਨ੍ਹਾਂ ਦੀਆਂ ਲੋੜਾਂ, ਖਾਣ-ਪੀਣ ਦੇ ਫ਼ਿਕਰ। ਉਸ ਲਈ ਤਾਂ ਕੀ, ਘਰ 'ਚ ਬੱਚਿਆਂ ਲਈ ਵੀ ਸਪੇਸ ਸੁੰਗੜੀ ਹੋਈ ਸੀ, ਇਸ ਦਾ ਪਰ ਉਸ ਨੂੰ ਉੱਕਾ ਹੀ ਕੋਈ ਅਹਿਸਾਸ ਨਾ ਹੁੰਦਾ। ਪੰਨਾ 12 ਇਸੇ ਜ਼ਿੰਦਗੀ ਤੋਂ ਅੱਕ ਕੇ ਪਹਾੜੀ ਥਾਂ 'ਤੇ ਜਾਣਾ ਪਰ ਉਥੇ ਉਸ ਨੂੰ ਕਮਰੇ ਦੇ ਅੰਦਰ ਬੈਠਿਆਂ ਬਾਹਰ ਤੋਂ ਮੀਂਹ ਦੀਆਂ ਆ ਰਹੀਆਂ ਆਵਾਜ਼ਾਂ ਤੇ ਅੰਤਰਮਨ ਦੀਆਂ ਆਵਾਜ਼ਾਂ ਦੋਵੇਂ ਹੀ ਬੇਚੈਨ ਕਰਦੀਆਂ ਹਨ ਅਤੇ ਪਹਾੜੀ ਸਥਾਨ 'ਤੇ ਮਨ ਨੂੰ ਤਰੋਤਾਜ਼ਾ ਕਰਨ ਦੀ ਕੋਸ਼ਿਸ਼ ਨਾਕਾਮ ਹੋ ਜਾਂਦੀ ਹੈ। ਉਹ ਮੀਂਹ ਨੂੰ ਕੰਟਰੋਲ ਕਰਨ ਵਿੱਚ ਉਵੇਂ ਹੀ ਨਾਕਾਮਯਾਬ ਰਹਿੰਦਾ ਹੈ, ਜਿਵੇਂ ਆਪਣੇ ਘਰ ਦੀਆਂ ਜ਼ਿੰਮੇਵਾਰੀਆਂ ਅਤੇ ਵਰਜਨਾਵਾਂ ਨੂੰ ਪਿੱਛੇ ਛੱਡ ਕੇ ਆਉਣ ਦੇ ਬਾਵਜੂਦ ਉਹਨਾਂ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਖਰਾਬ ਮੌਸਮ ਤੋਂ ਬਚਣ ਲਈ ਓਟ ਆਸਰਾ ਲੈਣਾ ਉਵੇਂ ਹੀ ਉਸ ਦੀ ਮਜਬੂਰੀ ਬਣ ਜਾਂਦਾ ਹੈ, ਜਿਵੇਂ ਵਾਪਸ ਘਰੇਲੂ ਮਹੌਲ ਵਿੱਚ ਜਾਣਾ। ਕਹਾਣੀਕਾਰ ਨੇ ਸਾਰੀਆਂ ਮਾਨਸਿਕ ਯਾਤਨਾਵਾਂ ਦੇ ਬਾਵਜੂਦ ਘਰ ਨੂੰ ਸਤਹੀ ਪੱਧਰ 'ਤੇ ਵਿਅਕਤੀ ਵਿਸ਼ੇਸ਼ ਲਈ ਓਟ ਆਸਰਾ ਸਿੱਧ ਕੀਤਾ ਹੈ। ਇਸੇ ਤਰ੍ਹਾਂ ਦੀ ਇੱਕ ਹੋਰ ਕਹਾਣੀ 'ਭਲਾ ਇਉਂ ਵੀ ਕੋਈ ਕਰਦਾ ਹੁੰਦਾ' ਵਿੱਚ ਵੀ ਕਹਾਣੀਕਾਰ ਪਤੀ-ਪਤਨੀ ਦੇ ਰਿਸ਼ਤੇ ਵਿੱਚ ਆ ਰਹੀ ਦੂਰੀ ਅਤੇ ਇਕੱਠੇ ਵਸਣ ਦੀ ਮਜਬੂਰੀ ਨੂੰ ਵਿਸ਼ਾ ਬਣਾਉਂਦਾ ਹੈ। ਕਹਾਣੀ 'ਮੰਮਾ ਸਮਝਦੇ ਕਿਉਂ ਨਹੀਂ?' ਸਵੈ-ਹੋਂਦ ਦੀ ਭਾਲ ਵਿੱਚ ਮਨ ਵਿੱਚ ਅਸੁਰੱਖਿਆ ਦੀ ਭਾਵਨਾ ਪਾਲ ਰਹੇ ਏਕਮ ਨਾਂਅ ਦੇ ਇੱਕ ਛੋਟੇ ਬੱਚੇ ਦੇ ਡਰ ਦੀ ਕਹਾਣੀ ਹੈ, ਜੋ ਸੋਚਦਾ ਹੈ ਕਿ ਉਸ ਦੀ ਮੰਮੀ ਉਸ ਤੋਂ ਬਿਨਾਂ ਵੀ ਕਿਸੇ ਹੋਰ ਨੂੰ ਲਾਡ ਕਿਵੇਂ ਕਰ ਸਕਦੀ ਹੈ? ਉਸ ਦੇ ਅੰਦਰਲੀ ਟੁੱਟ-ਭੱਜ ਉਸ ਦੇ ਮਨ ਵਿੱਚ ਉਸ ਦੀ ਮਾਸੀ ਤੇ ਉਸ ਦੇ ਬੇਟੇ ਵਰੁਣ ਪ੍ਰਤੀ ਨਫ਼ਰਤ ਭਰ ਦਿੰਦੀ ਹੈ। ਉਸ ਨੂੰ ਚੰਗਾ ਨਹੀਂ ਲੱਗਦਾ ਕਿ ਉਸ ਦੀ ਮੰਮੀ ਹੁਣ ਵਰੁਣ ਦੀ ਪਸੰਦ ਦਾ ਖਾਣਾ ਬਣਾਉਂਦੀ ਹੈ ਜਾਂ ਫਿਰ ਥਾਂ-ਥਾਂ 'ਤੇ ਵਰੁਣ ਨਾਲ ਤੁਲਨਾ ਕਰਦੀ ਹੈ। ਮਾਸੀ ਮੋਹਿਨੀ ਵਾਰ-ਵਾਰ ਵਰੁਣ ਦੀ ਤਰੀਫ਼ ਕਰਦੀ ਹੈ ਅਤੇ ਇਸ ਗੱਲ ਨਾਲ ਉਸ ਵਿੱਚ ਛੋਟੇਪਨ ਦਾ ਅਹਿਸਾਸ ਉਪਜਦਾ ਹੈ। ਅੱਜ ਦੇ ਸਮੇਂ ਵਿੱਚ ਇਕੱਲੇ ਪਰਵਾਰ ਹੋਣ ਕਾਰਨ ਹਰ ਬੱਚਾ ਜਨਮ ਤੋਂ ਹੀ ਖਿੱਚ ਦਾ ਕੇਂਦਰ ਬਣ ਕੇ ਰਹਿਣਾ ਚਾਹੁੰਦਾ ਹੈ। ਉਸ ਕੇਂਦਰ ਵਿੱਚ ਉਸ ਤੋਂ ਇਲਾਵਾ ਕਿਸੇ ਹੋਰ ਦੀ ਆਮਦ ਉਸ ਨੂੰ ਤੜਫਾਉਂਦੀ ਹੈ। ਇਹੀ ਤੜਫ਼ ਇਸ ਕਹਾਣੀ ਦੇ ਬਿਰਤਾਂਤ ਨੂੰ ਸਿਖ਼ਰ 'ਤੇ ਪਹੁੰਚਾਉਂਦੀ ਹੈ। ਕਹਾਣੀਕਾਰ ਨੇ ਇਸ ਪਾਤਰ ਦੀਆਂ ਭਾਵਨਾਵਾਂ, ਡਰ, ਉਮੀਦਾਂ ਅਤੇ ਅਸੁਰੱਖਿਆਵਾਂ ਦਾ ਮੁਲਾਂਕਣ ਕਹਾਣੀ ਵਿੱਚ ਬਾਖ਼ੂਬੀ ਕੀਤਾ ਹੈ, ਜੋ ਉਸ ਦੇ ਮਨ ਦੇ ਤਣਾਵਾਂ ਵਿੱਚੋਂ ਪੈਦਾ ਹੁੰਦੀਆਂ ਹਨ। ਕਹਾਣੀ ਦੇ ਇਕ ਪਾਸਾਰ ਵਿੱਚ ਏਕਮ ਲਈ ਤਿਆਰ ਕੀਤੇ ਅਲੱਗ ਕਮਰੇ ਦੇ ਬਿਰਤਾਂਤ ਨਾਲ ਕਹਾਣੀਕਾਰ ਉਸ ਦੇ ਮਾਪਿਆਂ ਦੇ ਮੋਹ, ਪਿਆਰ ਅਤੇ ਏਕਮ ਦੀ ਕੀਤੀ ਜਾਣ ਵਾਲੀ ਦੇਖਭਾਲ ਨੂੰ ਵੀ ਵਿਸ਼ਾ ਬਣਾਉਂਦਾ ਹੈ ਅਤੇ ਅੱਜ ਦੇ ਸਮੇਂ ਵਿੱਚ ਸ਼ਹਿਰੀ ਜਨਜੀਵਨ ਵਿੱਚ ਔਲਾਦ ਦੇ ਪਾਲਣ-ਪੋਸ਼ਣ ਦੇ ਢੰਗ-ਤਰੀਕਿਆਂ 'ਤੇ ਪ੍ਰਸ਼ਨ ਚਿੰਨ੍ਹ ਵੀ ਲਗਾਉਂਦਾ ਹੈ।

'ਪਿੰਡ ਜਿਉਂਦਾ ਹੀ ਕਿੱਥੇ ਹੈ!' ਕਹਾਣੀ ਆਰਥਿਕਤਾ ਦੀ ਮਾਰ ਹੇਠ ਸਮਾਜਿਕ ਵਰਤਾਰਿਆਂ ਦੇ ਬਦਲਾਅ ਦੀ ਗੱਲ ਕਰਦੀ ਹੈ। ਨੌਕਰੀ ਲਈ ਪਿੰਡ ਦਾ ਘਰ ਛੱਡ ਸ਼ਹਿਰ ਵਸਦੇ ਇਸ ਕਹਾਣੀ ਦੇ ਬਿਰਤਾਂਤਕਾਰ ਦੇ ਜ਼ਿਹਨ ਵਿੱਚ ਪਿੰਡ ਦਾ ਲਗਾਅ ਅਤੇ ਸ਼ਹਿਰ ਜਾ ਵੱਸਣ ਦੀ ਬੇਵਸੀ ਨਾਲੋ-ਨਾਲ ਕਾਇਮ ਰਹਿੰਦੀ ਹੈ। ਕਹਾਣੀਕਾਰ ਇੱਕ ਅਜਿਹੇ ਪਾਤਰ ਜੱਜੂ ਦੇ ਮਸਤ ਮੌਲਾ ਸੁਭਾਅ ਨੂੰ ਚਿਤਰਤ ਕਰਦਾ ਹੈ, ਜਿਸ ਦੀ ਸ਼ਖ਼ਸੀਅਤ 'ਤੇ ਸਮੇਂ ਨਾਲ ਆ ਰਹੇ ਕਿਸੇ ਵੀ ਬਦਲਾਅ ਦਾ ਕੋਈ ਅਸਰ ਨਹੀਂ ਪੈਂਦਾ। ਕਹਾਣੀਕਾਰ ਇਸ ਵਿਅਕਤੀ ਨੂੰ ਉਸ ਨਾ-ਬਦਲਣਸ਼ੀਲ ਮੈਟਾਫ਼ਰ ਵਜੋਂ ਵਰਤਦਾ ਹੈ, ਜੋ ਨਵੇਂ ਯੁੱਗ ਦੇ ਤਕਨੀਕੀ ਬਦਲਾਅ ਨੂੰ ਕਿਸੇ ਵੀ ਢੰਗ ਨਾਲ ਨਹੀਂ ਅਪਣਾਉਂਦਾ। ਬਿਰਤਾਂਤਕਾਰ ਦੇ ਸ਼ਬਦਾਂ ਵਿੱਚ ਪਿੰਡ ਬਦਲ ਰਿਹਾ ਸੀ, ਹਾਲਾਤ ਬਦਲ ਰਹੇ ਸਨ। ਜੇ ਕੁਝ ਨਹੀਂ ਸੀ ਬਦਲ ਰਿਹਾ ਤਾਂ ਉਹ ਜੱਜੂ ਦਾ ਸੁਭਾਅ, ਉਸ ਦੀਆਂ ਆਦਤਾਂ। ਪੰਨਾ 33 ਕਹਾਣੀ ਦੇ ਪਾਸਾਰਾਂ ਵਿੱਚ ਉਹ ਵਾਰ-ਵਾਰ ਬਿਰਤਾਂਤਕਾਰ ਨੂੰ ਆਪਣੇ ਬਾਰੇ ਕਹਾਣੀ ਲਿਖਣ ਨੂੰ ਕਹਿੰਦਾ, ਪਰ ਉਸ ਨੂੰ ਉਹ ਕਿਸੇ ਵੀ ਸਿਧਾਂਤਕ ਚੌਖਟੇ ਵਿੱਚ ਫਿੱਟ ਹੁੰਦਾ ਨਹੀਂ ਲੱਗਦਾ। ਉਸ ਦੀ ਕਹਾਣੀ ਅਜੇ ਤੱਕ ਨਾ ਲਿਖੇ ਜਾਣ ਦੇ ਕਾਰਨ ਲੱਭਦਿਆਂ ਇਸ ਬਿਰਤਾਂਤ ਵਿੱਚ ਕਹਾਣੀਕਾਰ ਨੇ ਕਈ ਉਹ ਪਲ ਅਤੇ ਅਨੁਭਵ ਵੀ ਸਾਂਝੇ ਕੀਤੇ ਹਨ, ਜਿਨ੍ਹਾਂ ਕਾਰਨ ਕੋਈ ਕਹਾਣੀ ਸਿਰਜੀ ਜਾਂਦੀ ਹੈ। 'ਜੜ੍ਹਾਂ ਤੋਂ ਟੁੱਟੇ' ਕਹਾਣੀ ਇਕ ਨਾਮੁਰਾਦ ਬਿਮਾਰੀ ਕਾਰਨ ਆਰਥਿਕਤਾ ਦੀ ਮਾਰ ਝੱਲ ਰਹੇ ਪਾਤਰ ਰਵੀ ਦੀ ਕਹਾਣੀ ਹੈ। ਉਹ ਇਸ ਸੰਘਰਸ਼ ਕਾਰਨ ਆਪਣੇ ਸੁਪਨੇ ਪੂਰੇ ਕਰਨ ਵਿੱਚ ਨਾਕਾਮ ਰਹਿੰਦਾ ਹੈ ਤੇ ਮਾਨਸਿਕ ਸੰਤਾਪ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਹੁੰਦਾ ਹੈ। ਬਾਪ ਦੀ ਬਿਮਾਰੀ ਦੇ ਇਲਾਜ ਸਮੇਂ ਹੱਦੋਂ ਵੱਧ ਹੋਏ ਖ਼ਰਚੇ ਕਾਰਨ ਥਿੜਕੀ ਆਰਥਿਕ ਹਾਲਤ ਕਾਰਨ ਭਵਿੱਖ ਦੇ ਸੁਪਨੇ ਟੁੱਟਣੇ, ਆਇਲਸ ਟੈਸਟ ਪਾਸ ਕਰਨ ਦੀ ਅਸਮਰੱਥਾ, ਜਿਸ ਕਾਰਨ ਮਨ-ਪਸੰਦ ਲੜਕੀ ਦਾ ਨਾ ਮਿਲਣਾ, ਭਰਾ-ਭਰਜਾਈ ਦਾ ਆਰਥਿਕ ਮਦਦ ਕਰਨ ਤੋਂ ਇਨਕਾਰ ਕਰ ਦੇਣਾ ਤੇ ਮਾਂ ਦੀ ਬੇਵੱਸੀ ਅਜਿਹੀਆਂ ਹਾਲਤਾਂ ਬਣਦੀਆਂ ਹਨ, ਜਿਨ੍ਹਾਂ ਕਾਰਨ ਰਵੀ ਮਾਨਸਿਕ ਸੰਤਾਪ ਹੰਢਾਉਂਦਾ ਹੈ। ਇਸ ਸੰਤਾਪ ਕਾਰਨ ਅਤ੍ਰਿਪਤ ਦੇਹੀ ਲੋੜਾਂ ਦੀ ਸੰਤੁਸ਼ਟੀ ਲਈ ਅਨੈਤਿਕ ਢੰਗ ਅਪਣਾਉਂਦਾ ਹੈ। ਗਵਾਂਢਣ ਬਿੰਦਰੀ ਜਾਂ ਕੁਲੀਗ ਹਰਿੰਦਰ ਨਾਲ ਮਨ ਪ੍ਰਚਾਉਂਦਾ ਹੈ, ਪਰ ਆਪਣੀ ਪਤਨੀ ਨਾਲ ਮਨ ਨਹੀਂ ਮੇਲ ਪਾਉਂਦਾ। ਕਹਾਣੀਕਾਰ ਨੇ ਜੀਵਨ ਸੰਘਰਸ਼ਾਂ ਥੱਲੇ ਆਪਣੇ ਟੁੱਟੇ ਸੁਪਨਿਆਂ ਦੀਆਂ ਕਿਰਚਾਂ ਚੁਣਦਾ ਇਕ ਯਥਾਰਥਵਾਦੀ ਪਾਤਰ ਘੜਿਆ ਹੈ।

'ਅੱਕ ਦੇ ਫੰਬੇ' ਕਹਾਣੀ ਵਿੱਚ ਕਹਾਣੀਕਾਰ ਇਕ ਔਰਤ ਅਤੇ ਉਸ ਦੀ ਵਫ਼ਾਦਾਰੀ ਦੇ ਪੱਖ ਤੋਂ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ। ਉਹ ਪਰਵਾਸੀ ਪਤੀ ਦੇ ਪਿੱਛੇ ਰਹਿ ਗਈ ਔਰਤ ਦੀ ਇਕੱਲਤਾ ਤੇ ਵਫਾਦਾਰੀ ਨੂੰ ਆਹਮੋ-ਸਾਹਮਣੇ ਲਿਆ ਖੜ੍ਹਾ ਕਰਦਾ ਹੈ। ਅਜਿਹੀਆਂ ਔਰਤਾਂ ਦੁਆਰਾ ਆਪਣੀਆਂ ਭਾਵਨਾਤਮਕ ਅਤੇ ਦੇਹੀ ਲੋੜਾਂ ਲਈ ਜ਼ਰੂਰੀ ਆਸਰੇ ਦੀ ਭਾਲ ਇਸ ਸੱਭਿਆਚਾਰ ਦਾ ਹਿੱਸਾ ਨਹੀਂ ਬਣਦੀ, ਸਗੋਂ ਅਜਿਹੀ ਹਾਲਤ ਵਿੱਚ ਵੀ ਔਰਤ ਤੋਂ ਸਬਰ ਤੇ ਵਫ਼ਾਦਾਰੀ ਦੀ ਉਮੀਦ ਕੀਤੀ ਜਾਂਦੀ ਹੈ ਤੇ ਅਜਿਹੇ ਸੰਬੰਧ ਨਿੰਦਾ ਦਾ ਕਾਰਨ ਬਣਦੇ ਹਨ। ਕਹਾਣੀਕਾਰ ਦੁਆਰਾ ਲਿਖਿਆ ਬਿਰਤਾਂਤ ਹੈ, ਬਹੁਤੇ ਮੁਲਾਜ਼ਮਾਂ ਦੀਆਂ ਕੋਠੀਆਂ ਸਨ, ਕੋਈ ਛੋਟੇ-ਮੋਟੇ ਬਿਜ਼ਨੈੱਸ ਵਾਲਾ ਜਾਂ ਫਿਰ ਐੱਨ ਆਰ ਆਈ, ਇਕਹਿਰੇ ਪਰਵਾਰ। ਕੋਠੀਆਂ 'ਚ ਕਮਰੇ ਬਹੁਤ, ਉਹਨਾਂ 'ਚ ਰਹਿਣ ਵਾਲੇ ਜੀਅ ਘੱਟ। ਇਹ ਜੀਅ ਆਪਣੀਆਂ ਨੌਕਰੀਆਂ, ਕੰਮਾਂ-ਕਾਰਾਂ, ਸਕੂਲਾਂ-ਕਾਲਜਾਂ ਤੋਂ ਮੁੜ ਆਪਣੇ ਘਰਾਂ/ਕਮਰਿਆਂ 'ਚ ਮੋਬਾਇਲ, ਟੀ.ਵੀ. ਦੇ ਸੰਸਾਰ 'ਚ ਗੁਆਚੇ ਰਹਿੰਦੇ। ਕੌਣ ਆਪਣੇ ਘਰ 'ਚ ਕੀ ਕਰਦਾ, ਇਸ ਦਾ ਤਾਂ ਕੀ ਪਤਾ ਲੱਗਣਾ; ਉਥੇ ਤਾਂ ਇਹ ਵੀ ਪਤਾ ਨਹੀਂ ਸੀ ਲੱਗਦਾ, ਘਰ ਦੇ ਨਾਲ ਦੇ ਕਮਰੇ 'ਚ ਹੀ ਦੂਸਰਾ ਜਣਾ ਕੀ ਕਰ ਰਿਹਾ। ਨਾ ਕਿਸੇ ਨੂੰ ਜਾਨਣ ਦੀ ਚਾਹ ਹੁੰਦੀ। ਹਫ਼ਤੇ-ਦਸੀਂ ਦਿਨੀਂ, ਕਦੀ ਮਹੀਨੇ ਬਾਅਦ, ਜਦੋਂ ਵੀ ਜਿਸਮ ਚੰਗਿਆੜੇ ਛੱਡਣ ਲੱਗਦਾ, ਮੌਕਾ ਬਣਾ ਕੇ ਪਿੰਦਰ ਨੂੰ ਆਪਣੇ ਬੈੱਡਰੂਮ 'ਚ ਲੈ ਵੜਦੀ। ਫਿਰ ਕੁਝ ਦਿਨ ਇਸ ਤ੍ਰਿਪਤੀ ਦੇ ਅਹਿਸਾਸ 'ਚ ਗੁਆਚਿਆ ਲੰਘ ਜਾਂਦੇ ਤੇ ਕੁਝ ਦਿਨ ਨਵਾਂ ਸਬੱਬ ਬਣਾਉਣ ਦੀ ਉਤੇਜਨਾ 'ਚ। ਕਈ ਵਾਰ ਬੜੀ ਹਾਸੋਹੀਣੀ ਸਥਿਤੀ ਪੈਦਾ ਹੋ ਜਾਂਦੀ। ਪੰਨਾ 61 ਇਸ ਢੰਗ ਨਾਲ ਇਸ ਕਹਾਣੀ ਵਿੱਚ ਕਹਾਣੀਕਾਰ ਪਰਵਾਸੀ ਜੀਵਨ ਕਾਰਨ ਆਰਥਿਕ ਬਿਹਤਰੀ ਅਤੇ ਇਸੇ ਕਾਰਨ ਪਿੰਡ ਦੇ ਆਲੇ-ਦੁਆਲੇ 'ਚ ਆਏ ਬਦਲਾਅ ਅਤੇ ਬਾਹਰਲੇ ਦੇਸ਼ ਜਾ ਵਸਣ ਤੇ ਉਥੋਂ ਦੇ ਬੰਧੂਆ ਮਜ਼ਦੂਰਾਂ ਵਾਲੀ ਜ਼ਿੰਦਗੀ ਨੂੰ ਵੀ ਵਿਸ਼ਾ ਬਣਾਉਂਦਾ ਹੈ। ਕਹਾਣੀ 'ਨਸਾਂ 'ਚ ਫੈਲਦਾ ਜ਼ਹਿਰ' ਛੋਟੀ ਕਿਰਸਾਨੀ ਦੀ ਮਾੜੀ ਆਰਥਿਕਤਾ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ ਹੈ। ਇੱਕ ਪਾਸੇ ਪਿਤਾ ਦੁਆਰਾ ਘੱਟ ਜ਼ਮੀਨ ਕਾਰਨ ਖੇਤੀ ਸੰਬੰਧੀ ਮਸਲਿਆਂ ਕਾਰਨ ਕੀਤਾ ਜਾਣ ਵਾਲਾ ਸੰਘਰਸ਼ ਕੰਮ ਕਰ ਰਿਹਾ ਹੈ ਤੇ ਦੂਜੇ ਪਾਸੇ ਉਸ ਦੀ ਧੀ ਦੁਆਰਾ ਪਿੰਡ ਵਿੱਚ ਬਣਾਏ ਸੰਬੰਧਾਂ ਬਾਰੇ ਉਸ ਦੀ ਬੇਵੱਸੀ ਕਹਾਣੀ ਦਾ ਵਿਸ਼ਾ ਬਣਦੀ ਹੈ, ਨਾਲ ਹੀ ਉਸ ਦੀ ਆਪਣੇ ਪੁੱਤ ਨੂੰ ਬਾਹਰਲੇ ਦੇਸ਼ ਭੇਜਣ ਦੇ ਉਪਰਾਲਿਆਂ ਦੇ ਨਾਕਾਮ ਹੋਣ ਕਾਰਨ ਉਸ ਦਾ ਮਾਨਸਿਕ ਤਣਾਅ ਵੀ ਚਿਤਰਤ ਹੋਇਆ ਹੈ। ਇਸੇ ਤਰ੍ਹਾਂ ਦੇ ਸੰਘਰਸ਼ ਦੀ ਇਕ ਹੋਰ ਕਹਾਣੀ 'ਹਾਸ਼ੀਏ 'ਤੇ ਵਿਚਰਦੇ ਸੁਪਨੇ' ਜਿਸ ਵਿੱਚ ਕਹਾਣੀਕਾਰ ਨੇ ਆਮ ਵਿਅਕਤੀ ਦਾ ਜੀਵਨ ਸੰਘਰਸ਼ ਚਿਤਰਿਆ ਹੈ। 'ਸਭ ਤੋਂ ਉਦਾਸ ਇਬਾਰਤ' ਕਹਾਣੀ ਵਿੱਚ ਪੰਜਾਬ ਵਿੱਚ ਪਰਵਾਸ ਦੇ ਰੁਝਾਨ ਨੂੰ ਲੈ ਕੇ ਪ੍ਰਸ਼ਨ ਚਿੰਨ੍ਹ ਲਗਾਇਆ ਗਿਆ ਹੈ। ਨਾਲ ਹੀ ਯੂਪੀ, ਬਿਹਾਰ ਤੋਂ ਪੰਜਾਬ ਵਿੱਚ ਪਰਵਾਸ ਕਰਕੇ ਆਏ ਉਹਨਾਂ ਲੋਕਾਂ ਦਾ ਜੀਵਨ ਵੀ ਚਿਤਰਤ ਕੀਤਾ ਗਿਆ ਹੈ, ਜੋ ਪੰਜਾਬ ਤੋਂ ਪਰਵਾਸ ਕਰਕੇ ਕੈਨੇਡਾ-ਅਮਰੀਕਾ ਗਏ ਲੋਕਾਂ ਦੀ ਥਾਂ ਲੈ ਰਹੇ ਹਨ। ਇਸ ਦੇ ਨਾਲ ਹੀ ਕਹਾਣੀਕਾਰ ਨੇ ਧੜਾਧੜ ਪੇਂਡੂ ਆਬਾਦੀ ਤੋਂ ਸ਼ਹਿਰੀ ਆਬਾਦੀ ਦੇ ਵਧ ਰਹੇ ਰੁਝਾਨ ਨੂੰ ਵੀ ਰੇਖਾਂਕਿਤ ਕੀਤਾ ਹੈ।

'ਹਨੇਰੇ ਦਾ ਪਿਓ' ਕਹਾਣੀ ਵਿੱਚ ਵਿਆਹ ਬਾਹਰੀ ਸੰਬੰਧਾਂ ਨੂੰ ਇੱਕ ਨਵੇਂ ਜ਼ਾਵੀਏ ਤੋਂ ਪੇਸ਼ ਕੀਤਾ ਗਿਆ ਹੈ। ਭਾਨੇ ਤੇ ਪ੍ਰੀਤੋ ਦੇ ਇਹਨਾਂ ਸੰਬੰਧਾਂ ਦਾ ਪ੍ਰਭਾਵ ਭਾਵੇਂ ਉਹਨਾਂ ਦੇ ਪੁੱਤਰ ਕੁਲਬੀਰ ਦੀ ਜ਼ਿੰਦਗੀ 'ਤੇ ਵੀ ਪੈਂਦਾ ਹੈ ਤੇ ਜਿਸ ਕਾਰਨ ਉਹ ਭਾਨੇ ਨਾਲੋਂ ਰਿਸ਼ਤਾ ਤੋੜ ਲੈਂਦਾ ਹੈ। ਬਿਰਤਾਂਤ ਦੇ ਸਿਖ਼ਰ 'ਤੇ ਭਾਨਾ ਆਪਣੀ ਬੇਵੱਸੀ ਕਾਰਨ ਮਨ ਮਸੋਸ ਕੇ ਰਹਿ ਜਾਂਦਾ ਹੈ, ਕਿਉਂਕਿ ਉਹ ਕੁਲਬੀਰ ਦੇ ਪੁੱਤਰ ਨੂੰ ਆਪਣਾ ਪੋਤਾ ਕਹਿਣ ਤੋਂ ਅਸਮਰੱਥ ਹੁੰਦਾ ਹੈ। 'ਅੰਦਰਲੇ ਕੁਰੂਖੇਤਰ' ਆਪਣੇ ਪੁੱਤਰ ਲਈ ਮਾਂ ਦੀਆਂ ਕੀਤੀਆਂ ਕੁਰਬਾਨੀਆਂ ਦੀ ਦਾਸਤਾਨ ਸੁਣਾਉਂਦੀ ਕਹਾਣੀ ਹੈ। ਇਹ ਕਹਾਣੀ ਉਸ ਸਮੇਂ ਹੋਰ ਵੱਧ ਤਣਾਅਗ੍ਰਸਤ ਲੱਗਦੀ ਹੈ, ਜਦ ਪੁੱਤਰ ਅਤੇ ਨੂੰਹ ਮਾਂ ਦੀ ਹੱਦੋਂ ਜ਼ਿਆਦਾ ਦੇਖਭਾਲ ਤੋਂ ਅੱਕਣ ਲੱਗਦੇ ਹਨ। ਮਾਂ ਦੇ ਨਾਲ ਰਹਿਣਾ ਵੀ ਉਹਨਾਂ ਦੀ ਮਜਬੂਰੀ ਬਣ ਜਾਂਦੀ ਹੈ ਕਿਉਂਕਿ ਉਹ ਦੋਵੇਂ ਜੀਆਂ ਦੀ ਖ਼ੁਦ ਓਨੀ ਤਨਖ਼ਾਹ ਨਹੀਂ ਹੁੰਦੀ, ਜਿੰਨੀ ਮਾਂ ਦੀ ਪੈਨਸ਼ਨ ਹੁੰਦੀ ਹੈ। ਜੇ ਉਹ ਮਾਂ ਤੋਂ ਅਲੱਗ ਹੋ ਜਾਣਗੇ ਤਾਂ ਉਹਨਾਂ ਦਾ ਗ਼ੁਜ਼ਾਰਾ ਚੱਲਣਾ ਔਖਾ ਹੋ ਜਾਵੇਗਾ। ਇਸੇ ਸੰਘਰਸ਼ ਦੀ ਇਕ ਹੋਰ ਕਹਾਣੀ 'ਕਰੈਸ਼ ਤੋਂ ਬਾਅਦ' ਜਿਸ ਵਿੱਚ ਬਾਪ ਦੇ ਦੁਰਵਿਹਾਰ ਕਾਰਨ ਮੁੱਖ ਪਾਤਰ ਦੁਆਰਾ ਕੀਤੇ ਸੰਘਰਸ਼ ਨੂੰ ਚਿਤਰਤ ਕੀਤਾ ਗਿਆ ਹੈ। ਮਾਂ ਦੀ ਅਣਹੋਂਦ ਅਤੇ ਪਿਉ ਦੇ ਅਜਿਹੇ ਵਿਹਾਰ ਕਾਰਨ ਮਾਨਸਿਕ ਤਿੜਕਣ ਅਤੇ ਸੁਆਰਥ ਨੂੰ ਵਿਸ਼ਾ ਬਣਾਉਂਦਾ ਕਹਾਣੀਕਾਰ ਵਰਤਾਰਿਆਂ ਦੇ ਰੂਪਾਂਤਰਣ ਨੂੰ ਪੇਸ਼ ਕਰਨ ਵਿੱਚ ਕਾਮਯਾਬ ਰਹਿੰਦਾ ਹੈ।

ਇਹਨਾਂ ਕਹਾਣੀਆਂ ਦੇ ਅਧਿਐਨ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਬਲਬੀਰ ਪਰਵਾਨਾ ਕੋਲ ਪੰਜਾਬੀ ਜਨ ਜੀਵਨ ਅਤੇ ਜਨ ਮਾਨਸਿਕਤਾ ਦਾ ਵਿਸ਼ਾਲ ਅਨੁਭਵ ਹੈ। ਉਹ ਇਸ ਕਹਾਣੀ-ਸੰਗ੍ਰਹਿ ਨਾਲ ਆਪਣੇ ਸਥਾਪਤ ਮੁਕਾਮ ਤੋਂ ਅੱਗੇ ਵੱਧ ਮਾਨਵੀ ਜੀਵਨ ਵਿੱਚ ਫੈਲੇ ਤਣਾਅ, ਗੁੰਝਲਾਂ ਅਤੇ ਮਾਨਸਿਕ ਸੰਤਾਪ ਨੂੰ ਚਿਤਰਤ ਕਰਨ ਵਾਲਾ ਕਹਾਣੀਕਾਰ ਸਿੱਧ ਹੁੰਦਾ ਹੈ। ਇਹਨਾਂ ਕਹਾਣੀਆਂ ਵਿੱਚ ਉਸ ਦੁਆਰਾ ਵਰਤੀ ਗਈ ਭਾਸ਼ਾ ਇਲਾਕਾਈ ਪੰਜਾਬੀ ਹੈ। ਆਸ ਕੀਤੀ ਜਾਂਦੀ ਹੈ ਕਿ ਇਹ ਕਿਤਾਬ ਉਸ ਦੀਆਂ ਪਹਿਲੀਆਂ ਕਿਤਾਬਾਂ ਵਾਂਗ ਪਸੰਦਗੀ ਦੇ ਸਿਖ਼ਰ ਨੂੰ ਛੂਹੇਗੀ ਅਤੇ ਪਾਠਕਾਂ ਨੂੰ ਪਸੰਦ ਆਵੇਗੀ।

**ਸੰਪਰਕ : 98728-87551**

# ਪੰਜਾਬੀ ਕਵਿਤਾ 'ਚ ਬਿਆਨ ਹੋਇਆ ਫ਼ਲਸਤੀਨ ਦਾ ਦਰਦ

## ਸਾਹਿਤ ਚਿੰਤਨ

**ਡਾ. ਤੇਜਿੰਦਰ ਵਿਰਲੀ**


## ਫਲਸਤੀਨ ਦੀ ਆਵਾਜ਼

**ਸੰਪਾਦਕ : ਅਮੋਲਕ ਸਿੰਘ, ਯਸ਼ ਪਾਲ**
**ਪੰਨੇ-207, ਕੀਮਤ-200 ਰੁਪਏ**
**ਪਲਸ ਮੰਚ, ਪੰਜਾਬ**

ਹੱਥਲੀ ਪੁਸਤਕ 'ਫ਼ਲਸਤੀਨ ਦੀ ਆਵਾਜ਼' ਆਪਣੇ ਨਾਂਅ ਤੋਂ ਹੀ ਸਪੱਸ਼ਟ ਕਰਦੀ ਹੈ ਕਿ ਇਹ ਇਜ਼ਰਾਇਲ ਫ਼ਲਸਤੀਨ ਯੁੱਧ ਵਿੱਚ ਕਿਸ ਧਿਰ ਦੀ ਆਵਾਜ਼ ਹੈ।

ਪੰਜਾਬੀ ਸਾਹਿਤ ਜਗਤ ਵਿੱਚ ਹਥਲੀ ਪੁਸਤਕਾਂ ਨੇ ਆਪਣੀ ਹਾਜ਼ਰੀ ਉਹਨਾਂ ਲੁੱਟੇ-ਪੁੱਟੇ ਤੇ ਦਹਾਕਿਆਂ ਤੋਂ ਕੁੱਟੇ ਜਾਂਦੇ ਅਰਬੀ ਲੋਕਾਂ ਦੇ ਹੱਕ ਵਿੱਚ ਹਾਜ਼ਰੀ ਲਵਾਈ ਹੈ, ਜਿਨ੍ਹਾਂ ਨੂੰ ਸਾਡੇ ਸਮਿਆਂ ਅੰਦਰ ਸਭ ਤੋਂ ਵੱਧ ਪੀੜਤ ਧਿਰ ਵਜੋਂ ਅੱਜ ਦੁਨੀਆ ਦੇਖ ਰਹੀ ਹੈ। ਇਕ ਦਿਨ ਇਹ ਕਵਿਤਾਵਾਂ ਇਤਿਹਾਸ ਦਾ ਸੁਨਹਿਰੀ ਹਰਫ਼ ਬਣਨਗੀਆਂ। ਜਦ ਕਦੀ ਕੋਈ ਬਾਤ ਪਿਆ ਕਰੇਗਾ ਤਾਂ ਸਵਾਲ ਖੜੇ ਹੋਇਆ ਕਰਨਗੇ ਕਿ ਕੌਣ-ਕੌਣ ਸੀ ਜੋ ਨਿਰਦੋਸ਼ ਮਸੂਮਾਂ ਦੇ ਹੱਕ ਵਿੱਚ ਖੜਾ ਹੋ ਕੇ ਹੰਝੂ ਕੇਰਦਾ ਸੀ ਤੇ ਕੌਣ ਇਜ਼ਰਾਇਲੀ ਬੰਬਬਾਜ਼ਾਂ ਦੇ ਹੱਕ ਵਿੱਚ ਮਸਕਰੀ ਹਾਸੀ ਹੱਸਦਾ ਸੀ। ਪੰਜਾਬੀ ਸ਼ਾਇਰਾਂ ਨੇ ਆਪਣੀ ਮਾਨਵਵਾਦੀ ਵਿਰਾਸਤ ਨੂੰ ਅੱਗੇ ਤੋਰਿਆ ਹੈ। ਇਹ ਅੱਜ ਦੇ ਸਮਿਆਂ ਦਾ ਇੱਕ ਹਾਸਲ ਹੈ। ਕਿਸੇ ਭਾਸ਼ਾ ਦੇ ਵਾਸਤੇ ਇਹ ਉਦੋਂ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ ਜਦੋਂ ਦੇਸ਼ ਦਾ ਹਾਕਮ ਅਜਿਹਾ ਕਰਨਾ ਬਿਲਕੁਲ ਨਾ ਚਾਹੁੰਦਾ ਹੋਵੇ ਤੇ ਲੋਕ ਫਿਰ ਵੀ ਬੁੱਲ੍ਹਾਂ 'ਤੇ ਆਏ ਤਰਾਨੇ ਨੂੰ ਗੀਤ ਦੇ ਰੂਪ ਵਿੱਚ ਗਾਉਣ ਲੱਗ ਪੈਣ। ਤਾਂ ਉਹ ਕਵਿਤਾ ਭਗਤ ਕਬੀਰ ਤੇ ਬਾਬੇ ਨਾਨਕ ਦੀ ਬਾਣੀ ਦੀ ਇਨਕਲਾਬੀ ਵਿਰਾਸਤ ਦੀ ਵਾਰਸ ਬਣਦੀ ਹੈ।

ਜਿਹੜੇ ਲੋਕ ਦੂਸਰੇ ਸੰਸਾਰ ਯੁੱਧ ਦੇ ਸਮੇਂ ਜਾਂ ਉਸ ਤੋਂ ਵੀ ਪਹਿਲਾਂ ਯਹੂਦੀਆਂ 'ਤੇ ਹੋਏ ਜ਼ੁਲਮ ਦੀ ਵਿੱਥਿਆ ਨੂੰ ਜਾਣਦੇ ਹਨ, ਉਹਨਾਂ ਨੂੰ ਇਹ ਵੀ ਪਤਾ ਹੋਵੇਗਾ ਕਿ ਉਸ ਸਮੇਂ ਦੇ ਪੰਜਾਬੀ ਸ਼ਾਇਰਾਂ ਨੇ ਯਹੂਦੀਆਂ ਦੇ ਹੱਕ ਵਿੱਚ ਤੇ ਹਿਟਲਰਸ਼ਾਹੀ ਦੇ ਖਿਲਾਫ ਕਵਿਤਾ ਲਿਖੀ ਸੀ। ਅੱਜ ਜਦੋਂ ਯਹੂਦੀ ਹਿਟਲਰ ਵਾਲੇ ਰਾਹ ਪੈ ਕੇ ਅਰਬੀ ਲੋਕਾਂ ਦੀ ਨਸਲਕੁਸ਼ੀ ਕਰ ਰਹੇ ਹਨ, ਉਸ ਵਕਤ ਪੰਜਾਬੀ ਕਵਿਤਾ ਯਹੂਦੀਆਂ ਦੇ ਖਿਲਾਫ ਤੇ ਉਹਨਾਂ ਮਾਰੇ ਜਾ ਰਹੇ ਅਰਬੀਆਂ ਦੇ ਹੱਕ ਵਿੱਚ ਖੜਦੀ ਹੈ। ਇਸ ਤੋਂ ਇੱਕ ਸਵਾਲ ਕਵਿਤਾ ਦੀ ਪ੍ਰਕਿਰਤੀ ਤੇ ਉਹਦੇ ਪ੍ਰਕਾਰ ਸੰਬੰਧੀ ਵੀ ਮੇਰੇ ਮਨ ਵਿੱਚ ਉਘੜਦਾ ਹੈ ਕੀ ਕਵਿਤਾ ਨੇ ਜ਼ੁਲਮ ਦੇ ਖਿਲਾਫ ਖੜਨਾ ਸਿੱਖਿਆ ਹੈ ਜਾਂ ਕਵਿਤਾ ਜ਼ੁਲਮ ਕਰਨ ਵਾਲੇ ਲੋਕਾਂ ਦੇ ਹੱਕ ਵਿੱਚ ਵੀ ਲਿਖੀ ਜਾਂਦੀ ਹੈ। ਪੰਜਾਬੀ ਭਾਸ਼ਾ ਵਿੱਚ ਬਹੁਤੀ ਲਿਖੀ ਜਾਣ ਵਾਲੀ ਕਵਿਤਾ ਵੱਖ-ਵੱਖ ਸਮਿਆਂ 'ਤੇ ਦੱਬੇ-ਕੁਚਲੇ ਤੇ ਲਿਤਾੜੇ ਜਾ ਰਹੇ ਲੋਕਾਂ ਦੇ ਹੱਕ ਵਿੱਚ ਖੜਨ ਦਾ ਫੈਸਲਾ ਕਰਦੀ ਰਹੀ ਹੈ। ਬੇਗਾਨੇ ਦਰਦ ਨੂੰ ਜ਼ੁਬਾਨ ਦੇਣੀ ਹੋਰ ਵੀ ਔਖੀ ਹੈ ਤੇ ਜਿਹੜਾ ਔਖਾ ਕੰਮ ਹੱਥਲੇ ਕਾਵਿ ਸੰਗ੍ਰਹਿ ਵਿੱਚ ਦਰਜ ਕਵੀਆਂ ਨੇ ਬਾਖੂਬੀ ਨਾਲ ਕੀਤਾ।




ਦੁਨੀਆ ਵਿੱਚ ਸ਼ਾਇਦ ਹੀ ਕੋਈ ਭਾਈਚਾਰਾ ਏਨਾ ਪੀੜਤ ਹੋਵੇ ਜਿੰਨਾ ਫ਼ਲਸਤੀਨ ਅੱਜ ਹੈ।

ਮਹਾਤਮਾ ਗਾਂਧੀ ਤੋਂ ਲੈ ਕੇ ਵਾਜਪਾਈ ਤੱਕ ਸਾਰੇ ਵੱਡੇ ਲੀਡਰਾਂ ਨੇ ਫਲਸਤੀਨ ਦੀ ਹਮਾਇਤ ਕੀਤੀ ਸੀ, ਪਰ ਅੱਜ ਭਾਰਤੀ ਸਰਕਾਰ ਬਿਲਕੁਲ ਵਿਰੋਧੀ ਪੈਂਤੜਾ ਲੈ ਕੇ ਇਜ਼ਰਾਇਲ ਨਾਲ ਖੜੀ ਹੈ।

ਅਮਰੀਕਾ ਵਿੱਚ ਵੱਸਦੇ ਪੰਜਾਬੀ ਸ਼ਾਇਰ ਸੁਰਿੰਦਰ ਸੋਹਲ ਨੇ ਬਹੁਤ ਹੀ ਸੁਹਜਮਈ ਢੰਗ ਨਾਲ ਬਿਆਨਿਆ ਹੈ-

ਧੁਖਦੀ ਧੁਖਦੀ ਰਾਤ ਪੈਂਦੀ
ਲੂਸਾ-ਲੂਸਾ ਦਿਨ ਚੜ੍ਹੇ

ਉਸ ਮੁਲਕ ਦੀ ਅਤੇ ਉਥੋਂ ਦੇ ਲੋਕਾਂ ਦੀ, ਜੀਹਨੂੰ ਫਲਸਤੀਨ ਕਹਿੰਦੇ ਹਨ, ਦੁਨੀਆ ਦੇ ਨਕਸ਼ੇ 'ਚ ਸੁੰਗੜਦਾ-ਸੁੰਗੜਦਾ, ਜਿਹੜਾ ਏਨਾ ਕੁ ਰਹਿ ਗਿਆ ਕਿ ਹੋਰ ਨਹੀਂ ਸੁੰਗੜ ਸਕਦਾ।

'ਵੇਦਨਾ ਪੀੜਾ ਰੋਹ
ਫਲਸਤੀਨ ਬੋਲਦਾ ਹੈ
ਸਮਾਂ ਲੰਘ ਰਿਹਾ ਹੈ
ਸੰਸਾਰ ਖੜ੍ਹਾ ਦੇਖ ਰਿਹਾ ਹੈ'

ਪੰਜਾਬੀ ਸ਼ਾਇਰ ਰਿਪਲ ਪ੍ਰੀਤ ਆਖਦਾ ਹੈ,
ਫਾਸ਼ੀਵਾਦ ਖਿੜ ਖਿੜਾ ਕੇ ਹੱਸਦਾ ਹੈ
ਗਾਜ਼ਾ ਦੇ ਖੰਡਰਾਂ 'ਤੇ।

ਸ਼ਾਇਰਾ ਸ਼ੀਰੀਂ ਫਲਸਤੀਨ ਨੂੰ ਪਰਿਭਾਸ਼ਿਤ ਕਰਦੀ ਹੈ,
ਹਰ ਚੜ੍ਹਦਾ ਦਿਨ ਨਵੀਂ ਕਿਆਮਤ ਹੈ ਜਿੱਥੇ

ਪੰਜਾਬ ਦੀ ਸ਼ਾਇਰਾ ਸੁਰਿੰਦਰ ਜੈਪਾਲ ਮਾਸੂਮ ਬੱਚਿਆਂ ਨੂੰ ਜਿਸ ਅੰਦਾਜ਼ ਨਾਲ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ, ਉਸ ਦਾ ਕਦੀ ਜੇ ਅਰਬੀ ਜ਼ੁਬਾਨ ਵਿੱਚ ਅਨੁਵਾਦ ਹੋ ਸਕਿਆ ਤਾਂ ਉਹ ਮਾਵਾਂ ਉਮਰ ਭਰ ਲਈ ਪੰਜਾਬੀਆਂ ਦੀ ਧਿਰ ਬਣ ਕੇ ਖੜ ਜਾਣਗੀਆਂ, ਜਿਨ੍ਹ ਲਈ ਖ਼ੂਨ ਦੇ ਅੱਥਰੂ ਕੇਰਦੀ ਸੁਰਿੰਦਰ ਗਿੱਲ ਲਿਖਦੀ ਹੈ-

ਕਬਰਾਂ ਵਿੱਚ ਪਿਆਰੇ ਰੱਖੇ
ਉੱਤੇ ਪੱਥਰ ਭਾਰੇ ਰੱਖੇ
ਪੈਰਾਂ ਉਤਲੇ ਹੂਟੇ ਮਾਟੇ
ਪੀਲ਼ੇ ਲਾਲ ਗੁਬਾਰੇ ਰੱਖੇ

ਹਰਵਿੰਦਰ ਭੰਡਾਲ ਆਪਣੀ ਕਵਿਤਾ ਦੇ ਰਾਹੀਂ ਯੁੱਧ ਦੇ ਕਾਰਨਾਂ ਦੇ ਦਵੰਦ ਨੂੰ ਬਿਆਨਦਾ ਲਿਖਦਾ ਹੈ

ਹਾਕਮ ਆਖਦਾ ਹੈ-
'ਇਹ ਜੰਗਾਂ ਦਾ ਯੁੱਗ ਨਹੀਂ
ਤੇ ਐਨ ਉਦੋਂ ਗਾਜ਼ਾ 'ਚ ਪਾਣੀ ਉਡੀਕਦਾ'

ਇੱਕ ਹੋਰ ਬਿਰਤਾਂਤਕ ਕਵਿਤਾ ਦੇ ਰਾਹੀਂ ਅਮਰੀਕਾ 'ਚ ਰਹਿੰਦਾ ਪੰਜਾਬੀ ਸ਼ਾਇਰ ਰਵਿੰਦਰ ਸਹਿਰਾਅ ਲਿਖਦਾ ਹੈ-

ਨੌਂ ਵਰ੍ਹਿਆਂ ਦੀ ਫ਼ਲਸਤੀਨੀ ਕੁੜੀ
ਬਾਜ਼ਾਰ ਜਾਣ ਲਈ
ਜਦੋਂ ਘਰੋਂ ਤੁਰਨ ਲੱਗੀ
ਤਾਂ ਸੱਤ ਵਰ੍ਹਿਆਂ ਦੀ ਛੋਟੀ ਭੈਣ ਨੇ
ਜ਼ਿੱਦ ਕੀਤੀ-
ਮੈਂ ਵੀ ਜਾਊਂ ਨਾਲ ਤੇਰੇ

ਹਥਲੀ ਪੁਸਤਕ ਫਲਸਤੀਨ ਦੀ ਵੇਦਨਾ, ਪੀੜਾ ਤੇ ਰੋਹ ਨੂੰ ਉਨ੍ਹਾਂ ਤਮਾਸ਼ਬੀਨਾਂ ਵਾਂਗ ਚੁੱਪ-ਚਾਪ ਨਹੀਂ ਵੇਖਦੀ, ਜਿਹੜੇ ਫਿਰਕੂ ਮਾਨਸਿਕਤਾ ਨਾਲ ਗਰੱਸੇ ਹੋਏ ਹਨ।

'ਨਾ ਰੋ ਬੱਚੇ
ਰੋ ਰੋ ਕੇ ਤੇਰੀ ਅੰਮੀ ਨੇ
ਅਜੇ ਹੁਣੇ ਹੀ ਅੱਖ ਲਾਈ ਹੈ
ਨਾ ਰੋ ਬੱਚੇ!

ਇਹ ਪੁਸਤਕਾਂ ਦੀ ਕਾਵਿਕ ਇਬਾਰਤ ਆਪਣੇ-ਆਪ ਨੂੰ ਵੀ ਸੰਬੋਧਿਤ ਹੈ ਤੇ ਸਾਲਾਂ ਤੋਂ ਇਜ਼ਰਾਈਲੀ/ਅਮਰੀਕੀ ਸਾਮਰਾਜੀ ਹਤਿਆਰਿਆਂ ਵੱਲੋਂ ਫ਼ਲਸਤੀਨੀ ਲੋਕਾਂ ਦੇ ਕੀਤੇ ਜਾ ਰਹੇ ਨਸਲਘਾਤ ਵਿਰੁੱਧ ਮਾਨਵਤਾ ਦੀ ਆਵਾਜ਼ ਵੀ ਹੈ।

ਇਕ ਐਸੀ ਜੰਗ ਜੋ ਸੁਣੀਆਂ/ਦੇਖੀਆਂ ਜੰਗਾਂ ਨਾਲੋਂ ਬਿਲਕੁਲ ਵੱਖਰੀ ਹੈ, ਆਪਣੇ ਹੀ ਘਰ 'ਚੋਂ ਕਿਸੇ ਨੂੰ ਕੱਢਣਾ, ਘਰਾਂ ਨੂੰ ਬੰਬਾਂ, ਮਿਜ਼ਾਇਲਾਂ ਨਾਲ ਥੇਹ ਕਰ ਦੇਣਾ, ਸਕੂਲਾਂ, ਹਸਪਤਾਲਾਂ ਨੂੰ ਮਲਬੇ ਦੇ ਢੇਰ ਬਣਾ ਦੇਣਾ, ਭੁੱਖ ਨਾਲ ਵਿਲਕਦੇ, ਮੁੱਠੀ ਭਰ ਅਨਾਜ ਲੈਣ ਲਈ ਕਤਾਰਾਂ ਵਿੱਚ ਖੜ੍ਹੇ ਨਿਹੱਥੇ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦੇਣਾ, ਫਲਸਤੀਨ 'ਚ ਇਹ ਰੋਜ਼ ਦੇ ਵਰਤਾਰੇ ਹਨ, ਇਹ ਲੋਕ ਕਹਾਣੀਆਂ 'ਚ 'ਬਘਿਆੜ ਵੱਲੋਂ ਲੇਲੇ ਨੂੰ ਖਾਣ ਲਈ ਘੜੀ' ਕਹਾਣੀ ਵਾਂਗ ਹੈ। ਇਜ਼ਰਾਈਲੀ ਹਾਕਮਾਂ ਵੱਲੋਂ ਮਾਰੇ ਗਏ ਉਨ੍ਹਾਂ ਹਜ਼ਾਰਾਂ ਬੱਚਿਆਂ ਦਾ ਦਰਦ ਇਹਨਾਂ ਨਜ਼ਮਾਂ ਰਾਹੀਂ ਹੰਝੂਆਂ ਵਾਂਗ ਪੁਸਤਕ ਦੇ ਪੰਨਿਆਂ 'ਤੇ ਵਹਿ ਰਿਹਾ ਹੈ, ਪਰ ਨਾਲ ਹੀ ਬੰਬਾਂ ਦੀ ਗੜ੍ਹਗੜਾਹਟ 'ਚ ਵੀ ਆਪਣਾ ਪਾਠ ਯਾਦ ਕਰਦੇ ਉਨ੍ਹਾਂ ਬਹਾਦਰ ਬੱਚਿਆਂ ਦੀ ਬਾਤ ਵੀ ਪਾਉਂਦਾ ਹੈ,

'ਯੁੱਧ ਖੇਤਰ 'ਚ
ਰਹਿਣ ਵਾਲੇ ਬੱਚਿਆਂ ਨੇ
ਖਿਡੌਣੇ ਦੇਖੇ ਹੀ ਨਹੀਂ ਕਦੇ'

ਪੁਸਤਕ ਵਿਚ ਡਾਕਟਰ ਸੁਖਪਾਲ ਸਿੰਘ ਸੰਘੇੜਾ ਦਾ ਪ੍ਰਸਿੱਧ ਉਪੇਰਾ 'ਹਿਟਲਰ ਅਜੇ ਮਰਿਆ ਨਹੀਂ' ਵੀ ਸ਼ਾਮਲ ਹੈ।

ਪੰਜਾਬੀ ਸਾਹਿਤ ਅੰਦਰ ਪੰਜਾਬ ਲੋਕ ਸੱਭਿਆਚਾਰਕ ਮੰਚ ਵੱਲੋਂ ਕੀਤਾ ਗਿਆ ਇਹ ਉਪਰਾਲਾ ਅਸਲ ਵਿੱਚ ਸਾਡੇ ਆਪਣੇ ਮੁਲਕ ਅੰਦਰ ਹਾਕਮਾਂ ਵੱਲੋਂ ਥਾਂ-ਥਾਂ ਬਣਾਏ ਜਾ ਰਹੇ 'ਫਲਸਤੀਨ' ਦੀ ਵੀ ਆਵਾਜ਼ ਹੈ।

**ਮੋਬਾ. 94647-97400**

## ਮਿੱਤਰ ਅਸਾਡੜੇ ਸੇਈ

(ਲੇਖ ਸੰਗ੍ਰਹਿ)
**ਡਾਕਟਰ ਮੋਨੋਜੀਤ**
**ਪੰਨੇ : 156, ਮੁੱਲ : 300 ਰੁਪਏ**
**ਆਬਰੂ ਪ੍ਰਕਾਸ਼ਨ, ਜੰਮੂ**

ਕਥਾਕਾਰ, ਅਨੁਵਾਦਕ, ਵਿਅੰਗਕਾਰ, ਸੰਪਾਦਕ ਅਤੇ ਕਵੀ ਡਾਕਟਰ ਮੋਨੋਜੀਤ ਕਿੱਤੇ ਵਜੋਂ ਮੈਡੀਕਲ ਅਫ਼ਸਰ ਹੈ। ਉਸ ਨੇ ਕਰੀਬ ਅੱਠ ਵਿਅੰਗ, ਤਿੰਨ ਅਨੁਵਾਦ, ਚਾਰ ਕਾਵਿ ਸੰਗ੍ਰਹਿ, ਇਕ ਕਹਾਣੀ ਸੰਗ੍ਰਹਿ ਅਤੇ ਦੋ ਸਫ਼ਰਨਾਮੇ ਸਾਹਿਤ ਜਗਤ ਨੂੰ ਦਿੱਤੇ ਹਨ। ਹੁਣ ਉਸ ਦੀ ਇਕ ਪੁਸਤਕ 'ਮਿੱਤਰ ਅਸਾਡੜੇ ਸੇਈ' (ਲੇਖਕ ਮਿੱਤਰਾਂ 'ਤੇ ਕੁਝ ਲੇਖ) ਪਾਠਕਾਂ ਦੇ ਰੂਬਰੂ ਹੋਈ ਹੈ, ਜਿਸ ਨੂੰ ਲੇਖ ਦੱਸਿਆ ਹੈ। ਉਸ ਅਨੁਸਾਰ ਪੁਸਤਕ ਵਿਚ ਸ਼ਾਮਲ ਸਾਰੇ ਲੇਖਕ ਉਸ ਦੇ ਸਮਕਾਲ ਦੇ ਹਾਣੀ ਹਨ। ਜਿਹਨਾਂ ਵਿੱਚੋ ਕੁਝ ਕੁ ਦੇ ਸੰਬੰਧ ਉਸ ਨਾਲ ਸਾਹਿਤਕ ਪੱਧਰ ਤੋਂ ਵੱਧ ਨਿੱਜੀ ਸੰਬੰਧ ਹਨ।




ਕਿਸੇ ਵਿਅਕਤੀ ਖਾਸ ਲਈ ਆਪਣੇ ਵਿਚਾਰ ਪ੍ਰਗਟ ਕਰਨ ਦੇ ਤਿੰਨ ਤਰੀਕੇ ਹਨ। ਪਹਿਲਾ ਰੇਖਾ ਚਿੱਤਰ, ਕਾਵਿ ਚਿੱਤਰ ਅਤੇ ਸ਼ਬਦ ਚਿੱਤਰ। ਸ਼ਬਦ ਚਿੱਤਰ ਨੂੰ ਲਫ਼ਜ਼ੀ ਮੂਰਤਾਂ ਵੀ ਕਿਹਾ ਜਾਂਦਾ ਹੈ, ਜਿਹਨਾਂ ਵਿੱਚ ਦ੍ਰਿਸ਼ ਵਰਨਣ ਹੋਣ ਜਾਂ ਸ਼ਬਦਾਂ ਦਾ ਮੇਲ ਜਿਹਨਾਂ ਤੋਂ ਕੋਈ ਦ੍ਰਿਸ਼ ਪ੍ਰਗਟ ਹੋਵੇ। ਇਸ ਪੁਸਤਕ ਦਾ ਅਧਿਐਨ ਕਰਦਿਆਂ ਇੰਝ ਲੱਗਿਆ, ਜਿਵੇਂ ਇਸ ਪੁਸਤਕ ਵਿਚ ਲਿਖੇ ਗਏ ਸ਼ਬਦ ਚਿੱਤਰਾਂ ਨੂੰ ਲੇਖਾਂ ਦਾ ਨਾਂਅ ਦਿੱਤਾ ਗਿਆ ਜਾਪਦਾ ਹੈ।

ਇਸ ਪੁਸਤਕ ਵਿਚ ਸਾਡੇ ਮੁਕਤ ਜੀ, ਵਿਸ਼ਵ ਨਾਗਰਿਕ ਨਾਲ ਯਾਰੀ ਮੇਰਾ ਕ੍ਰਿਪਾਲ ਮਾਮਾ ਸਮੇਤ ਅਠਾਰਾਂ ਸ਼ਬਦ ਚਿੱਤਰਾਂ (ਲੇਖਾਂ) ਵਿਚ ਕੁੱਲ ਪੰਦਰਾਂ ਸ਼ਖਸੀਅਤਾਂ ਬਾਰੇ ਜ਼ਿਕਰ ਕੀਤਾ ਗਿਆ ਹੈ। ਇਹ ਲੇਖ ਤਿੰਨ ਤਰ੍ਹਾਂ ਦੇ ਸ਼ਾਮਲ ਹਨ। ਇਕ ਵਿੱਛੜ ਚੁੱਕੇ, ਦੂਜਾ ਕੁਝ ਲਿਖਵਾਏ ਗਏ ਅਤੇ ਤੀਜਾ ਕਈ ਮਿੱਤਰਾਂ ਦੇ ਆਪੋ-ਆਪਣੇ ਬਾਰੇ ਲਿਖਣ ਲਈ ਕਹਿਣ 'ਤੇ। ਹੁਣ ਜਿਹਨਾਂ ਵਿਅਕਤੀਆਂ ਬਾਰੇ ਲਿਖਿਆ ਗਿਆ ਹੈ, ਉਹਨਾਂ ਬਾਰੇ ਜ਼ਿਕਰ ਕਰਨਾ ਬਣਦਾ ਹੈ। ਪਹਿਲਾਂ ਵਿੱਛੜੇ ਮਿੱਤਰਾਂ ਦੀ ਗੱਲ ਕਰੀਏ ਤਾਂ ਪੁਸਤਕ ਦਾ ਪਹਿਲਾ ਲੇਖ ਸ. ਹਰਨਾਮ ਸਿੰਘ ਦੁਖੀਆ ਨੂੰ ਜੰਮੂ ਕਸ਼ਮੀਰ ਦਾ ਪਹਿਲਾ ਕਹਾਣੀਕਾਰ ਵਜੋਂ ਪੇਸ਼ ਕੀਤਾ ਹੈ। ਦੁਖੀਆ ਬਾਰੇ ਉਸ ਦੇ ਜਨਮ, ਰਿਹਾਇਸ਼ ਦੇ ਨਾਲ-ਨਾਲ ਉਸ ਦੇ ਸਮਾਜ ਸੁਧਾਰਕ, ਸਮਾਜ ਦੇ ਵਿਕਾਸ ਅਤੇ ਪਰਿਵਰਤਨ ਕਰਨ ਦੇ ਉਪਰਾਲੇ ਅਤੇ ਚੰਗਾ ਪ੍ਰਬੰਧਕ ਸਿਰਜਿਆ ਹੈ। ਡਾਕਟਰ ਭੁਪਿੰਦਰ ਸਿੰਘ ਸੂਦਨ ਬਾਰੇ ਦੋ ਲੇਖ ਹਨ। ਪਹਿਲਾ ਜਾਣ-ਪਛਾਣ ਅਤੇ ਦੂਜਾ ਚਮਕਦੇ ਤਾਰੇ ਦੇ ਰੂਪ ਵਿੱਚ। ਇਸ ਦੇ ਚਾਰ-ਪੰਜ ਕਹਾਣੀ ਸੰਗ੍ਰਹਿਆਂ ਅਤੇ ਨਾਵਲ ਦੀ ਸਿਰਜਣਾ ਬਾਰੇ ਜ਼ਿਕਰ ਕੀਤਾ ਗਿਆ ਹੈ।

ਅਗਲੀ ਸ਼ਖਸੀਅਤ ਕ੍ਰਿਪਾਲ ਸਿੰਘ ਕਸਾਲੀ ਦੇ ਕਸਾਲੀ ਬਣਨ ਅਤੇ ਲੇਖਕ ਦੇ ਮਾਮਾ ਦੇ ਤੌਰ 'ਤੇ ਦਰਜ ਹੈ, ਜਿਸ ਨੂੰ ਸਾਹਿਤਕਾਰ ਨਾ ਹੁੰਦਿਆਂ ਹੋਇਆਂ ਵੀ ਸਾਹਿਤਕ ਮੱਸ ਦੀ ਗੱਲ ਕੀਤੀ ਹੈ। ਕਸਾਲੀ ਉਸ ਦਾ ਤਖੱਲਸ ਹੈ ਅਤੇ ਫੌਜ ਵਿਚੋਂ ਹਵਾਲਦਾਰ ਰਿਟਾਇਰ ਹੋ ਕੇ ਆਇਆ ਹੈ, ਪਰ ਆਪਣੀ ਸਿਰਜਣਾ ਨੂੰ ਹੀ ਉੱਤਮ ਮੰਨਣ ਵਾਲਾ ਵਿਅਕਤੀ ਹੈ।

ਲੇਖਕ ਦੇ ਸਮਕਾਲੀਆਂ ਵਿਚ ਪੰਜਾਬੀ ਦੀ ਗ਼ਜ਼ਲਗੋ ਅਤੇ ਤਰੰਨਮ ਦਾ ਸੁਮੇਲ ਸੁਰਜੀਤ ਸਖੀ ਦਾ ਸ਼ਬਦ ਚਿਤਰਣ ਹੈ, ਜਿਸ ਨੂੰ ਪੰਜਾਬੀ ਦੀ ਲਤਾ ਮੰਗੇਸ਼ਕਰ ਗਰਦਾਨਿਆ ਹੈ। ਇਸ ਦੀ ਗ਼ਜ਼ਲ ਨੂੰ ਸਿੰਬਲ ਕੈਂਪ ਦੀ ਰੂੜੀ ਮਾਰਕਾ ਸ਼ਰਾਬ ਨਾਲ ਜੋੜਿਆ ਹੈ। ਉਸ ਦੇ ਘਰ ਵਿਚ ਹੀ ਸਾਹਿਤਕਾਰਾਂ ਵੱਲੋਂ ਸਮਾਗਮ ਕਰਨ ਅਤੇ ਠਹਿਰ ਦਾ ਪ੍ਰਬੰਧ ਕੀਤਾ ਹੋਇਆ ਹੈ।

ਬਹੁਪੱਖੀ ਸ਼ਖਸੀਅਤ ਡਾਕਟਰ ਬਲਜੀਤ ਰੈਨਾ ਬਾਰੇ ਵੀ ਵਿਸਥਾਰਤ ਜਾਣਕਾਰੀ ਦਿੱਤੀ ਗਈ ਹੈ। ਜੰਮੂ ਤੋਂ 'ਆਬਰੂ' ਮੈਗਜ਼ੀਨ ਦੇ ਸੰਪਾਦਕ ਨੂੰ ਲੇਖਕ ਨੇ ਬਾਹਰ ਪੱਖੀ ਲੇਖਕ, ਇਸ਼ਕ ਮਸ਼ੂਕੀ ਦੇ ਮਸਲੇ ਵਿਚ ਸਿੱਧ ਪੁਰਸ਼, ਇਨਸਾਨੀ ਕਦਰਾਂ-ਕੀਮਤਾਂ ਜਾਨਣ ਵਾਲਾ, ਆਪਣੀ ਸਿਫ਼ਤ ਕਰਾਉਣ ਵਾਲਾ ਦੱਸਿਆ ਹੈ, ਪਰ ਲੇਖਕ ਅਨੁਸਾਰ ਉਸ ਨੂੰ ਸਾਹਿਤਕ ਖੇਤਰ ਵਿੱਚ ਅੱਗੇ ਲਿਆਉਣ ਵਾਲਾ ਆਖਿਆ ਹੈ। ਇਸੇ ਤਰ੍ਹਾਂ ਸੁਰਿੰਦਰ ਸਿੰਘ ਸੀਰਤ ਜਿਹੜਾ ਜੰਮੂ ਵਿਚ ਪ੍ਰੋਫੈਸਰ, ਗ਼ਜ਼ਲਗੋ ਅਤੇ ਉਸ ਦਾ ਅਸਤਿੱਤਵ ਸਿਰਜਿਆ ਹੈ। ਉਸ ਨੇ ਅਮਰੀਕਾ ਦੇ ਕੈਲੇਫੋਰਨੀਆ ਵਿਚ ਪੰਜਾਬੀ ਵਿਸ਼ਵ ਅਕਾਦਮੀ ਬਣਾਈ ਹੈ, ਬਾਰੇ ਜਾਣਕਾਰੀ ਦਿੱਤੀ ਹੈ।

ਇਸ ਪੁਸਤਕ ਬਾਰੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪੁਸਤਕ ਵਿਚ ਲੇਖਕਾਂ ਦੇ ਸੁਭਾਅ ਅਤੇ ਸਹਿਚਾਰ ਬਾਰੇ ਬਹੁਤ ਕੁਝ ਮਿਲਦਾ ਹੈ। ਲਿਖਤ ਵਿਚ ਸਰਲ ਭਾਸ਼ਾ, ਸ਼ੈਲੀ ਅਤੇ ਪੱਖ ਦਿਖਾਈ ਦਿੰਦੇ ਹਨ। ਭਾਵੇਂ ਪੁਸਤਕ ਦੀ ਪਰੂਫ ਰੀਡਿੰਗ ਦੀ ਕਮੀਂ ਨਜ਼ਰ ਆਈ ਹੈ, ਪਰ ਸਮੁੱਚੇ ਰੂਪ ਵਿੱਚ ਇੱਕ ਰੌਚਕ ਅਤੇ ਜਾਣਕਾਰੀ ਭਰਪੂਰ ਪੁਸਤਕ ਹੈ।

**— ਤੇਜਿੰਦਰ ਚੰਡਿਹੋਕ**

# ਪੁਸਤਕ ਰੀਵਿਊ

## ਮੇਰਾ ਮਾਣ

(ਕਾਵਿ-ਸੰਗ੍ਰਹਿ)
**ਕਵਿੱਤਰੀ-ਨਵਪ੍ਰੀਤ ਧਾਲੀਵਾਲ**
**ਪੰਨੇ-84, ਮੁੱਲ-250 ਰੁਪਏ**
**ਸੁਮਿਤ ਪ੍ਰਕਾਸ਼ਨ, ਲੁਧਿਆਣਾ**




'ਮੇਰਾ ਮਾਣ' ਨਵਪ੍ਰੀਤ ਧਾਲੀਵਾਲ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਇਹ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ 13 ਕਵਿਤਾਵਾਂ ਹਨ, ਦੂਸਰੇ ਭਾਗ ਵਿੱਚ 28 ਕਵਿਤਾਵਾਂ ਅਤੇ ਤੀਸਰੇ ਭਾਗ ਵਿੱਚ 15 ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਕਵਿਤਾਵਾਂ ਵਿੱਚ ਦਰਜ ਨਿੱਕੇ-ਨਿੱਕੇ ਅਹਿਸਾਸ ਕਾਵਿਕ ਉਚਾਈ ਵੱਲ ਪਹਿਲੀ ਉਡਾਨ ਹਨ। ਭਾਗ ਪਹਿਲੇ ਨਾਲ ਸੰਬੰਧਤ ਕਵਿਤਾਵਾਂ ਵਿੱਚ ਭਾਵੁਕ ਓਪਰੇ ਅਹਿਸਾਸ ਹਨ, ਜਿਨ੍ਹਾ ਵਿੱਚ ਮੈਂ ਤੋਂ ਤੂੰ ਬਣਨ ਦਾ ਅਹਿਸਾਸ ਹੈ, ਮਾਂ ਦੀ ਮਹਿਮਾ ਹੈ, ਮਹਿੰਦੀ ਦੀ ਰੰਗਤ ਹੈ, ਮਹਿਬੂਬ ਦੀ ਉਸਤਤ ਹੈ। ਭਾਗ ਦੋ ਨਾਲ ਸੰਬੰਧਤ ਕਵਿਤਾਵਾਂ ਵਿੱਚ ਇਕੱਲਤਾ, ਤਨਹਾਈ, ਪੀੜ, ਤੜਫ, ਮਿੰਨਤਾਂ, ਵਡਿਆਈ, ਰੋਅਬ, ਆਸ ਤੇ ਸਾਥ ਬਾਰੇ ਵਲਵਲਿਆਂ ਦਾ ਵਰਣਨ ਹੈ। ਭਾਗ ਤੀਸਰਾ ਵਿੱਚ ਮੁਹੱਬਤ ਦਾ ਕਰਾਰ ਹੈ, ਮਹਿਬੂਬ ਤੋਂ ਵੱਖ ਨਾ ਹੋਣ ਲਈ ਅਰਦਾਸ ਹੈ, ਇਕੱਠਿਆਂ ਜੀਵਨ ਜਿਉਣ ਦੀ ਇੱਛਾ ਹੈ, ਰੰਗਲੇ ਦਿਨਾਂ ਦੀ ਉਡੀਕ ਹੈ। ਨਵਪ੍ਰੀਤ ਧਾਲੀਵਾਲ ਦਾ ਇਹ ਕਾਵਿ ਸੰਗ੍ਰਹਿ ਅੱਲ੍ਹੜ ਉਮਰ ਦੇ ਭਾਵੁਕ ਵਲਵਲੇ ਹਨ, ਜੋ ਉਸ ਦੇ ਕਾਵਿ ਮਨ ਨੂੰ ਤਿਤਲੀ ਵਾਂਗ ਉਡਾਨ ਭਰਨ ਦਾ ਹੌਸਲਾ ਦੇ ਰਹੇ ਹਨ। ਕੱਚੇ ਬੋਲਾਂ ਵਿੱਚ ਪੱਕਾ ਤੇ ਭਾਰਾਪਣ ਆਵੇਗਾ, ਇਸੇ ਆਸ ਨਾਲ ਉਸ ਦੇ ਇਹ ਪਲੇਠੇ ਕਾਵਿ ਸੰਗ੍ਰਹਿ 'ਮੇਰਾ ਮਾਣ' ਨੂੰ ਸਾਹਿਤ ਜਗਤ ਵਿੱਚ ਖੁਸ਼ਾਮਦੀਦ ਕਹਿਣਾ ਬਣਦਾ ਹੈ।

**— ਰਾਮਪਾਲ ਸ਼ਾਹਪੁਰੀ (ਡਾ.)**

## ਯੂ ਕੈਨ

(ਪ੍ਰੇਰਕ ਵਾਰਤਕ)
**ਮੂਲ ਲੇਖਕ-ਜਾਰਜ ਮੈਥਿਓ ਐਡਮਸ**
**ਪੰਜਾਬੀ ਅਨੁਵਾਦ-ਅਨੁ ਸ਼ਰਮਾ**
**ਪੰਨੇ-168, ਮੁੱਲ-250 ਰੁਪਏ**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

'ਯੂ ਕੈਨ' ਪ੍ਰਸਿੱਧ ਅਮਰੀਕੀ ਅਖਬਾਰ ਕਾਲਮ ਨਵੀਸ, ਸੰਪਾਦਕ ਤੇ ਪ੍ਰੇਰਕ ਲੇਖਕ ਜਾਰਜ ਮੈਥਿਓ ਐਡਮਸ ਵੱਲੋਂ ਲਿਖੀ ਅਜਿਹੀ ਸੰਸਾਰ ਪ੍ਰਸਿੱਧ ਕਿਤਾਬ ਹੈ, ਜੋ ਆਪਣੇ ਪਾਠਕਾਂ ਨੂੰ ਉਹਨਾਂ ਅੰਦਰਲੀ ਸਿਰਜਨਾਤਮਕ ਪ੍ਰਤਿਭਾ ਦਾ ਅਹਿਸਾਸ ਕਰਵਾ ਕੇ ਉਨ੍ਹਾਂ ਦੀਆਂ ਯੋਗਤਾਵਾਂ ਤੇ ਸਮਰਥਾਵਾਂ ਦੇ ਵਾਧੇ ਵਿਚ ਅਹਿਮ ਭੂਮਿਕਾ ਨਿਭਾਉਣ ਦੇ ਸਮਰੱਥ ਹੈ। ਪੁਸਤਕ ਦਾ ਨਾਂਅ 'ਯੂ ਕੈਨ' (ਤੁਸੀਂ ਕਰ ਸਕਦੇ ਹੋ) ਆਪਣੇ-ਆਪ ਵਿਚ ਹੀ ਇਕ ਅਜਿਹਾ ਪ੍ਰੇਰਕ ਮਾਟੋ ਹੈ, ਜੋ ਪਾਠਕਾਂ ਅੰਦਰਲੀਆਂ ਰਚਨਾਤਮਕ ਬਿਰਤੀਆਂ ਨੂੰ ਟੁੰਬਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਲਈ ਕੁਝ ਕਰ ਗੁਜ਼ਰਨ ਲਈ ਪ੍ਰੇਰਦਾ ਹੈ। ਪੁਸਤਕ ਦਾ ਪਹਿਲਾ ਹੀ ਵਾਕ 'ਤੁਸੀਂ ਉਹ ਸਾਰਾ ਕੁਝ ਕਰ ਸਕਦੇ ਹੋ, ਜਿਸ ਨੂੰ ਕਰਨ ਦਾ ਕੀੜਾ ਤੁਹਾਡੇ ਅੰਦਰ ਤਿਲਮਲਾ ਰਿਹਾ ਹੈ।' ਪਾਠਕਾਂ ਅੰਦਰ ਇਹ ਜਗਿਆਸਾ ਪੈਦਾ ਕਰਦਾ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਹਕੀਕਤ ਵਿਚ ਕਿਵੇਂ ਬਦਲ ਸਕਦੇ ਹਨ? ਇਸ ਜਗਿਆਸਾ ਦਾ ਜਵਾਬ ਪੁਸਤਕ ਦਾ ਟਾਇਟਲ ਲੇਖ 'ਯੂ ਕੈਨ' ਇਹਨਾਂ ਸ਼ਬਦਾਂ ਰਾਹੀਂ ਦਿੰਦਾ ਹੈ-

'ਤੁਸੀਂ ਮਿਹਨਤ, ਤਿਆਗ, ਉਤਸ਼ਾਹ, ਨਿਰਸੁਆਰਥ ਭਾਵਨਾਵਾਂ ਅਤੇ ਆਤਮ ਨਿਯੰਤਰਨ ਨਾਲ ਸਫ਼ਲਤਾ ਨਿਸ਼ਚਿਤ ਕਰ ਸਕਦੇ ਹੋ। ਤੁਸੀਂ ਆਪਣੀ ਕਿਸਮਤ ਦੇ ਸਵਾਮੀ ਆਪ ਹੋ, ਅੱਜ ਤੋਂ ਤੁਸੀਂ ਆਪਣੇ-ਆਪ 'ਤੇ ਨਿਯੰਤਰਨ ਰੱਖੋ। ਤੁਸੀਂ ਕਰ ਸਕਦੇ ਹੋ।'




ਇਹ ਪੁਸਤਕ ਹੋਰਨਾਂ ਮਨੁੱਖੀ ਗੁਣਾਂ ਦੇ ਮੁਕਾਬਲੇ ਵਿਚ 'ਚਰਿੱਤਰ' ਨੂੰ ਸਭ ਉੱਚੇ ਦਰਜੇ 'ਤੇ ਰੱਖਦੀ ਹੈ। ਲੇਖਕ ਦਾ ਮੰਨਣਾ ਹੈ ਕਿ ਮਨੁੱਖੀ ਸ਼ਖਸੀਅਤ ਦੇ ਨਿਰਮਾਣ ਵਿਚ ਸਭ ਤੋਂ ਅਹਿਮ ਭੂਮਿਕਾ ਮਨੁੱਖੀ ਚਰਿੱਤਰ ਦੀ ਹੀ ਹੁੰਦੀ ਹੈ। ਇਕ ਖਿੱਚਪਾਊ ਤੇ ਸਫਲ ਮਨੁੱਖੀ ਵਿਅਕਤੀਤਵ ਦੀ ਉਸਾਰੀ ਲਈ ਲੇਖਕ ਜਿਹੜੇ ਹੋਰ ਸਦ-ਗੁਣਾਂ ਦੀ ਨਿਸ਼ਾਨਦੇਹੀ ਕਰਦਾ ਹੈ, ਉਹਨਾਂ ਵਿੱਚ ਸਵੈ-ਵਿਸ਼ਵਾਸ, ਆਤਮ ਸਨਮਾਨ, ਸਮਾਜ ਉਪਯੋਗਤਾ, ਜ਼ਿੰਮੇਵਾਰੀ ਦਾ ਅਹਿਸਾਸ, ਸੇਵਾ ਭਾਵਨਾ, ਕਲਪਨਾ, ਇਮਾਨਦਾਰੀ, ਸਮੇਂ ਦੀ ਸੁਚੱਜੀ ਵਰਤੋਂ, ਲਗਾਤਾਰਤਾ, ਮਾਨਸਿਕ ਇਕਾਗਰਤਾ, ਸਿੱਖਣ ਦੀ ਲਾਲਸਾ, ਸਾਰਥਕ ਸੋਚ, ਮੌਕੇ ਦੀ ਪਛਾਣ, ਇਰਾਦੇ ਦੀ ਦ੍ਰਿੜ੍ਹਤਾ, ਹਿੰਮਤ, ਉਤਸ਼ਾਹ, ਸੰਭਾਵਨਾਵਾਂ ਨੂੰ ਹਕੀਕਤ ਵਿਚ ਬਦਲਣ ਦਾ ਜਜ਼ਬਾ, ਕਾਰਜ ਨਿਪੁੰਨਤਾ, ਪ੍ਰਸ਼ੰਸਾ, ਆਗੂ ਭੂਮਿਕਾ, ਚੌਕਸ ਦ੍ਰਿਸ਼ਟੀ, ਪਹਿਰਾਵੇ ਦੀ ਚੋਣ, ਸੁਪਨੇ, ਇੱਛਾ ਸ਼ਕਤੀ, ਸਦਭਾਵਨਾ, ਵੰਡਣ ਦੀ ਆਦਤ, ਪੁਸਤਕ ਪਿਆਰ, ਸ਼ਿਸ਼ਟਾਚਾਰ ਅਤੇ ਭਵਿੱਖੀ ਕਾਰਜਾਂ ਦੀ ਵਿਉਂਤਬੰਦੀ ਆਦਿ ਪ੍ਰਮੁੱਖ ਹਨ। ਪੁਸਤਕ ਦੇ ਤੱਤਸਾਰ ਅਨੁਸਾਰ ਚੰਗੇ ਵਿਚਾਰ ਹੀ ਸਾਡੀ ਕਿਸਮਤ ਦੀ ਨੀਂਹ ਹੁੰਦੇ ਤੇ ਅਸੀਂ ਆਪਣੇ ਵਿਚਾਰਾਂ ਨੂੰ ਉਸਾਰੂ ਦਿਸ਼ਾ ਪ੍ਰਦਾਨ ਕਰਕੇ ਆਪਣੀ ਚੰਗੀ ਕਿਸਮਤ ਦਾ ਨਿਰਮਾਣ ਆਪ ਕਰ ਸਕਦੇ ਹਾਂ।

ਪੁਸਤਕ ਵਿੱਚ ਲੇਖਕ ਨੇ ਅਸੰਭਵ ਵਿਕਾਈ ਦਿੰਦੇ ਕਾਰਜ ਨੂੰ ਸੰਭਵ ਬਣਾਉਣ ਲਈ ਆਪਣੇ ਵੱਲੋਂ ਵੀ ਢੁੱਕਵੀਆਂ ਦਲੀਲਾਂ ਦਿੱਤੀਆਂ ਹਨ ਤੇ ਆਪਣੇ ਸਮਕਾਲੀ ਤੇ ਪੂਰਵਲੇ ਲੇਖਕਾਂ ਅਤੇ ਵਿਚਾਰਕਾਂ ਦੀਆਂ ਟੂਕਾਂ ਨੂੰ ਵੀ ਪੁਸ਼ਟੀ ਮੂਲਕ ਉਦਾਹਰਣਾਂ ਵਜੋਂ ਵਰਤਿਆ ਹੈ। ਇਹ ਗੱਲ ਪੁਸਤਕ ਦੇ ਸਾਹਿਤਕ ਮੁੱਲ ਵਿਚ ਬਹੁਤ ਵਾਧਾ ਕਰਦੀ ਹੈ ਕਿ ਇਸ ਦਾ ਪਹਿਲਾ ਤੇ ਮੂਲ ਐਡੀਸ਼ਨ ਸੰਨ 1913 ਵਿਚ ਛਪਿਆ ਸੀ ਤੇ ਇਕ ਸਦੀ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਜੇ ਇਸ ਨੇ ਆਪਣੇ ਵਿਸ਼ਾ-ਵਸਤੂ ਦੀ ਪ੍ਰਸੰਗਿਕਤਾ ਤੇ ਹਰਮਨ ਪਿਆਰਤਾ ਨੂੰ ਕਾਇਮ ਰੱਖਿਆ ਹੋਇਆ ਹੈ। ਪੁਸਤਕ ਦਾ ਪੰਜਾਬੀ ਅਨੁਵਾਦ ਅਣੂ ਸ਼ਰਮਾ ਵੱਲੋਂ ਕੀਤਾ ਗਿਆ ਹੈ। ਭਾਵੇਂ ਮੂਲ ਲੇਖਕ ਦੀ ਵਾਰਤਕ ਭਾਸ਼ਾ ਵੀ ਬਹੁਤ ਸਰਲ ਤੇ ਲੋਕ ਮੁਹਾਵਰੇ ਵਾਲੀ ਹੈ, ਪਰ ਇਸ ਦੇ ਅਨੁਵਾਦ ਨੇ ਇਸ ਨੂੰ ਹੋਰ ਵੀ ਦਿਲਚਸਪ ਬਣਾ ਦਿੱਤਾ ਹੈ। ਮਨੁੱਖੀ ਜੀਵਨ ਨੂੰ ਤਰੱਕੀ ਤੇ ਪ੍ਰਗਤੀ ਦੇ ਰਾਹ 'ਤੇ ਤੋਰਨ ਵਾਲੀ ਇਸ ਪੁਸਤਕ ਦਾ ਹਾਰਦਿਕ ਸਵਾਗਤ ਹੈ।

**- ਨਿਰੰਜਣ ਬੋਹਾ**

# ਦਿਹਾਤੀ ਲਾਇਬ੍ਰੇਰੀਆਂ ਦੇ ਸੰਚਾਲਕਾਂ ਦੀ ਸਾਲਾਨਾ ਮੀਟਿੰਗ



**ਮੋਹਾਲੀ**-ਪੰਜਾਬੀ ਸਾਹਿਤ ਸਭਾ (ਪੰਜਾਬੀ ਭਵਨ, ਨਵੀਂ ਦਿੱਲੀ) ਵੱਲੋਂ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਜੰਮੂ-ਕਸ਼ਮੀਰ ਦੇ ਪਿੰਡਾਂ ਵਿੱਚ ਚਲਾਈਆਂ ਜਾ ਰਹੀਆਂ 200 ਦਿਹਾਤੀ ਲਾਇਬ੍ਰੇਰੀਆਂ ਦੇ ਪ੍ਰਤੀਨਿਧਾਂ ਦੀ ਸਾਲਾਨਾ ਬੈਠਕ 'ਫੈਮਲੀ ਪਲਾਨਿੰਗ ਐਸੋਸੀਏਸ਼ਨ ਆਫ ਇੰਡੀਆ', ਸਿਹਤ ਭਵਨ, ਮੋਹਾਲੀ ਵਿਖੇ ਕਰਵਾਈ ਗਈ।ਸਮਾਗਮ ਦੀ ਪ੍ਰਧਾਨਗੀ ਸਭਾ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਸਾਹਿਤਕਾਰ ਡਾ. ਵਨੀਤਾ, ਸੁਕੀਰਤ, ਸਭਾ ਦੇ ਡਾਇਰੈਕਟਰ ਕੇਸਰਾ ਰਾਮ ਅਤੇ ਲਾਇਬ੍ਰੇਰੀ ਨਿਗਰਾਨ ਸ੍ਰ. ਰਛਪਾਲ ਸਿੰਘ ਬੱਧਣ ਸ਼ਾਮਲ ਹੋਏ। ਕੇਸਰਾ ਰਾਮ ਨੇ ਸਾਰਿਆਂ ਨੂੰ ਜੀ ਆਇਆਂ ਕਹਿੰਦਿਆਂ ਦੱਸਿਆ ਕਿ ਭਾਪਾ ਪ੍ਰੀਤਮ ਸਿੰਘ ਜੀ ਵੱਲੋਂ 80 ਲਾਇਬ੍ਰੇਰੀਆਂ ਤੋਂ ਸ਼ੁਰੂ ਕੀਤਾ ਗਿਆ ਇਹ ਕਾਫ਼ਲਾ ਅੱਜ 200 ਦੇ ਅੰਕੜੇ ਤੱਕ ਪਹੁੰਚ ਗਿਆ ਹੈ।ਸਭਾ ਦੇ ਪ੍ਰਧਾਨ ਪ੍ਰੋ. ਗੁਲਜ਼ਾਰ ਸਿੰਘ ਸੰਧੂ ਨੇ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਿਰਕਤ ਕੀਤੀ। ਉਨ੍ਹਾਂ ਸੰਚਾਲਕਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਉਮੀਦ ਜਤਾਈ ਕਿ ਇਹ ਵਿਚਾਰ-ਵਟਾਂਦਰਾ ਲਾਇਬ੍ਰੇਰੀਆਂ ਦੇ ਬਿਹਤਰ ਪ੍ਰਬੰਧਨ ਲਈ ਸਹਾਈ ਹੋਵੇਗਾ।ਲੱਗਭੱਗ ਦੋ ਦਰਜਨ ਸੰਚਾਲਕਾਂ ਨੇ ਲਾਇਬ੍ਰੇਰੀਆਂ ਚਲਾਉਣ ਦੌਰਾਨ ਆ ਰਹੀਆਂ ਮੁਸ਼ਕਲਾਂ, ਪਾਠਕਾਂ ਦੀ ਦਿਲਚਸਪੀ ਅਤੇ ਸੰਚਾਲਨ ਪ੍ਰਕਿਰਿਆ ਨੂੰ ਸੁਧਾਰਨ ਲਈ ਆਪਣੇ ਅਹਿਮ ਸੁਝਾਅ ਸਾਂਝੇ ਕੀਤੇ। ਡਾ. ਵਨੀਤਾ ਨੇ ਪੁਸਤਕਾਂ 'ਤੇ ਕੇਂਦਰਤ ਕਵਿਤਾ ਰਾਹੀਂ ਅਤੇ ਸੁਕੀਰਤ ਨੇ ਵਿਚਾਰਾਂ ਰਾਹੀਂ ਕਿਤਾਬਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ। ਕਰਮਜੀਤ ਸਿੰਘ ਗਰੇਵਾਲ ਨੇ ਬਾਲ ਗੀਤ ਪੇਸ਼ ਕਰਕੇ ਮਾਹੌਲ ਨੂੰ ਸੰਗੀਤਮਈ ਬਣਾਇਆ।ਇਸ ਮੌਕੇ ਸ਼੍ਰੋਮਣੀ ਬਾਲ ਸਾਹਿਤਕਾਰ ਮਹਿੰਦਰ ਸਿੰਘ ਮਾਨੂੰਪੁਰੀ ਦੀ ਪੁਸਤਕ 'ਜੂਝਦਾ ਪੰਜਾਬ' ਲੋਕ-ਅਰਪਿਤ ਕੀਤੀ ਗਈ। ਪ੍ਰੋ. ਰੇਣੁਕਾ ਸਿੰਘ ਨੇ ਲਾਇਬ੍ਰੇਰੀਆਂ ਦੇ ਮਿਆਰ ਅਤੇ ਰੱਖ-ਰਖਾਅ ਨੂੰ ਹੋਰ ਬਿਹਤਰ ਬਣਾਉਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।ਸਮਾਗਮ ਵਿੱਚ ਡਾ. ਮੇਘਾ ਸਿੰਘ, ਤੇਜਾ ਸਿੰਘ ਤਿਲਕ, ਦਵਿੰਦਰ ਸੈਫੀ, ਬਲਬੀਰ ਚੰਦ ਲੌਂਗੋਵਾਲ, ਕੁਲਵਿੰਦਰ ਸਿੰਘ ਮਾਨੂੰਪੁਰੀ ਸਮੇਤ ਵੱਖ-ਵੱਖ ਰਾਜਾਂ ਤੋਂ ਆਏ 150 ਤੋਂ ਵੱਧ ਲਾਇਬ੍ਰੇਰੀ ਮੈਂਬਰਾਂ ਤੇ ਸੰਚਾਲਕਾਂ ਨੇ ਹਿੱਸਾ ਲਿਆ।

# 'ਇੱਕ ਹੋਰ ਰੇਪ ਕੇਸ' 'ਤੇ ਗੋਸ਼ਟੀ ਸਮਾਗਮ ਅੱਜ

**ਸੰਗਰੂਰ** : ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 5 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ। ਇਸ ਸਮਾਗਮ ਵਿੱਚ ਨਾਮਵਰ ਲੇਖਿਕਾ ਹਰਦੀਪ ਬਾਵਾ ਦੇ ਚਰਚਿਤ ਨਾਵਲ 'ਇੱਕ ਹੋਰ ਰੇਪ ਕੇਸ' ਉੱਪਰ ਗੋਸ਼ਟੀ ਕਰਵਾਈ ਜਾਵੇਗੀ, ਜਿਸ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਸਾਹਿਤਕਾਰ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਕਰਨਗੇ। ਪੁਸਤਕ ਸੰਬੰਧੀ ਪਰਚੇ ਡਾ. ਕਰਮਵੀਰ ਕੌਰ ਅਤੇ ਡਾ. ਦੇਵਿੰਦਰ ਕੌਰ ਐਡਵੋਕੇਟ ਪੜ੍ਹਨਗੇ। ਨਾਵਲ ਸੰਬੰਧੀ ਵਿਚਾਰ-ਚਰਚਾ ਵਿੱਚ ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਮੀਤ ਖਟੜਾ, ਤੇਜਾ ਸਿੰਘ ਤਿਲਕ ਅਤੇ ਜਸਵਿੰਦਰ ਪੰਜਾਬੀ ਹਿੱਸਾ ਲੈਣਗੇ। ਇਸ ਨਾਵਲ ਤੋਂ ਪਹਿਲਾਂ ਹਰਦੀਪ ਬਾਵਾ ਦੀ ਕਲਮ ਤੋਂ ਇੱਕ ਕਾਵਿ-ਸੰਗ੍ਰਹਿ 'ਮਨ ਦੇ ਸਫ਼ੇ ਤੋਂ', ਇੱਕ ਨਾਵਲ 'ਵੇਸਵਾ ਨਹੀਂ ਹਾਂ ਮੈਂ' ਅਤੇ ਇੱਕ ਸੰਪਾਦਿਤ ਸੰਗ੍ਰਹਿ 'ਨਾ ਨਰ ਨਾ ਨਾਰੀ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਜਾਵੇਗਾ। ਵਿਸਾਖੀ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ।



ਭਾਰਤੀ ਸਾਹਿਤ ਅਕਾਦਮੀ ਵੱਲੋਂ ਜਿੰਦਰ ਦੇ ਕਹਾਣੀ ਸੰਗ੍ਰਹਿ 'ਸੇਫਟੀ ਕਿੱਟ' ਲਈ ਸਾਹਿਤ ਅਕਾਦਮੀ ਐਵਾਰਡ ਪ੍ਰਦਾਨ ਕਰਦੇ ਹੋਏ ਪ੍ਰਧਾਨ ਮਾਧਵ ਕੌਸ਼ਕ ਤੇ ਨਾਲ ਖੜੇ ਹਨ ਉਪ ਪ੍ਰਧਾਨ ਕੁਮਧ ਸ਼ਰਮਾ ਤੇ ਸੈਕਟਰੀ ਪੱਲਵੀ ਹੋਲਕਰ।



ਭਾਰਤੀ ਸਾਹਿਤ ਅਕਾਦਮੀ ਵੱਲੋਂ ਮਨਦੀਪ ਔਲਖ ਨੂੰ ਉਨ੍ਹਾ ਦੇ ਕਾਵਿ ਸੰਗ੍ਰਹਿ 'ਗਰਲਜ਼ ਹੋਸਟਲ' ਲਈ ਯੁਵਾ ਸਾਹਿਤ ਅਕਾਦਮੀ ਪੁਰਸਕਾਰ ਪ੍ਰਦਾਨ ਕਰਦੇ ਹੋਏ ਪ੍ਰਧਾਨ ਮਾਧਵ ਕੌਸ਼ਕ ਤੇ ਨਾਲ ਖੜੇ ਹਨ ਉਪ ਪ੍ਰਧਾਨ ਕੁਮਧ ਸ਼ਰਮਾ।

# ਸਮਕਾਲ

---- ਭਗਵੰਤ ਰਸੂਲਪੁਰੀ----

## ਸਮਕਾਲੀ ਸਾਹਿਤ : 13 ਪੰਜਾਬੀ ਕਹਾਣੀਆਂ ਵਿਸ਼ੇਸ਼



ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਪ੍ਰਕਾਸ਼ਤ 'ਸਮਕਾਲੀ ਸਾਹਿਤ' (ਅਪ੍ਰੈਲ-ਜੂਨ, 2026) ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਇਸ ਵਾਰ ਪਰਚੇ ਵਿੱਚ ਦੇਵ ਉੱਤੇ ਵਿਸ਼ੇਸ਼ ਸਮੱਗਰੀ ਦੇ ਨਾਲ ਪੰਜਾਬੀ ਦੀਆਂ 13 ਨਵੀਆਂ ਕਹਾਣੀਆਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਸੰਪਾਦਕੀ ਵਿੱਚ ਪਰਚੇ ਦੇ ਸੰਪਾਦਕ ਕੇਸਰਾ ਰਾਮ ਨੇ 'ਦੇਵ ਨੂੰ ਯਾਦ ਕਰਦਿਆਂ' ਦੇਵ ਨੂੰ ਵਿਲੱਖਣ ਚਿੱਤਰਕਾਰ ਤੇ ਸ਼ਾਇਰ ਕਿਹਾ ਹੈ। ਤੇ ਪਰਚੇ ਵਿੱਚ 'ਅੱਜ ਦੀ ਪੰਜਾਬੀ ਕਹਾਣੀ' ਸਿਰਲੇਖ ਅਧੀਨ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਤਕਰੀਬਨ 80 ਪੰਨਿਆਂ ਵਿੱਚ ਦੇਵ ਨੂੰ ਚੇਤੇ ਕੀਤਾ ਗਿਆ ਹੈ। ਸ਼ੁਰੂ ਵਿੱਚ ਦੇਵ ਦੇ ਕਾਵਿ ਚਿੱਤਰ ਅੰਮ੍ਰਿਤਾ ਪ੍ਰੀਤਮ, ਪ੍ਰਮਿੰਦਰਜੀਤ, ਰੇਣੁਕਾ ਸਿੰਘ, ਗਗਨ ਮੀਤ ਨੇ ਲਿਖੇ ਹਨ। ਜਿਨ੍ਹਾਂ ਵਿੱਚ ਦੇਵ ਦੇ ਕਈ ਪੱਖਾਂ ਨੂੰ ਲਿਖ ਕੇ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ ਹੈ। ਦੇਵ ਦੀਆਂ ਕਵਿਤਾਵਾਂ ਵੀ ਅੰਕ ਵਿੱਚ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਚਿੰਤਨ ਲਈ ਅਧੀਨ ਵਿੱਚ ਰਘਬੀਰ ਸਿੰਘ ਵੱਲੋਂ 'ਉਤਰਾਇਣ' ਦੇਵ ਦੀ ਸੂਰਜ ਵੱਲ ਦੀ ਯਾਤਰਾ', ਸੁਤਿੰਦਰ ਸਿੰਘ ਨੂਰ ਵੱਲੋਂ 'ਦੇਵ ਦੀ ਕਵਿਤਾ ਦਾ ਪੈਰਾਡਾਈਮ', ਐਂਜਲਿਕਾ ਆਫਨਟਰਾਂਗਰ, ਰੁਰਿਆ ਕੇਵਰ ਵੱਲੋਂ 'ਭਿੰਨਤਾ ਤੇ ਖ਼ਾਮੋਸ਼ ਲਿਖਤਾਂ ਦਾ ਚਿੱਤਰਕਾਰ ਦੇਵ' ਆਦਿ ਲੇਖਾਂ ਵਿੱਚ ਦੇਵ ਦੀ ਸ਼ਾਇਰੀ ਦੇ ਵੱਖ-ਵੱਖ ਪੱਖਾਂ ਦਾ ਅਧਿਐਨ ਕੀਤਾ ਗਿਆ ਹੈ। ਅੰਕ ਦਾ ਮਹੱਤਵਪੂਰਨ ਭਾਗ ਮੁਲਾਕਾਤਾਂ ਦਾ ਹੈ। ਜਿਸ ਵਿੱਚ ਵਨੀਤਾ ਅਤੇ ਸੁਕੀਰਤ ਵੱਲੋਂ ਵੱਖ-ਵੱਖ ਸਮੇਂ ਕੀਤੀਆਂ ਗਈਆਂ ਮੁਲਾਕਾਤਾਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਜਿਸ ਵਿੱਚ ਦੇਵ ਦੀ ਸ਼ਖ਼ਸੀਅਤ ਅਤੇ ਕਲਾ ਦੇ ਵੱਖ ਵੱਖ ਪੜਾਵਾਂ ਦੀਆਂ ਝਲਕੀਆਂ ਮਿਲਦੀਆਂ ਹਨ। ਸਮੇਂ ਸਮੇਂ ਵਿਛੜ ਜਾਂਦੇ ਰਹੇ ਵੱਡੇ ਲਿਖਾਰੀਆਂ ਨੂੰ 'ਸਮਕਾਲੀ ਸਾਹਿਤ' ਵੱਲੋਂ ਚੇਤੇ ਕਰਨ ਦੀ ਇਹ ਸਾਰਥਕ ਪਰੰਪਰਾ ਹੈ। ਇਸੇ ਤਰ੍ਹਾਂ ਨਵੀਂ ਪੀੜ੍ਹੀ ਨੂੰ ਵਿਛੜੇ ਕਲਾਕਾਰਾਂ ਤੇ ਸਾਹਿਤਕਾਰਾਂ ਨਾਲ ਜੋੜਿਆ ਜਾ ਸਕਦਾ ਹੈ।

ਪਰਚੇ ਦੇ ਅਗਲੇ ਭਾਗ ਦਾ ਨਾਂ 'ਅੱਜ ਦੀ ਪੰਜਾਬੀ ਕਹਾਣੀ' ਦਿੱਤਾ ਗਿਆ ਹੈ। ਜਿਸ ਵਿੱਚ ਜਸਬੀਰ ਭੁੱਲਰ (ਪਿਉ ਪੁੱਤਰ), ਗੁਰਪਾਲ ਸਿੰਘ ਲੰਡਨ (ਹਸਰਤ), ਮਹਿੰਦਰ ਰਿਸਮ (ਕੂੜਾ), ਹਰਜੀਤ ਅਟਵਾਲ (ਜੈਂਟਲਮੈਨ), ਜਿੰਦਰ (ਪੈੜ-ਚਾਲ), ਸੁਕੀਰਤ (ਬਦਲਦੇ ਮੌਸਮ), ਕੁਲਬੀਰ ਬਡੇਸਰੋਂ (ਜਲਵਾ), ਪ੍ਰਦੀਪ ਮਹਿਤਾ (ਮੇਰੀ ਸ਼ਾਦੀ ਮੇਂ ਜਲੂਲ ਆਣਾ), ਗੁਰਮੇਲ ਬੀਰੋਕੇ (ਕੱਟ), ਰੁਬੀਨਾ ਸ਼ਬਨਮ (ਗਵਾਚੀ ਜੰਨਤ), ਅਮਨਪ੍ਰੀਤ ਸਿੰਘ ਗਿੱਲ (ਫ਼ਲੈਚਰ ਸਾਹਿਬ ਦੀ ਫ਼ਾਈਲ), ਅਰਵਿੰਦਰ ਕੌਰ ਧਾਲੀਵਾਲ (ਕੌਫ਼ੀ ਮੱਗ), ਆਗ਼ਾਜ਼ਬੀਰ (ਤਣ-ਪੱਤਣ) ਆਦਿ ਨਵੀਂ ਪੰਜਾਬੀ ਕਹਾਣੀ ਦੀ ਪਛਾਣ ਕਰਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸਾਰੀਆਂ ਕਹਾਣੀਆਂ ਵੱਖ ਵੱਖ ਧਰਾਤਲਾਂ ਉੱਤੇ ਵਿਚਰਦੀਆਂ ਹਨ। ਕਿਤਾਬਾਂ ਦੀ ਪੜਚੋਲ ਤਹਿਤ ਚਾਰਲਸ ਗੋਰਹਾਮ ਦੇ ਨਾਵਲ 'ਜੀਵਨ ਮਦਿਰਾ' 'ਤੇ ਭਗਵਾਨ ਜੋਸ਼, ਸੰਦੀਪ ਸਮਰਾਲਾ ਦੀ ਕਿਤਾਬ 'ਸੁਪਨੇ ਦਾ ਗਵਾਹ ਨਹੀਂ ਹੁੰਦਾ' 'ਤੇ ਸੁਰਿੰਦਰ ਕੁਮਾਰ ਦਵੇਸ਼ਵਰ, ਬਿੰਦਰ ਬਸਰਾ ਦੇ ਕਹਾਣੀ ਸੰਗ੍ਰਹਿ 'ਮਨਕਥੀਆਂ' ਤੇ ਹਰਪ੍ਰੀਤ ਸਿੰਘ, ਪ੍ਰਗਟ ਸਿੰਘ ਸਤੌਜ ਦੇ ਕਹਾਣੀ ਸੰਗ੍ਰਹਿ 'ਮੌਸਮ ਠੀਕ ਨਹੀਂ' 'ਤੇ ਕੁਲਦੀਪ ਚੌਹਾਨ, ਰਾਜਪ੍ਰੀਤ ਕੌਰ ਬੇਨੀਪਾਲ ਦੇ ਕਹਾਣੀ ਸੰਗ੍ਰਹਿ 'ਕਬਰਾਂ ਵਿੱਚ ਉੱਗੇ ਫੁੱਲ' 'ਤੇ ਸੰਦੀਪ ਰਾਣਾ ਵੱਲੋਂ ਸਮੀਖਿਆ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਹ ਕਿਤਾਬਾਂ ਨਵੀਂ ਪੰਜਾਬੀ ਕਹਾਣੀ ਦੀ ਠੋਸ ਤਰੀਕੇ ਨੇ ਨਿਸ਼ਾਨਦੇਹੀ ਕਰਦੀਆਂ ਹਨ। ਲੇਖਾਂ 'ਚ ਵਿਦਵਾਨਾਂ ਨੇ ਮਹੱਤਵਪੂਰਨ ਨੁਕਤੇ ਉਭਾਰੇ ਹਨ। ਅੰਤ ਵਿੱਚ ਪੰਜਾਬੀ ਸਾਹਿਤ ਸਭਾ ਦੀਆਂ ਸਰਗਰਮੀਆਂ ਹਨ। 'ਸਮਕਾਲੀ ਸਾਹਿਤ' ਦਾ ਇਹ ਅੰਕ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਸਾਰੀ ਸਮੱਗਰੀ ਪੜ੍ਹਨ ਵਾਲੀ ਹੈ। ਇਨ੍ਹਾਂ ਵਿੱਚੋਂ ਕਾਫੀ ਕਹਾਣੀਆਂ ਚੰਗੀਆਂ ਨਿਕਲ ਦੇ ਅੱਗੇ ਆਉਣਗੀਆਂ ਤੇ ਉਨ੍ਹਾਂ ਦੀ ਭਵਿੱਖ ਵਿੱਚ ਚਰਚਾ ਹੋਵੇਗੀ। ਕੇਸਰਾ ਰਾਮ ਪਰਚੇ ਵਿੱਚ ਕਾਫੀ ਮਿਹਨਤ ਕਰ ਰਿਹਾ ਹੈ।

ਸਮਕਾਲੀ ਸਾਹਿਤ, ਸੰਪਾਦਕ : ਕੇਸਰਾ ਰਾਮ, ਮੁੱਲ : 80 ਰੁਪਏ, ਪੰਨੇ : 216, ਪਤਾ : ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-110002, ਫ਼ੋਨ 20832498, ਮੁਬਾਇਲ 94162-35210, ਰਚਨਾਵਾਂ ਭੇਜਣ ਲਈ : email: samkalisahit@gmail.com

## ਸਤਿਯੁਗ : ਅਪ੍ਰੈਲ,2026



'ਸਤਿਯੁਗ' ਦੇ ਹੱਥਲੇ ਅੰਕ ਵਿੱਚ ਗੁਰਬਾਣੀ ਵਿਆਖਿਆ, ਉਪਦੇਸ਼ ਸਤਿਗੁਰੂ ਉਦੇ ਸਿੰਘ ਜੀ, ਮਸਤਾਨਗੜ੍ਹ ਦਾ ਹੋਲਾ ਮਹੱਲਾ (ਡਾ. ਲਖਵੀਰ ਸਿੰਘ), ਸੰਤ ਨਿਹਾਲ ਸਿੰਘ ਰਚਿਤ ਬਾਰਾਂਮਾਹ (ਡਾ. ਕਿਰਨਪਾਲ ਸਿੰਘ), ਬੀਤੇ ਦੀਆਂ ਪੈੜਾਂ (ਪ੍ਰੀਤਮ ਸਿੰਘ ਕਵੀ), ਗੁਰਮੁਖ ਸਿੰਘ ਝੱਬਰ (ਸੁਵਰਨ ਸਿੰਘ ਵਿਰਕ), ਗੁਰਦੇਵ ਸਿੰਘ ਸਿੱਧੂ , ਸਤਿਗੁਰੂ ਦਾ ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦਾ ਦੌਰਾ ਆਦਿ ਲਿਖਤਾਂ ਛਪੀਆਂ ਹਨ। ਪਰਚੇ ਦੇ ਪੰਨੇ: 46, ਮੁੱਲ: 10 ਰੁਪਏ, ਸੰਪਾਦਕ: ਗੁਰਲਾਲ ਸਿੰਘ, ਪਤਾ: ਗੁਰਦੁਆਰਾ ਸ੍ਰੀ ਭੈਣੀ ਸਾਹਿਬ, ਲੁਧਿਆਣਾ (97800-97898), ਰਚਨਾਵਾਂ ਭੇਜਣ ਲਈ : email: Satjug@sribhainisahib.com

## ਸੱਚਖੰਡ ਪੱਤਰ: ਫਰਵਰੀ-ਮਾਰਚ,2026



ਪਰਚੇ ਵਿੱਚ ਮਨਜੀਤ ਸਿੰਘ ਪਸਰੀਚਾ (ਸਾਕਾ ਨਨਕਾਣਾ ਸਾਹਿਬ), ਗਿ. ਗੁਰਮੀਤ ਸਿੰਘ ਖੋਸਾ (ਇੱਕ ਨਜ਼ਰੀਆ ਸ੍ਰੀ ਦਸਮ ਗ੍ਰੰਥ ਸਾਹਿਬ), ਡਾ. ਰਾਜਿੰਦਰ ਸਿੰਘ ਮਹਾਜਨ (ਗੁਰੂ ਗ੍ਰੰਥ ਸਾਹਿਬ ), ਆਰ. ਐੱਸ. ਬੇਦੀ ਆਦਿ ਦੀਆਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਲਿਖਤਾਂ ਛਪੀਆਂ ਹਨ। ਸੱਚਖੰਡ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੀਆਂ ਸਰਗਰਮੀਆਂ ਵਿੱਚ ਹਨ।

ਪਰਚੇ ਦੇ ਪੰਨੇ: 48, ਮੁੱਲ: 125 ਰੁਪਏ, ਸੰਪਰਕ: ਸੰਪਾਦਕ : ਗਿ. ਅਵਤਾਰ ਸਿੰਘ ਸ਼ੀਤਲ, ਪਤਾ : ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ-431601, ਮਹਾਂਰਾਸ਼ਟਰ, ਰਚਨਾਵਾਂ ਭੇਜਣ ਲਈ : email: contact@hazursahib.com

## ਨਯਨ-ਭੋਗ : ਗੋਵਰਧਨ ਗੱਬੀ



'ਨਯਨ-ਭੋਗ' ਪੰਜਾਬੀ ਦੇ ਚਰਚਿਤ ਕਥਾਕਾਰ ਗੋਵਰਧਨ ਗੱਬੀ ਦਾ ਹਿੰਦੀ ਵਿੱਚ ਪ੍ਰਕਾਸ਼ਤ ਕਹਾਣੀ ਸੰਗ੍ਰਹਿ ਹੈ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਪ੍ਰਸਿੱਧ ਅਨੁਵਾਦਕ ਤੇ ਆਲੋਚਕ ਡਾ. ਜਸਵਿੰਦਰ ਕੌਰ ਬਿੰਦਰਾ ਨੇ ਕੀਤਾ ਹੈ। ਗੱਬੀ ਦੀਆਂ ਇਹ ਕਹਾਣੀਆਂ ਔਰਤ ਮਰਦ ਦੇ ਵਰਜਿਤ ਰਿਸ਼ਤਿਆਂ ਦਾ ਬਿਰਤਾਂਤ ਸਿਰਜਦੀਆਂ ਹਨ। 'ਨਯਨ ਭੋਗ' ਪੰਜਾਬੀ ਕਹਾਣੀ 'ਮੋਰਚਾ' ਦਾ ਹਿੰਦੀ ਅਨੁਵਾਦ ਹੈ। ਅਨੁਵਾਦਕ ਡਾ. ਬਿੰਦਰਾ ਵੱਲੋਂ ਲਿਖੀ ਪ੍ਰਸਤਾਵਨਾ ਵਿੱਚ ਇਸਤਰੀ-ਪੁਰਸ਼ ਸੰਬੰਧਾਂ ਦੇ ਉਲਝੇ ਤਾਣੇ ਦੇ ਹਵਾਲੇ ਨਾਲ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਕਹਾਣੀਆਂ ਮਨੁੱਖੀ ਸੰਬੰਧਾਂ ਨੂੰ ਨਵੇਂ ਰੂਪ ਵਿੱਚ ਪ੍ਰਭਾਸ਼ਤ ਕਰਦੀਆਂ ਹਨ। ਜਿਨ੍ਹਾਂ ਵਿੱਚ ਪਾਪ-ਪੁੰਨ ਵਰਗੇ ਭਾਵ ਦਿਖਾਈ ਨਹੀਂ ਦਿੰਦੇ। ਅਤੇ ਇਨ੍ਹਾਂ ਕਹਾਣੀਆਂ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਪਤੀ ਦਾ ਸ਼ੱਕੀ, ਝੂਠਾ ਤੇ ਝਗੜਾਲੂ ਵਿਹਾਰ ਔਰਤ ਨੂੰ ਬਾਹਰ ਕਦਮ ਰੱਖਣ ਲਈ ਮਜ਼ਬੂਰ ਕਰਦਾ ਹੈ। ਪੁਸਤਕ ਵਿੱਚ ਗੋਵਰਧਨ ਗੱਬੀ ਦੀਆਂ 10 ਕਹਾਣੀਆਂ ਦੀ ਚੋਣ ਪ੍ਰਕਾਸ਼ਤ ਕੀਤੀ ਗਈ ਹੈ। ਜਿਨ੍ਹਾਂ ਵਿੱਚ ਪਹੇਲੀ, ਦਾਮਾਦ, ਬਿੰਬ-ਪ੍ਰਤੀਬਿੰਬ, ਨੰਬਰ ਦੋ, ਭਰਮਜਾਲ, ਏ ਨੇਗੇਟਿਵ, ਤਿੰਨ ਤਿੱਕਾ ਸਾਤ, ਕੜਵਾ ਝੂਠ ਅਤੇ ਸ਼ਤਾਬਦੀ ਆਦਿ ਚੋਣਵੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਇਹ ਕਹਾਣੀਆਂ ਗੱਬੀ ਦੇ ਕਹਾਣੀ ਸੰਗ੍ਰਹਿ ਗੁਰਦਖਣਾ, ਤਿੰਨ ਤੀਏ ਸੱਤ, ਭਰਮਜਾਲ ਤੇ ਆਪਣਾ ਘਰ ਵਿੱਚੋਂ ਲਈਆਂ ਗਈਆਂ ਹਨ। ਕਿਤਾਬ ਬਹੁਤ ਹੀ ਖ਼ੂਬਸੂਰਤ ਛਪੀ ਹੈ। ਨਯਨ-ਭੋਗ, ਮੂਲ ਲੇਖਕ : ਗੋਵਰਧਨ ਗੱਬੀ, ਅਨੁ. ਡਾ. ਜਸਵਿੰਦਰ ਕੌਰ ਬਿੰਦਰਾ (98681-82835), ਮੁੱਲ : 400 ਰੁਪਏ, ਪੰਨੇ : 200, ਪ੍ਰਕਾਸ਼ਕ : ਵਿਦਿਆ ਵਿਕਾਸ ਅਕੈਡਮੀ, 3637, ਨੇਤਾ ਜੀ ਮਾਰਗ, ਦਰਿਆਗੰਜ, ਨਵੀਂ ਦਿੱਲੀ-110002

# ਪੰਜਾਬੀ ਸਾਹਿਤ ਦੇ ਪਾਠਕਾਂ ਦੀ ਗਿਣਤੀ ਵਧਾਉਣ ਦੀ ਲੋੜ : ਜਗਮੋਹਨ ਸਿੰਘ ਲੱਕੀ



**ਪਟਿਆਲਾ**-ਭਾਰਤ ਦੀਆਂ ਪੁਰਾਤਨ ਰਿਆਸਤਾਂ ਦਾ ਇਤਿਹਾਸ ਲਿਖ ਚੁੱਕੇ ਪ੍ਰਸਿੱਧ ਸਾਹਿਤਕਾਰ ਜਗਮੋਹਨ ਸਿੰਘ ਲੱਕੀ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਅਦਾਰਾ 'ਸੱਤ ਸਮੁੰਦਰੋਂ ਪਾਰ' ਵੱਲੋਂ ਕਰਵਾਏ ਗਏ ਸਿਲਵਰ ਜੁਬਲੀ ਸਮਾਗਮ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਹਿਤਕਾਰ ਜਗਮੋਹਨ ਸਿੰਘ ਲੱਕੀ ਨੇ ਕਿਹਾ ਕਿ ਅੱਜ ਹਰ ਸਕੂਲ/ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਲਾਇਬ੍ਰੇਰੀਆਂ ਮੌਜੂਦ ਹਨ। ਇਸ ਤੋਂ ਇਲਾਵਾ ਹੋਰਨਾਂ ਥਾਵਾਂ 'ਤੇ ਵੀ ਵੱਡੀ ਗਿਣਤੀ ਲਾਇਬ੍ਰੇਰੀਆ ਮੌਜੂਦ ਹਨ, ਜਿਹਨਾਂ ਵਿੱਚ ਵੱਖ-ਵੱਖ ਵਿਸ਼ਿਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਕਿਤਾਬਾਂ ਮੌਜੂਦ ਹਨ, ਪਰ ਦੁੱਖ ਦੀ ਗੱਲ ਹੈ ਕਿ ਇਹਨਾਂ ਲਾਇਬ੍ਰੇਰੀਆਂ ਵਿੱਚੋਂ ਵੀ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਪੜ੍ਹਨ ਵਾਲਿਆਂ ਦੀ ਗਿਣਤੀ ਕਾਫੀ ਘੱਟ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਸਾਹਿਤਕਾਰ ਜਗਮੋਹਨ ਸਿੰਘ ਲੱਕੀ ਨੇ ਕਿਹਾ ਕਿ ਪੰਜਾਬੀ ਵਿੱਚ ਹਰ ਸਾਲ ਬਹੁਤ ਕਿਤਾਬਾਂ ਛਪਦੀਆਂ ਹਨ, ਪਰ ਵੱਡੀ ਗਿਣਤੀ ਕਿਤਾਬਾਂ ਪਾਠਕਾਂ ਦੇ ਹੱਥਾਂ ਦੀ ਛੋਹ ਨੂੰ ਤਰਸਦੀਆਂ ਰਹਿ ਜਾਂਦੀਆਂ ਹਨ। ਉਹਨਾਂ ਕਿਹਾ ਕਿ ਲੇਖਕਾਂ ਨੂੰ ਕਿਤਾਬਾਂ ਛਪਵਾਉਣ ਦੇ ਨਾਲ-ਨਾਲ ਪਾਠਕ ਲਹਿਰ ਵੀ ਉਸਾਰਨ ਦੀ ਲੋੜ ਹੈ।

# ਗੁਰਸੇਵਕ ਲੰਬੀ ਦੀ ਪੁਸਤਕ 'ਮੇਰਾ ਬਸਤਾ' ਲੋਕ ਅਰਪਣ



**ਪਟਿਆਲਾ** : ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਏ ਗਏ ਸਾਹਿਤ ਉਤਸਵ ਦੌਰਾਨ ਗੁਰਸੇਵਕ ਲੰਬੀ ਦੀ ਪੁਸਤਕ 'ਮੇਰਾ ਬਸਤਾ' ਦਾ ਚੌਥਾ ਸੰਸਕਰਨ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਕੁਲਪਤੀ ਡਾ. ਜਗਦੀਪ ਸਿੰਘ, ਉੱਘੇ ਅਰਥ ਸ਼ਾਸਤਰੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਉਪਕੁਲਪਤੀ ਡਾ ? ਸਰਦਾਰਾ ਸਿੰਘ ਜੌਹਲ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਡਾ. ਜਗਦੀਪ ਸਿੰਘ ਨੇ ਪੁਸਤਕ ਬਾਰੇ ਕਿਹਾ ਕਿ ਗੁਰਸੇਵਕ ਲੰਬੀ ਬਹੁਤ ਖ਼ੂਬਸੂਰਤ ਕਵੀ ਤੇ ਵਾਰਤਕਾਰ ਹੈ। ਉਹ ਹਰ ਕੰਮ ਤਨਦੇਹੀ ਨਾਲ ਕਰਦਾ ਹੈ। ਉਸਨੇ ਯੂਨੀਵਰਸਿਟੀ ਵਿੱਚ ਅਹਿਮ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਈਆਂ ਹਨ।ਉਸ ਦੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਵਾਲੀਆਂ ਹੁੰਦੀਆਂ ਹਨ।ਮੇਰਾ ਬਸਤਾ ਪੁਸਤਕ ਉਸਦੇ ਵਿਦਿਆਰਥੀ ਜੀਵਨ ਦੀ ਦਾਸਤਾਨ ਹੈ।ਇਹ ਤੰਗੀਆਂ-ਤੁਰਸ਼ੀਆਂ ਵਿੱਚੋਂ ਨਿਕਲੇ ਗੁਰਸੇਵਕ ਲੰਬੀ ਦੀ ਕਹਾਣੀ ਹੈ।ਇਹ ਪੁਸਤਕ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਬਣੀ ਹੋਈ ਹੈ।ਇਹ ਵਿਦਿਆਰਥੀਆਂ ਲਈ ਤੋਹਫਾ ਹੈ। ਪੰਜਾਬੀ ਯੂਨੀਵਰਸਿਟੀ ਨੂੰ ਮਾਣ ਹੈ ਕਿ ਇਸ ਕੋਲ ਅਜਿਹੇ ਅਧਿਆਪਕ ਹਨ। ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਸੰਘਰਸ਼ੀਲ ਬੰਦਿਆਂ ਨੂੰ ਆਪਣੇ ਜੀਵਨ ਸਫਰ ਦੀਆਂ ਘਟਨਾਵਾਂ ਦੂਜਿਆਂ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਮੈਂ ਭਾਵੇਂ ਉੱਚ ਅਹੁਦਿਆਂ ਤੇ ਰਿਹਾ ਪਰ ਮੇਰੀ ਸਵੈਜੀਵਨੀ 'ਰੰਗਾਂ ਦੀ ਗਾਗਰ' ਨੇ ਮੈਨੂੰ ਵਿਸ਼ੇਸ਼ ਪਹਿਚਾਣ ਦਿੱਤੀ ਹੈ। ਮੇਰੀ ਪੁਸਤਕ ਲੱਖਾਂ ਲੋਕਾਂ ਨੂੰ ਸੇਧ ਦਿੰਦੀ ਰਹੀ ਹੈ। ਗੁਰਸੇਵਕ ਲੰਬੀ ਦੀ ਪੁਸਤਕ 'ਮੇਰਾ ਬਸਤਾ' ਵੀ ਸਾਧਨਹੀਣ ਬੰਦਿਆਂ, ਅਧਿਆਪਕਾਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਵਾਲੀ ਪੁਸਤਕ ਹੈ। ਡਾ. ਸੁਰਜੀਤ ਸਿੰਘ ਭੱਟੀ ਨੇ ਪੁਸਤਕ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੁਸਤਕ ਦੀ ਵਾਰਤਕ ਸ਼ੈਲੀ ਕਮਾਲ ਦੀ ਹੈ ਜੋ ਪਾਠਕ ਨੂੰ ਆਪਣੇ ਨਾਲ ਬੰਨ੍ਹ ਲੈਂਦੀ ਹੈ। ਘਟਨਾਵਾਂ ਦੀ ਚੋਣ ਅਤੇ ਉਹਨਾਂ ਦਾ ਬਿਆਨ ਰਸਦਾਇਕ ਹੈ। ਇਹ ਪੁਸਤਕ ਵਾਰਤਕ ਲਿਖਣ ਦੇ ਗੁਣ ਵੀ ਦੱਸਦੀ ਹੈ। ਡਾ. ਗੁਰਸੇਵਕ ਲੰਬੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਸਭ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਇਸ ਪੁਸਤਕ ਬਾਰੇ ਸਕੂਲਾਂ, ਕਾਲਜਾਂ ਵਿੱਚ ਅਨੇਕ ਸਮਾਗਮ ਹੋਏ ਹਨ। ਬਹੁਤ ਸਾਰੇ ਨੌਜਵਾਨਾਂ ਦਾ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਇਹ ਕਿਹਾ ਕਿ ਪੁਸਤਕ ਸਾਨੂੰ ਨਿਰਾਸ਼ਾ ਤੋਂ ਆਸ਼ਾ ਵੱਲ ਲੈ ਕੇ ਗਈ ਹੈ। ਡਾ. ਲੰਬੀ ਨੇ ਕਿਹਾ ਕਿ ਬਤੌਰ ਅਧਿਆਪਕ, ਲੇਖਕ ਸਾਡੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਨੇ ਧੰਨਵਾਦੀ ਸ਼ਬਦ ਸਾਂਝੇ ਕਰਦਿਆਂ ਗੁਰਸੇਵਕ ਲੰਬੀ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਪੰਜਾਬੀ ਵਿਭਾਗ ਦੀ ਇਤਿਹਾਸਿਕ ਪਰੰਪਰਾ ਅਮੀਰ ਰਹੀ ਹੈ। ਵਿਭਾਗ ਨੇ ਵੱਡੇ ਲੇਖਕ ਪੈਦਾ ਕੀਤੇ ਹਨ, ਅਸੀਂ ਸਾਰੇ ਉਹਨਾਂ ਪੂਰਨਿਆਂ ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਮੌਕੇ ਡਾ. ਹਰਜਿੰਦਰ ਪਾਲ ਸਿੰਘ ਵਾਲੀਆ, ਡਾ. ਰਾਜਵਿੰਦਰ ਸਿੰਘ, ਡਾ. ਰਾਜਮਹਿੰਦਰ ਕੌਰ, ਡਾ. ਗਿੰਦਰ ਸਿੰਘ, ਡਾ. ਸਰਬਜੀਤ ਕੌਰ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਕੈਲਗਰੀ ਕੈਨੇਡਾ ਦੀ ਮਾਸਿਕ ਇਕੱਤਰਤਾ



**ਕੈਨੇਡਾ** : ਮਹੀਨਾਵਾਰ ਮੀਟਿੰਗ ਮਿਤੀ 23 ਮਾਰਚ 2026 ਐਤਵਾਰ ਨੂੰ ਕੌਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ (COSO) ਹਾਲ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿਚ ਹੋਈ।ਸੋਹਣ ਸਿੰਘ ਭੁੱਚੋ ਨੇ ਸਟੇਜ ਸੰਚਾਲਨ ਦੀ ਮਹੱਤਵਪੂਰਨ ਜ਼ਿੰਮੇਵਾਰੀ ਬੜੀ ਖ਼ੂਬਸੂਰਤੀ ਨਾਲ ਨਿਭਾਈ। ਉਹਨਾਂ ਨੇ ਸਟੇਜ ਸੰਚਾਲਨ ਦੇ ਨਾਲ-ਨਾਲ ਆਪਣੀਆਂ ਪਾਏਦਾਰ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।ਆਰੰਭ ਵਿੱਚ ਅਮਰਜੀਤ ਸਿੰਘ ਸਿੱਧੂ, ਸੁਰਿੰਦਰ ਸਿੰਘ ਢਿੱਲੋਂ, ਤਾਜਬੀਰ ਚਾਹਲ, ਸਤਨਾਮ ਸਿੰਘ ਢੋਥੜ, ਸੁਖਮੰਦਰ ਸਿੰਘ ਆਦਿ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਆਖੀਰ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੀ ਰਚਨਾ ਦੇ ਕੁਝ ਬੋਲ ਸਾਂਝੇ ਕੀਤੇ। ਸੁਰਿੰਦਰ ਗੀਤ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਹਮੇਸ਼ਾ ਲਈ ਸਹਿਯੋਗ ਦੀ ਮੰਗ ਕੀਤੀ ।

# ਮੁਨਸ਼ਾ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ

**ਜਲੰਧਰ** : ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸ਼ਹੀਦ ਰਾਜਗੁਰੂ ਤੇ ਸੁਖਦੇਵ ਨੂੰ ਸਮਰਪਿਤ ਇੱਕ ਇਤਿਹਾਸਕ ਸਮਾਗਮ ਪਿੰਡ ਮਿਰਜਾਪੁਰ ਜੰਡੇ ਵਿਖੇ ਸੰਪੰਨ ਹੋਇਆ। ਇਸ ਮੌਕੇ ਸੰਤ ਬਾਬਾ ਮੁਨਸ਼ਾ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਜ਼ਿਲ੍ਹਾ ਖੋਜ ਅਫ਼ਸਰ ਜਸਵੰਤ ਰਾਏ ਵੱਲੋਂ ਕੀਤਾ ਗਿਆ।ਇਸ ਮੌਕੇ ਨਗਰ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਨਵਤੇਜ ਗੜ੍ਹਦੀਵਾਲਾ, ਅਵਤਾਰ ਸਿੰਘ ਕੇਸੋਪੁਰ ਅਤੇ ਜਗਮੋਹਨ ਸਿੰਘ ਬਲਾਲਾ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਜਸਵੰਤ ਰਾਏ ਨੇ ਆਪਣੇ ਸੰਬੋਧਨ ਵਿੱਚ ਅੱਜ ਦੇ ਡਿਜੀਟਲ ਯੁੱਗ ਵਿੱਚ ਪੁਸਤਕਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲਾਇਬ੍ਰੇਰੀਆਂ ਸਾਡੀ ਸੱਭਿਆਚਾਰਕ ਚੇਤਨਾ ਦੀ ਧਰੋਹਰ ਹਨ। ਉਨ੍ਹਾਂ ਨਗਰ ਵਾਸੀਆਂ ਨੂੰ ਇਸ ਸ਼ਲਾਘਾਯੋਗ ਉਪਰਾਲੇ ਲਈ ਵਧਾਈ ਦਿੱਤੀ ਅਤੇ ਆਪਣੇ ਨਿੱਜੀ ਪੁਸਤਕ ਸੰਗ੍ਰਹਿ ਵਿੱਚੋਂ ਲੱਗਭੱਗ 300 ਉੱਚ-ਪੱਧਰੀ ਪੁਸਤਕਾਂ ਲਾਇਬ੍ਰੇਰੀ ਨੂੰ ਭੇਟ ਕੀਤੀਆਂ। ਨਵਤੇਜ ਗੜ੍ਹਦੀਵਾਲਾ ਅਤੇ ਅਵਤਾਰ ਸਿੰਘ ਕੇਸੋਪੁਰ ਨੇ ਗੁਰਬਾਣੀ ਤੇ ਇਤਿਹਾਸ ਦੇ ਹਵਾਲਿਆਂ ਸਹਿਤ ਸ਼ਬਦ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਗਿਆਨ ਦਾ ਪ੍ਰਸਾਰ ਹੀ ਅਜੋਕੇ ਸਮੇਂ ਦੀ ਸੱਚੀ ਅਗਵਾਈ ਹੈ। ਸਟੇਜ ਸੈਕਟਰੀ ਦੀ ਭੂਮਿਕਾ ਮਾਸਟਰ ਹਰਪਾਲ ਸਿੰਘ ਨੇ ਬਾਖ਼ੂਬੀ ਨਿਭਾਈ।ਇਸ ਦੌਰਾਨ ਬੀਬਾ ਗੁਰਜੀਤ ਕੌਰ ਨੇ ਵੀ ਬਾਲ ਸਾਹਿਤ ਦੀਆਂ 101 ਕਿਤਾਬਾਂ ਲਾਇਬ੍ਰੇਰੀ ਨੂੰ ਭੇਟ ਕੀਤੀਆਂ।



# 'ਮੇਰੀਆਂ ਜ਼ਖ਼ਮੀ ਮੁਹੱਬਤਾਂ' ਤੇ 'ਮੇਰੇ ਜ਼ਖ਼ਮੀ ਪ੍ਰਦੇਸ਼' 'ਤੇ ਵਿਚਾਰ-ਚਰਚਾ



**ਬਰਨਾਲਾ**-ਪ੍ਰਵਾਸੀ ਪੰਜਾਬੀ ਸਾਹਿਤਕਾਰ ਅਮਰਜੀਤ ਚੀਮਾ ਦੇ ਵਾਰਤਕ ਨਾਵਲ 'ਮੇਰੀਆਂ ਜ਼ਖ਼ਮੀ ਮੁਹੱਬਤਾਂ' ਅਤੇ 'ਮੇਰੇ ਜ਼ਖ਼ਮੀ ਪ੍ਰਦੇਸ਼ ਨਾਮੇ' 'ਤੇ ਬਰਨਾਲਾ ਵਿਖੇ ਵਿਚਾਰ ਚਰਚਾ ਦੌਰਾਨ ਅਮਰਜੀਤ ਚੀਮਾ ਨੇ ਕਿਹਾ ਕਿ ਇਹ ਪੁਸਤਕ ਉਹਨਾਂ ਬੱਚਿਆਂ ਲਈ ਮਾਰਗ ਦਰਸ਼ਕ ਹੈ, ਜੋ ਅੱਲ੍ਹੜ ਉਮਰ ਵਿੱਚ ਪਿਆਰ ਦੇ ਚੱਕਰ ਵਿਚ ਫਸ ਕੇ ਆਪਣੀ ਜ਼ਿੰਦਗੀ ਖਰਾਬ ਕਰ ਲੈਂਦੇ ਹਨ। ਲੇਖਕ ਨੇ ਕਿਹਾ ਕਿ ਮੈਂ ਇਸ ਵਿੱਚ ਫੋਕੀ ਸ਼ੋਹਰਤ ਲਈ ਇਕ ਵੀ ਸ਼ਬਦ ਨਹੀਂ ਲਿਖਿਆ, ਬਲਕਿ ਜੋ ਹੋਇਆ, ਬੀਤਿਆ, ਉਹੀ ਹੂਬਹੂ ਬਿਆਨ ਕੀਤਾ ਹੈ। ਐੱਸ ਐੱਸ ਗਿੱਲ ਨੇ ਪ੍ਰਵਾਸੀ ਲੇਖਕ ਅਮਰਜੀਤ ਚੀਮਾ ਦਾ ਬਰਨਾਲੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ।ਇਸ ਸਮੇਂ ਅਮਰਜੀਤ ਚੀਮਾ ਯੂ ਐੱਸ ਏ ਦੀ ਲਿਖੀ ਰਚਨਾ 'ਜਾਹ ਨੀ ਝੂਠੀਏ ਸਾਨੂੰ ਤੇਰੀ ਯਾਰੀ ਲੈ ਬੈਠੀ' ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਤੇ ਗੀਤਕਾਰ ਹਾਕਮ ਸਿੰਘ ਰੂੜੇਕੇ ਕਲਾਂ ਨੇ ਪੇਸ਼ ਕਰਕੇ ਸਰੋਤਿਆਂ ਦੀ ਵਾਹ-ਵਾਹ ਖੱਟੀ। ਡਾਕਟਰ ਤੇਜਾ ਸਿੰਘ ਤਿਲਕ ਨੇ ਪੁਸਤਕ ਬਾਰੇ ਸੰਖੇਪ ਵਿਚਾਰ ਦਿੰਦਿਆਂ ਕਿਹਾ ਕਿ ਪੁਸਤਕ ਵਿਚ ਲੇਖਕ ਸਮੇਂ ਦੇ ਕੌੜੇ ਸੱਚ ਨੂੰ ਬੇਬਾਕੀ ਨਾਲ ਲਿਖਿਆ ਹੈ, ਜੋ ਕਿ ਪਾਠਕਾਂ ਨੂੰ ਆਪਣੇ ਨਾਲ ਜੋੜਦਾ ਹੈ। ਅਵਤਾਰ ਸਿੰਘ ਰਾਏਸਰ ਨੇ ਕਿਹਾ, ਇਹ ਪੁਸਤਕ ਵਾਰ-ਵਾਰ ਪੜ੍ਹੀ ਜਾਣ ਵਾਲੀ ਹੈ, ਪੁਸਤਕ ਵਿਚ ਲੋਹੜੇ ਦਾ ਰਸ ਹੈ, ਜੋ ਪਾਠਕਾਂ ਨੂੰ ਖਿੱਚ ਪਾਉਂਦਾ ਹੈ।ਇਸ ਸਮੇਂ ਰਘਵੀਰ ਸਿੰਘ ਕੱਟੂ ਨੇ ਬੋਲੀਆਂ ਅਤੇ ਰਾਮ ਸਰੂਪ ਸ਼ਰਮਾ ਨੇ ਗ਼ਜ਼ਲ, 'ਉਸ ਨੂੰ ਕਹਿ ਦਿਓ' ਨਾਲ ਸਮਾਂ ਬੰਨ੍ਹ ਕੇ ਰੱਖ ਦਿੱਤਾ। ਪ੍ਰਸਿੱਧ ਸ਼ਖ਼ਸੀਅਤ ਪਵਨ ਪਰਿੰਦਾ ਨੇ ਹਾਜ਼ਰ ਸ਼ਖਸੀਅਤਾਂ ਨਾਲ ਜਾਣ-ਪਛਾਣ ਕਰਵਾਈ ਅਤੇ ਸਟੇਜ ਸਕੱਤਰ ਦੀ ਭੂਮਿਕਾ ਸਫਲਤਾਪੂਰਵਕ ਨਿਭਾਈ।

# ਦੂਜਾ ਅਨਿਲ ਆਦਮ ਸਿਮਰਤੀ ਸਮਾਗਮ



**ਫ਼ਿਰੋਜ਼ਪੁਰ**- 'ਕਲਾਪੀਠ' ਅਨਿਲ ਆਦਮ ਮੈਮੋਰੀਅਲ ਫਾਉਂਡੇਸ਼ਨ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇਵ ਸਮਾਜ ਕਾਲਜ ਫਾਰ ਵੂਮੈਨ ਵੱਲੋਂ ਦੂਜਾ ਅਨਿਲ ਆਦਮ ਸਿਮਰਤੀ ਸਮਾਗਮ ਕਰਵਾਇਆ ਗਿਆ।ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਸ਼ਾਇਰ ਤੇ ਅਲੋਚਕ ਪ੍ਰੋ. ਅਤੈ ਸਿੰਘ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ, ਨਾਮਵਰ ਚਿੰਤਕ ਡਾ. ਕੁਲਦੀਪ ਸਿੰਘ ਦੀਪ ਅਤੇ ਅਨਿਲ ਆਦਮ ਮੈਮੋਰੀਅਲ ਫਾਉਂਡੇਸ਼ਨ ਦੀ ਪ੍ਰਧਾਨ ਅੰਜੁਮ ਸ਼ਰਮਾ ਸ਼ਾਮਲ ਹੋਏ।'ਕਲਾਪੀਠ' ਦੇ ਜਨਰਲ ਸਕੱਤਰ ਸੁਖਜਿੰਦਰ, ਗ਼ਜ਼ਲਗੋ ਪ੍ਰੋ. ਗੁਰਤੇਜ ਕੋਹਾਰਵਾਲਾ ਨੇ 'ਕਲਾਪੀਠ' ਦੇ ਕਾਰਜਾਂ ਦਾ ਜ਼ਿਕਰ ਕੀਤਾ। ਡਾ. ਕੁਲਦੀਪ ਸਿੰਘ ਦੀਪ ਨੇ ਅਨਿਲ ਆਦਮ ਦੀ ਸ਼ਖ਼ਸੀਅਤ ਅਤੇ ਰਚਨਾ ਬਾਰੇ ਕੁੰਜੀਵਤ ਭਾਸ਼ਣ ਦਿੱਤਾ। ਅਨਿਲ ਆਦਮ ਸਿਮਰਤੀ ਪੁਰਸਕਾਰ ਨੌਜਵਾਨ ਸ਼ਾਇਰ ਰਾਜਿੰਦਰ ਨੂੰ ਉਸ ਦੀ ਸਾਲ 2025 ਵਿੱਚ ਛਪੀ ਪੁਸਤਕ 'ਉਹ ਦਿਨ ਵੀ ਆਉਣਗੇ' ਨੂੰ ਪ੍ਰਦਾਨ ਕੀਤਾ ਗਿਆ। ਪੁਸਤਕ ਬਾਰੇ ਕੁਲਵਿੰਦਰ ਬੱਛੋਆਣਾ ਦਾ ਪਰਚਾ ਪੜ੍ਹਿਆ। ਇਸ ਸਨਮਾਨ ਵਿੱਚ ਸਨਮਾਨ ਨਿਸ਼ਾਨੀ, ਮਾਣ ਪੱਤਰ, ਫੁੱਲਕਾਰੀ ਅਤੇ 5100 ਰੁਪਏ ਦੀ ਨਕਦ ਰਾਸ਼ੀ ਸ਼ਾਮਲ ਹੈ।ਸਮਾਗਮ ਦੇ ਅਗਲੇ ਪੜਾਅ ਵਿੱਚ ਫ਼ਿਰੋਜ਼ਪੁਰ ਦੇ ਨੌਜਵਾਨ ਸ਼ਾਇਰ ਸ਼ੈਲੀ ਸਰੋਏ ਦੀ ਪਲੇਠੀ ਕਿਤਾਬ 'ਇਹ ਕਿਹੋ ਜਿਹੇ ਅਹਿਸਾਸ ਨੇ' ਲੋਕ ਅਰਪਣ ਕਰਨ ਦੀ ਰਸਮ ਪ੍ਰਧਾਨਗੀ ਮੰਡਲ ਅਤੇ ਫ਼ਿਰੋਜ਼ਪੁਰ ਦੇ ਲੇਖਕਾਂ ਨੇ ਰਲ-ਮਿਲ ਕੇ ਅਦਾ ਕੀਤੀ।ਸਮਾਗਮ ਦੇ ਅਗਲੇ ਪੜਾਅ ਵਿੱਚ ਸੁਖਦੀਪ ਔਜਲਾ, ਰੂਹੀ ਸਿੰਘ, ਤਲਵਿੰਦਰ ਸ਼ੇਰਗਿੱਲ, ਵਾਹਿਦ, ਅਜੀਤਪਾਲ ਜਟਾਣਾ, ਗੁਰਮੀਤ ਕੜਿਆਲਵੀ, ਸੱਤਪਾਲ ਭੀਖੀ, ਸੁਖਵਿੰਦਰ ਜੋਸ਼, ਮਨਜੀਤ ਪੁਰੀ, ਨੀਤੂ ਅਤੇ ਜਗਵਿੰਦਰ ਜੋਧਾ ਦੀਆਂ ਗ਼ਜ਼ਲਾਂ, ਕਵਿਤਾਵਾਂ ਨੇ ਫ਼ਿਰੋਜ਼ਪੁਰ ਦੀ ਸਮੁੱਚੀ ਫ਼ਿਜ਼ਾ ਨੂੰ ਹੀ ਕਾਵਿਕ ਕਰ ਦਿੱਤਾ। ਅੰਜੁਮ ਸ਼ਰਮਾ, ਪ੍ਰੋ. ਸੁਰਜੀਤ ਜੱਜ ਅਤੇ ਪ੍ਰੋ. ਅਤੈ ਸਿੰਘ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਅਨਿਲ ਆਦਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਉੱਥੇ 'ਕਲਾਪੀਠ' ਅਤੇ ਸਹਿਯੋਗੀ ਸੰਸਥਾਵਾਂ ਦੇ ਉਪਰਾਲਿਆਂ ਦੀ ਖੁੱਲ੍ਹੇ ਮਨ ਨਾਲ ਸ਼ਲਾਘਾ ਕੀਤੀ।

# ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ 75ਵੀਂ ਵਰ੍ਹੇਗੰਢ ਮੌਕੇ ਦੋ-ਰੋਜ਼ਾ ਸਾਹਿਤਕ ਸੰਮੇਲਨ



**ਜਲੰਧਰ** : ਪੰਜਾਬ ਦੀ ਵਿਰਾਸਤੀ ਵਿਦਿਅਕ ਸੰਸਥਾ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ (ਐਮ. ਏ ਪੰਜਾਬੀ) ਦੀ 75ਵੀਂ ਵਰ੍ਹੇਗੰਢ ਪੂਰੀ ਹੋਣ ਦੇ ਮੌਕੇ ਤੇ ਵਿਭਾਗ ਵੱਲੋਂ ਵੱਖ-ਵੱਖ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਕਰਵਾਏ ਗਏ।ਪੰਜਾਬੀ ਵਿਭਾਗ ਵੱਲੋਂ ਆਯੋਜਿਤ ਇਹਨਾਂ ਪ੍ਰੋਗਰਾਮਾਂ ਵਿੱਚ ਵਿਰਾਸਤੀ ਪਿੰਡ ਦੀ ਝਲਕ, ਪੁਸਤਕ ਮੇਲਾ , ਅੰਤਰ ਕਾਲਜ ਕਾਵਿ ਉਚਾਰਨ ਮੁਕਾਬਲੇ, ਪ੍ਰਸ਼ਨੋਤਰੀ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲਿਆਂ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਕਵੀ ਦਰਬਾਰ ਅਤੇ ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਦੇ ਸਹਿਯੋਗ ਨਾਲ (ਟਿਕਟਾਂ ਦੋ ਲੈ ਲਈਂ) ਨਾਟਕ ਦਾ ਮੰਚਨ ਕੀਤਾ ਗਿਆ। ਸਮਾਗਮ ਦੇ ਪਹਿਲੇ ਦਿਨ ਮੁੱਖ ਮਹਿਮਾਨ ਦੇ ਤੌਰ 'ਤੇ ਸਵਰਨਜੀਤ ਸਵੀ ਹਾਜ਼ਰ ਹੋਏ। ਵਿਸ਼ੇਸ਼ ਮਹਿਮਾਨ ਦਰਸ਼ਨ ਬੁੱਟਰ, ਵਰਿਆਮ ਸਿੰਘ ਸੰਧੂ , ਪਰਮਜੀਤ ਦਿਓਲ , ਪ੍ਰੋ. ਕੁਲਵੰਤ ਔਜਲਾ, ਡਾਕਟਰ ਕੁਲਵੰਤ ਸਿੰਘ ਸੰਧੂ, ਡਾਕਟਰ ਗੋਪਾਲ ਸਿੰਘ ਬੁੱਟਰ, ਪ੍ਰੋਫੈਸਰ ਸੁਖਬੀਰ ਸਿੰਘ, ਕੁਲਦੀਪ ਕੌਰ ਦੁਸਾਂਝ ਨੇ ਕਰਵਾਏ ਜਾ ਰਹੇ ਵੱਖ ਵੱਖ ਸਮਾਗਮਾਂ ਦਾ ਉਦਘਾਟਨ ਕੀਤਾ ।ਆਏ ਹੋਏ ਮਹਿਮਾਨਾਂ ਦਾ ਕਾਲਜ ਦੇ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਹਰਜਿੰਦਰ ਸਿੰਘ ਸੇਖੋਂ ਨੇ ਸਵਾਗਤ ਕੀਤਾ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਪੰਜਾਬੀ ਵਿਭਾਗ ਉਹ ਵਿਭਾਗ ਹੈ ਜਿਸ ਨੇ ਪੰਜਾਬੀ ਸਾਹਿਤ , ਸਭਿਆਚਾਰ ਅਤੇ ਅਕਾਦਮਿਕ ਖੇਤਰ ਵਿੱਚ ਅਜਿਹੀਆਂ ਸ਼ਖ਼ਸੀਅਤਾਂ ਦਿੱਤੀਆਂ ਹਨ ਜਿਹੜੀਆਂ ਪੰਜਾਬ ਦੇ ਸੱਭਿਆਚਾਰਕ ਅਤੇ ਸਾਹਿਤਕ ਇਤਿਹਾਸ ਵਿੱਚ ਮੀਲ ਪੱਥਰ ਸਾਬਿਤ ਹੋਈਆਂ ਹਨ। ਇਹ ਵਿਭਾਗ ਆਪਣੇ ਆਰੰਭ ਤੋਂ ਹੀ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਰਿਹਾ ਹੈ।ਵਿਰਾਸਤੀ ਪਿੰਡ ਦੀ ਝਲਕਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਪੰਜਾਬ ਦੇ ਪੁਰਾਣੇ ਪਿੰਡ ਦੀ ਝਲਕ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ।ਕਾਲਜ ਦੀਆਂ ਵਿਦਿਆਰਥਣਾਂ ਨੇ ਪਰੰਪਰਾਗਤ ਪੰਜਾਬੀ ਪਹਿਰਾਵੇ ਵਿੱਚ ਪੁਰਾਣੇ ਪੰਜਾਬ ਦੇ ਪਿੰਡਾਂ ਦੀ ਜਿਉਂਦੀ ਜਾਗਦੀ ਤਸਵੀਰ ਪੇਸ਼ ਕੀਤੀ।

# ਪਾਠਕਾਂ ਦੇ ਝਰੋਖੇ 'ਚੋਂ

## ਕਿਤਾਬਾਂ ਉਦਾਸ ਹਨ

29 ਮਾਰਚ ਦੇ 'ਐਤਵਾਰਤਾ' ਵਿੱਚ ਮੁੱਖ ਪੰਨੇ 'ਤੇ ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਕਿਤਾਬਾਂ ਉਦਾਸ ਹਨ'। ਲੇਖਕ ਦੀ ਸ਼ੈਲੀ ਕਮਾਲ ਦੀ ਹੈ। ਜਿਵੇਂ ਸ਼ਬਦਾਂ ਦੀ ਝੜੀ ਲੱਗ ਗਈ ਹੋਵੇ ।ਪੜ੍ਹ ਕੇ ਰੂਹ ਖੁਸ਼ ਹੋ ਗਈ। ਬਹੁਤ ਸ਼ਿੱਦਤ ਨਾਲ ਇਹ ਲੇਖ ਪੜ੍ਹਿਆ ।ਲੇਖਕ ਨੇ ਅਜੋਕੇ ਸਮੇਂ ਵਿਚ ਕਿਤਾਬਾਂ ਨੂੰ ਪਾਠਕ ਨਾ ਮਿਲਣ ਦਾ ਹੇਰਵਾ ਤੇ ਦੁੱਖ ਪ੍ਰਗਟ ਕੀਤਾ ਹੈ ।ਸੋਸ਼ਲ ਮੀਡੀਆ ਅਤੇ ਹੋਰ ਤਕਨੀਕੀ ਬਿਜਲਈ ਸਾਧਨਾਂ ਨੇ ਕਿਤਾਬਾਂ ਤੋਂ ਪਾਠਕਾਂ ਦੀ ਦੂਰੀ ਵਧਾਈ ਹੈ।ਕਿਤਾਬ ਦੀ ਉਦਾਸੀ ਦੇ ਹੋਰ ਵੀ ਕਈ ਕਾਰਨ ਹਨ। ਸਾਡੇ ਸਕੂਲਾਂ ਦੀਆਂ ਲਾਇਬਰੇਰੀਆਂ ਵਿਚ ਪਈਆਂ ਕਿਤਾਬਾਂ ਦੀ ਸੁਚੱਜੀ ਵਰਤੋਂ ਨਹੀਂ ਹੋ ਰਹੀ, ਕਿਉਂਕਿ ਸਕੂਲਾਂ ਵਿਚ ਲਾਇਬਰੇਰੀਅਨ ਨਹੀਂ ਹਨ। ਫਿਰ ਲਾਇਬਰੇਰੀਅਨ ਤੋਂ ਬਗੈਰ ਬੱਚਿਆਂ ਨੂੰ ਕਿਤਾਬਾਂ ਕੌਣ ਜਾਰੀ ਕਰੇ। ਅਧਿਆਪਕਾਂ ਵਿਚ ਕੋਈ ਟਾਂਵਾਂ-ਵਿਰਲਾ ਅਧਿਆਪਕ ਹੀ ਸਾਹਿਤਕ ਰੁਚੀਆਂ ਵਾਲਾ ਹੁੰਦਾ ਹੈ ।ਬਾਕੀ ਤਾਂ ਸਕੂਲਾਂ ਵਿਚ ਟਾਈਮ ਪਾਸ ਕਰਨ ਵਾਲੇ ਹੁੰਦੇ ਹਨ ।ਲਾਇਬਰੇਰੀ ਨੂੰ ਸਿਰਦਰਦੀ ਸਮਝਦੇ ਹਨ । ਇਸ ਲਈ ਬੁੱਕ ਸ਼ੈਲਫਾਂ ਵਿਚ ਪਈ ਕਿਤਾਬ ਅੱਜ ਉਦਾਸ ਹੈ, ਪਰ ਇਸ ਦੇ ਬਾਵਜੂਦ ਪੁਸਤਕ ਮੇਲਿਆਂ ਵਿਚ ਕਿਤਾਬ ਲੱਖਾਂ ਰੁਪਏ ਦੀ ਵਿਕ ਰਹੀ ਹੈ । ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ । ਸਾਹਿਤਕ ਸਮਾਗਮਾਂ ਵਿਚ ਵੀ ਬਹੁਤ ਲੋਕ ਕਿਤਾਬਾਂ ਮੁਫਤ ਦੀ ਝਾਕ ਰੱਖਦੇ ਹਨ ।ਪੜ੍ਹਨੀ ਹੋਵੇ ਜਾਂ ਨਾ ਪੜ੍ਹਨੀ ਹੋਵੇ ।ਫੋਕੀ ਟੌਹਰ ਬਣਾ ਕੇ ਕਿਤਾਬ ਕੱਛ ਵਿਚ ਦੇ ਕੇ ਤੁਰ ਪੈਣਗੇ । ਫੇਰ ਕਦੇ ਕਿਸੇ ਪਾਠਕ ਨੇ ਲੇਖਕ ਨੂੰ ਕਿਤਾਬ ਬਾਰੇ ਆਪਣੇ ਵਿਚਾਰ ਦੱਸਣ ਦੀ ਖੇਚਲ ਨਹੀਂ ਕੀਤੀ। ਹਾਂ ਚੰਗਾ ਸਾਹਿਤ ਅੱਜ ਵੀ ਪੜ੍ਹਿਆ ਜਾਂਦਾ ਹੈ ।ਨਾਨਕ ਸਿੰਘ ਜਸਵੰਤ ਸਿੰਘ ਕੰਵਲ, ਨਰਿੰਦਰ ਕਪੂਰ ਤੇ ਲੇਖਕ ਗੁਰਬਖਸ਼ ਸਿੰਘ ਭੰਡਾਲ ਆਦਿ ਦੀ ਕਿਤਾਬ ਵਿਕ ਰਹੀ ਹੈ ਤੇ ਪੜ੍ਹੀ ਵੀ ਜਾ ਰਹੀ ਹੈ। ਇਹ ਲਿਖਤ 'ਤੇ ਵੀ ਨਿਰਭਰ ਕਰਦਾ ਹੈ ।ਹੁਣ ਵੰਨ-ਸੁਵੰਨੇ ਵਿਸ਼ਿਆਂ 'ਤੇ ਹਰ ਰੋਜ਼ ਸੈਂਕੜੇ ਕਿਤਾਬਾਂ ਛਪ ਰਹੀਆਂ ਹਨ। ਖੈਰ ਐਨੀ ਮਾੜੀ ਸਥਿਤੀ ਵੀ ਨਹੀਂ ਹੈ। ਪ੍ਰਕਾਸ਼ਕ ਵੀ ਹਰ ਯਤਨ ਕਿਤਾਬ ਦੀ ਵਿਕਰੀ ਲਈ ਕਰ ਰਹੇ ਹਨ। ਨੈਸ਼ਨਲ ਬੁੱਕ ਟਰੱਸਟ ਅਤੇ ਪੰਜਾਬ ਦੇ ਨਾਮਵਰ ਪ੍ਰਕਾਸ਼ਕ ਕਿਤਾਬ ਦੀ ਵਿਕਰੀ ਵਿਚ ਮੋਹਰੀ ਹਨ। ਨਿੰਦਰ ਘੁਗਿਆਣਵੀ ਦੇ ਨਵੇਂ ਦੁਖਦੇ ਮਨ ਵਾਲੇ ਕਾਲਮ ਪੜ੍ਹ ਕੇ ਦੁੱਖ ਜਿਹਾ ਮਹਿਸੂਸ ਕੀਤਾ ।ਆਪਣਿਆਂ ਦੇ ਵਿਛੜਨ ਦੀ ਚੀਸ ਸਦਾ ਰਹਿੰਦੀ ਹੈ। 'ਦ੍ਰਿਸ਼ਟੀਕੋਣ' ਵਿਚ ਜੰਗ ਦੇ ਮਾਰੂ ਪ੍ਰਭਾਵਾਂ ਦਾ ਭਾਰਤੀ ਲੋਕਾਂ ਦੀ ਜ਼ਿੰਦਗੀ 'ਤੇ ਅਸਰ ਦੀ ਚਰਚਾ ਹੈ। ਗੈਸ ਸਿਲੰਡਰ ਤੇ ਪੈਟਰੋਲ ਦੀਆਂ ਲੰਮੀਆਂ ਕਤਾਰਾਂ ਵੇਖ ਰਹੇ ਹਾਂ, ਪਰ ਜੰਗ ਹੋਰ ਜ਼ਿਆਦਾ ਸਮਾਂ ਨ੍ਹੀ ਚੱਲਣੀ ਚਾਹੀਦੀ।ਲੋਕ ਦੁਖੀ ਹੋ ਰਹੇ ਹਨ, ਅਜਾਈਂ ਮੌਤਾਂ ਹੋ ਰਹੀਆਂ ਹਨ। ਕਿਤਾਬਾਂ ਵਿਚ ਹਰਜੀਤ ਅਟਵਾਲ ਦਾ ਨਾਵਲ 'ਕਾਦਰ' ਪਰਵਾਸੀ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ ਬਾਰੇ ਨਵੀਂ ਆਲੋਚਨਾਤਮਕ ਕਿਤਾਬ ਦਾ ਜ਼ਿਕਰ ਨਿਰੰਜਨ ਬੋਹਾ ਨੇ ਕੀਤਾ ਹੈ। ਭਗਵੰਤ ਰਸੂਲਪੁਰੀ ਪੰਜਾਬ ਦੇ ਦਲਿਤ ਲੋਕਾਂ ਦੀ ਜ਼ਿੰਦਗੀ ਦਾ ਸਾਹਿਤਕਾਰ ਹੈ, ਕਿਉਂਕਿ ਉਸ ਨੇ ਇਹ ਦਰਦ ਹੰਢਾਇਆ ਹੈ। ਬਾਕੀ ਮੈਟਰ ਵੀ ਚੰਗਾ ਲੱਗਾ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਸ਼ਹੀਦ ਭਾਗ ਮੱਲ ਭਾਟੀਆ ਦੀ ਜੀਵਨ ਗਾਥਾ : ਚਰੰਜੀ ਲਾਲ ਕੰਗਣੀਵਾਲ

ਆਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤੱਕ ਦੀ ਲਹੂ ਭਿੱਜੀ ਦਾਸਤਾਨ : ਸੁਰਿੰਦਰ ਸਿੰਘ ਰਸੂਲਪੁਰ

'ਕਵਿਤਾ ਕੀ ਤੇਰੀ ਕੀ ਮੇਰੀ' : ਸਤਪਾਲ ਭੀਖੀ (ਫੋਕਸ) ਡਾ. ਅਰਵਿੰਦਰ ਕੌਰ ਕਾਕੜਾ

ਦਲਜੀਤ ਰਾਏ ਕਾਲੀਆ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ



*ਮੱਖਣ ਮਾਨ ਮੂਲ ਰੂਪ 'ਚ ਸ਼ਾਇਰ ਏ। ਉਹਦਾ ਮਨ ਸ਼ਾਇਰ ਏ। ਜਦੋਂ ਉਹਦੇ ਅੰਦਰ ਸ਼ਾਇਰੀ ਵਹਿਣ ਲੱਗਦੀ ਏ ਤਾਂ ਸ਼ਬਦ ਉਤਰਨ ਲੱਗ ਪੈਂਦੇ ਨੇ, ਜੋ ਕਵਿਤਾ ਦੀਆਂ ਸਤਰਾਂ ਦਾ ਰੂਪ ਧਾਰਨ ਕਰਨ ਲੱਗ ਪੈਂਦੇ ਨੇ। ਭਾਰਤੀ ਸੰਸਕ੍ਰਿਤੀ ਅਤੇ ਮਿੱਥ ਦੀ ਚਿਹਨਕਾਰੀ ਦਾ ਮੱਖਣ ਕੋਲ ਭੰਡਾਰ ਏ, ਜੋ ਸਹਿਜ ਤਰੀਕੇ ਨਾਲ ਕਵਿਤਾ 'ਚ ਉਹਦੀ ਕਵਿਤਾ 'ਚ ਆਉਂਦਾ ਏ। ਉਹਦੀ ਕਵਿਤਾ ਦਾ ਅਕਾਰ ਲੰਮਾ ਅਕਸਰ ਹੋ ਜਾਂਦਾ ਏ, ਜੋ ਪਾਠਕ ਨੂੰ ਕਹਾਣੀ ਦੇ ਬਿਰਤਾਂਤ ਦਾ ਝਉਲਾ ਪਾ ਦਿੰਦਾ ਏ। ਪਾਠਕ ਉਹਦੀ ਕਵਿਤਾ 'ਚ ਕਹਾਣੀ ਦਾ ਲੁਤਫ਼ ਲੈਣ ਲੱਗ ਪੈਂਦਾ ਏ। ਪਹਿਲਾਂ-ਪਹਿਲ ਉਹ ਕਹਾਣੀ ਲਿਖਦਾ ਰਿਹਾ ਏ। 'ਖੌਲ੍ਹਦੇ ਪਾਣੀ' ਉਹਦੀ ਪਲੇਠੀ ਕਹਾਣੀਆਂ ਦੀ ਕਿਤਾਬ ਏ। ਫਿਰ ਉਹ ਕਈ ਸਾਲ ਚੁੱਪ ਰਿਹਾ। ਜਦੋਂ ਉਹਦੇ ਅੰਦਰੋਂ ਕਵਿਤਾ ਉਤਰਨ ਲੱਗੀ ਤਾਂ ਕਵਿਤਾ ਦਾ ਹੜ੍ਹ ਆ ਗਿਆ। ਦੋ ਕਿਤਾਬਾਂ ਕਵਿਤਾ ਦੀਆਂ ਪਾਠਕਾਂ ਨੂੰ ਦੇ ਚੁੱਕਾ ਏ।*

*ਕਵਿਤਾ 'ਚ ਨਵਾਂ ਕਾਵਿ ਮੁਹਾਂਦਰਾ ਸਿਰਜਦੀਆਂ ਨਵੀਆਂ ਕਵਿਤਾਵਾਂ ਹਾਜ਼ਰ ਨੇ* **– ਸਾਹਿਤ ਸੰਪਾਦਕ**

# ਮੱਖਣ ਮਾਨ ਦੀਆਂ ਕਵਿਤਾਵਾਂ

## ਤੇ ਡਾਨ ਵਹਿੰਦਾ ਰਿਹਾ

*ਅਕਸੀਨੀਆ ਨਤਾਲੀਆ ਤੇ ਤੂੰ
ਰਾਤ ਸੁਪਨੇ 'ਚ
ਖ਼ੁਦ ਨੂੰ ਡੀਫਾਇਨ ਕਰਦੀਆਂ
ਐਕਸਟ੍ਰਾ ਆਰਡਨਰੀ ਮੁਹੱਬਤ ਦਾ ਇਲਜ਼ਾਮ
ਕਦੇ ਮੇਰੇ ਤੇ
ਕਦੇ ਅਕਸੀਨੀਆ ਤੇ
ਕਦੇ ਨਤਾਲੀਆ 'ਤੇ ਮੜ੍ਹਦੀਆਂ
ਇੱਕ ਦੂਜੀ ਨੂੰ ਚੁੰਮਦੀਆਂ
ਮੰਥਨ ਕਰਦੀਆਂ
ਮੈਗਨੈਟਿਕ ਅਵਸਥਾ 'ਚ
ਇੱਕ ਦੂਜੀ 'ਚ ਅਭੇਦ ਹੋ ਜਾਣਾ ਲੋਚਦੀਆਂ

ਕਦੇ ਤੇਰੇ ਅੰਦਰੋਂ ਨਤਾਲੀਆ ਜਾਗ ਪੈਂਦੀ
ਛਾਂਗ ਦਿੰਦੀ – ਸਾਰੇ ਦੇ ਸਾਰੇ ਨੂੰ
ਕਦੇ ਅਕਸੀਨੀਆ 'ਚ ਵੇਖਦੀ ਖ਼ੁਦ ਨੂੰ
ਸ਼ਰਧਾਵਾਨ ਹੋਈ ਤਿਪ ਤਿਪ ਪਿਘਲ ਜਾਂਦੀ
ਇਹ ਕਿਸ ਤਰ੍ਹਾਂ ਦੀ ਚਾਹਤ
ਅਚਾਹਤ ਸੀ ਤੇਰੀ
ਸਹੀ – ਗਲਤ – ਸਹੀ
ਸਬ –ਕਾਂਸ਼ੀਅਸ ਮਾਇੰਡ ਦੇ ਚੱਕਰਵਿਯੂ 'ਚ ਘਿਰੀ

ਪੁਨਰ ਜਨਮ ਦੇ ਜਲੌ 'ਚ
ਜੜ੍ਹਾਂ ਵੱਲ ਪਰਤਦੀ
ਪਵਿੱਤਰਤਾ ਸਾਂਭਦੀ – ਆਖਦੀ
ਰਾਤ ਸੁਪਨੇ 'ਚ ਮੇਰੀ ਦੇਹ 'ਤੇ ਲੋਟੂ
ਡੁੱਲ੍ਹ ਗਿਆ ਸੀ – ਭਟਕਿਆ ਹੋਇਆ
ਕੀ ਤੇਰੀ ਨੈਤਿਕਤਾ ਵਿਖਾਵਾ ਸੀ ਜਾਂ ਸੀ ਛੜਜੰਤਰ ?

ਇਹ ਸੁਣ ਬੁਝ ਗਿਆ ਸੀ – ਰਾਖ਼ 'ਚੋਂ ਸ਼ਰਾਰਾ ਲੱਭਦਾ
ਇਹ ਚੁਟਕੀ ਕੁ ਧੂੰਆਂ ਤਾਂਡਵ-ਨਾਚ ਕਰਦਾ
ਆਪਣੇ ਨਕਸ਼ਾਂ ਦੀ ਰੇਤ 'ਚੋਂ
ਮਿਟ ਰਹੇ ਨਿਸ਼ਾਨਾਂ 'ਚੋਂ ਖ਼ੁਦ ਨੂੰ ਵੇਖਦਾ
ਗਰੂਰ ਤੇ ਆਤਮ ਵਿਸ਼ਵਾਸ ਦੇ ਤੀਰਾਂ 'ਤੇ ਲੇਟਿਆ
ਮੁਹੱਬਤ ਦੀ ਮੌਲਿਕਤਾ ਲਈ
'ਹਾਰਾਕੀਰੀ' ਕਰਦਿਆਂ
ਕੱਟ ਦਿੱਤਾ ਉਹ ਅੰਗ
ਜਿਸ ਤੋਂ ਤੈਨੂੰ ਭੈਅ ਲੱਗਦੈ

ਹੁਣ ਅੰਦਰਲਾ ਮਰਦ – ਤੇਰੀ ਦੇਹੀ ਸ਼ਬਦ ਰਗੜਦਾ
ਦਰਦ ਦੀ ਤਿੜ ਜਾਣਦੀ – ਅਗਨ ਦਾ ਇਤਿਹਾਸ
ਮਰਦਾਨਗੀ ਉਗਲਾਂ 'ਚ ਦਮ ਤੋੜਦੀ
– ਹੰਢਾਉਂਦੀ ਸ਼ੂਨਯ ਹੋ ਜਾਣ ਦਾ ਸਰਾਪ
ਅਕਸੀਨੀਆ ਤੋਂ ਨਤਾਲੀਆ ਬਣੀ ਤੂੰ
ਕਦੇ ਮਹਿਸੂਸ ਕਰੀਂ– * ਵਾਨਗਾਗ 'ਚੋਂ ਮੈਨੂੰ

*'ਤੇ ਡਾਨ ਵਹਿੰਦਾ ਰਿਹਾ 'ਸ਼ੋਲੋਖ਼ੋਫ' ਦੇ ਨਾਵਲ ਦੀਆਂ ਪਾਤਰ
*ਪ੍ਰਸਿੱਧ ਚਿੱਤਰਕਾਰ ਜਿਸ ਦੀ ਮਹਿਬੂਬਾ ਨੂੰ ਉਸ ਦੇ ਕੰਨ ਬਹੁਤ ਪਸੰਦ ਸਨ, ਕੱਟ ਕੇ ਭੇਟ ਕਰਤੇ ਇਕ ਦਿਨ !

## ਸੁਪਨਿਆਂ ਦੇ ਰੰਗ ਨਹੀਂ ਹੁੰਦੇ

ਧੁੰਦ ਕਿੱਥੋਂ ਆ ਟਪਕੀ
ਕੁੱਝ ਵੀ ਤਾਂ ਨਜ਼ਰ ਨਹੀਂ ਆ ਰਿਹਾ
ਮੈਂ ਤੁਰਿਆ ਤਾਂ ਨੱਕ ਦੀ ਸੇਧੇ ਸਾਂ
ਫੈਸਲਾ ਵੀ ਮੇਰਾ ਆਪਣਾ ਸੀ
ਤਰਕ ਕਰਦਿਆਂ
ਕਦੇ ਭਾਵੁਕ ਨਹੀਂ ਹੋਇਆ ਸਾਂ
ਪਰ ਉਸ ਦੀ ਸ਼ਖ਼ਸੀਅਤ ਦਾ ਵਹਾਅ ਈ ਏਨਾ ਸੀ
ਤਰਕ
ਦਲੀਲ
ਸੰਵਾਦ
ਸਭ ਰੁੜ੍ਹ ਗਏ
ਮੈਂ ਸੰਭਲ ਨਾ ਪਾਇਆ
ਉਸ ਦੇ ਪਿੱਛੇ ਪਿੱਛੇ ਹੋ ਤੁਰਿਆ
ਸਫਰ ਲੰਬਾ ਜ਼ਰੂਰ ਸੀ
ਥੱਕਿਆ ਨਹੀਂ ਸਾਂ
ਅੱਖਾਂ ਮੀਟੀ ਤੁਰਿਆ ਰਿਹਾ ਇੱਕੋ ਚਾਲ
ਬਿਨਾਂ ਸੋਚੇ ਬਿਨਾਂ ਸਮਝੇ
ਮੱਕੜੀ ਵਾਂਗ ਖੁਦ ਹੀ ਜਾਲ ਬੁਣਦਾ ਗਿਆ
ਤੇ ਖੁਦ ਹੀ ਜਾਲ 'ਚ ਫਸਦਾ ਗਿਆ
ਤਾਰ ਟੁੱਟੀ
ਧੜੰਮ ਕਰਕੇ ਡਿੱਗਿਆ
ਉੱਠਿਆ
ਮੇਰੇ ਇਰਦ ਗਿਰਦ ਧੁੰਦ ਸੀ

ਦੂਰ ਕਿਤੇ ਪਰਛਾਵੇਂ ਨੇ ਵਾਲ ਛੰਡੇ ਨੇ
ਧੁੰਦ ਉੱਡ ਗਈ ਹੈ
ਸੰਘਣਾ ਹਨੇਰਾ ਹੋ ਗਿਆ ਹੈ
ਮੈਂ ਉਸ ਦੇ ਪੰਜ ਤੱਤਾਂ 'ਚ ਵਲੀਨ ਹੋ ਗਿਆ ਹਾਂ
ਡੂੰਘੀ ਨਜ਼ਰ
ਹੌਕਾ ਬੋਲਿਆ
ਨਾਸਤਕ ਮਨੁੱਖ ਨੂੰ
ਆਸਥਾ ਖਾ ਜਾਂਦੀ ਹੈ
ਮੇਰੇ ਜਿਸਮ 'ਤੇ ਨਾਗ ਮੇਲਦਾ
ਕੱਟਦਾ ਹੈ
ਡੰਗਦਾ ਹੈ
ਦ੍ਰਿਸ਼ ਵੇਖੋ
ਉਹ ਮੇਰਾ ਡੰਗ ਚੂਸ ਰਹੀ ਹੈ
ਬੇਹੋਸ਼ੀ 'ਚ ਮੈਂ ਬੁੜਬੁੜਾਇਆ ਹਾਂ
ਮਰ ਗਏ ਸੁਪਨਿਆਂ ਦੇ ਰੰਗ ਨਹੀਂ ਅਹਿਸਾਸ ਹੁੰਦੇ ਨੇ
ਬਿਨਾਂ ਸਪਰਸ਼ ਤੋਂ
ਪਿਘਲ ਜਾਂਦੇ ਨੇ
ਆਪ ਮੁਹਾਰੇ ਫਿਸ ਪੈਂਦੇ ਨੇ
ਕਿਤੇ ਚੀਰ ਗਈ ਹੈ ਹਨੇਰੇ ਨੂੰ ਜਗਮਗਾਉਂਦੇ ਜੁਗਨੂੰ ਦੀ ਲੋਅ
ਮੁੱਦਤਾਂ ਬਾਅਦ ਤੂੰ ਪਰਤੀ ਏਂ
ਤਰਕ ਖਿੜਖਿੜਾ ਕੇ ਹੱਸਿਆ ਹੈ
ਊਣਾ ਬੰਦਾ ਪੂਰਾ ਹੋਣ ਲਈ ਹੱਥ ਪੈਰ ਮਾਰਦਾ ਹੈ
ਭਾਵੁਕਤਾ ਧੁੰਦ ਹੈ
ਰਹੱਸ ਹੈ
ਜਾਂ ਖੁੱਲ੍ਹ ਜਾ ਸਿਮਸਿਮ..!

## ਤੈਨੂੰ ਪਤਾ ਹੈ ਮੈਂ ਕੀ ਆਖਣਾ ਹੈ

ਗੂੰਜਦੀਆਂ ਸਿਮਰਤੀਆਂ 'ਚ ਖੜਾਕ ਜ਼ਖ਼ਮ ਖੁਰਚ ਗਈ ਹੈ
ਇਕ ਪੀੜ ਬੰਨ੍ਹ ਗਈ ਹੈ ਕੋਈ ਗੰਢ
ਮੈਂ ਚਿਰਾਂ ਤੋਂ ਬਿਮਾਰ ਹਾਂ ?
ਉਦਾਸੀ ਠਹਾਕਾ ਲਾ ਕੇ ਹੱਸੀ ਹੈ ਮੇਰੇ 'ਤੇ
ਕਈ ਵੈਦ, ਹਕੀਮ ਤੇ ਡਾਕਟਰ
ਹੱਥ ਖੜ੍ਹੇ ਕਰ ਗਏ ਨੇ
ਕੁੱਝ ਵੀ ਪਿੜ ਪੱਲੇ ਨਹੀਂ ਪਿਆ ਉਨ੍ਹਾਂ ਦੇ
ਕੀ ਮੈਂ ਹੀ ਸਨਕੀ ਹੋ ਗਿਆ ਹਾਂ ?
ਆਪਾ ਫਰੋਲਦਾ
ਵੇਖਦਾ ਹਾਂ
ਕੁੱਝ ਵੀ ਨਹੀਂ ਦੀਹਦਾ ਹਨੇਰ ਦੇ ਸਿਵਾ
ਅੱਜ ਕੱਲ੍ਹ ਤੂੰ ਕਿੱਥੇ ਰਹਿੰਦੀ ਏਂ
ਵਰ੍ਹਿਆਂ ਨੂੰ ਟੁੱਕਦਾ
ਇੱਕ ਦੋ ਤਿੰਨ . . ਖਲਾਅ

ਤੂੰ ਮੰਜੇ ਦੇ ਪਾਵੇ ਨਾਲ ਕਿਉਂ ਬੰਨ੍ਹ ਰੱਖਿਆ ਹੈ ਮੈਨੂੰ ?
ਸ਼ਿਕਾਇਤ ਕਿੱਥੇ ਦਰਜ ਕਰਵਾਵਾਂ
ਕਿਸੇ ਸਾਂਝ ਕੇਂਦਰ
ਔਨ ਲਾਇਨ
ਪੁੱਛਦਾ ਹਾਂ -ਮੇਰੀ ਮੁਹੱਬਤ ਦਾ ਓ ਟੀ ਵੀ ਆਇਆ ਤੇਰੇ ਕੋਲ
ਤੇਰੇ ਦਿਲ ਦੇ ਆਧਾਰ ਕਾਰਡ ਦਾ ਲਿੰਕ ਨਹੀਂ ਹੈ ਮੇਰੇ ਪਾਸ
ਮੈਂ ਪਾਗਲਾਂ ਵਾਂਗ ਆਪਣੀ ਦਾੜ੍ਹੀ ਪੁੱਟਦਾ ਹਾਂ
ਕੋਈ ਖੜਾਕ ਮੁਕਤੀ ਢੂੰਡਦਾ ਹੈ
ਮੇਰੀ ਬਿਮਾਰੀ ਦਾ ਡਾਇਗਨੋਜ਼ ਵੀ ਇੱਥੇ ਕਿਤੇ ਪਿਆ ਹੈ
ਇੱਛਾ ਤੇਰੀ–ਇੱਛਾਧਾਰੀ ਸੱਪ ਬਣ ਗਈ ਹੈ
ਜਿਸ ਦੇ ਡੰਗ ਨਾਲ ਕਰਾਹ ਰਿਹਾ ਹਾਂ ਮੈਂ
ਕਿਸ ਦਾ ਇੰਤਜ਼ਾਰ ਏ ਤੈਨੂੰ ਜਨਮ ਜਨਮਾਂਤਰਾਂ ਤੋਂ
ਕਦੇ ਬੂਹਾ ਖੁੱਲ੍ਹਦਾ ਹੈ
ਕਦੇ ਭਿੜਦਾ ਹੈ
ਟੇਬਲ 'ਤੇ ਗਲੋਬ ਉਦਾਸ ਹੈ
ਉਸ ਦੇ ਬਾਰੀਕ ਅੱਖਰਾਂ 'ਚ ਕਿਤੇ ਗਵਾਚ ਗਈ ਹੈ ਤੂੰ
ਮਨ 'ਚ ਆਇਆ ਹੈ ਇਸ਼ਤਿਹਾਰ ਦੇ ਕੇ ਲੱਭਾਂ ਤੈਨੂੰ
ਕਲਪਨਾ 'ਚ ਤੂੰ ਕਿਤੇ ਉੱਚੀ ਉੱਚੀ ਹੱਸ ਰਹੀ ਹੈ
ਕਿਤੇ ਮੀਂਹ ਵਾਂਗ ਵਰ੍ਹ ਗਈ ਏਂ ਤੂੰ
ਕਿਤੇ ਝੱਖੜ ਬਣ ਗਈ
ਕਿਤੇ ਸੁਨਾਮੀ
ਕਿਤੇ ਕਾਇਨਾਤ ਵਾਂਗ ਖਿੜ ਉੱਠੀ ਏਂ ਤੂੰ
ਮੈਂ ਤੈਨੂੰ ਗੁਲਾਬ ਭੇਟਾ ਕਰਦਾ ਹਾਂ
ਚਿਰਾਂ ਤੋਂ ਉਡੀਕਦਾ ਹਾਂ ਤੈਨੂੰ
ਤੂੰ ਬੂਹਾ ਖੋਲ੍ਹ
ਤੈਨੂੰ ਪਤਾ ਹੈ ਮੈਂ ਕੀ ਆਖਣਾ ਹੈ

**ਸੰਪਰਕ : 94172-07627**

## ਆਖਰੀ ਸਫ਼ਾ ਦੀ ਬਾਕੀ

### ਬਡੇਸਰੋਂ ਤੋਂ ਬੰਬਈ ਤੱਕ ...

'ਭਾਅ ਜੀ, ਜੋ ਪਿਆਰ ਮੈਨੂੰ ਤੁਹਾਡੇ ਪਰਵਾਰ ਵੱਲੋਂ ਮਿਲਿਆ ਹੈ, ਇਹ ਮੈਂ ਕਦੇ ਵੀ ਭੁੱਲ ਨਹੀਂ ਸਕਾਂਗੀ।' ਕਹਿੰਦਿਆਂ ਕੁਲਬੀਰ ਦੀਆਂ ਅੱਖਾਂ ਵਿਚ ਹੰਝੂ ਛਲਕ ਆਏ ਸਨ।

ਪਰਵਾਰ ਨਾਲ ਫੋਟੋਆਂ ਕਰਵਾਉਣ ਤੋਂ ਬਾਅਦ ਤੁਰਨ ਲੱਗਿਆਂ ਪਤਨੀ ਨੇ ਮੈਨੂੰ ਰਿਸ਼ਤਿਆਂ ਦੇ ਅਰਥ ਸਮਝਾਉਂਦੇ ਹੋਏ ਕਿਹਾ, 'ਭੈਣ ਜੀ ਦੇ ਹੱਥ 'ਤੇ ਵੀ ਕੁਝ ਧਰੀਂ, ਹਮੇਸ਼ਾ ਵਾਂਗ ਸੂਮ ਦਾ ਸਾਂਢੂ ਈ ਨਾ ਬਣਿਆ ਰਹੀਂ, ਕਈ ਮਾਮਲਿਆਂ ਵਿਚ ਤੂੰ ਅਵੇਸਲਾ ਈ ਰਹਿੰਦਾ ਏ।'

ਮੇਰਾ ਬੇਟਾ ਗੱਡੀ ਚਲਾ ਰਿਹਾ ਸੀ। ਅਸੀਂ ਸਾਹਿਤਕ ਗੱਲਾਂ-ਬਾਤਾਂ ਕਰਦੇ ਅੰਮ੍ਰਿਤਸਰ ਏਅਰਪੋਰਟ 'ਤੇ ਕਦੋਂ ਪਹੁੰਚ ਗਏ, ਪਤਾ ਹੀ ਨਾ ਲੱਗਾ।

ਏਅਰਪੋਰਟ ਵਿਚ ਐਂਟਰੀ ਕਰਨ ਤੋਂ ਪਹਿਲਾਂ ਮੈਂ ਪੁਰਾਣੇ ਬਜ਼ੁਰਗਾਂ ਵਾਂਗ ਕੁਝ ਪੈਸੇ ਕੁਲਬੀਰ ਨੂੰ ਦੇਂਦਿਆਂ ਕਿਹਾ, 'ਲੈ ਕੁੜੇ, ਕਿਰਾਇਆ ਭਾੜਾ।'

'ਨਾ ਭਾਅ ਜੀ, ਤੁਸੀਂ ਪਹਿਲਾਂ ਹੀ ਬੜੀ ਖੇਚਲ ਕੀਤੀ ਹੈ, ਮੈਂ ਹੋਰ ਕੁਝ ਨਹੀਂ ਲੈਣਾ।' ਕੁਲਬੀਰ ਨੇ ਸਿਰ ਫੇਰਦਿਆਂ ਕਿਹਾ।

ਮੈਂ ਹੱਸਦਿਆਂ ਕਿਹਾ, 'ਮੈਂ ਕਿਹੜਾ ਜਹਾਜ਼ ਦਾ ਕਿਰਾਇਆ ਦੇ ਰਿਹਾ ਹਾਂ, ਇਹ ਤਾਂ ਲੈਣਾ ਈ ਪੈਣਾ ਆ ਨਹੀਂ ਤਾਂ ਤੇਰੀ ਭਾਬੀ ਤੋਂ ਮੈਨੂੰ ਝਿੜਕਾਂ ਪੈਣਗੀਆਂ।'

ਕੁਲਬੀਰ ਨੂੰ ਵੀ ਮਜ਼ਾਕ ਸੁੱਝ ਆਇਆ, ਫਿਲਮੀ ਕਲਾਕਾਰ ਜੁ ਸੀ। ਪੈਸੇ ਫੜ ਕੇ ਹੱਸਦਿਆਂ ਮੇਰੇ ਇਕ ਕਹਾਣੀ ਸੰਗ੍ਰਹਿ ਦਾ ਨਾਂਅ ਲੈ ਕੇ ਬੋਲੀ, 'ਇਹ ਫਿਰ ਮੇਰੇ ਵੀਰ ਨੇ ਛੱਜੂ ਦੇ ਟਾਂਗੇ ਦਾ ਕਿਰਾਇਆ ਦਿੱਤਾ ਹੈ!'

ਕੁਲਬੀਰ ਓਨਾ ਚਿਰ ਤੱਕ ਪਿੱਛੇ ਨੂੰ ਵੇਖਦੀ ਹੱਥ ਹਿਲਾਉਂਦੀ ਰਹੀ, ਜਿੰਨਾ ਚਿਰ ਤੱਕ ਏਅਰਪੋਰਟ ਦੇ ਅੰਦਰ ਜਾ ਕੇ ਦਿਸਣੋਂ ਨਹੀਂ ਹਟ ਗਈ। ਕਲਮ ਦੀ ਸਾਂਝ ਇਕ ਨਵੇਂ ਰਿਸ਼ਤੇ ਵਿਚ ਬਦਲ ਗਈ ਸੀ।

ਮੈਂ ਰਾਤ ਨੂੰ ਘਰ ਆ ਕੇ ਕੁਲਬੀਰ ਦੀ ਇਕੱਤੀ ਕਹਾਣੀਆਂ ਦੀ ਬਲਬੀਰ ਮਾਧੋਪੁਰੀ ਦੁਆਰਾ ਸੰਪਾਦਿਤ ਨਵੀਂ ਪੁਸਤਕ ਦਾ ਪਾਠ ਸ਼ੁਰੂ ਕਰ ਦਿੱਤਾ। ਬਤੌਰ ਲੇਖਕ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਕਿਸੇ ਵੀ ਰਚਨਾ ਦੀ ਰਚਨਾ ਕਰਦਿਆਂ ਜਿੰਨਾ ਚਿਰ ਰਚਨਾਕਾਰ ਆਪੇ ਨੂੰ ਗੁੰਨ੍ਹ ਕੇ ਰਚਨਾ ਨਹੀਂ ਕਰਦਾ, ਓਨਾ ਚਿਰ ਉਸ ਰਚਨਾ ਵਿਚ ਜਾਨ ਨਹੀਂ ਪੈਂਦੀ। ਜਦੋਂ ਰਚਨਾਕਾਰ ਖੁਦ ਪਾਤਰ ਜਾਂ ਸਰੋਤਾ ਬਣ ਕੇ ਵਿਚਰਦਾ ਹੈ ਤਾਂ ਪਾਠਕ ਜਾਂ ਸਰੋਤੇ ਨੂੰ ਉਸ ਰਚਨਾ ਵਿੱਚੋਂ ਆਪਣਾ-ਆਪ ਦਿਸਣ ਲੱਗ ਪੈਂਦਾ ਹੈ ਤੇ ਪਾਠਕ ਲੇਖਕ ਦੀ ਉਂਗਲ਼ ਫੜ ਕੇ ਨਾਲ ਤੁਰ ਪੈਂਦਾ ਹੈ। ਏਹੀ ਕੁਝ ਮੈਂ ਭੈਣ ਕੁਲਬੀਰ ਬਡੇਸਰੋਂ ਦੀਆਂ ਲਿਖੀਆਂ, ਬਲਬੀਰ ਮਾਧੋਪੁਰੀ ਜੀ ਦੁਆਰਾ ਸੰਪਾਦਿਤ ਕੀਤੀਆਂ ਇਕੱਤੀ ਕਹਾਣੀਆਂ ਦੀ ਪੁਸਤਕ ਦਾ ਪਾਠ ਕਰਦਿਆਂ ਮਹਿਸੂਸ ਕੀਤਾ। ਕੁਲਬੀਰ ਬਡੇਸਰੋਂ ਜੀ ਦੀਆਂ ਕਹਾਣੀਆਂ ਪੜ੍ਹਦਿਆਂ ਇੰਜ ਲੱਗਦੈ, ਜਿਵੇਂ ਉਹ ਖੁਦ ਹਰੇਕ ਰਚਨਾ ਦੀ ਪਾਤਰ ਹੈ, ਜਿਵੇਂ ਹਰ ਪਾਤਰ ਦਾ ਦਰਦ ਉਸ ਨੇ ਹੰਢਾਇਆ ਹੋਵੇ। ਕੋਈ ਵੀ ਰੋਲ ਅਦਾ ਕਰਦੇ ਹੋਏ ਉਸ ਕਿਰਦਾਰ ਵਿਚ ਆਪਣੇ ਆਪ ਨੂੰ ਗੁੰਨ੍ਹ ਦੇਣਾ ਕੁਲਬੀਰ ਬਡੇਸਰੋਂ ਦੇ ਹਿੱਸੇ ਹੀ ਆਇਆ ਹੈ। ਉਹ ਫਿਲਮੀ ਕਲਾਕਾਰ ਤੋਂ ਪਹਿਲਾਂ ਇਕ ਲੇਖਕਾ ਹੈ। ਉਹ ਕਿਰਦਾਰ ਨਿਭਾਉਣੇ ਜਾਣਦੀ ਹੈ। ਦਰਅਸਲ 'ਮੈਂ' ਪਾਤਰ ਬਣ ਕੇ ਲਿਖੀ ਕਹਾਣੀ ਜ਼ਿਆਦਾ ਜਾਨਦਾਰ ਹੁੰਦੀ ਹੈ। ਬੇਸ਼ੱਕ ਲੇਖਕ ਨੇ ਉਹ ਪਾਤਰਤਾ ਨਾ ਵੀ ਹੰਢਾਈ ਹੋਵੇ, ਪਰ ਇਕ ਲੇਖਕ ਹੀ ਹੈ, ਜੋ ਆਪਣੀ ਕਲਪਨਿਕ ਅਤੇ ਕਲਾਤਮਿਕ ਸ਼ਕਤੀ ਨਾਲ ਕੁਝ ਵੀ ਬਣ ਸਕਦਾ ਹੈ, ਕਿਤੇ ਵੀ ਜਾ ਸਕਦਾ ਹੈ। ਸ਼ਾਇਦ ਇਸ ਕਰਕੇ ਹੀ ਬਹੁਤੀਆਂ ਕਹਾਣੀਆਂ 'ਮੈਂ' ਪਾਤਰ ਵਿਚ ਪੜ੍ਹਨ ਨੂੰ ਮਿਲਦੀਆਂ ਹਨ। ਕਿਸੇ ਦੇ ਮੂੰਹੋਂ ਕਿਸੇ ਵਿਦੇਸ਼ੀ ਦੀ ਕਹਾਣੀ ਸੁਣ ਕੇ ਲੇਖਕ ਵਿਦੇਸ਼ ਨਾ ਜਾ ਕੇ ਵੀ 'ਮੈਂ' ਪਾਤਰ ਬਣ ਕੇ ਵਿਦੇਸ਼ ਦੀ ਯਾਤਰਾ ਕਰ ਆਉਂਦਾ ਹੈ।

ਮੈਂ ਮੁੱਖ ਬੰਧ ਤੋਂ ਲੈ ਕੇ ਇਕੱਤਵੀਂ ਕਹਾਣੀ ਤੱਕ ਪੁਸਤਕ ਦਾ ਪਾਠ ਕੀਤਾ ਹੈ। ਮਾਧੋਪੁਰੀ ਜੀ ਅਨੁਸਾਰ ਮਸ਼ਹੂਰ ਨਾਵਲਕਾਰ ਜਸਵੰਤ ਸਿੰਘ ਕੰਵਲ ਵਰਗੇ ਲੇਖਕ ਵੱਲੋਂ, 'ਕੁਲਬੀਰ ਬਡੇਸਰੋਂ ਦੀ ਲੇਖਣੀ ਵਿਚ ਪ੍ਰੌੜ੍ਹ ਨਾਵਲਕਾਰਾਂ ਵਰਗੇ ਸੰਕੇਤ ਮਿਲਦੇ ਹਨ।' ਆਖਣਾ ਆਪਣੇ-ਆਪ ਵਿੱਚ ਵੱਡੇ ਅਰਥ ਰੱਖਦਾ ਹੈ। ਇਕੱਤੀ ਕਹਾਣੀਆਂ ਵਿੱਚ ਕੁਲਬੀਰ ਕੰਵਲ ਸਾਹਿਬ ਦੇ ਸ਼ਬਦਾਂ 'ਤੇ ਖਰੀ ਵੀ ਉੱਤਰਦੀ ਹੈ। ਰਾਮ ਸਰੂਪ ਅਣਖੀ ਵਰਗਾ ਗਲਪਕਾਰ ਵੀ ਅਜਿਹੀ ਹੀ ਮੋਹਰ ਲਾਉਂਦਾ ਹੈ। ਵੱਡੇ ਵਿਦਵਾਨਾਂ ਦੀਆਂ ਟਿੱਪਣੀਆਂ ਕੁਲਬੀਰ ਬਡੇਸਰੋਂ ਨੂੰ ਮੂਹਰਲੀ ਕਤਾਰ ਵਿੱਚ ਲਿਆ ਖੜ੍ਹਾ ਕਰਦੀਆਂ ਹਨ।

'ਮੈਂ ਕੀ ਕਰਾਂ' ਕਹਾਣੀ ਮਰਦ ਦੇ ਦੋਗਲੇ ਚਿਹਰੇ ਦੀ ਪੇਸ਼ਕਾਰੀ ਹੈ। ਜੇਬ ਵਿੱਚੋਂ ਮਿਲੀ ਚਿੱਠੀ ਪੜ੍ਹ ਕੇ ਸੁਨੀਤਾ ਦਾ ਗੁੱਸਾ ਸੁਭਾਵਿਕ ਹੈ, ਪਰ ਗੁਰਦੀਪ ਵੀ ਉਸ ਵਰਗੀ ਹੈ, ਜਿਸ ਨਾਲ ਮਰਦ ਨੇ ਧੋਖਾ ਕੀਤਾ ਹੈ। 'ਮੇਰਾ ਘਰ' ਗੂੜ੍ਹੀ ਰਿਸ਼ਤੇਦਾਰੀ ਜਾਂ ਦੋਸਤੀ ਵਾਲੇ ਥਾਂ ਜਾ ਕੇ ਵੀ ਸਾਨੂੰ ਆਪਣੇ ਘਰ ਵਰਗਾ ਅਹਿਸਾਸ ਨਹੀਂ ਹੁੰਦਾ। ਮਜਬੂਰੀਵੱਸ ਕਈ ਵਾਰ ਸਾਡਾ ਸਵੈਮਾਣ ਤਿੜਕਦਾ ਹੈ। 'ਬਾਹਰਲੀ ਬੈਠਕ' ਔਰਤ ਦੇ ਸਵੈਅਭਿਮਾਨ ਅਤੇ ਅਣਖ ਦੀ ਗੱਲ ਕਰਦੀ ਕਥਾ ਹੈ। ਜੋ ਕਦਮ ਤਾਰੋ ਨੇ ਚੁੱਕਿਆ, ਉਹ ਉਸ ਦੀ ਮਾਂ ਜਾਂ ਭੈਣ ਨੂੰ ਉਸ ਤੋਂ ਪਹਿਲਾਂ ਹੀ ਚੁੱਕ ਲੈਣਾ ਚਾਹੀਦਾ ਸੀ। 'ਔਂਤਰੀ' ਆਪਣੀ ਗਲਤੀ ਨਾਲ ਆਪਣੀ ਔਲਾਦ ਗਵਾ ਕੇ ਦਿਮਾਗੀ ਤਵਾਜ਼ਨ ਗਵਾ ਚੁੱਕੀ ਪਾਤਰ ਸੰਤੀ ਮਮਤਾ ਦੀ ਮਾਰੀ ਇਕ ਬੱਚੇ ਨਾਲ ਇਕ ਗੂੰਗਾ ਰਿਸ਼ਤਾ ਪਾਲ ਲੈਂਦੀ ਹੈ, ਜੋ ਵਿਦੇਸ਼ ਗਏ ਉਸ ਬੱਚੇ ਨੂੰ ਆਖਰੀ ਸਾਹ ਤੱਕ ਯਾਦ ਕਰਦੀ ਹੈ।

ਲੇਖਕ ਬੜਾ ਕੋਮਲ ਭਾਵੀ ਅਤੇ ਤ੍ਰੈਕਾਲ ਦਰਸ਼ੀ ਹੁੰਦਾ ਹੈ। ਉਹ ਹਰੇਕ ਘਟਨਾ ਨੂੰ ਬੜੀ ਸੰਜੀਦਗੀ ਨਾਲ ਲੈਂਦਾ ਹੈ। ਉਹ ਦਿਸਹੱਦੇ ਤੋਂ ਪਾਰ ਅਤੇ ਦੂਜਿਆਂ ਦੇ ਦਿਲਾਂ ਵਿਚ ਮਨੋਵਿਗਿਆਨਕ ਤੌਰ 'ਤੇ ਝਾਕਣ ਦੀ ਸਮਰੱਥਾ ਰੱਖਦਾ ਹੈ। 'ਇਕ ਖ਼ਤ ਪਾਪਾ ਦੇ ਨਾਂਅ' ਵਿਦੇਸ਼ ਵਿਚ ਵਿਆਹੀ ਬੇਟੀ ਦੇ ਦਰਦ ਨੂੰ ਬਿਆਨ ਕਰਦੀ ਰਚਨਾ ਹੈ। 'ਤੁਸੀਂ ਇਹ ਕਿਉਂ ਭੁੱਲ ਗਏ ਕਿ ਪਾਪਾ ਧੀਆਂ ਨੂੰ ਜੌਹਰੀ ਤਾਂ ਲੱਭ ਕੇ ਦੇ ਸਕਦੇ ਹਨ, ਪਰ ਨਸੀਬ ਨਹੀਂ। ਨਸੀਬ ਤਾਂ ਧੁਰੋਂ ਲਿਖੇ ਆਉਂਦੇ ਨੇ।' ਡੀਅਰ ਪਾਪਾ, ਸੱਚਮੁੱਚ ਕੁੜੀ ਤੋਂ ਔਰਤ ਬਣ ਕੇ ਜੀਊਣਾ ਬਹੁਤ ਔਖਾ ਹੈ।'

ਇਸ ਤੋਂ ਇਲਾਵਾ 'ਮਾਂ', 'ਹੋਇਆ ਜਿਊੜਾ ਉਦਾਸ', 'ਫੇਰ' ਅਤੇ 'ਕਰਜ਼' ਕਹਾਣੀਆਂ ਵਿੱਚ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਕੱਚ-ਸੱਚ 'ਮੈ' ਪਾਤਰ ਅਤੇ 'ਉਹ' ਥਰਡ ਪਾਤਰ ਵੀ ਲੇਖਕ ਹੀ ਬੋਲਦਾ ਹੈ, ਬਹੁਤ ਵਧੀਆ ਰਚਨਾਵਾਂ ਹਨ।

'ਇਹ ਵੀ ਸੱਚ ਹੈ' ਪਰਵਾਰ ਦੀ ਵੱਡੀ ਧੀ ਜ਼ਿੰਮੇਵਾਰੀਆਂ ਨਿਭਾਉਂਦੀ ਵਿਆਹ ਦੀ ਵੱਤ ਲੰਘਾਅ ਚੁੱਕੀ ਹੈ। ਦੁਨਿਆਵੀ ਕੱਸੀਆਂ-ਕਾਨੀਆਂ ਬਰਦਾਸ਼ਤ ਕਰਦੀ ਆਪਣੀਆਂ ਰੀਝਾਂ ਕਤਲ ਕਰਕੇ ਵੀ ਜ਼ਿੰਮੇਵਾਰੀ ਨਿਭਾਉਂਦੀ ਹੈ। 'ਰੱਬ ਝੂਠ ਨਾ ਬੁਲਾਏ' ਤੇ 'ਮਿਸਿਜ਼ ਮੈਨਾ' ਜੀਵਨ ਦੇ ਨਿੱਜੀ ਤਜਰਬੇ 'ਚੋਂ ਨਿਕਲੀਆਂ ਕਹਾਣੀਆਂ ਵਿਚ ਕੁਲਬੀਰ ਲਿਖਦੀ ਹੈ ਕਿ ਔਰਤ ਨੂੰ ਨੁਕਤਾਚੀਨੀ ਕਰਨ ਵਾਲੇ ਸਾਰੇ ਰਿਸ਼ਤਿਆਂ ਦੀ ਬਰਾਬਰੀ ਕਰਨ ਵਾਲੇ ਇਕ ਸ਼ਖ਼ਸ ਦੀ ਭਾਲ ਕਰਨੀ ਹੋਵੇ ਤਾਂ ਕਿਰਾਏਦਾਰ ਦੀ ਮਕਾਨ ਮਾਲਕਣ ਤੋਂ ਵਧੀਆ ਮਿਸਾਲ ਕਿਧਰੇ ਨਹੀਂ ਮਿਲ ਸਕਦੀ। ਮਿਸਿਜ਼ ਮੈਨਾ ਆਖਦੀ ਹੈ, 'ਮੇਰੀ ਤੋ ਕਿਸਮਤ ਫੂਟੀ ਥੀ, ਜੋ ਤੁਮ ਜੈਸੇ ਬੇਵਕੂਫ ਸੇ ਪਾਲਾ ਪੜਾ, ਜਿਸੇ ਨਾ ਅਕਲ ਹੈ ਨਾ ਮੌਤ।'

'ਭਟਕਣ', 'ਤੂੰ ਜਾਣਦੀ ਏਂ, ਮੈਂ ਇਕ ਵਿਆਹਿਆ-ਵਰਿਆ ਇੱਜ਼ਤਦਾਰ ਬੰਦਾ ਹਾਂ ਤੇ ਤੂੰ ਜਵਾਕੜੀ ਜਿਹੀ, ਤੂੰ ਤਾਂ ਮੈਨੂੰ ਆਪਣੀਆਂ ਧੀਆਂ ਵਰਗੀ ਲੱਗਦੀ ਏਂ, ਚਲੋ ਅੱਜ ਤੋਂ ਤੂੰ ਮੇਰੀ ਧੀ ਹੋਈ।'

ਜਦੋਂ 'ਉਹ' ਪਾਤਰਾ ਜਿਸ ਮਰਦ ਪਾਤਰ ਦਾ ਦਿਲ ਵਿਚ ਪੂਜਣ ਬਣ ਚੁੱਕੇ ਚਿਹਰੇ ਦਾ ਅਸਲ ਸੱਚ ਸਾਹਮਣੇ ਆਉਂਦਾ ਹੈ, ਜਦੋਂ ਮਰਦ ਇਹ ਭੁੱਲ ਹੀ ਜਾਂਦਾ ਹੈ ਕਿ ਉਸ ਨੇ ਉਹਨੂੰ ਧੀ ਕਿਹਾ ਸੀ, ਉਸ ਵੇਲੇ ਇਨਸਾਨੀਅਤ ਸ਼ਰਮਸਾਰ ਹੋ ਜਾਂਦੀ ਹੈ। ਮਨੁੱਖ ਦੇ ਚਿਹਰੇ ਤੇ ਅੱਖਾਂ 'ਚੋਂ ਦਿਲ ਦੀ ਇਬਾਰਤ ਸਾਫ ਪੜ੍ਹੀ ਜਾਂਦੀ ਹੈ। ਅਜਿਹਾ ਕੁਝ ਹੀ ਕੁਲਬੀਰ 'ਬਣਵਾਸ', 'ਮੁਹੱਬਤ', 'ਸੂਹੀ ਸਵੇਰ' ਅਤੇ 'ਗੱਡੀ ਦੇ ਡੱਬੇ' ਆਦਿ ਕਹਾਣੀਆਂ ਵਿੱਚ ਕਮਾਲ ਦੇ ਦ੍ਰਿਸ਼ ਚਿਤਰਣ ਕਰਦੀ ਹੈ।

ਇਕ ਮਜਬੂਰ ਔਰਤ ਦੀ ਕਥਾ ਹੈ 'ਮਾਂ ਨੀ' ਅਤੇ ਪਿਆਰ-ਮੁਹੱਬਤ ਦੇ ਕੋਝੇਪਨ ਦੀ ਪੇਸ਼ਕਾਰੀ ਹੈ 'ਇਹ ਤੂੰ ਸੀ ਇਹ ਮੈਂ ਸੀ'।

ਬੰਬਈ ਪਹੁੰਚ ਕੇ ਫਿਲਮੀ ਦੁਨੀਆ ਦਾ ਕੱਚ ਸੱਚ ਪੇਸ਼ ਕਰਦੀਆਂ ਕਹਾਣੀਆਂ ਹਨ-'ਤੁਮ ਉਦਾਸ ਕਿਉਂ ਹੋ', 'ਕਦੋਂ ਆਏਂਗੀ', 'ਅਕਰੋਸ਼' ਅਤੇ 'ਤੂੰ' ਇਹਨਾਂ ਕਹਾਣੀਆਂ ਵਿੱਚ ਔਰਤ ਦਾ ਸ਼ੋਸ਼ਣ ਕਿਵੇਂ ਹੁੰਦਾ ਹੈ, ਮਸ਼ਹੂਰ ਹੋਣ ਖਾਤਰ ਸਮਝੌਤੇ ਕਿਵੇਂ ਕਰਨੇ ਪੈਂਦੇ ਹਨ। ਕਾਮਨਾ ਗੁਪਤਾ ਵਰਗੀਆਂ ਔਰਤਾਂ ਮਸ਼ਹੂਰ ਹੋਣ ਖਾਤਰ ਕਿਵੇਂ ਦੇ ਕਿਰਦਾਰ ਨਿਭਾਉਂਦੀਆਂ ਹਨ। ਦੂਜੇ ਪਾਸੇ ਜਸਬੀਰ ਦਾ ਫਿਲਮੀ ਐਕਟਿੰਗ ਤੋਂ ਹਟ ਕੇ ਅਸਲੀ ਥੱਪੜ ਮਾਰਨਾ ਔਰਤ ਦੇ ਸਵੈਮਾਣ ਨੂੰ ਪੇਸ਼ ਕਰਦਾ ਹੈ।

ਬੇਸ਼ੱਕ ਕੁਲਬੀਰ ਦਾ ਸਰਵਸੰਪਨ ਪਰਵਾਰ ਵਿਦੇਸ਼ ਵਿਚ ਸੈਟਲ ਹੋ ਗਿਆ ਸੀ। ਕੁਲਬੀਰ ਬਡੇਸਰੋਂ ਤੋਂ ਬੰਬਈ ਤੱਕ ਦੇ ਲੰਮੇ ਸਫ਼ਰ ਵਿਚ ਖੁਦ ਦੀ ਮਿਹਨਤ ਨਾਲ ਸਥਾਪਤ ਹੋ ਕੇ ਵਿਦੇਸ਼ ਦੀ ਯਾਤਰਾ ਕਰਦੀ ਹੈ। ਉਹ ਆਪਣੀ ਕਹਾਣੀ 'ਤੂੰ ਵੀ ਖਾ ਲੈ' ਵਿਚ ਆਪਣੇ ਬਲਬੂਤੇ 'ਤੇ ਹੀ ਵਿਦੇਸ਼ ਪਹੁੰਚ ਕੇ ਮਾਂ ਵਰਗੀ ਭਾਬੀ ਤੇ ਧੀ ਜਿਹੀ ਨਣਦ ਦੇ ਰਿਸ਼ਤੇ ਨੂੰ ਬਿਆਨ ਕਰਦੀ ਵਿਦੇਸ਼ ਵੱਸਦੀ ਨਵੀਂ ਪੀੜ੍ਹੀ ਨੂੰ ਰਿਸ਼ਤਿਆਂ ਦੀ ਗਰਿਮਾ ਸਮਝਾਉਂਦੀ ਹੈ। ਇਸ ਤੋਂ ਇਲਾਵਾ 'ਨੂੰਹ ਸੱਸ', 'ਭੈਣ ਜੀ', 'ਸਕੂਲ ਟਰਿੱਪ' ਆਦਿ ਕਹਾਣੀਆਂ ਕੁਲਬੀਰ ਸਮਾਜ ਅਤੇ ਪਰਵਾਰਾਂ ਦੇ ਦਰਸ਼ਨ ਕਰਵਾਉਂਦੀ ਹੈ। ਭਾਵੁਕਤਾ, ਰੌਚਿਕਤਾ ਪਾਤਰਾਂ ਵੱਲੋਂ ਬੋਲੇ ਸੰਵਾਦ ਅਤੇ ਵਾਕ ਬਣਤਰ ਕੁਲਬੀਰ ਬਡੇਸਰੋਂ ਦੀ ਕਲਾ ਦਾ ਸਿਖਰ ਕਿਹਾ ਜਾ ਸਕਦਾ ਹੈ।

ਲੇਖਕ ਸਮੇਂ ਦਾ ਹਾਣੀ ਹੁੰਦਾ ਹੈ। ਉਹ ਤਿੰਨਾਂ ਕਾਲਾਂ ਵਿਚ ਵਿਚਰਦਾ ਹੋਇਆ ਸਿਰਜਣਾ ਕਰਦਾ ਹੈ। ਕੋਰੋਨਾ ਕਾਲ ਦੌਰਾਨ ਸਿਰਜੀ ਕਹਾਣੀ 'ਬਕ-ਬਕ' ਵਧੀਆ ਰਚਨਾ ਹੈ।ਇਸ ਰਚਨਾ ਵਿੱਚ ਇਕ ਸਾਦਾ ਵਾਕ, 'ਹੁਣ ਚੰਗਾ ਡਰਾਈਵਰ ਮਿਲਣਾ ਤਾਂ ਇੰਝ ਹੈ, ਜਿਵੇਂ ਚੰਗਾ ਪਤੀ ਮਿਲਣਾ। ਚੰਗੀ ਕਿਸਮਤ ਹੋਵੇਗੀ ਤਾਂ ਮਿਲੇਗਾ ਵਰਨਾ ਰੋਂਦੇ ਰਹੋ ਕਿਸਮਤ ਨੂੰ।' ਕਿਸੇ ਵੀ ਰਚਨਾ ਦੀ ਖ਼ੂਬਸੂਰਤੀ ਉਸ ਦੀ ਸਾਦਗੀ ਹੈ। ਇਹ ਸਾਦਗੀ ਕੁਲਬੀਰ ਬਡੇਸਰੋਂ ਦੀ ਹਰੇਕ ਕਹਾਣੀ ਵਿਚ ਹੈ। ਪੁਸਤਕ ਦੀ ਆਖਰੀ ਕਹਾਣੀ 'ਦੋ ਔਰਤਾਂ' ਵਿਚ ਵੀ 'ਤੂੰ ਵੀ ਖਾ ਲੈ' ਕਹਾਣੀ ਵਾਂਗ ਨਿੱਜ ਦੀ ਝਲਕ ਪੈਂਦੀ ਹੈ। ਮੈਂ ਸ਼ੁਰੂ ਵਿਚ ਲਿਖਿਆ ਹੈ ਕਿ ਮੈਂ ਪਾਤਰ ਬਣ ਕੇ ਲੇਖਕ ਕਿਸੇ ਦੇ ਮੂੰਹੋਂ ਸੁਣ ਕੇ ਕਹਾਣੀ ਲਿਖਦਾ ਵਿਦੇਸ਼ ਦੀ ਸੈਰ ਕਰ ਆਉਂਦਾ ਹੈ। ਦੂਸਰੇ ਸ਼ਬਦਾਂ ਵਿਚ ਲੇਖਕ ਆਪਣੀ ਰਚਨਾ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਹਾਜ਼ਰ ਹੁੰਦਾ ਹੈ। ਯਥਾਰਥ ਤੇ ਆਪਣੇ ਪਰਵਾਰ ਬਾਰੇ ਲਿਖਣ ਦੀ ਹਿੰਮਤ ਕੋਈ ਸੂਰਮਾ ਹੀ ਕਰਦਾ ਹੈ। ਬਹੁਤੇ ਲੇਖਕ ਆਪਣੀਆਂ ਰਚਨਾਵਾਂ ਵਿਚ ਹੀ ਆਪਣੀ ਜੀਵਨੀ ਪੇਸ਼ ਕਰ ਜਾਂਦੇ ਹਨ। ਕਈ ਆਪਣੇ ਬਾਰੇ ਸੱਚ ਲਿਖਣ ਦੀ ਹਿੰਮਤ ਨਹੀਂ ਕਰਦੇ। ਅਖੀਰ ਵਿਚ ਏਹੀ ਕਹਿਣਾ ਬਣਦਾ ਹੈ ਕਿ ਕੁਲਬੀਰ ਬਡੇਸਰੋਂ ਨੇ ਯਥਾਰਥ ਦੇ ਖ਼ੂਨ ਵਿਚ ਕਲਮ ਡੋਬ ਕੇ ਕਹਾਣੀਆਂ ਲਿਖੀਆਂ ਹਨ। ਬਡੇਸਰੋਂ ਤੋਂ ਬੰਬਈ ਤੱਕ ਦੇ ਸਫਰ ਵਿਚ ਕੁਲਬੀਰ ਦੀ ਸਵੈਜੀਵਨੀ ਦੀ ਝਲਕ ਪੈਂਦੀ ਹੈ। ਕਈ ਵਾਰ ਸੁਣਨ ਨੂੰ ਮਿਲਦਾ ਹੈ ਕਿ ਪੰਜਾਬੀ ਹੌਲੀ-ਹੌਲੀ ਖਤਮ ਹੋਣ ਦੇ ਰਾਹ ਤੁਰੀ ਹੋਈ ਹੈ। ਅੰਗਰੇਜ਼ੀ ਦਾ ਹੱਦੋਂ ਵੱਧ ਮੋਹ ਅਤੇ ਸਟੇਟਸ ਸਿੰਬਲ ਬਣਾਉਂਦੇ ਲੋਕਾਂ ਨੂੰ ਵੇਖ ਕੇ ਵਾਕਿਆ ਹੀ ਪੰਜਾਬੀ ਦੀ ਹੋਂਦ ਨੂੰ ਖਤਰਾ ਭਾਸਣ ਲਗਦਾ ਹੈ। ਜਦੋਂ ਕੁਲਬੀਰ ਬਡੇਸਰੋਂ ਵਰਗੇ ਧੀਆਂ-ਪੁੱਤਰ ਮਾਂ ਬੋਲੀ ਦੇ ਝੰਡਾ-ਬਰਦਾਰ ਬਣ ਕੇ ਦੇਸ਼-ਵਿਦੇਸ਼ ਵਿਚ ਪੰਜਾਬੀ ਦਾ ਹੋਕਾ ਹੀ ਨਹੀਂ ਦੇਂਦੇ, ਸਗੋਂ ਲੋਹਾ ਵੀ ਮਨਵਾਉਂਦੇ ਹਨ ਤਾਂ ਲੱਗਦਾ ਹੈ ਕਿ ਇਹ ਭਾਸ਼ਾ ਕਦੀ ਵੀ ਮਰ ਨਹੀਂ ਸਕਦੀ। ਮਨੁੱਖੀ ਮਨ ਦੀਆਂ ਪਰਤਾਂ ਖੋਲ੍ਹਦੀਆਂ ਇਕੱਤੀ ਕਹਾਣੀਆਂ ਦੀ ਇਹ ਕਿਤਾਬ ਪੜ੍ਹਨਯੋਗ ਹੈ। ਭੈਣ ਕੁਲਬੀਰ ਬਡੇਸਰੋਂ ਕੋਲੋਂ ਇਸ ਤੋਂ ਵੀ ਵਧੀਆ ਸਾਹਿਤ ਦੀ ਉਮੀਦ ਨਾਲ।

**ਮੋਬਾ. 94656-56214**

## ਮਿੰਨੀ ਕਹਾਣੀ

# ਅਣਹੋਂਦ

ਸੁਜਾਨ ਸਿੰਘ ਆਪਣੀ ਬੈਠਕ 'ਚੋਂ ਉੱਠਿਆ। ਦੋ ਵਾਰ ਵਿਹੜੇ 'ਚ ਗਿਆ। ਪੁੱਤਰ ਤੇ ਨੂੰਹ ਕਮਰੇ ਵਿੱਚ ਸਨ। ਹੱਸਣ ਦੀਆਂ ਆਵਾਜ਼ਾਂ ਆ ਰਹੀਆਂ ਸਨ, ਪਰ ਦਰਵਾਜ਼ਾ ਬੰਦ ਸੀ। ਜੀ ਕੀਤਾ ਆਵਾਜ਼ ਮਾਰੇ-ਫਿਰ ਆਪਣੇ ਆਪ ਨੂੰ ਰੋਕ ਲਿਆ।

ਨਹੀਂ, ਇਹ ਠੀਕ ਨਹੀਂ। ਕਿਤੇ ਨੂੰਹ ਨਾਰਾਜ਼ ਨਾ ਹੋ ਜਾਵੇ। ਐਤਵਾਰ ਹੈ, ਆਰਾਮ ਨਾਲ ਉੱਠਦੇ ਨੇ।

ਉਹ ਮੁੜ ਬੈਠਕ ਵਿੱਚ ਆ ਬੈਠਾ। ਥੋੜ੍ਹੀ ਦੇਰ ਬਾਅਦ ਰਸੋਈ ਵਿੱਚੋਂ ਭਾਂਡਿਆਂ ਦੀ ਆਵਾਜ਼ ਆਈ। ਦਿਲ ਨੂੰ ਤਸੱਲੀ ਹੋਈ-ਚੱਲ, ਹੁਣ ਤਾਂ ਬੁਲਾਉਣਗੇ ਹੀ।

ਵੀਹ ਮਿੰਟ ਹੋਰ ਲੰਘ ਗਏ, ਉਹ ਵਿਹੜੇ 'ਚ ਗਿਆ। ਡਾਈਨਿੰਗ ਟੇਬਲ ਕੋਲ ਅਜੀਤ ਅਤੇ ਸਿਮਰਤ ਚਾਹ ਪੀ ਰਹੇ ਸਨ।

ਅਜੀਤ ਨੇ ਬੇਰੁਖੀ ਨਾਲ ਕਿਹਾ,

ਕੀ ਚਾਹੀਦਾ ਹੈ ਪਾਪਾ ਜੀ ? ਕੀ ਦੇਖਣ ਆਏ ਹੋ ?

ਸਿਮਰਤ ਝੱਟ ਬੋਲੀ, ਅੱਜ ਛੁੱਟੀ ਏ। ਰੋਟੀ ਆਰਾਮ ਨਾਲ ਬਣੇਗੀ।

ਕੋਈ ਨਾ ਪੁੱਤ, ਸੁਜਾਨ ਸਿੰਘ ਨੇ ਹੌਲੀ ਕਿਹਾ, ਬਣਾ ਲੈਣਾ ਆਵਾਜ਼ ਮਾਰ ਦੇਣਾ ਜਦੋਂ ਬਣ ਜਾਵੇ।

ਉਹ ਮੁੜ ਬੈਠਕ 'ਚ ਆ ਬੈਠਾ। ਉਸ ਨੂੰ ਪਤਾ ਸੀ-ਦੋ ਘੰਟੇ ਤਾਂ ਲੱਗਣੇ ਹੀ ਹਨ। ਭੁੱਖ ਨਾਲ ਬੁਰਾ ਹਾਲ ਹੋ ਰਿਹਾ ਸੀ। ਕੱਲ੍ਹ ਰਾਤ ਵੀ ਤਬੀਅਤ ਖ਼ਰਾਬ ਸੀ, ਰੋਟੀ ਨਹੀਂ ਖਾਧੀ ਸੀ।

ਉਸ ਨੂੰ ਕੇਸਰੋ ਯਾਦ ਆ ਗਈ।

ਕੇਸਰੋ ਤੂੰ ਹੁੰਦੀ ਸੀ ਤਾਂ ਮੈਂ ਘਰ ਦਾ ਰਾਜਾ ਸੀ। ਤੂੰ ਮੇਰੀ ਰਾਣੀ ਸੀ। ਮੇਰੀ ਪਸੰਦ-ਨਾਪਸੰਦ, ਮੇਰੀ ਭੁੱਖ, ਮੇਰਾ ਮੌਨ, ਮੇਰੇ ਦਿਲ ਦੀ ਹਰ ਗੱਲ ਸਭ ਕੁਝ ਤੈਨੂੰ ਪਤਾ ਹੁੰਦਾ ਸੀ। ਮੈਂ ਨਖ਼ਰੇ ਕਰਦਾ ਰਿਹਾ ਤੇ ਤੂੰ ਚੁੱਪਚਾਪ ਸਭ ਸਹਿ ਗਈ।

ਉਸ ਦੀਆਂ ਅੱਖਾਂ ਭਰ ਆਈਆਂ। ਲੋਕ ਕਹਿੰਦੇ ਨੇ-ਔਰਤ ਬਿਨਾਂ ਮਰਦ ਨਹੀਂ ਰਹਿ ਸਕਦਾ, ਜਦੋਂ ਕਿ ਸੱਚ ਤਾਂ ਇਹ ਹੈ ਔਰਤ ਬਿਨਾਂ ਤਾਂ ਮਰਦ ਆਪਣੇ ਹੀ ਘਰ ਵਿੱਚ ਰੁਲ ਜਾਂਦਾ ਹੈ। ਰੋਟੀ ਤਾਂ ਮਿਲ ਜਾਂਦੀ ਏ, ਪਰ ਇੱਜ਼ਤ ਨਹੀਂ।

**- ਮੀਨਾ ਨਵੀਨ**

## ਸਫ਼ਾ 1 ਦੀ ਬਾਕੀ

### ਨਿਆਂਪਸੰਦ ਕਾਰਕੁਨਾਂ ਦੀ ਜ਼ੁਬਾਨਬੰਦੀ...

ਵਿੱਚ ਬੰਦ ਕਰ ਦਿੱਤਾ ਅਤੇ ਆਪ ਵੀ ਉੱਥੇ ਬੈਠ ਗਏ, ਕਿਉਂਕਿ ਇਹ ਦੋਵੇਂ ਕੁੜੀਆਂ ਅੜ ਗਈਆਂ ਕਿ ਉਹ ਪੁਲਸ ਕੋਲ ਤਾਂ ਹੀ ਜਾਣਗੀਆਂ, ਜਦੋਂ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਕਾਨੂੰਨੀ ਨੋਟਿਸ ਦੇ ਕੇ ਬੁਲਾਇਆ ਜਾਵੇਗਾ।

ਮਰਦ ਪੁਲਸ ਵਾਲਿਆਂ ਦੇ ਨਾਲ ਦੋ ਔਰਤ ਕਾਂਸਟੇਬਲ ਵੀ ਕਮਰੇ ਦੇ ਅੰਦਰ ਸਨ। ਇਹ ਪੁਲਸੀਏ ਉਨ੍ਹਾਂ ਨੂੰ ਇਹ ਕਹਿ ਕੇ ਅਪਮਾਨਿਤ ਕਰਦੇ ਰਹੇ ਕਿ ਉਨ੍ਹਾਂ ਦੇ ਕਾਰਨ ਉਨ੍ਹਾਂ ਨੂੰ ਇੱਥੇ 'ਵੇਸਵਾਘਰ ਵਰਗੀ ਗੰਦੀ ਜਗ੍ਹਾ' ਵਿੱਚ ਬੈਠਣਾ ਪੈ ਰਿਹਾ ਹੈ। ਉਨ੍ਹਾਂ ਨੂੰ ਗਿਣ-ਮਿੱਥ ਕੇ ਮਾਨਸਿਕ ਤਸੀਹੇ ਦੇਣ ਦੀ ਇੰਤਹਾ ਇਹ ਸੀ ਕਿ ਔਰਤ ਪੁਲਸ ਮੁਲਾਜ਼ਮਾਂ ਵੱਲੋਂ ਕੁੜੀਆਂ ਨੂੰ ਆਪਣਾ ਵਾਸ਼ਰੂਮ ਵਰਤਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ, ਜਦਕਿ ਇੱਕ ਕੁੜੀ ਦਾ ਪੀਰੀਅਡ ਚੱਲ ਰਿਹਾ ਸੀ ਅਤੇ ਉਹ ਪੈਡ ਬਦਲਣਾ ਚਾਹੁੰਦੀ ਸੀ। ਸਵੇਰੇ ਛੇ ਵਜੇ ਇਨ੍ਹਾਂ ਨੂੰ ਵੀ ਨਿਊ ਫਰੈਂਡਜ਼ ਕਾਲੋਨੀ ਦੇ ਤਸੀਹਾ ਘਰ ਲੈ ਜਾਇਆ ਗਿਆ। ਦੋਹਾਂ ਕੁੜੀਆਂ ਨੇ ਦੇਖਿਆ ਕਿ ਇਲਕੀਆ ਤੇ ਸ਼ਿਵਕੁਮਾਰ ਸਮੇਤ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਉੱਥੇ ਰੱਖਿਆ ਹੋਇਆ ਸੀ। ਇਕ ਹੋਰ ਕਾਰਕੁਨ ਮਨਜੀਤ ਬੈਨੀਵਾਲ ਨੂੰ ਵੀ ਕਿਸੇ ਹੋਰ ਜਗ੍ਹਾ ਤੋਂ ਅਗਵਾ ਕਰਕੇ ਉੱਥੇ ਲਿਆਂਦਾ ਗਿਆ ਸੀ।

ਮੁੰਡਿਆਂ ਨੂੰ ਵੱਖਰੇ ਕਮਰੇ ਵਿੱਚ ਲਿਜਾ ਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਦਲਿਤ ਪਿਛੋਕੜ ਵਾਲੇ ਮਨਜੀਤ ਨੂੰ ਜਾਤੀ ਸੂਚਕ ਗਾਲ੍ਹਾਂ ਦਿੱਤੀਆਂ ਗਈਆਂ। ਉਸ ਨੂੰ ਬਿਲਕੁਲ ਨੰਗਾ ਕਰਕੇ ਉਸ ਤੋਂ ਆਪਣੀ ਕਮੀਜ਼ ਨਾਲ ਤਿੰਨ ਕਮਰਿਆਂ ਵਿਚ ਪੋਚਾ ਲਗਵਾਇਆ ਗਿਆ। ਟਰਾਂਸ ਵੂਮੈਨ ਰੁਦਰ ਵਿਕਰਮ ਰਾਏ ਨੂੰ ਵੀ ਨੰਗਾ ਕਰਕੇ ਰੱਖਿਆ ਗਿਆ। ਉਸ ਦੀ ਜੈਂਡਰ ਪਛਾਣ ਨੂੰ ਲੈ ਕੇ ਭੱਦੀਆਂ ਟਿੱਪਣੀਆਂ ਕੀਤੀਆਂ ਗਈਆਂ, ਉਸ ਤੋਂ ਵੀ ਉਸ ਦੇ ਕੱਪੜਿਆਂ ਨਾਲ ਸਫ਼ਾਈ ਕਰਵਾਈ ਗਈ, ਜੂਠਾ ਖਾਣਾ ਖਾਣ ਨੂੰ ਕਿਹਾ ਗਿਆ। ਇਸੇ ਤਰ੍ਹਾਂ ਅਕਸ਼ੈ, ਸ਼ਿਵ ਕੁਮਾਰ, ਅਵਿਨਾਸ਼ ਅਤੇ ਗੌਰਵ ਨੂੰ ਵੀ ਨੰਗਾ ਕਰਕੇ ਇੱਕ-ਦੂਜੇ ਦੇ ਸਿਰ ਉੱਤੇ ਬੈਠਣ ਦਾ ਹੁਕਮ ਚਾੜ੍ਹਿਆ ਗਿਆ। ਉਨ੍ਹਾਂ ਨੂੰ ਇੱਕ-ਦੂਜੇ ਦਾ ਗੁਪਤ ਅੰਗ ਛੂਹਣ ਅਤੇ ਫਿਰ ਪੁਲਸੀਏ ਨੇ ਆਪਣਾ ਗੁਪਤ ਅੰਗ ਦਿਖਾ ਕੇ ਉਸ ਨੂੰ ਮੂੰਹ ਵਿਚ ਪਾਉਣ ਲਈ ਕਿਹਾ, ਇਨਕਾਰ ਕਰਨ 'ਤੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਕੁਝ ਪੁਲਸ ਅਧਿਕਾਰੀ ਬੇਖ਼ੌਫ਼ ਹੋ ਕੇ ਇਸ ਘਿਣਾਉਣੇ ਕਾਰੇ ਦੀ ਵੀਡੀਓ ਬਣਾਉਂਦੇ ਰਹੇ। ਉਸ ਦੀ ਛਾਤੀ ਅਤੇ ਢਿੱਡ 'ਤੇ ਮਾਰਿਆ ਗਿਆ ਅਤੇ ਜਾਤੀ-ਸੂਚਕ, ਧਰਮ-ਸੂਚਕ ਗਾਲ੍ਹਾਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਜਾਨ ਤੋਂ ਮਾਰਨ ਅਤੇ ਉਨ੍ਹਾਂ ਦੀ ਮੌਤ ਨੂੰ ਆਤਮਹੱਤਿਆ ਵਜੋਂ ਦਿਖਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਝੂਠੇ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ। ਦਲਿਤ ਨੌਜਵਾਨਾਂ ਤੋਂ ਅਜਿਹੇ ਅਪਮਾਨਜਨਕ ਕੰਮ ਕਰਵਾਏ ਗਏ, ਜਿਨ੍ਹਾਂ ਨਾਲ ਉਨ੍ਹਾਂ ਦੇ ਮਨੁੱਖੀ ਸਨਮਾਨ ਅਤੇ ਮਨੋਬਲ ਨੂੰ ਤੋੜਿਆ ਜਾ ਸਕੇ।

ਉਨ੍ਹਾਂ ਨੂੰ ਉਨ੍ਹਾਂ ਦੀਆਂ ਔਰਤ ਸਾਥੀਆਂ ਨਾਲ ਜੋੜਦਿਆਂ ਅਸ਼ਲੀਲ ਗੱਲਾਂ ਕੀਤੀਆਂ ਗਈਆਂ। ਇੱਕ ਕੁੜੀ ਨੂੰ ਪੁੱਛਿਆ ਗਿਆ ਕਿ ਉਸ ਨੂੰ ਮੁਸਲਮਾਨ ਮੁੰਡਿਆਂ ਨਾਲ ਹੀ ਸੈਕਸ ਕਰਨ ਵਿੱਚ ਕਿਉਂ ਮਜ਼ਾ ਆਉਂਦਾ ਹੈ। ਮੁੰਡਿਆਂ ਨੂੰ ਨੰਗਾ ਕਰਕੇ ਉਨ੍ਹਾਂ ਦੇ ਗੁਪਤ ਅੰਗ 'ਤੇ ਧਾਤ ਦੀ ਬੈਲਟ ਮਾਰੀ ਗਈ। ਅਕਸ਼ੈ ਜਿਸ ਦੇ ਪੈਰ ਵਿੱਚ ਲਿਗਾਮੈਂਟ ਦਾ ਓਪਰੇਸ਼ਨ ਹੋ ਚੁੱਕਾ ਹੈ, ਨੂੰ ਪੈਰ ਫੈਲਾ ਕੇ ਬੈਠਣ ਨੂੰ ਕਿਹਾ ਗਿਆ, ਜਿਸ 'ਤੇ ਖ਼ੁਦ ਕੁਰਸੀ ਰੱਖ ਕੇ ਪੁਲਸੀਏ ਬੈਠ ਗਏ। ਇੱਕ ਮੁੰਡੇ ਨੂੰ ਨੰਗਾ ਕਰਕੇ ਉਸ ਦੇ ਨਿੱਪਲ ਨੂੰ ਲਾਈਟਰ ਨਾਲ ਜਲਾਇਆ ਗਿਆ। ਏ.ਸੀ. ਨਾਲ ਕਮਰੇ ਦਾ ਤਾਪਮਾਨ ਇਕਦਮ ਠੰਢਾ ਕਰਕੇ ਮੁੰਡਿਆਂ ਨੂੰ ਰਾਤ ਭਰ ਜ਼ਮੀਨ 'ਤੇ ਸੌਣ ਲਈ ਛੱਡ ਦਿੱਤਾ ਗਿਆ। ਕੁੜੀਆਂ ਨੂੰ ਕਿਹਾ ਗਿਆ ਕਿ ਹੁਣ ਤੁਹਾਡੇ ਦੋਸਤਾਂ ਨੂੰ ਬੁਲਵਾ ਕੇ ਤੁਹਾਡਾ ਬਲਾਤਕਾਰ ਕਰਾਵਾਂਗੇ। ਇਲਕੀਆ ਦੇ ਮੂੰਹ 'ਤੇ ਅਜਿਹਾ ਕੱਪੜਾ ਬੰਨ੍ਹ ਕੇ ਘੰਟਿਆਂ ਤੱਕ ਬਿਠਾਈ ਰੱਖਿਆ ਗਿਆ, ਜੋ ਪਿਸ਼ਾਬ ਨਾਲ ਭਿੱਜਿਆ ਹੋਇਆ ਸੀ।

ਕੁੜੀਆਂ ਨੂੰ ਪੀਰੀਅਡ ਦੇ ਪੈਡ ਨਹੀਂ ਬਦਲਣ ਦਿੱਤੇ ਗਏ, ਉਨ੍ਹਾਂ ਨੂੰ ਵਾਰ-ਵਾਰ ਝਾੜੂ ਨਾਲ ਕੁੱਟਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਅਤੇ ਡਰਾਇਆ ਜਾਂਦਾ ਰਿਹਾ। ਸ਼ਿਵ ਕੁਮਾਰ ਨੂੰ ਪੁੱਠਾ ਲਟਕਾ ਕੇ ਉਸ ਦੀਆਂ ਲੱਤਾਂ 'ਤੇ ਲਾਠੀਆਂ ਵਰ੍ਹਾਈਆਂ ਗਈਆਂ। ਉਸ ਨੂੰ ਆਪਣੇ ਸਾਥੀ ਨੂੰ ਥੱਪੜ ਮਾਰਨ ਨੂੰ ਕਿਹਾ ਗਿਆ, ਜਦੋਂ ਉਸ ਨੇ ਇਨਕਾਰ ਕੀਤਾ ਤਾਂ ਉਸ ਦੇ ਵੱਟ ਕੇ ਥੱਪੜ ਮਾਰੇ ਗਏ। ਕੁੜੀਆਂ ਨੂੰ ਰਾਤ ਭਰ ਦੂਜੇ ਕਮਰਿਆਂ ਤੋਂ ਉੱਥੇ ਤਸੀਹੇ ਝੱਲ ਰਹੇ ਆਪਣੇ ਸਾਥੀਆਂ ਅਤੇ ਹੋਰ ਲੋਕਾਂ ਦੇ ਚੀਕਣ ਦੀਆਂ ਦਰਦਨਾਕ ਆਵਾਜ਼ਾਂ ਸੁਣਦੀਆਂ ਰਹੀਆਂ। ਮੁੰਡਿਆਂ ਨੂੰ ਵਾਰ-ਵਾਰ ਐਨਕਾਊਂਟਰ ਕਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਐਨਕਾਊਂਟਰ ਸਪੈਸ਼ਲਿਸਟ ਕਹੇ ਜਾਣ ਵਾਲੇ ਏ ਸੀ ਪੀ ਨਿਸ਼ਾਂਤ ਦਹੀਆ ਨੇ ਰੁਦਰ ਵਿਕਰਮ ਰਾਏ ਅਤੇ ਸ਼ਿਵ ਕੁਮਾਰ ਨੂੰ ਐਨਕਾਊਂਟਰ ਵਿੱਚ ਮਾਰੇ ਗਏ ਲੋਕਾਂ ਦੀਆਂ ਵੱਢੀਆਂ-ਟੁੱਕੀਆਂ ਲਾਸ਼ਾਂ ਦੀਆਂ ਤਸਵੀਰਾਂ ਦਿਖਾ ਕੇ ਪੁੱਛਿਆ ਕਿ ਉਹ ਐਨਕਾਊਂਟਰ ਵਿੱਚ ਕਿਸ ਤਰੀਕੇ ਨਾਲ ਮਰਨਾ ਪਸੰਦ ਕਰਨਗੇ।

ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਪੁਲਸੀਆਂ ਨੇ ਸ਼ਿਵ ਕੁਮਾਰ ਅਤੇ ਰੁਦਰ ਵਿਕਰਮ ਰਾਏ ਤੋਂ ਇੱਕ ਕਾਗ਼ਜ਼ 'ਤੇ ਜਬਰੀ ਇਹ ਲਿਖਵਾਇਆ ਕਿ 'ਮੈਂ ਤਿੰਨ ਸਾਲ ਲਈ ਬਸਤਰ ਜਾ ਕੇ ਅੰਡਰਗਰਾਊਂਡ ਹੋ ਰਿਹਾ ਹਾਂ, ਕੋਈ ਮੇਰੀ ਤਲਾਸ਼ ਨਾ ਕਰੇ'। ਫਿਰ ਉਨ੍ਹਾਂ ਨੂੰ ਕਿਹਾ ਗਿਆ ਕਿ 'ਤਿੰਨ ਸਾਲ ਅਸੀਂ ਤੁਹਾਨੂੰ ਇੱਥੇ ਹੀ ਬੰਦ ਰੱਖਾਂਗੇ, ਫਿਰ ਤੁਹਾਡਾ ਐਨਕਾਊਂਟਰ ਕਰਾਂਗੇ ਅਤੇ ਕਹਿ ਦਿਆਂਗੇ ਕਿ ਤੁਸੀਂ ਮਾਓਵਾਦੀ ਹੋ'। ਸ਼ਿਵ ਕੁਮਾਰ ਦੇ ਸਿਰ 'ਤੇ ਪਿਸਤੌਲ ਲਾ ਕੇ ਘੋੜਾ ਦਬਾਉਣ ਦਾ ਨਾਟਕ ਵੀ ਕੀਤਾ ਗਿਆ, ਫਿਰ ਕਿਹਾ ਗਿਆ 'ਤੁਹਾਨੂੰ ਅਜੇ ਨਹੀਂ, ਤਿੰਨ ਸਾਲ ਬਾਅਦ ਮਾਰਾਂਗੇ'। ਮਾਨਸਿਕ ਸਿਹਤ ਖ਼ਰਾਬ ਹੋਣ ਬਾਰੇ ਦੱਸਣ ਦੇ ਬਾਵਜੂਦ ਉਸ ਨੂੰ ਇਹ ਕਹਿ ਕੇ ਤਸੀਹੇ ਦਿੱਤੇ ਜਾਂਦੇ ਰਹੇ ਕਿ ਉਹ ਨਾਟਕ ਕਰ ਰਿਹਾ ਹੈ।

ਇਸ ਦੌਰਾਨ ਇਨ੍ਹਾਂ ਸਭ ਦੇ ਲਾਪਤਾ ਹੋਣ ਦੀ ਜਾਣਕਾਰੀ ਮਿਲਣ ਤੋਂ ਬਾਅਦ ਦਿੱਲੀ ਹਾਈ ਕੋਰਟ ਵਿੱਚ 'ਹੈਬੀਅਸ ਕਾਰਪਸ' ਪਾਈ ਗਈ। ਜਦੋਂ ਸਪੈਸ਼ਲ ਸੈੱਲ ਵਾਲਿਆਂ ਕੋਲ ਨੋਟਿਸ ਆ ਗਿਆ ਤਾਂ ਉਨ੍ਹਾਂ ਨੇ ਸਾਰਿਆਂ 'ਤੇ ਦਬਾਅ ਪਾਇਆ ਕਿ ਉਹ ਆਪਣੇ ਘਰਦਿਆਂ ਨੂੰ ਇਹ ਪਟੀਸ਼ਨ ਵਾਪਸ ਲੈਣ ਲਈ ਕਹਿਣ। ਜਦੋਂ ਦਿੱਲੀ ਹਾਈ ਕੋਰਟ ਨੇ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਲਈ 15 ਮਾਰਚ ਦੀ ਤਰੀਕ ਤੈਅ ਕਰ ਦਿੱਤੀ ਤਾਂ ਨਾ ਚਾਹੁੰਦੇ ਹੋਏ ਵੀ ਸਪੈਸ਼ਲ ਸੈੱਲ ਦੇ ਅਧਿਕਾਰੀਆਂ ਨੂੰ ਇਨ੍ਹਾਂ ਮੁੰਡੇ-ਕੁੜੀਆਂ ਨੂੰ ਛੱਡਣਾ ਪਿਆ। ਇਸ ਤੋਂ ਪਹਿਲਾਂ ਅਦਾਲਤ ਵਿਚ ਆਪਣੇ ਬਚਾਅ ਲਈ ਸਾਰਿਆਂ ਤੋਂ ਪਿਛਲੀ ਤਰੀਕ ਵਾਲੇ ਨੋਟਿਸ 'ਤੇ ਦਸਖ਼ਤ ਕਰਵਾ ਲਏ ਕਿ 'ਪੁੱਛ-ਗਿੱਛ ਦਾ ਨੋਟਿਸ ਮਿਲਣ ਤੋਂ ਬਾਅਦ ਉਹ ਆਪਣੀ ਮਰਜ਼ੀ ਨਾਲ ਇੱਥੇ ਆਏ ਹਨ।'

ਜਦੋਂ ਇਹ ਪੀੜਤ ਆਪਣਾ ਮੈਡੀਕਲ ਕਰਾਉਣ ਲਈ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਗਏ ਤਾਂ ਡਾਕਟਰਾਂ ਨੇ ਪਹਿਲਾਂ ਤਾਂ ਉਨ੍ਹਾਂ ਦੀਆਂ ਸੱਟਾਂ ਦੇ ਨਿਸ਼ਾਨ ਨੋਟ ਕਰ ਲਏ, ਪਰ ਜਦੋਂ ਪੁਲਸ ਨੂੰ ਸੱਦਿਆ ਗਿਆ ਤਾਂ ਡਾਕਟਰਾਂ ਨੇ ਸੱਟਾਂ ਦੇ ਨਿਸ਼ਾਨ ਰਿਪੋਰਟ ਵਿਚ ਦਰਜ ਕਰਨ ਤੋਂ ਨਾਂਹ ਕਰ ਦਿੱਤੀ। 27 ਮਾਰਚ ਨੂੰ ਹੋਣ ਵਾਲੀ ਹੈਬੀਅਸ ਕਾਰਪਸ ਦੀ ਅਗਲੀ ਸੁਣਵਾਈ ਦੇ ਮੱਦੇਨਜ਼ਰ ਪੁਲਸੀਆਂ ਨੇ ਹਿਰਾਸਤ ਵਿਚ ਤਸੀਹਿਆਂ ਦੇ ਸਾਰੇ ਸਬੂਤ ਮਿਟਾਉਣੇ ਸ਼ੁਰੂ ਕਰ ਦਿੱਤੇ ਹਨ।

ਹਕੂਮਤੀ ਥਾਪੜੇ ਨਾਲ ਸਪੈਸ਼ਲ ਸੈੱਲ ਮਨਮਾਨੀਆਂ ਕਰਨ ਲਈ ਐਨਾ ਬੇਖ਼ੌਫ਼ ਹੋ ਚੁੱਕਾ ਹੈ ਕਿ ਮਨਜੀਤ ਬੈਨੀਵਾਲ ਦਾ ਦੋਸਤ ਅਮਨ, ਜੋ ਕਿ ਉਸ ਦੀ ਮਾਤਾ ਨੂੰ ਪਟੀਸ਼ਨ 'ਤੇ ਦਸਖ਼ਤ ਕਰਾਉਣ ਦਿੱਲੀ ਲੈ ਕੇ ਆਇਆ ਸੀ, ਉਸ ਨੂੰ ਵੀ ਸਪੈਸ਼ਲ ਸੈੱਲ ਵਾਲੇ ਉਸ ਦੇ ਘਰ ਕੋਲੋਂ ਚੁੱਕ ਕੇ ਇਸੇ ਤਸੀਹਾ ਘਰ ਵਿੱਚ ਲੈ ਆਏ। ਉਸ ਨੂੰ ਵੀ ਸਭ ਦੇ ਨਾਲ ਹੀ ਛੱਡਿਆ ਗਿਆ।

ਪੀੜਤਾਂ ਨੇ ਪੀ ਯੂ ਸੀ ਐੱਲ ਦੀ ਆਨਲਾਈਨ ਮੀਟਿੰਗ ਵਿਚ ਸਪੱਸ਼ਟ ਦੱਸਿਆ ਕਿ ਸਪੈਸ਼ਲ ਸੈੱਲ ਦਾ ਮਨੋਰਥ ਉਨ੍ਹਾਂ ਤੋਂ ਪੁੱਛਗਿੱਛ ਕਰਨਾ ਨਹੀਂ ਸੀ। ਅਧਿਕਾਰੀਆਂ ਦੇ ਸਵਾਲ ਸੱਤਾਧਾਰੀ ਧਿਰ ਦੀ ਭਗਵਾਂ ਵਿਚਾਰਧਾਰਾ ਅਤੇ ਰਾਜਨੀਤਕ ਧਾਰਨਾਵਾਂ ਦੇ ਗੂੜ੍ਹੇ ਰੰਗ 'ਚ ਰੰਗੇ ਹੋਏ ਸਨ। ਉਹ 31 ਮਾਰਚ ਤੱਕ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੇ ਮੋਦੀ ਸਰਕਾਰ ਦੇ ਟੀਚੇ ਦਾ ਜ਼ਿਕਰ ਕਰਦੇ ਹੋਏ ਕਹਿ ਰਹੇ ਸਨ ਕਿ 'ਤੁਸੀਂ 31 ਮਾਰਚ ਦਾ ਪ੍ਰੋਗਰਾਮ (ਕਾਰਪੋਰੇਟ ਲੁੱਟ ਦੇ ਖ਼ਿਲਾਫ਼) ਕਿਉਂ ਕਰ ਰਹੇ ਹੋ, ਕਿਸ ਦੇ ਕਹਿਣ 'ਤੇ ਕਰ ਰਹੇ ਹੋ, ਅਸੀਂ ਇਹ ਨਹੀਂ ਹੋਣ ਦਿਆਂਗੇ। ਕਿਉਂਕਿ 31 ਮਾਰਚ ਤੱਕ ਮਾਓਵਾਦੀਆਂ ਦਾ ਸਫ਼ਾਇਆ ਕਰਨ ਦਾ ਹੁਕਮ ਹੈ। ਕੁਝ ਦਿਨਾਂ ਲਈ ਤੁਸੀਂ ਲੋਕ ਕਿਤੇ ਹੋਰ ਚਲੇ ਜਾਓ, ਇਹ ਸਮਾਂ-ਸੀਮਾ ਖ਼ਤਮ ਹੋਣ ਤੋਂ ਬਾਅਦ ਹੀ ਇੱਥੇ ਨਜ਼ਰ ਆਉਣਾ।' ਉਨ੍ਹਾਂ ਨੂੰ ਪੁੱਛਿਆ ਗਿਆ ਕਿ 'ਤੁਸੀਂ ਲੋਕ ਵਾਰ-ਵਾਰ ਛੱਤੀਸਗੜ੍ਹ ਕਿਉਂ ਜਾਂਦੇ ਹੋ', (ਜਦਕਿ ਉਨ੍ਹਾਂ ਵਿੱਚੋਂ ਕਈ ਉੱਥੇ ਕਦੇ ਗਏ ਹੀ ਨਹੀਂ)। ਇਹ ਤਫ਼ਤੀਸ਼ੀ ਅਧਿਕਾਰੀ ਮੁਲਕ ਦੀ ਜੰਗੇ-ਆਜ਼ਾਦੀ ਦੇ ਨਾਇਕਾਂ ਦਾ ਅਪਮਾਨ ਕਰਨ ਦੀ ਹੱਦ ਤੱਕ ਜਾ ਕੇ ਉਨ੍ਹਾਂ ਨੂੰ ਸਵਾਲ ਕਰਦੇ ਰਹੇ : 'ਤੁਸੀਂ ਲੋਕ ਭਗਤ ਸਿੰਘ ਦੀਆਂ ਟੂਕਾਂ ਕਿਉਂ ਲਿਖਦੇ ਹੋ, ਉਹ ਤਾਂ ਦਹਿਸ਼ਤਗਰਦ ਸੀ, ਤੁਸੀਂ ਲੋਕ ਵੀ ਉਸ ਵਰਗੇ ਦਹਿਸ਼ਤਗਰਦ ਹੋ।'

ਕੁੜੀਆਂ ਤੋਂ ਪੁੱਛਿਆ ਗਿਆ ਕਿ 'ਤੁਸੀਂ ਮੁਸਲਮਾਨ ਨਾਲ ਸੈਕਸ ਕਿਉਂ ਕਰਦੀਆਂ ਹੋ'। ਇੱਕ ਕੁੜੀ ਦੇ ਪਿਤਾ ਨੂੰ ਇੱਕ ਤਸਵੀਰ ਦਿਖਾਈ ਗਈ, ਜਿਸ ਵਿੱਚ ਕੁੜੀ ਨੇ ਟਰੇਨ ਵਿਚ ਸਫ਼ਰ ਕਰਦੇ ਸਮੇਂ ਏਹਤਮਾਮ ਦੇ ਮੋਢੇ 'ਤੇ ਸਿਰ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਕਿਹਾ ਗਿਆ ਕਿ ਆਪਣੀ ਕੁੜੀ ਨੂੰ ਇਸ ਮੁਸਲਮਾਨ ਮੁੰਡੇ ਤੋਂ ਦੂਰ ਰੱਖੋ। ਉਸ ਨੂੰ ਕਮਰੇ ਵਿੱਚ ਬੰਦ ਕਰ ਦਿਓ। ਉਸ ਨੂੰ 'ਸੰਸਕਾਰ' ਸਿਖਾਓ। ਮੁੰਡਿਆਂ ਤੋਂ ਉਨ੍ਹਾਂ ਦੇ ਪਾਰਟਨਰਾਂ ਬਾਰੇ ਸਵਾਲ ਪੁੱਛੇ ਗਏ ਅਤੇ ਕਿਹਾ ਗਿਆ ਕਿ ਉਹ ਉਨ੍ਹਾਂ ਤੋਂ ਦੂਰੀ ਬਣਾਉਣ। ਰੁਦਰ ਵਿਕਰਮ ਰਾਏ ਤੋਂ ਉਸ ਦੀ ਜੈਂਡਰ ਪਛਾਣ ਨੂੰ ਲੈ ਕੇ ਭੱਦੇ ਸਵਾਲ ਪੁੱਛੇ ਗਏ ਅਤੇ ਉਸ ਦਾ ਮਜ਼ਾਕ ਉਡਾਇਆ ਗਿਆ।

ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਪੁੱਛਗਿੱਛ ਨਹੀਂ ਸੀ, ਇਹ ਭਗਵਾਂ ਵਿਚਾਰਧਾਰਾ ਤੋਂ ਪ੍ਰੇਰਿਤ ਖੁੱਲ੍ਹੇਆਮ ਦਬਾਅ ਪਾਉਣ ਦੀ ਕਵਾਇਦ ਹੈ ਕਿ ਹਕੂਮਤੀ ਦਹਿਸ਼ਤ ਤੋਂ ਖ਼ੌਫ਼ਜ਼ਦਾ ਹੋ ਕੇ ਚਿੰਤਨਸ਼ੀਲ ਮੁੰਡੇ-ਕੁੜੀਆਂ ਸੁਤੰਤਰ ਸੋਚਣਾ ਤੇ ਸਮਾਜੀ-ਸਰੋਕਾਰਾਂ ਬਾਰੇ ਚਿੰਤਨ ਕਰਨਾ ਬੰਦ ਕਰ ਦੇਣ। ਉਹ ਦੱਬੇ-ਕੁਚਲੇ ਤੇ ਸਟੇਟ ਦੇ ਸਤਾਏ ਹਾਸ਼ੀਆਗ੍ਰਸਤ ਹਿੱਸਿਆਂ ਦੇ ਮੁੱਦੇ ਉਠਾ ਕੇ ਨਿਆਂ ਦੀ ਮੰਗ ਕਰਨ ਤੋਂ ਦੂਰ ਹੋ ਜਾਣ। ਤਫ਼ਤੀਸ਼ ਕਰਨ ਵਾਲਿਆਂ ਦਾ ਵਤੀਰਾ ਔਰਤ-ਮਰਦ ਸੰਬੰਧਾਂ ਬਾਰੇ ਉਨ੍ਹਾਂ ਦੀ ਵਿਕਾਰਗ੍ਰਸਤ, ਜਾਤੀਵਾਦੀ, ਘੱਟਗਿਣਤੀਆਂ, ਵਿਸ਼ੇਸ਼ ਜੈਂਡਰ ਵਿਰੋਧੀ ਬਿਮਾਰ ਜ਼ਿਹਨੀਅਤ ਨੂੰ ਦਿਖਾਉਂਦਾ ਹੈ।

ਸਵਾਲਾਂ ਤੋਂ ਸਮਝਿਆ ਜਾ ਸਕਦਾ ਹੈ ਕਿ ਅਜਿਹੇ ਅਧਿਕਾਰੀਆਂ ਨੂੰ ਜਾਣ-ਬੁੱਝ ਕੇ ਦਹਿਸ਼ਤ ਪਾਉਣ ਲਈ ਬੇਲਗਾਮ ਕੀਤਾ ਜਾਂਦਾ ਹੈ। ਮਜ਼ਦੂਰ ਕਾਰਕੁਨਾਂ, ਵਿਦਿਆਰਥੀ ਕਾਰਕੁਨਾਂ, ਉਜਾੜਾ ਵਿਰੋਧੀ ਕਾਰਕੁਨਾਂ ਅਤੇ ਨਿਆਂ ਦੀ ਮੰਗ ਕਰਨ ਵਾਲੇ ਜ਼ਹੀਨ ਮੁੰਡੇ-ਕੁੜੀਆਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਪਰਵਾਰ ਨੂੰ ਧਮਕੀਆਂ, ਪੁਲਸ ਦੇ ਲਿਖੇ ਕਾਗਜ਼ਾਂ ਉੱਪਰ ਜ਼ਬਰਦਸਤੀ ਦਸਖ਼ਤ ਕਰਾਉਣੇ, ਕਾਨੂੰਨੀ ਪੈਰਵਾਈ ਕਰਨ ਜਾਂ ਕਿਸੇ ਤਰ੍ਹਾਂ ਦੀ ਮਦਦ ਕਰਨ ਤੋਂ ਰੋਕਣਾ ਕੁਝ ਸਿਰਫਿਰੇ ਵਰਦੀਧਾਰੀਆਂ ਦਾ ਆਪਮੁਹਾਰਾ ਕਾਰਾ ਨਹੀਂ ਹੈ, ਇਹ ਸਟੇਟ ਵੱਲੋਂ ਵਿਉਂਤਬੱਧ ਤਰੀਕੇ ਨਾਲ ਪਾਏ ਜਾ ਰਹੇ ਹਕੂਮਤੀ ਖ਼ੌਫ਼ ਅਤੇ ਜਬਰ ਦਾ ਹਿੱਸਾ ਹੈ।

ਭਾਰਤੀ ਰਾਜ ਮਨੁੱਖੀ ਅਧਿਕਾਰਾਂ ਬਾਰੇ ਕੌਮਾਂਤਰੀ ਅਹਿਦਨਾਮਿਆਂ ਅਤੇ ਤਸੀਹਿਆਂ ਬਾਰੇ ਯੂ.ਐੱਨ ਚਾਰਟਰ ਪ੍ਰਤੀ ਵਚਨਬੱਧਤਾ ਦੇ ਦਾਅਵੇ ਕਰਦਾ ਨਹੀਂ ਥੱਕਦਾ। ਅਮਲ ਪੂਰੀ ਤਰ੍ਹਾਂ ਉਲਟ ਹੈ। 1947 ਦੀ ਸੱਤਾ-ਬਦਲੀ ਦੇ ਸਮੇਂ ਤੋਂ ਹੀ ਭਾਰਤੀ ਰਾਜ ਮਨੁੱਖੀ ਅਤੇ ਜਮਹੂਰੀ ਹੱਕਾਂ ਨੂੰ ਪੁਲਸ-ਫ਼ੌਜ, ਜੇਲ੍ਹਾਂ ਅਤੇ ਕਾਲੇ ਕਾਨੂੰਨਾਂ ਦੇ ਜ਼ੋਰ ਕੁਚਲਦਾ ਆ ਰਿਹਾ ਹੈ। ਸਾਢੇ ਸੱਤ ਦਹਾਕਿਆਂ ਵਿਚ ਲਾਕਾਨੂੰਨੀਆਂ ਦੀ ਖੁੱਲ੍ਹੇਆਮ ਰਾਜਕੀ ਪੁਸ਼ਤ-ਪਨਾਹੀ ਧੁਰ ਦੱਖਣੀ ਰਾਜਾਂ ਤੋਂ ਲੈ ਕੇ ਧੁਰ ਉੱਤਰ ਵਿਚ ਜੰਮੂ-ਕਸ਼ਮੀਰ ਤੱਕ ਸਾਫ਼ ਦੇਖੀ ਜਾ ਸਕਦੀ ਹੈ, ਜੋ ਭਾਜਪਾ ਦੇ ਸੱਤਾ ਵਿਚ ਆਉਣ ਨਾਲ ਨੰਗੇ ਫਾਸ਼ੀਵਾਦੀ ਦਹਿਸ਼ਤਵਾਦ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂਅ ਹੇਠ ਭਗਵਾਂ ਹਕੂਮਤ ਦਾ ਨਿਸ਼ਾਨਾ ਸੱਤਾ ਦੀਆਂ ਲੋਕ ਵਿਰੋਧੀ ਨੀਤੀਆਂ 'ਤੇ ਅਮਲਾਂ ਉੱਪਰ ਉਠਾਉਣ ਵਾਲੀ ਹਰ ਆਵਾਜ਼ ਨੂੰ ਕੁਚਲਣਾ ਅਤੇ ਬੁੱਧੀਮਾਨ ਹਿੱਸਿਆਂ ਦੀ ਵਿਆਪਕ ਪੱਧਰ 'ਤੇ ਜ਼ੁਬਾਨਬੰਦੀ ਕਰਨਾ ਹੈ। ਜੋ ਜੇ ਐੱਨ ਯੂ ਦੀ ਵਿਦਿਆਰਥੀ ਜਥੇਬੰਦੀ ਉੱਪਰ ਹਾਲੀਆ ਜਬਰ ਤੋਂ ਐਨ ਸਪੱਸ਼ਟ ਹੈ।

ਭਿਆਨਕ ਤਸੀਹੇ ਦੇਣ ਵਾਲੇ ਜਲਾਦ ਅਧਿਕਾਰੀਆਂ ਅਤੇ ਝੂਠੇ ਮੁਕਾਬਲਿਆਂ ਦੇ ਮਾਹਰਾਂ ਨੂੰ ਪੁਲਸ-ਫ਼ੌਜ ਦਾ ਮਨੋਬਲ ਬਣਾਈ ਰੱਖਣ ਦੇ ਬਹਾਨੇ ਵਿਸ਼ੇਸ਼ ਜਾਬਰ ਕਾਨੂੰਨਾਂ ਦੇ ਤਹਿਤ ਕਾਨੂੰਨੀ ਕਾਰਵਾਈ ਤੋਂ ਮੁਕੰਮਲ ਛੋਟ ਹੈ। ਇਸ ਤੋਂ ਵੀ ਅੱਗੇ ਜਾ ਕੇ ਸਰਕਾਰਾਂ ਵੱਲੋਂ ਬਹਾਦਰੀ ਦੇ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕਰਨ ਦੇ ਘਿਣਾਉਣਾ ਦਸਤੂਰ ਦੀਆਂ ਅਨੇਕਾਂ ਮਿਸਾਲਾਂ ਹਨ। ਪੁਲਸ ਹਿਰਾਸਤ ਵਿਚ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਤੁੰਨਣ ਵਾਲੇ ਪੁਲਸ ਅਧਿਕਾਰੀ (ਦੰਤੇਵਾੜਾ ਦੇ ਐੱਸ.ਪੀ. ਅੰਕਿਤ ਗਰਗ) ਨੂੰ ਰਾਸ਼ਟਰਪਤੀ ਵੱਲੋਂ ਬਹਾਦਰੀ ਪੁਰਸਕਾਰ ਦੇਣ, ਹੋਰ ਬਹੁਤ ਸਾਰਿਆਂ ਨੂੰ ਵਿਸ਼ੇਸ਼ ਤਰੱਕੀਆਂ ਦੇਣ ਅਤੇ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੂੰ ਘੱਟਗਿਣਤੀ ਮੁਸਲਮਾਨਾਂ, ਕਸ਼ਮੀਰੀਆਂ, ਦਲਿਤਾਂ, ਔਰਤਾਂ ਤੇ ਹੋਰ ਕਾਰਕੁਨਾਂ ਨਾਲ ਮਨਮਾਨੀਆਂ ਕਰਨ ਲਈ ਉਤਸ਼ਾਹਤ ਕਰਨ ਬਾਰੇ ਸਭ ਨੂੰ ਪਤਾ ਹੈ।

ਅਜਿਹਾ ਕਰਨ-ਕਰਾਉਣ ਵਾਲੇ ਭਾਰਤੀ ਹਾਕਮਾਂ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਦੀ ਜਵਾਬਦੇਹੀ ਲਈ ਮਨੁੱਖੀ ਤੇ ਜਮਹੂਰੀ ਹੱਕਾਂ ਬਾਰੇ ਚੇਤਨ, ਵਿਆਪਕ ਜਨਤਕ-ਜਮਹੂਰੀ ਲਹਿਰ ਜ਼ਰੂਰੀ ਹੈ। ਜੁਲਾਈ 2025 ਦੇ ਤਸੀਹਿਆਂ ਸਮੇਂ ਇਹ ਨੌਜਵਾਨ ਮੁੰਡੇ-ਕੁੜੀਆਂ ਚੁੱਪ ਕਰ ਗਏ ਸਨ, ਇਸ ਵਾਰ ਉਨ੍ਹਾਂ ਨੇ ਬਹੁਤ ਹੌਸਲੇ ਨਾਲ ਤਸੀਹਿਆਂ ਦੇ ਵੇਰਵਿਆਂ ਨੂੰ ਜਨਤਕ ਕਰਕੇ ਲੋਕਤੰਤਰ ਦੇ ਮਖੌਟੇ ਹੇਠ ਲੁਕੀ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਬਾਖ਼ੂਬੀ ਨੰਗਾ ਕੀਤਾ ਹੈ। ਸਮੂਹ ਜਮਹੂਰੀ, ਨਿਆਂਪਸੰਦ ਤਾਕਤਾਂ ਨੂੰ ਇਸ ਦਲੇਰ ਆਵਾਜ਼ ਨੂੰ ਵੱਡੇ ਜਨਤਕ ਅੰਦੋਲਨ 'ਚ ਬਦਲਣਾ ਚਾਹੀਦਾ ਹੈ। ਜਨਤਕ ਦਬਾਅ ਰਾਹੀਂ ਸਟੇਟ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣਾ ਹੀ ਤਸੀਹਿਆਂ ਅਤੇ ਹਕੂਮਤੀ ਦਹਿਸ਼ਤਵਾਦ ਦੇ ਹੋਰ ਰੂਪਾਂ ਨੂੰ ਠੱਲ੍ਹ ਪਾਉਣ ਦੀ ਮੁੱਢਲੀ ਸ਼ਰਤ ਹੈ।

# ਪੁਸਤਕ ਸੱਭਿਆਚਾਰ ਤੇ ਪੜ੍ਹਨ ਰੁਚੀ ਦਾ ਰੁਝਾਨ

## ਹਰੀਸ਼ ਜੈਨ

ਮੈਂ ਆਪਣੀ ਗੱਲ ਦੋ ਤਾਜ਼ਾ ਵਾਪਰੀਆਂ ਘਟਨਾਵਾਂ ਤੋਂ ਸ਼ੁਰੂ ਕਰਦਾ ਹਾਂ, ਪਹਿਲੀ ਤਾਂ ਅਮਰੀਕਾ ਦੇ ਪ੍ਰਸਿੱਧ ਅਖ਼ਬਾਰ 'ਵਾਸ਼ਿੰਗਟਨ ਪੋਸਟ' ਬਾਰੇ ਹੈ। ਕੁਝ ਦਿਨ ਪਹਿਲਾਂ ਅਖ਼ਬਾਰ ਨੇ ਅਚਾਨਕ ਇਸ ਦੇ 'ਬੁਕ ਵਰਡ' ਸੈਕਸ਼ਨ ਨੂੰ ਬੰਦ ਕਰ ਦਿੱਤਾ ਅਤੇ ਇਸ ਨਾਲ ਜੁੜੇ ਸਾਰੇ ਸਟਾਫ਼ ਨੂੰ ਹਟਾ ਦਿੱਤਾ, ਜਿਸ ਵਿਚ ਪ੍ਰਮੁੱਖ ਆਲੋਚਕ ਰੌਨ ਚਾਰਲਸ ਅਤੇ ਬੈਕਾ ਰੋਥਫੀਲਡ ਸ਼ਾਮਲ ਸਨ। ਪੋਸਟ ਦੇ 'ਬੁਕ ਵਰਡ' ਨੂੰ ਬੰਦ ਕਰਨ ਨਾਲ ਦੁਨੀਆ ਭਰ ਵਿਚ ਸਾਹਿਤਕ ਪੱਤਰਕਾਰੀ ਨੂੰ ਭਾਰੀ ਧੱਕਾ ਲੱਗਿਆ ਮੰਨਿਆ ਜਾ ਰਿਹਾ ਹੈ। ਅਜਿਹਾ 'ਵਾਸ਼ਿੰਗਟਨ ਪੋਸਟ' ਵਿਚ ਨਹੀਂ, ਅਨੇਕਾਂ ਅਖ਼ਬਾਰਾਂ, ਰਸਾਲਿਆਂ ਨਾਲ ਵਾਪਰਿਆ ਹੈ ਅਤੇ ਲਗਾਤਾਰ ਵਾਪਰ ਰਿਹਾ ਹੈ। ਅਖ਼ਬਾਰਾਂ ਦਾ ਮੰਨਣਾ ਹੈ ਕਿ ਪਾਠਕਾਂ ਦੀ ਪੁਸਤਕਾਂ ਦੀ ਜਾਣਕਾਰੀ ਅਤੇ ਰੀਵਿਊ ਵਿਚ ਬਹੁਤੀ ਦਿਲਚਸਪੀ ਨਹੀਂ। ਨਿੱਜੀ ਤੌਰ 'ਤੇ ਮੈਨੂੰ ਇਸ ਦਾ ਕਾਫ਼ੀ ਤਜਰਬਾ ਹੈ ਅਤੇ ਜਾਣਕਾਰੀ ਹੈ।

ਦੂਸਰੀ ਘਟਨਾ ਜਿਹੜੀ ਧਿਆਨ ਖਿੱਚਦੀ ਹੈ, ਉਹ 9 ਫਰਵਰੀ ਨੂੰ ਗਾਰਡੀਅਨ ਵਿੱਚ ਛਪਿਆ ਲੇਖ ਹੈ, ਜਿਸ ਨੇ ਦੇਸ਼ ਦੇ ਪ੍ਰਕਾਸ਼ਨ ਅਤੇ ਲੇਖਕ ਸੰਸਾਰ ਵਿਚ ਵੱਡੀ ਚਰਚਾ ਛੇੜ ਦਿੱਤੀ ਹੈ। ਲੇਖ ਅਨੁਸਾਰ ਦੇਸ਼ ਵਿਚ ਅੰਗਰੇਜ਼ੀ ਦੇ ਲਿਟਰੇਰੀ ਫੈਸਟੀਵਲਾਂ ਦੀ ਗਿਣਤੀ ਵਧ ਕੇ ਸੌ ਤੋਂ ਉੱਪਰ ਹੋ ਗਈ ਹੈ, ਜਦੋਂ ਕਿ ਨਾ ਤਾਂ ਪਾਠਕ ਦਿਖਾਈ ਦਿੰਦਾ ਹੈ, ਨਾ ਪੜ੍ਹਨ ਦੀ ਰੁਚੀ। ਲੇਖ ਅਨੁਸਾਰ ਇਨ੍ਹਾਂ ਮੇਲਿਆਂ ਵਿਚ ਪੁਸਤਕ ਦੀ ਥਾਂ ਸੈਲੀਬ੍ਰਿਟੀ ਅਤੇ ਗੀਤ-ਸੰਗੀਤ ਦਾ ਬੋਲਬਾਲਾ ਵਧ ਰਿਹਾ ਹੈ ਅਤੇ ਇਸ ਖਿੱਚ ਨਾਲ ਹੀ ਭੀੜ ਇਕੱਠੀ ਹੋ ਜਾਂਦੀ ਹੈ, ਜਿਸ ਵਿੱਚ ਪਾਠਕ ਘੱਟ ਹੀ ਹੁੰਦੇ ਹਨ। ਲੇਖ ਦਾ ਸਵਾਲ ਹੈ ਕਿ ਭਾਰਤ ਵਿਚ ਪੁਸਤਕ ਪੜ੍ਹਨ ਦੀ ਕੋਈ ਵੱਡੀ ਰਵਾਇਤ ਨਹੀਂ ਹੈ ਅਤੇ ਇਹ ਅਜਿਹਾ ਵਿਸ਼ਾ ਹੈ ਜਿਸ ਬਾਰੇ ਸਮਾਜ ਵਿਗਿਆਨੀਆਂ ਨੂੰ ਖੋਜ ਕਰਨੀ ਚਾਹੀਦੀ ਹੈ। ਕਥਾ-ਕਹਾਣੀ ਕਹਿਣ ਦਾ ਸਾਡਾ ਦਸਤੂਰ ਬਹੁਤ ਪੁਰਾਣਾ ਹੈ ਅਤੇ ਸਾਨੂੰ ਸਭ ਨੂੰ ਮਹਾਂ-ਕਾਵਿ, ਸ਼ਾਸਤਰਾਂ ਅਤੇ ਪੁਰਾਣਾਂ ਨਾਲ ਜੁੜੀਆਂ ਅਨੇਕਾਂ ਕਹਾਣੀਆਂ ਆਉਂਦੀਆਂ ਹਨ, ਜਿਹੜੀਆਂ ਪੀੜ੍ਹੀ ਦਰ ਪੀੜ੍ਹੀ ਤੁਰਦੀਆਂ ਰਹੀਆਂ ਹਨ, ਪਰੰਤੂ ਲੋਕ ਕਿਤਾਬਾਂ ਨਹੀਂ ਖਰੀਦਦੇ। ਜ਼ਿਆਦਾਤਰ ਮੱਧਵਰਗੀ ਘਰਾਂ ਵਿਚ ਪੁਸਤਕ ਦਿਖਾਈ ਨਹੀਂ ਦਿੰਦੀ। ਹਵਾਈ ਅੱਡੇ ਵਰਗੀਆਂ ਥਾਵਾਂ 'ਤੇ ਵੀ ਤੁਹਾਨੂੰ ਕੋਈ ਵਿਰਲਾ ਹੀ ਕਿਤਾਬ ਪੜ੍ਹਦਾ ਦਿਖਾਈ ਦਿੰਦਾ ਹੈ। ਇਹ ਭਾਵੇਂ ਸਾਨੂੰ ਕਿੰਨਾ ਵੀ ਬੁਰਾ ਲੱਗੇ, ਪਰੰਤੂ ਹਕੀਕਤ ਤੋਂ ਜ਼ਿਆਦਾ ਦੂਰ ਨਹੀਂ ਹੈ। ਪੁਸਤਕ ਮੇਲੇ ਸਾਡੇ ਸਮਾਜਿਕ, ਸੱਭਿਆਚਾਰਕ ਅਨੁਭਵ ਦਾ ਹਿੱਸਾ ਹਨ, ਜਿਸ ਵਿਚ ਪੁਸਤਕ ਸਿਰਫ਼ ਪਿੱਠਭੂਮੀ ਹੁੰਦੀ ਹੈ, ਮੁੱਖ ਮੁੱਦਾ ਨਹੀਂ ਹੁੰਦਾ। ਇਸ ਲੇਖ ਵਿਚ ਹੋਰ ਵੀ ਕਈ ਸਵਾਲ ਹਨ, ਇਨ੍ਹਾਂ ਵਿੱਚੋਂ ਇਕ-ਦੋ ਬਾਰੇ ਅਗਾਂਹ ਚਰਚਾ ਕਰਾਂਗੇ, ਪਰੰਤੂ ਪਹਿਲਾਂ ਪਾਠਕਾਂ ਬਾਰੇ ਕੁਝ ਗੱਲ ਕਰਦੇ ਹਾਂ।

ਨਵੇਂ ਅਨੁਮਾਨਾਂ ਅਨੁਸਾਰ ਮੌਜੂਦਾ ਪੰਜਾਬ ਦੀ ਸਾਖਰਤਾ ਦਰ 87 ਪ੍ਰਤੀਸ਼ਤ ਹੈ ਅਤੇ ਆਬਾਦੀ 3.12 ਕਰੋੜ, ਜਿਸ ਅਨੁਸਾਰ ਕੋਈ 2.71 ਕਰੋੜ ਲੋਕ ਪੜ੍ਹ ਸਕਦੇ ਹਨ। ਨਿਸ਼ਚੇ ਹੀ ਉਹ ਕਿਸੇ ਪੱਧਰ ਦੇ ਸਕੂਲੀ ਸਿਸਟਮ ਵਿੱਚੋਂ ਨਿਕਲੇ ਹਨ। ਉਸ ਦੌਰਾਨ ਉਨ੍ਹਾਂ ਪੁਸਤਕਾਂ ਪੜ੍ਹੀਆਂ-ਵਾਚੀਆਂ ਹਨ। ਅਸੀਂ ਇਸ ਗਿਣਤੀ ਨੂੰ ਪੰਜਾਬ ਦੇ ਸੰਭਾਵਤ ਪਾਠਕ ਮੰਨ ਸਕਦੇ ਹਾਂ। ਪੰਜਾਬ ਵਿਚ ਲੱਗਭੱਗ 30 ਲੱਖ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਅਖ਼ਬਾਰ ਵਿਕਦੇ ਹਨ, ਜਿਨ੍ਹਾਂ ਨੂੰ ਜੇ ਜ਼ਿਆਦਾ ਨਹੀਂ ਤਾਂ ਇਕ ਕਰੋੜ ਬੰਦਾ ਤਾਂ ਪੜ੍ਹਦਾ ਹੀ ਹੈ। ਪੰਜਾਬ ਵਿਚ ਦੇਸ਼ ਨਾਲੋਂ ਸਭ ਤੋਂ ਵੱਧ ਸਮਾਰਟ ਫੋਨ ਹਨ। ਇੱਥੇ 70 ਫੀਸਦੀ ਆਬਾਦੀ ਫੋਨ ਰਾਹੀਂ ਇੰਟਰਨੈੱਟ ਦੀ ਵਰਤੋਂ ਕਰਦੀ ਹੈ ਤੇ ਨੌਜਵਾਨ ਵਰਗ ਵਿਚ ਤਾਂ ਸਮਾਰਟ ਫੋਨ ਦੀ ਪਹੁੰਚ 98.6 ਪ੍ਰਤੀਸ਼ਤ ਤੱਕ ਮੰਨੀ ਜਾਂਦੀ ਹੈ। ਸਾਰੇ ਪ੍ਰਾਂਤ ਵਿਚ 4 ਜੀ ਨੈੱਟਵਰਕ ਦੀ ਪੂਰਨ ਕਵਰੇਜ ਹੈ, ਭਾਵੇਂ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਕੁਝ ਵਖਰੇਵਾਂ ਹੈ। ਸਮਾਰਟ ਫੋਨ ਦੀ ਵਰਤੋਂ ਸੁਣਨ, ਵੇਖਣ ਅਤੇ ਪੜ੍ਹਨ ਤਿੰਨੋਂ ਕਾਰਜਾਂ ਲਈ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਤੋਂ ਇਲਾਵਾ ਲਿਖਣ ਲਈ ਵੀ। ਇਨ੍ਹਾਂ ਦੋਵਾਂ ਅੰਕੜਿਆਂ ਨੂੰ ਜੋੜਿਆ ਤਾਂ ਨਹੀਂ ਜਾ ਸਕਦਾ, ਕਿਉਂਕਿ ਜ਼ਿਆਦਾਤਰ ਲੋਕ ਇਕ-ਦੂਜੇ ਨਾਲ ਮੇਲ ਖਾਂਦੇ ਹੋਣਗੇ, ਪਰੰਤੂ ਫਿਰ ਵੀ ਨਿਵੇਕਲੇ ਕਾਫ਼ੀ ਹੋਣਗੇ ਅਤੇ ਕੁਲ ਸੰਖਿਆ ਵਿਚ ਵਾਧਾ ਕਰਨਗੇ। ਇੰਝ ਪੰਜਾਬ 'ਚ ਪਾਠਕਾਂ ਦੀ ਗਿਣਤੀ ਅਤੇ ਸੰਭਾਵਤ ਪਾਠਕਾਂ ਦੀ ਗਿਣਤੀ ਵਿਚ ਜ਼ਿਆਦਾ ਫ਼ਾਸਲਾ ਨਹੀਂ ਰਹੇਗਾ।

ਪਰੰਤੂ ਇਸ ਫ਼ੈਸਲੇ 'ਤੇ ਅੱਪੜਨ ਤੋਂ ਪਹਿਲਾਂ ਇਹ ਨਿਰਣਾ ਕਰਨਾ ਪਵੇਗਾ ਕਿ ਪਾਠਕ ਕੌਣ ਹੁੰਦਾ ਹੈ ਤੇ ਲਿਖਤ ਕੀ? ਕਿਉਂਕਿ ਆਪਾਂ ਪੁਸਤਕ ਸੱਭਿਆਚਾਰ ਬਾਰੇ ਗੱਲ ਕਰ ਰਹੇ ਹਾਂ, ਇਸ ਲਈ ਲਿਖਤ ਦਾ ਸਵਾਲ ਦਾ ਤੁਰੰਤ ਹੀ ਹੱਲ ਹੋ ਜਾਂਦਾ ਹੈ ਕਿ ਲਿਖਤ ਤੋਂ ਭਾਵ ਪੁਸਤਕ ਹੈ, ਹੋਰ ਕਿਸੇ ਭਾਂਤ ਦੀ ਲਿਖਤ ਨਹੀਂ, ਪਰੰਤੂ ਪੁਸਤਕਾਂ ਦੀਆਂ ਭਾਂਤਾਂ ਦੀ ਤਾਂ ਸ਼ਾਇਦ ਗਿਣਤੀ ਵੀ ਨਾ ਕੀਤੀ ਜਾ ਸਕੇ ਅਤੇ ਨਾ ਹੀ ਉਨ੍ਹਾਂ ਨਾਲ ਜੁੜੇ ਮਨੋਰਥਾਂ ਅਤੇ ਪ੍ਰਕਾਰਜਾਂ ਦੀ। ਵਿੱਦਿਆ ਪ੍ਰਾਪਤੀ ਨਾਲ ਜੁੜੀਆਂ ਕਿਤਾਬਾਂ ਨਰਸਰੀ ਤੋਂ ਲੈ ਕੇ ਪ੍ਰੋਫੈਸ਼ਨਲ ਡਿਗਰੀਆਂ ਤੱਕ ਸਭ ਟੈਕਸਟ ਬੁੱਕ ਦੀ ਸ਼੍ਰੇਣੀ ਵਿਚ ਆ ਜਾਂਦੀਆਂ ਹਨ, ਭਾਵੇਂ ਇਸ ਵਿਚ ਸਾਹਿਤਕ ਪੁਸਤਕਾਂ ਜਾਂ ਉਨ੍ਹਾਂ ਦੇ ਪਾਠ ਕਿਉਂ ਨਾ ਸ਼ਾਮਲ ਹੋਣ। ਇੰਝ ਹੀ ਵਿਭਿੰਨ ਪ੍ਰਕਾਰ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਅਤੇ ਵਿਗਿਆਨ ਜਾਂ ਸਮਾਜ-ਵਿਗਿਆਨਕ, ਖੋਜ ਪੁਸਤਕਾਂ ਅਤੇ ਰਿਪੋਰਟਾਂ ਐਬਸਟ੍ਰੈਕਟ ਆਦਿ ਭਾਵੇਂ ਪੁਸਤਕ ਰੂਪ ਵਿਚ ਹੀ ਛਪਦੇ ਹਨ, ਪਰੰਤੂ ਪੁਸਤਕਾਂ ਨਹੀਂ ਕਹਾਉਂਦੇ। ਦਰਅਸਲ, ਇਸ ਗੱਲ ਦਾ ਫ਼ੈਸਲਾ ਲਿਖਤ ਦੀ ਥਾਂ ਪੜ੍ਹਨ ਦਾ ਮੰਤਵ ਕਰਦਾ ਹੈ। ਪੁਸਤਕ ਸਿਰਫ਼ ਉਸ ਕਿਤਾਬ ਨੂੰ ਮੰਨਿਆ ਜਾਂਦਾ ਹੈ, ਜਿਹੜੀ ਲੈਜ਼ਰ ਦੇ ਭਾਵ ਫੁਰਸਤ ਦੇ ਸਮੇਂ ਪੜ੍ਹੀ ਜਾਵੇ ਅਤੇ ਪਾਠਕ ਵੀ ਉਹ ਹੀ ਅਖਵਾਉਂਦਾ ਹੈ, ਜਿਹੜਾ ਲੈਜ਼ਰ ਸਮੇਂ ਆਨੰਦ ਲਈ, ਭਾਵ ਆਪਣੀ ਵਿਹਲ ਵਿਚ ਪੁਸਤਕ ਪੜ੍ਹਦਾ ਹੈ। ਵੇਖਣ ਨੂੰ ਇਹ ਪ੍ਰੀਭਾਸ਼ਾ ਬਹੁਤ ਸੀਮਤ ਅਤੇ ਇਕ ਪਾਸੜ ਜਿਹੀ ਲੱਗਦੀ ਹੈ, ਪਰੰਤੂ ਇਸ ਦਾ ਯਥਾਰਥ ਇਹ ਹੀ ਹੈ। ਬਾਕੀ ਕੁੱਲ ਪੜ੍ਹਨਯੋਗ ਸਮੱਗਰੀ ਤੁਸੀਂ ਕਿਸੇ ਮੰਤਵ ਅਧੀਨ ਪੜ੍ਹਦੇ ਹੋ ਅਤੇ ਜਿਹੜੀ ਪੁਸਤਕ ਤੁਸੀਂ ਬਿਨਾਂ ਕਿਸੇ ਵੀ ਹੋਰ ਬਾਹਰਲੀ ਲੋੜ ਜਾਂ ਆਸ ਤੋਂ ਆਪਣੇ ਵਿਹਲ ਦੇ ਸਮੇਂ ਪੜ੍ਹਦੇ ਹੋ, ਉਸ ਨੂੰ ਹੀ ਪੁਸਤਕ ਮੰਨਿਆ ਜਾ ਸਕਦਾ ਹੈ ਅਤੇ ਉਹ ਹੀ ਪੁਸਤਕ ਸੱਭਿਆਚਾਰ ਹੈ, ਜਿਸ ਬਾਰੇ ਗਾਰਡੀਅਨ ਦੀ ਰਿਪੋਰਟ ਗੱਲ ਕਰਦੀ ਹੈ, ਜਿਸ ਦੀ ਕਮੀ ਦਾ ਜ਼ਿਕਰ ਕਰਦੀ ਹੈ। ਇਸ ਬਾਰੇ ਬਹਿਸ ਹੋ ਸਕਦੀ ਹੈ, ਵਿਵਾਦ ਹੋ ਸਕਦਾ ਹੈ, ਪਰੰਤੂ ਦੁਨੀਆ ਵਿਚ ਪੁਸਤਕ ਸੱਭਿਆਚਾਰ ਦੇ ਸੰਦਰਭ ਵਿਚ ਪੁਸਤਕ ਅਤੇ ਪਾਠਕ ਨੂੰ ਅਜਿਹਾ ਹੀ ਚਿਤਵਿਆ ਅਤੇ ਮੰਨਿਆ ਜਾਂਦਾ ਹੈ।

ਅਖ਼ਬਾਰਾਂ ਦੇ ਜਾਂ ਵਟਸਐਪ ਆਦਿ ਦੇ ਪਾਠਕਾਂ ਨੂੰ ਪੁਸਤਕ ਸੱਭਿਆਚਾਰ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ, ਪਰੰਤੂ ਪੁਸਤਕ ਸੱਭਿਆਚਾਰ ਦਾ ਵਾਤਾਵਰਨ ਸਿਰਜਣ ਲਈ ਇਹ ਪਾਠਕ ਬਹੁਤ ਮਹੱਤਵਪੂਰਨ ਹਨ। ਇਸ ਵਾਤਾਵਰਨ ਵਿਚ ਸਾਹਿਤ ਸਭਾਵਾਂ, ਪੁਸਤਕ ਪ੍ਰਦਰਸ਼ਨੀਆਂ ਅਤੇ ਮੇਲੇ, ਪੁਸਤਕਾਂ ਨਾਲ ਜੁੜੇ ਸਮਾਗਮਾਂ, ਸੋਸ਼ਲ ਮੀਡੀਆ 'ਤੇ ਹੋ ਰਹੇ ਪ੍ਰਚਾਰ, ਪ੍ਰਸਾਰ ਅਤੇ ਪੁਸਤਕ ਪ੍ਰੋਤਸਾਹਨ ਨਾਲ ਜੁੜੀਆਂ ਕੁਲ ਗਤੀਵਿਧੀਆਂ ਨੂੰ ਜੋੜਿਆ ਜਾ ਸਕਦਾ ਹੈ। ਸਾਹਿਤਕ ਰਸਾਲੇ ਅਤੇ ਉਨ੍ਹਾਂ ਦਾ ਮਿਆਰ ਕਿਸੇ ਵੀ ਭਾਸ਼ਾ ਦੇ ਪੁਸਤਕ ਸੱਭਿਆਚਾਰ ਵਿਚ ਹੋ ਰਹੀ ਸਰਗਰਮੀ ਦਾ ਬਿੰਬ ਹੁੰਦੇ ਹਨ ਅਤੇ ਬਹੁਤ ਵਾਰੀ ਦਿਸ਼ਾ ਨਿਰਦੇਸ਼ਕ ਵੀ, ਕਿਉਂਕਿ ਉਨ੍ਹਾਂ ਨਾਲ ਜੁੜੀ ਵਿਚਾਰਕ ਪ੍ਰਬੁੱਧਤਾ ਸਾਹਿਤ ਦੇ ਮਿਆਰ ਦਾ ਨਿਰਧਾਰਨ ਕਰਦੀ ਰਹਿੰਦੀ ਹੈ ਅਤੇ ਸਾਹਿਤ ਵਿਚ ਵਾਪਰ ਰਹੇ ਹਰ ਨਵੇਂ ਤਜਰਬੇ ਅਤੇ ਰੁਝਾਨਾਂ ਦੀ ਨਿਸ਼ਾਨਦੇਹੀ ਅਕਸਰ ਇਨ੍ਹਾਂ ਰਸਾਲਿਆਂ ਵਿਚ ਛਪਣ ਵਾਲੀ ਸਮੱਗਰੀ ਤੋਂ ਹੀ ਹੁੰਦੀ ਹੈ। ਪਿਛਲੇ ਦਹਾਕੇ ਖਾਸ ਤੌਰ 'ਤੇ ਪਿਛਲੇ ਪੰਜ ਵਰ੍ਹਿਆਂ ਦੌਰਾਨ ਇਨ੍ਹਾਂ ਗਤੀਵਿਧੀਆਂ ਵਿਚ ਜ਼ਿਕਰਯੋਗ, ਗਿਣਾਤਮਕ ਅਤੇ ਗੁਣਾਤਮਕ ਵਾਧਾ ਹੋਇਆ ਹੈ, ਪਰੰਤੂ ਪਾਠਕਾਂ ਦੀ ਗਿਣਤੀ ਵਿਚ ਉਸ ਅਨੁਪਾਤ ਨਾਲ ਵਾਧਾ ਨਹੀਂ ਹੋਇਆ।

ਪੰਜਾਬ ਵਿਚ ਰਾਸ਼ਟਰੀ, ਅੰਤਰਰਾਸ਼ਟਰੀ ਰੁਝਾਨਾਂ ਤੋਂ ਉਲਟ ਪਿਛਲੇ ਦਹਾਕੇ ਵਿਚ ਪੰਜਾਬੀ ਪੁਸਤਕਾਂ ਦੇ ਪਾਠਕਾਂ ਦੀ ਗਿਣਤੀ ਕੁਝ ਹੱਦ ਤੀਕ ਵਧੀ ਹੈ, ਇਸ ਦੇ ਉਲਟ ਪੰਜਾਬ ਵਿਚ ਵਿਕਣ ਵਾਲੇ ਅਖ਼ਬਾਰਾਂ ਦੀ, ਵਿਸ਼ੇਸ਼ ਤੌਰ 'ਤੇ ਲੌਕਡਾਊਨ ਉਪਰੰਤ ਗਿਣਤੀ ਕਾਫ਼ੀ ਘਟੀ ਹੈ ਭਾਵੇਂ ਉਪਰੀ ਪੱਧਰ 'ਤੇ ਕਿਸੇ ਵੀ ਸਮਾਚਾਰ ਪੱਤਰ ਨੇ ਆਪਣੀ ਸਰਕੁਲੇਸ਼ਨ ਦੀ ਗਿਣਤੀ ਵਿਚ ਕਮੀ ਨੂੰ ਨਹੀਂ ਦਰਸਾਇਆ, ਕਿਉਂਕਿ ਉਨ੍ਹਾਂ ਦੇ ਇਸ਼ਤਿਹਾਰਾਂ ਦੀ ਦਰ ਉਸ ਅਨੁਸਾਰ ਤੈਅ ਹੁੰਦੀ ਹੈ। ਇਸ ਦੇ ਐਨ ਉਲਟ ਲੌਕਡਾਊਨ ਦੌਰਾਨ ਅਤੇ ਇਸ ਦੇ ਉਪਰੰਤ ਲਗਾਤਾਰ ਪੰਜਾਬੀ ਪਾਠਕਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਆ ਰਿਹਾ ਹੈ। ਉਂਝ ਇਹ ਵਰਤਾਰਾ ਦੇਸ਼ ਭਰ ਵਿੱਚ ਹੀ ਵਾਪਰਿਆ ਹੈ, ਪਰੰਤੂ ਜੇ ਅਸੀਂ ਪੰਜਾਬ ਵਿਚ ਪੰਜਾਬੀ ਪੜ੍ਹਨਯੋਗ ਵਿਅਕਤੀਆਂ ਦੀ ਗਿਣਤੀ ਨੂੰ ਦੇਖਦੇ ਹਾਂ, ਜਿਹੜੀ ਅੱਜ ਕਰੋੜਾਂ ਵਿਚ ਹੈ ਤਾਂ ਪੰਜਾਬੀ ਪੁਸਤਕ ਪਾਠਕਾਂ ਦੀ ਗਿਣਤੀ ਤਾਂ ਇਸ ਦੇ ਸਨਮੁਖ ਨਿਗੂਣੀ ਜਿਹੀ ਹੀ ਹੈ, ਆਟੇ ਵਿਚ ਲੂਣ ਵਾਂਗਰ। ਸੰਭਾਵਤ ਪਾਠਕ ਅਤੇ ਮੌਜੂਦਾ ਪਾਠਕਾਂ ਦਰਮਿਆਨ ਪਾੜਾ ਬਹੁਤ ਹੀ ਵੱਡਾ ਅਤੇ ਗੰਭੀਰ ਹੈ। ਅਜਿਹਾ ਕਿਉਂ ਹੈ?

ਦੇਸ਼ ਵਿਚ ਪੁਸਤਕ ਸੱਭਿਆਚਾਰ ਦੀ ਅਣਹੋਂਦ ਦਾ ਸਭ ਤੋਂ ਵੱਡਾ ਕਾਰਨ ਸਾਡੀ ਮੌਖਿਕ ਪਰੰਪਰਾ ਨੂੰ ਮੰਨਿਆ ਜਾਂਦਾ ਹੈ, ਜਿਸ ਅਨੁਸਾਰ ਅਸੀਂ ਗਿਆਨ, ਇਤਿਹਾਸ ਅਤੇ ਸੱਭਿਆਚਾਰ ਨੂੰ ਕਹਾਣੀਆਂ ਰਾਹੀਂ ਬੋਲਦੇ ਅਤੇ ਸੁਣਦੇ ਪੀੜ੍ਹੀ ਦਰ ਪੀੜ੍ਹੀ ਅਗਾਂਹ ਪਹੁੰਚਾਉਂਦੇ ਹਾਂ। ਇਹ ਪਰੰਪਰਾ ਮੁੱਢ ਕਦੀਮ ਤੋਂ ਚਲੀ ਆਉਂਦੀ ਹੈ ਅਤੇ ਅੱਜ ਵੀ ਇਹ ਕਥਾ ਪਰੰਪਰਾ ਸਾਡੇ ਸੱਭਿਆਚਾਰ ਦਾ ਪ੍ਰਮੁੱਖ ਅੰਗ ਹੈ। ਲੋਕ ਕਹਾਣੀਆਂ, ਲੋਕ ਕਥਾਵਾਂ, ਅਖਾਵਤਾਂ ਦੇ ਨਾਲ-ਨਾਲ ਰਮਾਇਣ, ਮਹਾਂਭਾਰਤ, ਪੁਰਾਣਾਂ ਅਤੇ ਉਪਨਿਸ਼ਦਾਂ ਦੀਆਂ ਕਥਾਵਾਂ ਵੀ ਲੋਕਾਂ ਤੱਕ ਇੰਝ ਹੀ ਪੁੱਜੀਆਂ ਹਨ। ਫਿਰਤੂ ਸਾਧ-ਸੰਤ ਇਕ ਤਰ੍ਹਾਂ ਦੀਆਂ ਚੱਲਦੀਆਂ-ਫਿਰਦੀਆਂ ਲਾਇਬ੍ਰੇਰੀਆਂ ਸਨ, ਜਿਹੜੇ ਪੁਰਾਣਕ ਕਥਾਵਾਂ ਨੂੰ ਸਥਾਨਕ ਕਿੱਸਿਆਂ ਅਤੇ ਘਟਨਾਵਾਂ ਨਾਲ ਜੋੜ ਦੇ ਲੋਕਾਂ ਤੱਕ ਪਹੁੰਚਾਉਂਦੇ ਸਨ। ਇਹ ਗਿਆਨ ਪ੍ਰਵਾਹ ਅਨੰਤ ਕਾਲ ਤੋਂ ਤੁਰਦਾ ਹੀ ਆਇਆ ਹੈ। ਬਸ ਇਸ ਵਿਚ ਸਮੇਂ ਦੀਆਂ ਲੋੜਾਂ ਦੀ ਪੂਰਤੀ ਲਈ ਵਾਧਾ-ਘਾਟਾ ਹੁੰਦਾ ਰਿਹਾ ਹੈ। ਮੂਲ ਨਹੀਂ ਬਦਲਿਆ ਅਤੇ ਨਾ ਹੀ ਚੌਖਟਾ। ਪਰੰਤੂ ਕੀ ਅਸੀਂ ਇਸ ਨੂੰ ਪੁਸਤਕ ਸੱਭਿਆਚਾਰ ਦੇ ਸਮਕਖਸ਼ ਰੱਖ ਸਕਦੇ ਹਾਂ? ਇਹ ਪੁਸਤਕ ਸੱਭਿਆਚਾਰ ਦੇ ਰਾਹ ਵਿਚ ਰੁਕਾਵਟ ਕਿਉਂ ਹੈ?






ਇਹ ਪੁਸਤਕ ਸੱਭਿਆਚਾਰ ਨਹੀਂ ਹੈ ਅਤੇ ਇਸ ਦੇ ਅਜਿਹੇ ਸੱਭਿਆਚਾਰ ਦੀ ਸਿਰਜਣਾ ਹੋਣ ਦੇ ਰਾਹ ਵਿਚ ਰੁਕਾਵਟ ਦੇ ਲਈ ਕਾਰਨ ਹੋ ਸਕਦੇ ਹਨ। ਉਨ੍ਹਾਂ ਵਿੱਚੋਂ ਇਕ-ਦੋ ਦੀ ਇੱਥੇ ਚਰਚਾ ਕਰਦੇ ਹਾਂ।

ਮੌਖਿਕ ਪਰੰਪਰਾ ਵਿਚ ਨਰੇਟਰ ਜਾਂ ਕਥਾਵਾਚਕ ਰਾਹੀਂ ਸੁਣਾਇਆ ਗਿਆ ਪਾਠ ਉਸ ਦੇ ਸਰੋਤੇ ਨਾਲ ਜੁੜੀ ਸੰਗਤ ਵਿਚਕਾਰ ਇਕ ਕੋਆਪਰੇਟਿਵ ਕਿਰਿਆ ਹੈ। ਇਸ ਵਿਚ ਨਰੇਟਰ ਨਿਰਣਾ ਕਰਦਾ ਹੈ ਕਿ ਕਿਹੜੀ ਜਾਣਕਾਰੀ ਦੇਣੀ ਹੈ ਅਤੇ ਕਦੋਂ ਅਤੇ ਕਿਵੇਂ ਦੇਣੀ ਹੈ ਅਤੇ ਉਹ ਹੀ ਕਹਾਣੀ ਨੂੰ ਰਚਨਾਤਮਕ ਆਵਾਜ਼ ਦਿੰਦਾ ਹੈ, ਅਨੁਭਵ ਦੀ ਸ਼ਕਲ ਦਿੰਦਾ ਹੈ। ਉਹ ਲੇਖਕ ਅਤੇ ਲਿਖਤ ਦੇ ਦਰਮਿਆਨ ਮਧਿਅਸਥ ਬਣ ਖੜਾ ਹੁੰਦਾ ਹੈ, ਪਰੰਤੂ ਸਰੋਤੇ ਪਾਠ ਨੂੰ ਸਿਰਫ਼ ਨਰੇਟਰ ਤੋਂ ਹੀ ਗ੍ਰਹਿਣ ਨਹੀਂ ਕਰਦੇ, ਸਗੋਂ ਇਕ-ਦੂਸਰੇ ਵੱਲ ਤੱਕਦੇ ਉਨ੍ਹਾਂ ਦੇ ਚਿਹਰਿਆਂ ਦੇ ਆ ਰਹੇ ਹਾਵ-ਭਾਵ ਨੂੰ ਪੜ੍ਹਨ, ਸੁਣਨ ਤੋਂ ਵੀ ਗ੍ਰਹਿਣ ਕਰਦੇ ਹਨ। ਇੰਝ ਇਹ ਇਕ ਸਮੂਹਿਕ ਪਾਠ ਹੋ ਨਿੱਬੜਦਾ ਹੈ। ਕਥਾ ਦੀ ਸਮਾਪਤੀ 'ਤੇ ਸਰੋਤਾ ਚੰਗਾ-ਚੰਗਾ ਮਹਿਸੂਸ ਕਰਦਾ ਹੈ, ਪਰੰਤੂ ਸੁਣੀ ਗੱਲ ਲਈ ਨਿਰੋਲ ਆਪਣੀ ਯਾਦ 'ਤੇ ਨਿਰਭਰ ਕਰਦਾ ਹੈ ਅਤੇ ਚੇਤੇ ਦੇ ਖੁਰਨ ਨਾਲ ਸੁਣੀ ਗੱਲ ਉਸ ਦੇ ਮਨ ਤੋਂ ਵਿਸਰਨ ਲੱਗਦੀ ਹੈ ਅਤੇ ਹੌਲੀ-ਹੌਲੀ ਵਿਸਰ ਜਾਂਦੀ ਹੈ।

ਪੁਸਤਕ ਪਾਠ ਇਸ ਦੇ ਉਲਟ ਇਕੱਲ ਦੀ ਕਿਰਿਆ ਹੈ, ਜਿਸ ਵਿਚ ਪਾਠਕ ਅਤੇ ਲੇਖਕ ਦਰਮਿਆਨ ਹੋਰ ਕੋਈ ਮਧਿਅਸਥ ਨਹੀਂ। ਪੜ੍ਹਨਾ ਇਕ ਗਿਆਨਤਮਕ ਜਾਂ ਬੌਧਿਕ, ਮਾਨਸਿਕ ਪ੍ਰਕ੍ਰਿਆ ਹੈ। ਪਾਠਕ ਲਿਖੇ ਪਾਠ ਭਾਵ ਪੁਸਤਕ ਰਾਹੀਂ ਲੇਖਕ ਨਾਲ ਸੰਵਾਦ ਰਚਾਉਂਦਾ ਹੈ ਅਤੇ ਪਾਠ ਦੇ ਅਰਥ ਗ੍ਰਹਿਣ ਕਰਨ ਲਈ ਆਪਣੇ ਮਨ ਵਿਚ ਕਹਾਣੀ ਨੂੰ ਦੇਖਣ ਅਤੇ ਅਨੁਭਵ ਕਰਨ ਲਈ ਵਿਜ਼ੁਲੇਜ਼ਾਇਸ਼ਨ ਕਰਦਾ ਹੈ। ਪਾਠਕ ਅਤੇ ਲੇਖਕ ਵਿਚਕਾਰ ਰਿਸ਼ਤਾ ਵਿਲੱਖਣ, ਮੂਕ ਅਤੇ ਗੂੜ੍ਹਾ ਹੁੰਦਾ ਹੈ ਅਤੇ ਦੋਵੇਂ ਇਕ-ਦੂਸਰੇ 'ਤੇ ਨਿਰਭਰ ਕਰਦੇ ਹਨ। ਲੇਖਕ ਇਕ ਸੰਸਾਰ ਸਿਰਜਦਾ ਹੈ ਅਤੇ ਪਾਠਕ ਆਪਣੇ ਬੋਧ ਅਤੇ ਸੋਝੀ ਰਾਹੀਂ ਉਸ ਨੂੰ ਜੀਵੰਤ ਕਰਦਾ ਹੈ, ਪਾਠਕ ਤੋਂ ਬਿਨਾਂ ਲੇਖਕ ਦੀ ਕੋਈ ਹੋਂਦ ਨਹੀਂ। ਕਿਸੇ ਵੀ ਲਿਖਤ ਨੂੰ ਉਦੇਸ਼ ਦੇਣ ਅਤੇ ਪਰਖਣ ਲਈ ਪਾਠਕ ਲੋੜੀਂਦਾ ਹੈ।

ਦੇਸ਼ 'ਚ ਸਾਹਿਤ ਦੀ ਸਿਰਜਣਾ ਆਦਿ ਕਾਲ ਤੋਂ ਹੁੰਦੀ ਆਈ ਹੈ ਅਤੇ ਮੌਖਿਕ ਪਰੰਪਰਾ ਰਾਹੀਂ ਇਸ ਦਾ ਪਸਾਰ ਨਿਰਪਰਵਾਹ ਤੁਰਦਾ ਆਇਆ ਹੈ। ਮੌਖਿਕ ਪਰੰਪਰਾ ਰਾਹੀਂ ਸਾਹਿਤ ਦੇ ਸੰਚਾਰ ਵਿਚ ਸਾਡੀਆਂ ਵਿਭਿੰਨ ਭਾਸ਼ਾਵਾਂ ਅਤੇ ਬੋਲੀਆਂ ਦੀ ਵੀ ਅੜਚਨ ਨਹੀਂ ਆਉਂਦੀ ਸੀ। ਨਰੇਟਰ ਭਾਵੇਂ ਕਿਸੇ ਵੀ ਭਾਸ਼ਾ ਵਿਚ ਪੜ੍ਹਦਾ, ਉਸ ਨੇ ਕਥਾ, ਸਥਾਨਕ ਬੋਲੀ ਵਿਚ ਸੁਣਾਉਣੀ ਹੁੰਦੀ ਸੀ। ਸਾਡੇ ਸਾਰੇ ਮਹਾਂਕਾਵਿ, ਪੁਰਾਣ ਅਤੇ ਉਪਨਿਸ਼ਦਾਂ ਦੀਆਂ ਕਹਾਣੀਆਂ ਪੂਰੇ ਦੇਸ਼ ਵਿਚ ਇਸ ਲਈ ਹੀ ਸਾਂਝੀਆਂ ਹਨ। ਇਹ ਮੌਖਿਕ ਪਰੰਪਰਾ ਦੀ ਹੀ ਪ੍ਰਾਪਤੀ ਹੈ ਕਿ ਇਕ ਪੂਰਾ ਮਹਾਂਦੀਪ, ਇਕ ਸੱਭਿਆਚਾਰਕ ਸੂਤਰ ਵਿਚ ਬੱਝਿਆ ਹੋਇਆ ਹੈ। ਇਸ ਲਈ ਇਸ ਵਿਚ ਤਬਦੀਲੀ ਦੀ ਕਦੇ ਕੋਈ ਲੋੜ ਮਹਿਸੂਸ ਨਹੀਂ ਕੀਤੀ ਗਈ ਸੀ।

ਮੌਖਿਕ ਪਰੰਪਰਾ ਦਾ ਪਹਿਲਾ ਟਾਕਰਾ ਦਸਵੀਂ ਸਦੀ ਦੇ ਕਰੀਬ ਇਸਲਾਮੀ ਪਰੰਪਰਾ ਨਾਲ ਹੁੰਦਾ ਹੈ, ਜਿਹੜੀ ਇਲਹਾਮ 'ਤੇ ਟਿਕੀ ਸੀ ਅਤੇ ਬੌਧਿਕਤਾ ਦੇ ਪਸਾਰ ਲਈ ਰੈਸ਼ਨਲਿਸਟ ਵਿਚਾਰ, ਬ੍ਰਹਿਮੰਡ ਦੀ ਸਿਲਸਿਲੇਵਾਰ ਆਬਜ਼ਰਵੇਸ਼ਨ ਅਤੇ ਤਾਰਕਿਕ ਪਹੁੰਚ 'ਤੇ ਨਿਰਭਰ ਕਰਦੀ ਸੀ। ਮਨੁੱਖੀ ਸਮਝ ਲਈ ਇਹ ਹੀ ਉਨ੍ਹਾਂ ਦੀ ਜੁਗਤ ਸਨ। ਇਤਿਹਾਸ ਲਿਖਣ ਦੀ ਪਰੰਪਰਾ ਇਸਲਾਮ ਵਿਚ ਵੀ ਭਾਵੇਂ ਮੌਖਿਕ ਪਰੰਪਰਾ ਤੋਂ ਹੀ ਸ਼ੁਰੂ ਹੋਈ ਸੀ, ਪਰੰਤੂ ਅੱਠਵੀਂ-ਨੌਵੀਂ ਸਦੀ ਤੋਂ ਸ਼ੁਰੂ ਹੋ ਕੇ ਦਸਵੀਂ ਸਦੀ ਤੱਕ ਇਹ ਨਿੱਗਰ ਲਿਖਤੀ ਰੂਪ ਧਾਰਨ ਕਰ ਚੁੱਕੀ ਸੀ। ਮੁਸਲਿਮ ਇਤਿਹਾਸਕਾਰੀ ਸਮੇਂ ਨਾਲ ਇੰਨੀ ਪ੍ਰਵਾਨ ਹੋਈ ਕਿ ਇਸ ਨੂੰ ਸਿੱਧੇ ਅਤੇ ਅਸਿੱਧੇ ਢੰਗ ਨਾਲ ਮਾਡਰਨ ਇਤਿਹਾਸਕਾਰੀ ਨੂੰ ਪ੍ਰਭਾਵਿਤ ਕਰਦਾ ਮੰਨਿਆ ਜਾਂਦਾ ਹੈ।

ਭਾਰਤੀ ਪਰੰਪਰਾ ਵਿਚ, ਇਸ ਦੌਰਾਨ ਅਜਿਹੀ ਕਿਸੇ ਪਰੰਪਰਾ ਦੀ ਸ਼ੁਰੂਆਤ ਨਾ ਹੋ ਸਕੀ। ਮੌਖਿਕ ਪਰੰਪਰਾ ਵਿਚ ਇਤਿਹਾਸਕਾਰੀ ਲਈ ਕੋਈ ਜ਼ਿਆਦਾ ਥਾਂ ਨਹੀਂ ਸੀ। ਕਥਾ-ਕਹਾਣੀ ਰੂਪ ਵਿਚ ਪ੍ਰਚਾਰ-ਪਸਾਰ ਲਈ ਤੱਥਾਂ ਅਤੇ ਗਿਆਨ ਦਾ ਮਿਥੀਕਰਨ ਹੋਣਾ ਲਾਜ਼ਮੀ ਸੀ। ਇਹ ਨਹੀਂ ਕਿ ਐਂਪੀਰੀਕਲ ਆਬਜ਼ਰਵੇਸ਼ਨ ਅਤੇ ਉਸ ਦੀ ਘੋਖ ਅਤੇ ਸਿਧਾਂਤਸਕਰਨ ਨਹੀਂ ਸੀ ਹੋ ਰਿਹਾ, ਪਰੰਤੂ ਉਹ ਇਕ ਸਮਾਨੰਤਰ ਧਾਰਾ ਵਾਂਗ ਵਗਦੇ ਸਨ, ਪ੍ਰਚੱਲਤ ਮੌਖਿਕ ਧਾਰਾ ਤੋਂ ਵੱਖਰੇ।

ਮੌਖਿਕ ਪਰੰਪਰਾ ਦਾ ਦੂਜਾ ਟਕਰਾਉ ਐਨਲਾਈਟਨਮੈਂਟ ਤੋਂ ਉਪਜੀ ਮਾਡਰਨ ਗਿਆਨ ਪ੍ਰਣਾਲੀ ਅਤੇ ਉਦਯੋਗਿਕ ਕ੍ਰਾਂਤੀ ਨਾਲ ਹੋਇਆ ਜਿਹੜਾ ਅੰਗਰੇਜ਼ੀ ਬਸਤੀਵਾਦ ਦੇ ਨਾਲ ਹੀ ਸਾਡੀਆਂ ਬਰੂਹਾਂ 'ਤੇ ਆ ਪੁੱਜਾ। ਸੱਭਿਆਚਾਰਕ ਪੱਧਰ 'ਤੇ ਸਾਡੇ ਕੋਲ ਇਸ ਟਕਰਾਉ ਲਈ ਕੋਈ ਤਿਆਰੀ ਨਹੀਂ ਸੀ ਅਤੇ ਨਾ ਹੀ ਉਸ ਨਾਲ ਮੇਚ ਖਾਂਦੀ ਬੌਧਿਕਤਾ। ਜਿਹੜੀ ਨਿਰੋਲ ਰੈਸ਼ਨੇਲਿਸਟ ਤਰਕ 'ਤੇ ਖੜੋਤੀ ਸੀ। ਕਾਰਜ ਅਤੇ ਕਾਰਨ ਜਿਸ ਦਾ ਧੁਰਾ ਸੀ। ਇਸ ਪ੍ਰਵਾਹ ਵਿਚ ਵਗਣ ਲਈ ਨਵੀਂ ਵਿੱਦਿਆ ਪ੍ਰਣਾਲੀ, ਨਵੀਂ ਪੈਡਾਗੋਜੀ ਦੀ ਥਾਂ ਬਣੀ। ਪੁਰਾਤਨ ਧਾਰਾ ਮਾਡਰਨਟੀ ਦੇ ਵੇਗ ਸਨਮੁਖ ਨਾ ਟਿਕ ਸਕੀ। ਪੁਰਾਤਨਤਾ ਤੇ ਮਾਡਰਨਟੀ ਦੇ ਇਸ ਟਕਰਾਅ ਨੂੰ ਪ੍ਰੋ. ਪੂਰਨ ਸਿੰਘ ਬਾਖ਼ੂਬੀ ਬਿਆਨ ਕਰਦੇ ਹਨ—

ਉਹ ਜੰਗਲ ਜ਼ਰੂਰ ਸੀ, ਪੁਰਾਣਾ ਦਦ-ਕੱਢਿਆ, ਗੰਭੀਰ ਸੀ,
ਮੰਨਿਆ ਭਾਂਤ-ਭਾਂਤ ਬੋਲੀਆਂ ਤੇ ਖਿਆਲ ਸੀ ਅਤੇ ਅਣਜਾਣ ਸੀ,
ਏਨੇ ਜਿਹੇ ਸਿੱਧੇ ਸਾਦੇ, ਕੰਮ ਕਰਨ ਵਾਲੇ ਹੱਡ ਸੀ,
ਤੇ ਇਕ ਅੱਧਖਿਆਲ ਕੋਈ ਸੁਣਿਆ, ਮੰਨਿਆ ਅਸੀਂ ਲਈ ਬਸ ਸੀ,
ਉਸੇ ਵਿਚ ਬਹਿੰਦੇ, ਉੱਠਦੇ, ਜੀਂਦੇ, ਜਾਗਦੇ, ਉਹੋ, ਇਕ ਖਿਆਲ ਸਾਡੀ ਜਿੰਦ-ਜਾਨ ਸੀ।

ਪੂਰਨ ਸਿੰਘ ਦੇ 'ਇਕ ਅੱਧੇ ਖਿਆਲ ਨਾਲ' ਜ਼ਿੰਦਗੀ ਬਸਰ ਕਰਨ ਦਾ ਯੁੱਗ ਨਿਕਲ ਗਿਆ ਸੀ। ਮਾਡਰਨਟੀ ਦੇ ਜ਼ੋਰ ਹੇਠਾਂ ਪੁਰਾਤਨਤਾ ਟੁੱਟ ਗਈ, ਪਰੰਤੂ ਉਸ ਦੀਆਂ ਜੜ੍ਹਾਂ ਥਾਵੇਂ ਹੀ ਰਹੀਆਂ, ਨਾ ਨਵਾਂ ਵਿਗਸ ਸਕਿਆ ਅਤੇ ਨਾ ਹੀ ਪੁਰਾਤਨ ਥਾਂ ਸਿਰ ਹੋਇਆ। ਨਵੇਂ ਸਕੂਲ ਪ੍ਰਬੰਧ ਨੇ ਵਿੱਦਿਆ ਤਾਂ ਦੇ ਦਿੱਤੀ, ਪਰੰਤੂ ਗਿਆਨ ਤੋਂ ਕੋਰੇ ਰੱਖਿਆ। ਗਿਆਨ ਲਈ ਹੁਣ ਪੁਸਤਕ ਦੇ ਨੇੜੇ ਲੱਗਣ ਦੀ ਲੋੜ ਸੀ, ਪਰੰਤੂ ਪੁਸਤਕ ਪੜ੍ਹਨ ਦੇ ਸਕੂਲ ਕੋਈ ਨਾ ਗਿਆ। ਵਿਦਿਆ ਪ੍ਰਾਪਤੀ ਅਤੇ ਗਿਆਨ ਪ੍ਰਾਪਤੀ ਵਿਚਕਾਰਲਾ ਪੁਲ ਨਾ ਜੁੜਿਆ। ਪੁਸਤਕ ਤੋਂ ਖੁੰਝੀਆਂ, ਗਿਆਨ ਵਿਹੂਣੀਆਂ ਪੂਰੀਆਂ ਦੀਆਂ ਪੂਰੀਆਂ ਪੀੜ੍ਹੀਆਂ, ਜਹਾਨੋਂ ਪਾਰ ਹੋ ਗਈਆਂ, ਜਿਨ੍ਹਾਂ ਕੋਲ ਜ਼ਿੰਦਗੀ ਦਾ ਕੋਈ ਉਦੇਸ਼ ਨਹੀਂ ਸੀ ਅਤੇ ਗਿਆਨ ਦੀ ਭਾਲ ਵਿਚ ਉਹ ਲੋਕ ਮੁੜ ਮੌਖਿਕ ਸੱਭਿਆਚਾਰ ਨਾਲ ਜਾ ਜੁੜਦੇ ਅਤੇ ਕਥਾ-ਪ੍ਰਬੰਧ ਦੇ ਵੱਡੇ ਵਿਸਤਾਰ ਦਾ ਹਿੱਸਾ ਬਣ ਜਾਂਦੇ, ਜਿੱਥੇ ਕੁਝ ਖੋਜਣ ਦੀ ਲੋੜ ਨਾ ਰਹਿੰਦੀ, ਸਭ ਬਣਿਆ ਪਰੋਸਿਆ ਮਿਲ ਜਾਂਦਾ। ਇਹ ਅੱਜ ਵੀ ਇੰਨ-ਬਿੰਨ ਇੰਝ ਹੀ ਹੋ ਰਿਹਾ ਹੈ। ਕਥਾ ਦੇ ਵੱਡੇ-ਵੱਡੇ ਸਮਾਗਮ ਇਸ ਦਾ ਸਿੱਧਾ ਜਿਹਾ ਸਬੂਤ ਹਨ। ਇਸ ਚੌਗਿਰਦੇ ਵਿਚ ਪੁਸਤਕ ਸੱਭਿਆਚਾਰ ਲਈ ਕੋਈ ਬਹੁਤੀ ਥਾਂ ਨਹੀਂ ਬਚਦੀ। ਸਾਡੇ ਕੋਲ ਇਸ ਦਾ ਮੂਲ ਢਾਂਚਾ ਨਹੀਂ ਹੈ, ਜਿਸ 'ਤੇ ਉਸਾਰੀ ਕੀਤੀ ਜਾ ਸਕੇ। ਨਿੱਜੀ ਪੱਧਰ ਦੀਆਂ ਕੋਸ਼ਿਸ਼ਾਂ ਕੁਝ ਕੀਤੇ ਜਾਣ ਦਾ ਭੁਲੇਖਾ ਪਾਉਂਦੀਆਂ ਹਨ, ਪਰ ਯਥਾਰਥ ਵਿਚ ਜ਼ਿਆਦਾ ਕੁੱਝ ਨਹੀਂ ਬਦਲਦਾ ਅਤੇ ਅਖ਼ੀਰ ਇਹ ਕਹਿ ਕੇ ਸਬਰ ਕਰ ਲੈਣਾ ਬਹੁਤ ਚੰਗਾ ਲੱਗਦਾ ਹੈ ਕਿ ਨਾਂਹ ਨਾਲੋਂ ਕੁਝ ਤਾਂ ਹੋਇਆ।

ਭਾਰਤੀ ਭਾਸ਼ਾਵਾਂ ਵਿੱਚੋਂ ਪੰਜਾਬੀ ਪੁਸਤਕ ਰੁਝਾਨ ਦੀ ਪ੍ਰਵਿਰਤੀ ਹਿੰਦੀ ਨਾਲੋਂ ਵਧੀਆ ਹੈ ਪਰੰਤੂ ਦੱਖਣੀ ਭਾਸ਼ਾਵਾਂ, ਬੰਗਾਲੀ ਅਤੇ ਮਰਾਠੀ ਨਾਲੋਂ ਮਾੜੀ ਹੈ। ਇਸ ਬਾਰੇ ਬਹੁਤ ਵਿਚਾਰ ਕੀਤਾ ਜਾ ਸਕਦਾ ਹੈ, ਇਹ ਅੱਜ ਦੇ ਵਿਸ਼ੇ ਤੋਂ ਵੱਡਾ ਅਤੇ ਕਿਸੇ ਵੱਖਰੇ ਸਮੇਂ ਦੀ ਮੰਗ ਕਰਦਾ ਹੈ।

ਅਮਰੀਕਾ ਵਿਚ ਪੁਸਤਕ ਪੜ੍ਹਨ ਦੇ ਹੋਏ ਤਾਜ਼ਾ ਸਰਵੇ 2025-26 ਦੌਰਾਨ ਇਹ ਦੇਖਿਆ ਗਿਆ ਕਿ 54 ਫੀਸਦੀ ਤੋਂ 59 ਫੀਸਦੀ ਅਮਰੀਕਨ ਵਰ੍ਹੇ ਵਿਚ ਘੱਟੋ-ਘੱਟ ਇਕ ਕਿਤਾਬ ਜ਼ਰੂਰ ਪੜ੍ਹਦੇ ਹਨ, ਹਾਲਾਂਕਿ ਜ਼ਿਆਦਾਤਰ ਦਸ ਜਾਂ ਉਸ ਤੋਂ ਕੁੱਝ ਵੱਧ ਪੁਸਤਕਾਂ ਪੜ੍ਹਦੇ ਹਨ। ਪਿਛਲੇ ਵੀਹ ਵਰ੍ਹਿਆਂ ਵਿਚ ਪਲੇਜ਼ਰ ਲਈ ਰੋਜ਼ਾਨਾ ਪੁਸਤਕ ਪੜ੍ਹਨ ਵਾਲਿਆਂ ਵਿਚ ਚਾਲੀ ਪ੍ਰਤੀਸ਼ਤ ਦੀ ਕਮੀ ਹੋਈ ਹੈ ਅਤੇ 2023 ਵਿਚ ਇਹ ਘਟਦੀ ਹੁਣ ਸੋਲਾਂ ਪ੍ਰਤੀਸ਼ਤ ਰਹਿ ਗਈ ਹੈ। ਇਸਤਰੀ ਪਾਠਕਾਂ ਦੀ ਗਿਣਤੀ ਜ਼ਿਆਦਾ ਹੈ, ਜਿਹੜੀ ਕੁਲ ਪਾਠਕਾਂ ਦੀ ਕੋਈ ਸਤਾਹਟ ਪ੍ਰਤੀਸ਼ਤ ਦੇ ਕਰੀਬ ਹੈ। ਇਸ ਵਿਚ ਫਿਜ਼ੀਕਲ ਅਤੇ ਡਿਜ਼ੀਟਲ ਦੋਵੇਂ ਪੁਸਤਕਾਂ ਦੀ ਗਿਣਤੀ ਸ਼ਾਮਲ ਹੈ। ਸਾਡੇ ਦੇਸ਼ ਵਿਚ ਅੱਜ ਤੱਕ ਇਕ ਹੀ ਪਾਠਕ ਸਰਵੇ ਹੋਇਆ ਸੀ। ਉਸ ਉਪਰੰਤ ਕਿਸੇ ਸਰਕਾਰ ਜਾਂ ਸੰਸਥਾ ਨੇ ਇਸ ਦਾ ਉਪਰਾਲਾ ਨਹੀਂ ਕੀਤਾ ਅਤੇ ਸਾਡੇ ਕੋਲ ਪੁਸਤਕਾਂ ਦੀ ਵਿਕਰੀ ਅਤੇ ਇਨ੍ਹਾਂ ਦੇ ਪਾਸਾਰ ਬਾਰੇ ਜਾਨਣ ਦਾ ਪ੍ਰਕਾਸ਼ਕਾਂ ਅਤੇ ਪੁਸਤਕ ਵਿਕ੍ਰੇਤਾਵਾਂ ਦੀ ਦਿੱਤੀ ਜਾਣਕਾਰੀ ਤੋਂ ਬਿਨਾਂ ਹੋਰ ਕੋਈ ਸਾਧਨ ਨਹੀਂ ਹੈ। ਇਸ ਦੀ ਵੀ ਕੋਈ ਸਿਲਸਿਲੇਬੱਧ ਜਾਂ ਨੇਮਬੱਧ ਜਾਣਕਾਰੀ ਉਪਲੱਬਧ ਨਹੀਂ ਹੈ ਅਤੇ ਨਾ ਹੀ ਇਸ ਦੇ ਕੋਈ ਵਸੀਲੇ ਹਨ, ਸਿਵਾਇ ਬਜ਼ਾਰ ਵਿਚ ਤੁਰਦੀਆਂ ਗੱਲਾਂ ਦੇ, ਜੋ ਸਿਰਫ਼ ਭਰਮ-ਭੁਲੇਖੇ ਸਿਰਜਦੀਆਂ ਹਨ, ਨਿੱਗਰ ਜਾਣਕਾਰੀ ਦਾ ਸਾਧਨ ਨਹੀਂ ਹੁੰਦੀਆਂ।

ਅਮਰੀਕਾ ਦੇ ਪੁਸਤਕ ਪੜ੍ਹਨ ਵਿਚ ਆ ਰਹੀ ਕਮੀ ਦੱਸਦੀ ਹੈ ਕਿ ਇਹ ਵਰਤਾਰਾ ਯੂਨੀਵਰਸਲ ਹੈ ਪਰੰਤੂ ਇਸ ਨਾਲ ਪਿਛਲੇ ਸਮੇਂ ਦੀ ਪੰਜਾਬੀ ਪੁਸਤਕਾਂ ਦੇ ਪੜ੍ਹਨ ਵਿਚ ਦਿਖਦੀ ਵਧ ਰਹੀ ਰੁਚੀ ਨੂੰ ਸਪੱਸ਼ਟ ਨਹੀਂ ਕੀਤਾ ਜਾ ਸਕਦਾ। ਪਿਛਲੇ ਪੰਜ ਵਰ੍ਹਿਆਂ ਵਿਚ ਪੰਜਾਬੀ ਪੁਸਤਕਾਂ ਦੇ ਪੜ੍ਹਨ ਦੇ ਰੁਝਾਨ ਅਤੇ ਪ੍ਰਕਾਸ਼ਨ ਵਿੱਚ ਜੋ ਤਬਦੀਲੀ ਆਈ ਹੈ ਅਤੇ ਆ ਰਹੀ ਹੈ, ਉਹ ਇਕ ਵੱਖਰੇ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ। ਕੀ ਅਸੀਂ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰ ਰਹੇ ਹਾਂ ਜਾਂ ਇਹ ਇਕ ਆਰਜ਼ੀ ਵਰਤਾਰਾ ਹੈ, ਜੋ ਪਾਣੀ ਦੇ ਬੁਲਬੁਲੇ ਵਾਂਗ ਵਿਨਸ ਜਾਵੇਗਾ। ਇਹ ਵੀ ਬਹੁਤ ਸਾਰੇ ਜੁੱਜਾਂ 'ਤੇ ਨਿਰਭਰ ਕਰਦਾ ਹੈ ਕਿ ਕੀ ਅਸੀਂ ਇਸ ਨਵੇਂ ਉਸਰ ਰਹੇ ਪਾਠਕ ਵਰਗ ਦੀ ਅਲਖ ਜਗਾਈ ਰੱਖਣ ਦੇ ਅਤੇ ਉਨ੍ਹਾਂ ਦੀ ਜਿਗਿਆਸਾ ਦੇ ਹਾਣੀ ਹੋਣ ਦੇ ਯੋਗ ਹਾਂ ਜਾਂ ਨਹੀਂ, ਇਹ ਵੀ ਸਾਡੀ ਸਮਰੱਥਾ ਅਤੇ ਯੋਗਤਾ 'ਤੇ ਨਿਰਭਰ ਕਰਦਾ ਹੈ। ਆਸ ਦੀ ਕਰੂੰਬਲ ਪਣਪੀ ਹੈ, ਇਸ ਨੂੰ ਵੇਲ ਬਣਨ ਲਈ ਬਹੁਤ ਕੁਝ ਦਰਕਾਰ ਹੋਵੇਗਾ। ਇਹ ਪੰਜਾਬੀ ਦੇ ਲੇਖਕਾਂ ਅਤੇ ਪ੍ਰਕਾਸ਼ਕਾਂ ਦੋਵਾਂ ਲਈ ਚੈਲੰਜ ਹੈ। ਇਸ ਬਾਰੇ ਹੋਰ ਵਿਚਾਰ-ਚਰਚਾ ਕਰਨੀ ਬਣਦੀ ਹੈ। ਆਸ ਹੈ ਅਸੀਂ ਘੱਟੋ-ਘੱਟ ਇਸ ਪੀੜ੍ਹੀ ਨੂੰ ਨਿਰਾਸ਼ ਨਹੀਂ ਕਰਾਂਗੇ।

*ਮੋਬਾ. 98150-00873*

# ਬਡੇਸਰੋਂ ਤੋਂ ਬੰਬਈ ਤੱਕ

ਰੇਖਾ ਚਿੱਤਰ

## ਤਰਸੇਮ ਸਿੰਘ ਭੰਗੂ

ਕੁਲਬੀਰ ਬਡੇਸਰੋਂ ਦਾ ਨਾਂਅ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ। ਕੁਲਬੀਰ ਬਡੇਸਰੋਂ ਦਾ ਜਨਮ 20 ਫਰਵਰੀ 1960 ਨੂੰ ਚਾਰ ਭੈਣਾਂ ਤੇ ਚਾਰ ਭਰਾਵਾਂ ਵਿੱਚੋਂ ਪੰਜਵੇਂ ਨੰਬਰ 'ਤੇ ਸਰਦਾਰ ਗੁਰਬਚਨ ਸਿੰਘ ਤਹਿਸੀਲਦਾਰ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਪਿੰਡ ਸਾਹਵਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ਉਸ ਵੇਲੇ ਉਨ੍ਹਾਂ ਦੇ ਪਿਤਾ ਜੀ ਦੀ ਪੋਸਟਿੰਗ ਉਥੇ ਸੀ। ਵੈਸੇ ਉਨ੍ਹਾਂ ਦਾ ਪਿੰਡ ਬਡੇਸਰੋਂ ਹੈ, ਇਸ ਕਰਕੇ ਹੀ ਉਨ੍ਹਾਂ ਦੀ ਪਛਾਣ ਕੁਲਬੀਰ ਬਡੇਸਰੋਂ ਕਰਕੇ ਹੈ। ਬਤੌਰ ਫਿਲਮੀ ਕਲਾਕਾਰ ਦੇ ਤੌਰ 'ਤੇ ਮੈਂ ਉਨ੍ਹਾਂ ਨੂੰ ਜਾਣਦਾ ਸਾਂ। ਫੌਜੀ ਡਿਊਟੀ ਦੌਰਾਨ ਮੈਂ ਕੁਲਬੀਰ ਦੀ ਸਹਾਇਕ ਕਲਾਕਾਰ ਦੇ ਰੂਪ ਵਿਚ ਪੰਜਾਬੀ ਫਿਲਮ 'ਬਦਲਾ ਜੱਟੀ ਦਾ' ਨਵੇਂ-ਨਵੇਂ ਚੱਲੇ ਵੀ.ਸੀ.ਆਰ. 'ਤੇ ਵੇਖੀ ਸੀ। ਉਸ ਫਿਲਮ ਨੇ ਪੰਜਾਬੀ ਸਿਨਮੇ ਨੂੰ ਇਕ ਨਵੀਂ ਦਿਸ਼ਾ ਦਿੱਤੀ ਸੀ। ਉਸ ਤੋਂ ਬਾਅਦ ਕੁਲਬੀਰ ਨੇ 'ਸਿਕੰਦਰਾ', 'ਪੁਰਜ਼ਾ ਪੁਰਜ਼ਾ ਕੱਟ ਮਰੈ', 'ਨਦੀਓਂ ਵਿੱਛੜੇ ਨੀਰ' ਅਤੇ 'ਸਰਬੰਸਦਾਨੀ' ਵਰਗੀਆਂ ਪੰਜਾਬੀ ਫਿਲਮਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਏ। ਵੱਡੇ ਬਜਟ ਦੀਆਂ ਹਿੰਦੀ ਫਿਲਮਾਂ ਵਿਚ ਵੀ ਕੁਲਬੀਰ ਬਡੇਸਰੋਂ ਨਜ਼ਰ ਆਈ, ਜਿਵੇਂ 'ਵੀਰ ਜ਼ਾਰਾ', 'ਹਿੰਦੀ ਮੀਡੀਅਮ', 'ਰਉਡੀ ਰਠੌਰ', 'ਏਕ ਲੜਕੀ ਕੋ ਦੇਖਾ ਤੋ ਐਸਾ ਲਗਾ' ਆਦਿ ਫਿਲਮਾਂ ਜ਼ਿਕਰਯੋਗ ਹਨ। 'ਦੇਸ ਮੇਂ ਨਿਕਲਾ ਚਾਂਦ' ਸੀਰੀਅਲ ਵਿਚ ਦੂਰਦਰਸ਼ਨ 'ਤੇ ਭੂਆ ਦਾ ਕਿਰਦਾਰ ਤਾਂ ਦਰਸ਼ਕਾਂ ਦੀਆਂ ਯਾਦਾਂ ਵਿਚ ਵੱਸਿਆ ਹੋਇਆ ਹੈ। ਉਨ੍ਹਾਂ ਦੇ ਸੀਰੀਅਲ 'ਕ੍ਰਾਈਮ ਪੈਟਰੋਲ', 'ਸੀ ਆਈ ਡੀ', 'ਏਕ ਲਕਸ਼ਯਾ', 'ਸ਼ਿਕਵਾ' ਅਤੇ 'ਸ਼ਕਤੀ' ਨੇ ਕੁਲਬੀਰ ਬਡੇਸਰੋਂ ਨੂੰ ਵਿਸ਼ੇਸ਼ ਪਛਾਣ ਦਿਵਾਈ ਸੀ। ਹੁਣ ਵੀ ਛੋਟੇ ਪਰਦੇ 'ਤੇ ਕੁਲਬੀਰ ਬਡੇਸਰੋਂ ਦੀ ਵੱਖਰੀ ਪਛਾਣ ਹੈ।ਅੱਜ ਟੈਕਨਾਲੋਜੀ ਦੇ ਯੁੱਗ ਵਿੱਚ ਸਿਨਮਾ ਬੱਚੇ-ਬੱਚੇ ਦੇ ਹੱਥਾਂ ਵਿੱਚ ਹੈ। ਭੈਣ ਕੁਲਬੀਰ ਵੈੱਬ ਸੀਰੀਜ਼ ਵੀ ਬਣਾ ਰਹੇ ਹਨ। ਜਿਵੇਂ 'ਮਾਂ ਦਾ ਯੂ ਟਿਊਬ ਚੈਨਲ', 'ਹਸ਼-ਹਸ਼' ਅਤੇ 'ਦਾ ਗੁੱਡ ਵਾਈਫ' ਵਰਗੀਆਂ ਛੋਟੀਆਂ ਵੀਡੀਓ ਬਹੁਤ ਹੀ ਭਾਵਪੂਰਤ ਹਨ।

ਕੁਲਬੀਰ ਫਿਲਮੀ ਰੁਝੇਵਿਆਂ ਕਰਕੇ ਵੀ ਬਤੌਰ ਕਹਾਣੀਕਾਰਾ ਪੰਜਾਬੀ ਸਾਹਿਤ ਜਗਤ ਵਿਚ ਸਰਗਰਮ ਹਨ। ਉਨ੍ਹਾਂ ਨੇ ਮੁਢਲੀ ਪੜ੍ਹਾਈ ਪਿਤਾ ਦੇ ਨਾਲ ਰਹਿ ਕੇ ਵੱਖ-ਵੱਖ ਥਾਵਾਂ ਤੋਂ ਪ੍ਰਾਪਤ ਕੀਤੀ ਅਤੇ ਕਾਲਜ ਦੀ ਪੜ੍ਹਾਈ ਮਾਹਿਲਪੁਰ, ਹੁਸ਼ਿਆਰਪੁਰ, ਜਲੰਧਰ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਚੰਡੀਗੜ੍ਹ ਤੋਂ ਪ੍ਰਾਪਤ ਕੀਤੀ।ਐੱਮ.ਫਿੱਲ ਕਰਦਿਆਂ ਹੀ ਉੱਨੀ ਸਾਲ ਦੀ ਉਮਰੇ ਜਲੰਧਰ ਰੇਡੀਓ 'ਤੇ ਨੌਕਰੀ ਪ੍ਰਾਪਤ ਕਰਨੀ ਅਤੇ ਜਲਦੀ ਹੀ ਦੂਰਦਰਸ਼ਨ ਜਲੰਧਰ ਵਿਚ ਸਹਾਇਕ ਪ੍ਰੋਡਿਊਸਰ ਦੇ ਵਕਾਰੀ ਅਹੁਦੇ 'ਤੇ ਤੈਨਾਤ ਹੋਣਾ ਕੁਲਬੀਰ ਦੀ ਜ਼ਹੀਨ ਬੁੱਧੀ ਦਾ ਸਬੂਤ ਹੈ। 1984 ਵਿਚ ਆਪ ਜੀ ਇਕਬਾਲ ਬਹਾਦਰ ਚਾਨਾ ਨਾਲ ਵਿਆਹ ਦੇ ਪਵਿੱਤਰ ਬੰਧਨ ਵਿਚ ਬੱਝ ਗਏ। ਲਿਖਦੇ ਤਾਂ ਉਹ ਕਾਲਜ ਸਮੇਂ ਤੋਂ ਹੀ ਸਨ। 1985 ਵਿਚ ਛਪੀ ਪਹਿਲੀ ਗਲਪ ਪੁਸਤਕ ਪੰਝੀ ਸਾਲ ਦੀ ਉਮਰੇ ਹੀ ਪ੍ਰੌਢ ਲੇਖਿਕਾ ਹੋਣ ਦੀ ਗਵਾਹੀ ਭਰਦੀ ਹੈ।1987 ਵਿਚ 'ਇਕ ਖਤ ਪਾਪਾ ਦੇ ਨਾਂਅ' ਕਹਾਣੀ ਸੰਗ੍ਰਹਿ ਆਉਂਦਾ ਹੈ। 2006 ਵਿਚ 'ਕਦੋਂ ਆਏਂਗੀ' ਕਹਾਣੀ ਸੰਗ੍ਰਹਿ ਤੋਂ ਇਲਾਵਾ ਹਿੰਦੀ ਪੁਸਤਕਾਂ ਦਾ ਅਨੁਵਾਦ ਵੀ ਕੀਤਾ। ਸੱਤ ਸਾਲ ਦੀ ਨੌਕਰੀ ਤੋਂ ਬਾਅਦ ਦੂਰਦਰਸ਼ਨ ਜਲੰਧਰ ਤੋਂ ਅਸਤੀਫਾ ਦੇ ਕੇ ਕੁਲਬੀਰ ਬਡੇਸਰੋਂ ਬੰਬਈ ਦੀ ਉਡਾਰੀ ਭਰਦੀ ਹੈ। ਇਸ ਤੋਂ ਬਾਅਦ ਫਿਲਮੀ ਰੁਝੇਵਿਆਂ ਦੇ ਚੱਲਦਿਆਂ ਕੁਲਬੀਰ 2021 ਤੱਕ ਦੀ ਲੰਮੀ ਚੁੱਪ ਤੋਂ ਬਾਅਦ 'ਤੁਮ ਕਿਉਂ ਉਦਾਸ ਹੋ' ਕਹਾਣੀ ਸੰਗ੍ਰਹਿ ਲੈ ਕੇ ਹਾਜ਼ਰ ਹੁੰਦੀ ਹੈ। ਇਸ ਪੁਸਤਕ ਦੀ ਸਾਹਿਤਕ ਹਲਕਿਆਂ ਵਿਚ ਬਹੁਤ ਚਰਚਾ ਹੋਈ। ਇਹ ਪੁਸਤਕ 2021 ਵਿਚ ਹੀ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ। ਉਸੇ ਸਾਲ ਹੀ ਕੁਲਬੀਰ ਬਡੇਸਰੋਂ ਨੂੰ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਦੇਣ ਦਾ ਫੈਸਲਾ ਹੋਇਆ। ਉਦੋਂ ਕੁਝ ਕਾਰਨਾਂ ਕਰਕੇ ਉਹਨਾਂ ਨੇ ਆਉਣ ਤੋਂ ਅਸਮਰੱਥਾ ਪ੍ਰਗਟਾਈ। ਉਸ ਤੋਂ ਬਾਅਦ ਬਤੌਰ ਕਹਾਣੀਕਾਰ ਭੈਣ ਕੁਲਬੀਰ ਨਾਲ ਮੇਰਾ ਫੋਨ 'ਤੇ ਰਾਬਤਾ ਬਣਿਆ ਰਿਹਾ। 2022 ਵਿਚ ਵੀ ਸਨਮਾਨ ਵਾਸਤੇ ਕੁਲਬੀਰ ਬਡੇਸਰੋਂ ਦਾ ਨਾਂਅ ਪਹਿਲੇ ਨੰਬਰ 'ਤੇ ਸੀ। ਮੈਂ ਜਦੋਂ ਫੋਨ ਕਰਕੇ ਦੱਸਿਆ ਤਾਂ ਉਨ੍ਹਾ ਕਿਹਾ ਕਿ ਇਸ ਵਾਰ ਮੈਂ ਸਾਰੇ ਰੁਝੇਵੇਂ ਛੱਡ ਕੇ ਜ਼ਰੂਰ ਪਹੁੰਚਾਂਗੀ। ਚਾਰ ਦਸੰਬਰ 2022 ਨੂੰ ਸਨਮਾਨ ਸਮਾਰੋਹ ਸੀ। ਇਕ ਦਿਨ ਮੈਨੂੰ ਫੋਨ 'ਤੇ ਭੈਣ ਕੁਲਬੀਰ ਨੇ ਆਪਣੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ, 'ਭਾਅ ਜੀ, ਤਿੰਨ ਦਸੰਬਰ ਨੂੰ ਮੈਂ ਹਵਾਈ ਜਹਾਜ਼ 'ਤੇ ਪੰਜਾਬ ਤਾਂ ਪਹੁੰਚ ਜਾਵਾਂਗੀ, ਪਰ ਮੇਰੇ ਜੱਦੀ ਪਿੰਡ ਵਿਚ ਮੇਰੇ ਪਰਵਾਰ ਦਾ ਕੋਈ ਜੀਅ ਹੁਣ ਨਹੀਂ ਰਹਿੰਦਾ। ਮੈਨੂੰ ਰਾਤ ਰਹਿਣ ਦੀ ਚਿੰਤਾ ਹੈ। ਗੁਰਦਾਸਪੁਰ ਵਿਚ ਕਿਸੇ ਹੋਟਲ ਵਿਚ ਰਹਿਣ ਦਾ ਬੰਦੋਬਸਤ ਹੋ ਜਾਵੇਗਾ।'

ਮੈਂ ਹੱਸਦਿਆਂ ਕਿਹਾ, 'ਟੀ.ਵੀ. 'ਤੇ ਅਕਸਰ ਤੁਸੀਂ ਸਾਡੇ ਘਰ ਪਹੁੰਚਦੇ ਹੋ, ਤੁਹਾਨੂੰ ਰੂਬਰੂ ਸਾਹਮਣੇ ਵੇਖ ਕੇ ਬੇਹੱਦ ਖੁਸ਼ੀ ਹੋਵੇਗੀ। ਇਹ ਸਮਝਣਾ ਕਿ ਜੇ ਗੁਰਦਾਸਪੁਰ ਵਿਚ ਮੇਰੇ ਭਰਾ ਦਾ ਘਰ ਹੋਵੇ, ਫਿਰ ਚਿੰਤਾ ਕਾਹਦੀ?'

'ਭਾਅ ਜੀ, ਤੁਸੀਂ ਮੈਨੂੰ ਚਿੰਤਾ ਮੁਕਤ ਕਰ ਦਿੱਤਾ।'

ਤਿੰਨ ਦਸੰਬਰ ਨੂੰ ਸ਼ਾਮੀਂ ਚਾਰ ਵਜੇ ਕੁਲਬੀਰ ਬਡੇਸਰੋਂ ਦਾ ਫੋਨ ਆਇਆ, 'ਭਾਅ ਜੀ ਮੈਂ ਗੀਤਾ ਭਵਨ ਰੋਡ 'ਤੇ ਝੂਲਣਾ ਮਹਿਲ ਵੱਲ ਜਾਂਦੀ ਗਲ਼ੀ ਕੋਲ ਖਲੋਤੀ ਹਾਂ, ਉਥੇ ਆ ਜਾਓ।'



ਜਦੋਂ ਮੈਂ ਉੱਥੇ ਪਹੁੰਚਿਆ ਤਾਂ ਕੁਲਬੀਰ ਉਸ ਗਲ਼ੀ ਦੀ ਵੀਡੀਓ ਬਣਾ ਰਹੀ ਸੀ। ਜਦੋਂ ਮੈਂ ਭੈਣ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਹ ਭੈਣਾਂ ਵਾਂਗ ਮੇਰੇ ਗਲ਼ ਲੱਗ ਕੇ ਮਿਲੀ। ਉਸ ਤੋਂ ਬਾਅਦ ਟੈਕਸੀ ਡਰਾਈਵਰ ਨੇ ਕੁਲਬੀਰ ਦਾ ਅਟੈਚੀ ਮੇਰੇ ਹਵਾਲੇ ਕਰ ਦਿੱਤਾ।

ਕੁਲਬੀਰ ਨੇ ਮੈਨੂੰ ਕਿਹਾ, 'ਭਾਅ ਜੀ, ਤੁਸੀਂ ਗੱਡੀ ਝੂਲਣਾ ਮਹਿਲ ਲਾਗੇ ਲੈ ਜਾਓ, ਮੈਂ ਬਜ਼ਾਰ ਦੀ ਕੁਝ ਵੀਡੀਓ ਬਣਾ ਕੇ ਉਥੇ ਹੀ ਮਿਲਦੀ ਹਾਂ।'

ਮੈਂ ਝੂਲਣੇ ਮਹਿਲ ਨੇੜੇ ਗੱਡੀ ਖੜ੍ਹੀ ਕਰਕੇ ਜਦੋਂ ਗਲ਼ੀ ਵੱਲ ਨਜ਼ਰ ਮਾਰੀ ਤਾਂ ਕੁਲਬੀਰ ਮੈਨੂੰ ਕਿਧਰੇ ਵੀ ਨਜ਼ਰ ਨਹੀਂ ਆਈ। ਮੈਂ ਚਾਰ-ਪੰਜ ਵਾਰ ਫੋਨ ਕਾਲ ਕੀਤੀ, ਪਰ ਕੁਲਬੀਰ ਨੇ ਫੋਨ ਨਹੀਂ ਚੁੱਕਿਆ। ਮੈਨੂੰ ਬੇਹੱਦ ਚਿੰਤਾ ਹੋਣ ਲੱਗੀ। ਕੋਈ ਪੰਦਰਾਂ-ਵੀਹ ਮਿੰਟ ਬਾਅਦ ਕੁਲਬੀਰ ਝੱਲਿਆਂ ਵਾਂਗ ਗਲੀ ਵਿਚ ਇਧਰ-ਉਧਰ ਵੇਖਦੀ ਨਜ਼ਰ ਪਈ, ਜਿਵੇਂ ਕੁਝ ਲੱਭ ਜਾਂ ਪਛਾਣ ਰਹੀ ਹੋਵੇ। ਮੈਂ ਹੱਸਦਿਆਂ ਕਿਹਾ, 'ਭੈਣ ਜੀ, ਮੈਨੂੰ ਤਾਂ ਚਿੰਤਾ ਹੋ ਰਹੀ ਸੀ ਕਿ ਕਿਧਰੇ ਭੁੱਲ ਹੀ ਨਾ ਗਏ ਹੋਣ?'

'ਭਾਅ ਜੀ, ਕੋਈ ਆਪਣਾ ਬਚਪਨ ਕਿਵੇਂ ਭੁੱਲ ਸਕਦਾ ਹੈ। ਇਹਨਾਂ ਗਲੀਆਂ ਅਤੇ ਧੰਨ ਦੇਵੀ ਕੰਨਿਆ ਸਕੂਲ ਨੂੰ ਮੈਂ ਕਿਵੇਂ ਭੁੱਲ ਸਕਦੀ ਹਾਂ? ਝੂਲਣੇ ਮਹਿਲ ਦੀ ਕੰਧ ਉਤੇ ਲਏ ਝੂਟੇ ਤਾਂ ਭੁੱਲ ਹੀ ਨਹੀਂ ਸਕਦੇ। ਗੁਰਦੁਆਰਾ ਸਾਹਿਬ ਦੇ ਬਾਬਾ ਜੀ ਤੋਂ ਮਖਾਣੇ ਤੇ ਫੁੱਲੀਆਂ ਦਾ ਲਿਆ ਪ੍ਰਸ਼ਾਦ ਮੇਰੀ ਯਾਦ ਦਾ ਹਿੱਸਾ ਹੈ। ਮੈਂ ਪੰਜਾਹ ਸਾਲ ਪਹਿਲਾਂ ਵਾਲਾ ਘਰ ਲੱਭ ਰਹੀ ਸਾਂ, ਜਿੱਥੇ ਅਸੀਂ ਕਿਰਾਏ 'ਤੇ ਰਹਿੰਦੇ ਸਾਂ। ਸਭ ਕੁਝ ਬਦਲ ਗਿਆ ਹੈ ਸਿਵਾਏ ਗਲ਼ੀਆਂ ਦੇ।'

ਕੁਲਬੀਰ ਨੇ ਦੱਸਿਆ ਕਿ ਉਦੋਂ ਪਿਤਾ ਜੀ ਦੀ ਗੁਰਦਾਸਪੁਰ ਵਿਚ ਡਿਊਟੀ ਸੀ, ਜਦੋਂ ਮੈਂ ਇੱਥੇ ਪ੍ਰਾਇਮਰੀ ਵਿਚ ਪੜ੍ਹਦੀ ਸੀ।

ਮੌਜੂਦਾ ਝੂਲਣਾ ਮਹਿਲ ਦੀ ਦੀਵਾਰ 'ਤੇ ਖਲੋਅ ਕੇ ਕੁਲਬੀਰ ਫੋਟੋਆਂ ਕਰਵਾਉਂਦੀ ਚਹਿਕਦੀ ਖੁਸ਼ ਹੁੰਦੀ ਇੰਜ ਲੱਗ ਰਹੀ ਸੀ, ਜਿਵੇਂ ਬਚਪਨ ਵਿੱਚ ਚਲੀ ਗਈ ਹੋਵੇ। ਉਸ ਤੋਂ ਬਾਅਦ ਮੇਰੇ ਗਰੀਬਖਾਨੇ ਪਹੁੰਚੇ। ਕੁਲਬੀਰ ਦੀਆਂ ਕਹਾਣੀਆਂ ਵਿੱਚ ਰਿਸ਼ਤਿਆਂ ਦੀ ਪਾਕੀਜ਼ਗੀ ਮੈਂ ਮਹਿਸੂਸ ਕੀਤੀ ਸੀ। ਪ੍ਰਤੱਖ ਰੂਪ ਵਿੱਚ ਵੇਖ ਵੀ ਲਿਆ। ਇਕ ਪ੍ਰਸਿੱਧ ਕਲਾਕਾਰ ਨੂੰ ਮਿਲ ਕੇ ਮੈਂ ਥੋੜ੍ਹਾ ਝਕ ਵੀ ਰਿਹਾ ਸਾਂ, ਪਰ ਕੁਲਬੀਰ ਤਾਂ ਬੱਚਿਆਂ ਅਤੇ ਮੇਰੀ ਪਤਨੀ ਨਾਲ ਇੰਝ ਘੁਲ-ਮਿਲ ਗਈ, ਜਿਵੇਂ ਚਿਰਾਂ ਤੋਂ ਜਾਣੂ ਹੋਈਏ। ਉਹ ਬੜੇ ਹੀ ਪਰਖਲੂਸ ਸੁਭਾਅ ਦੀ ਮਾਲਕ ਹੈ। ਚਾਹ-ਪਾਣੀ ਪੀਣ ਤੋਂ ਬਾਅਦ ਕੁਲਬੀਰ ਆਪਣਾ ਅਟੈਚੀ ਖੋਲ੍ਹ ਬੈਠੀ। ਵੱਖਰੀ-ਵੱਖਰੀ ਪੈਕਿੰਗ ਦੱਸਦਿਆਂ, 'ਭਾਅ ਜੀ ਆਹ ਤੁਹਾਡਾ ਤੇ ਆਹ ਭਾਬੀ ਜੀ ਦਾ ਸੂਟ, ਆਹ ਬੱਚਿਆਂ ਦੇ ਖਿਡੌਣੇ ਹਨ। ਬੱਚਿਆਂ ਦੀ ਉਮਰ ਦਾ ਮੈਨੂੰ ਪਤਾ ਨਹੀਂ ਸੀ ਇਹਨਾਂ ਦੇ ਗਿਫ਼ਟ ਮੈਂ ਬੰਬੇ ਜਾ ਕੇ ਫਿਰ ਭੇਜਾਂਗੀ।'

ਕੁਲਬੀਰ ਬਡੇਸਰੋਂ ਨੇ 'ਜੇ ਮੇਰੇ ਭਰਾ ਦਾ ਘਰ ਗੁਰਦਾਸਪੁਰ ਵਿਚ ਹੋਵੇ ਫਿਰ ਚਿੰਤਾ ਕਾਹਦੀ? ਮੇਰੇ ਵੱਲੋਂ ਕਹੇ ਸ਼ਬਦਾਂ ਨੂੰ ਧਿਆਨ ਵਿਚ ਰੱਖ ਕੇ ਸਕੀ ਭੈਣ ਵਾਂਗ ਕਰ ਵਿਖਾਇਆ ਸੀ। ਮੈਂ ਕੁਲਬੀਰ ਨਾਲ ਲੰਮੀ ਇੰਟਰਵਿਊ ਕਰਨ ਦਾ ਮੌਕਾ ਨਹੀਂ ਗਵਾਉਣਾ ਚਾਹੁੰਦਾ ਸਾਂ। ਜਦੋਂ ਮੈਂ ਆਪਣੇ ਦਿਲ ਦੀ ਮਨਸ਼ਾ ਦੱਸੀ ਤਾਂ ਕੁਲਬੀਰ ਨੇ ਆਪਣੀ ਨਵੀਂ ਛਪੀ ਪੁਸਤਕ ਭੇਟ ਕਰਦਿਆਂ ਕਿਹਾ, 'ਭਾਅ ਜੀ, ਇਸ ਕਿਤਾਬ ਵਿੱਚੋਂ ਤੁਹਾਨੂੰ ਮੇਰੇ ਬਡੇਸਰੋਂ ਤੋਂ ਬੰਬਈ ਤੱਕ ਦੇ ਸਫ਼ਰ ਦੇ ਸਾਰੇ ਸੁਆਲਾਂ ਦਾ ਜੁਆਬ ਮਿਲ ਜਾਵੇਗਾ।'

ਅਗਲੇ ਦਿਨ ਯਾਨੀ ਚਾਰ ਦਸੰਬਰ ਨੂੰ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਮਾਰੋਹ ਵਿਚ ਕੁਲਬੀਰ ਦਾ ਸਨਮਾਨ ਹੋਣਾ ਸੀ। ਸਵੇਰੇ ਘਰੋਂ ਤੁਰਨ ਲੱਗਿਆਂ ਪ੍ਰੋਗਰਾਮ ਬਣਿਆ ਕਿ ਅਟੈਚੀ ਨਾਲ ਹੀ ਲੈ ਲਿਆ ਜਾਵੇ ਤੇ ਉਥੇ ਹੀ ਟੈਕਸੀ ਵਾਲੇ ਨੂੰ ਬੁਲਾ ਕੇ ਅੰਮ੍ਰਿਤਸਰ ਏਅਰਪੋਰਟ ਲਈ ਰਵਾਨਾ ਹੋ ਜਾਵਾਂਗੀ। ਮੈਂ ਉਸ ਦਿਨ ਮਹਿਸੂਸ ਕੀਤਾ ਕਿ ਰਿਸ਼ਤੇ ਨਿਭਾਉਣ ਵਿਚ ਔਰਤਾਂ ਮਰਦਾਂ ਨਾਲੋਂ ਕਿਤੇ ਵੱਧ ਸੰਵੇਦਨਸ਼ੀਲ ਅਤੇ ਸਿਆਣੀਆਂ ਹੁੰਦੀਆਂ ਹਨ। ਪ੍ਰੋਗਰਾਮ ਵਿੱਚੋਂ ਹੀ ਜਾਣ ਦਾ ਸੁਣ ਕੇ ਮੇਰੀ ਪਤਨੀ ਮੈਨੂੰ ਸੈਨਤ ਨਾਲ ਇਕ ਪਾਸੇ ਕਰਕੇ ਹੌਲੀ ਜਿਹੀ ਬੋਲੀ, 'ਸਰਦਾਰ ਜੀ, ਕੁੜੀਆਂ ਨੂੰ ਬਾਹਰੋਂ ਨਹੀਂ, ਘਰੋਂ ਤੋਰੀਦਾ ਹੈ, ਪ੍ਰੋਗਰਾਮ ਤੋਂ ਬਾਅਦ ਸਿੱਧੇ ਘਰ ਆਇਓ ਤੇ ਭੈਣ ਜੀ ਨੂੰ ਏਅਰਪੋਰਟ ਆਪ ਛੱਡ ਕੇ ਆਉਣਾ।'

ਜਦੋਂ ਪ੍ਰੋਗਰਾਮ ਵਿਚ ਜਾਣ ਲੱਗੇ ਤਾਂ ਮੈਂ ਕੁਲਬੀਰ ਨੂੰ ਕਿਹਾ, 'ਅਟੈਚੀ ਘਰ ਹੀ ਰਹਿਣ ਦਿਓ, ਮੇਰਾ ਨਹੀਂ ਤੁਹਾਡੀ ਭਾਬੀ ਦਾ ਹੁਕਮ ਹੈ ਕਿ ਘਰੋਂ ਹੋ ਕੇ ਜਾਣਾ ਹੈ। ਤੁਸੀਂ ਟੈਕਸੀ ਵਾਲੇ ਨੂੰ ਨਹੀਂ ਬੁਲਾਉਣਾ।' ਫਿਰ ਵੀ ਕੁਲਬੀਰ ਨੇ ਕਿਹਾ ਕਿ ਭਾਅ ਜੀ ਤੁਸੀਂ ਖੇਚਲ ਨਾ ਕਰੋ।

ਪ੍ਰੋਗਰਾਮ ਵਿਚ ਇਕ ਫਿਲਮੀ ਹਸਤੀ ਦਾ ਮੇਜ਼ਬਾਨ ਹੋਣ ਕਰਕੇ ਹਰੇਕ ਹੀ ਮੈਨੂੰ ਕੁਲਬੀਰ ਬਡੇਸਰੋਂ ਨਾਲ ਫੋਟੋ ਖਿਚਵਾਉਣ ਲਈ ਕਹਿ ਰਿਹਾ ਸੀ। ਕੁਲਬੀਰ ਨੇ ਕਿਸੇ ਨੂੰ ਵੀ ਨਿਰਾਸ਼ ਨਹੀਂ ਕੀਤਾ।

ਕੁਲਬੀਰ ਭੈਣ ਦੀ ਸ਼ਾਮੀਂ ਅੱਠ ਵਜੇ ਫਲਾਈਟ ਸੀ। ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਕਾਫੀ ਸਮਾਂ ਸੀ। ਸਾਰਾ ਪਰਵਾਰ ਪ੍ਰੋਗਰਾਮ ਤੋਂ ਵਾਪਸ ਆਉਣ ਦਾ ਸਾਡਾ ਇੰਤਜ਼ਾਰ ਕਰ ਰਿਹਾ ਸੀ। ਚਾਹ ਪੀਣ ਤੋਂ ਬਾਅਦ ਮੇਰੀ ਪਤਨੀ ਅਤੇ ਨੂੰਹਾਂ ਕੁਝ ਪੈਕਟ ਲੈ ਕੇ ਹਾਜ਼ਰ ਹੋ ਗਈਆਂ। ਇਸ ਬਾਰੇ ਮੈਨੂੰ ਕੁਝ ਪਤਾ ਨਹੀਂ ਸੀ। ਪਤਨੀ ਕੁਲਬੀਰ ਨੂੰ ਪੈਕਟ ਫੜਾਉਂਦਿਆਂ ਮੁਖਾਤਿਬ ਹੋਈ, 'ਭੈਣ ਜੀ ਆਹ ਤੁਹਾਡਾ ਸੂਟ ਤੇ ਭਾਅ ਜੀ ਦੀ ਪੱਗ ਸਾਡੇ ਵੱਲੋਂ ਤੁਛ ਜਿਹੀ ਭੇਟ ਪ੍ਰਵਾਨ ਕਰਿਓ।'

'ਆਹ ਦੋ ਜੋੜੇ ਪੰਜਾਬੀ ਜੁੱਤੀ ਦੇ ਅਸੀਂ ਆਂਟੀ ਜੀ ਤੁਹਾਡੇ ਵਾਸਤੇ ਖਰੀਦੇ ਹਨ।' ਨੂੰਹਾਂ ਇਕ ਪੈਕ ਕੁਲਬੀਰ ਨੂੰ ਦਿੰਦੀਆਂ ਕਹਿ ਰਹੀਆਂ ਸਨ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ